ਇਸ ਪੁਸਤਕ ਦੀ ਰਜਿਸਟਰੀ ਹੋ ਚੁਕੀ ਹੈ ਕੋ[illegible] ਨ ਛਾ[illegible]

Pandit Jagat Singh Famous Punjabi Poet & Gillanwala
ਪੰਡਿਤ ਜਗਤ ਸਿੰਘ ਕਵੀਸ਼ਰ ਪਿੰਡ ਗਿਲਾਂਵਾਲਾ

ਪੋਥੀ

# ਵੈਰਾਗ੍ਯ ਸ਼ਤਕ ਸਟੀਕ

## ਪੰਡਿਤ ਹਰਿ ਦਿਆਲ ਜੀ ਕ੍ਰਿਤ

ਜਿਸ਼ ਦਾ

ਸੰਤ ਉੱਤਮ ਸਿੰਘ ਜੀ ਗਯਾਨੀ ਵਜ਼ੀਰਾਬਾਦ ਨਿਵਾਸਕ ਨੇ ਸਰਬ ਲੋਕਾਂ ਦੇ ਲਾਭ ਹਿਤ ਟੀਕਾ ਕੀਤਾ

ਜੋ

ਰਾਮਚੰਦ ਲੋਕਨਾਥ ਮਾਨਕਟਾਹਲੇ
ਪੁਸਤਕੋਂ ਵਾਲੇ ਲੋਹਾਰੀ ਦਰਵਾਜ਼ਾ ਲਾਹੌਰ

ਨੇ

ਸੰਮਤ ੧੯੭੧ ਬਿਕ੍ਰਮੀ ਵਿਚ
ਐਮਪਾਯਰ ਪ੍ਰੈਸ ਲਾਹੌਰ ਮੇਂ ਛਪਾਈ

Sri Satguru Jagjit Singh Ji eLibrary NamdhariElibrary@gmail.com

ਇਸ ਪੁਸਤਕ ਦੀ ਰਜਿਸਟਰੀ ਹੋ ਚੁਕੀ ਹੈ ਕੋਈ ਸੱਜਨ ਨ ਛਾਪੇ ॥

ਪੋਥੀ

472

# ਵੈਰਾਗ੍ਯ ਸ਼ਤਕ ਸਟੀਕ

ਪੰਡਿਤ ਹਰਿ ਦਿਆਲ ਜੀ ਕ੍ਰਿਤ

ਜਿਸ ਦਾ

ਸੰਤ ਉੱਤਮ ਸਿੰਘ ਜੀ ਗ੍ਯਾਨੀ ਵਜ਼ੀਰਾਵਾਦ ਨਿਵਾਸਕ ਨੇ ਸਰਬ ਲੋਕਾਂ ਦੇ ਲਾਭ ਹਿਤ ਟੀਕਾ ਕੀਤਾ

ਜੋ

## ਰਾਮਚੰਦ ਲੋਕਨਾਥ ਮਾਨਕਟਾਹਲੇ

ਪੁਸਤਕੋਂ ਵਾਲੇ ਲੋਹਾਰੀ ਦਰਵਾਜ਼ਾ ਲਾਹੌਰ

ਨੇ

ਸੰਮਤ ੧੯੭੧ ਬਿਕ੍ਰਮੀ ਵਿਚ

ਐਮਪਾਯਰ ਪ੍ਰੈਸ ਲਾਹੌਰ ਮੇਂ ਛਪਾਈ

Sri Satguru Jagjit Singh Ji eLibrary NamdhariElibrary@gmail.com

## ॥ ਭੂਮਿਕਾ ॥

ੴ ਸਤਿਗੁਰਪ੍ਰਸਾਦਿ ॥

ਅਥ ਸ੍ਰੀ ਵੈਰਾਗ ਸ਼ਤਕ ਭਾਸ਼ਾ ਟੀਕਾ ਵਾਰਤਕ ਕ੍ਰਿਤ ਸੰਤ ਉੱਤਮ ਸਿੰਘ ਗਿਆਨੀ ਲਿਖ੍ਯਤੇ ॥

॥ ਦੋਹਰਾ ॥

ਕਾਲ ਤ੍ਰਿਧਾ ਬੰਦਨ ਕਰੌ ਸ੍ਰੀ ਗੁਰ ਗੁਰਗੋ ਚੰਦ ॥
ਦੇਤ ਤੇਜ ਬਲ ਦਾਸਕੋ ਕਰਹਿ ਵਿਗਣ ਗਣਕੰਦ॥੧॥

॥ਚੌਪਈ॥

ਗੁਰ ਨਾਨਕ ਬੰਦੋ ਪਦ ਮੰਜਲ ॥ ਸੁਖ ਦਾਇਕ ਅੰਗਦ ਕਰ ਅੰਜੁਲ ॥ ਅਮਰ ਦਾਸ ਅੰਮ੍ਰਿਤ ਪਦ ਦਾਤਾ ॥ ਰਾਮ ਦਾਸ ਗੁਣ ਕਾ ਵਖ੍ਯਾਤਾ ॥ ੨ ॥ ਗੁਰਅਰਜਨ ਅਰਜਨਕੇ ਸ਼੍ਰੋਤਾ॥ ਹਰਿ ਗੋਬਿੰਦ ਧਰਮ ਕੇ ਪੋਤਾ ॥ ਸ੍ਰੀ ਹਰਿ ਰਾਇ ਹਰੀ ਵਪੁ ਜਾਨੋ॥ ਸ੍ਰੀ ਹਰਿ ਕ੍ਰਿਸ਼ਨ ਕ੍ਰਿਸ਼ਨ ਵਿਖ੍ਯਾਨੋ॥ ੩ ॥ਅਵਲੰਬੁ ਧਰਮ ਕੇ ਤੇਗ ਬਹਾਦਰ॥ ਬੰਦੌ ਤ੍ਰਿਧਾ ਪਾਦ ਸਹਤਾਦਰ ॥ ਗੁਰੂ ਗੋਬਿੰਦ ਪੰਥ ਕੇ ਵਾਲੀ ॥ ਮਮ ਪਾਲਕ ਪਾਲਕ ਜਿਮ ਮਾਲੀ ॥ ੪ ॥ ਦੋਹਰਾ ॥ ਤਿਹ ਪਦ ਯੁਗਲ ਸੁਧਾਰ ਉਰ ਵੰਦੋ ਵਾਰੰ ਵਾਰ ॥ ਕਾਰਜ ਕੀਜੇ ਸਿਧ ਮਮ ਦੇਹ ਬਲ ਬੁਧ ਸੁਸਾਰ॥ ੫ ॥ ਦੋਹਰਾ ॥ ਜਿਹ ਗੁਰ ਮਨ ਹਿਤ ਕੋ ਕੀਓ ਦੀਓ ਨਾਮ ਮਮ ਸਾਰੁ ॥ ਤਿਹ ਗੁਰ ਗੰਡਾ ਸਿੰਘ ਕੋ ਬੰਦੋ ਬਾਰੰ ਬਾਰ ॥ ਟੀਕਾ ॥ ਸ੍ਰੀ ਸੁਭਾਇਮਾਨ ਜੋ ਗੁਰੂ ਨਾਨਕ ਦੇਵ ਹੈ ਜਗਤ ਗੁਰੂ ਚੰਦ੍ਰਮਹ ਵਤ ਪ੍ਰਕਾਸ਼ਮਾਨ ॥ ਬਲਅਰੁ

ਤੇਜ ਕੇ ਦਾਤਾ ਦਾਸਨ ਕੇ ਸਮੂਹ ਵਿਘਨ ਕੇ ਹੰਤਾ ਤਿਨ ਕੋ
ਮੇਰੀ ਨਮਸਕਾਰ ਤੀਨੋਂ ਕਾਲ ਮੈ ਮਨ ਬਾਨੀ ਸ਼ਰੀਰ ਕਰਹੈ
॥ ਨਨੁ ॥ ਨਾਨਕ ਆਦਿ ਦਸ ਗੁਰਨ ਕੋ ਤੁਮ ਜਗਤ ਗੁਰੂ
ਕੈਸੇ ਕਹਿਤੇ ਹੋ॥ ਵੈਰਾਗਾਦਿ ਭੇਖੋਂਕੇ ਤਥਾ ਪੀਰਮੁਰੀਦਾਦਿ
ਸੇਵਕੋ ਕੇ ਭਿੰਨ ਭਿੰਨ ਆਪਨੇ ਆਪਨੇ ਗੁਰੂ ਹੈਂ ॥ ਉੱਤਰ ॥
ਯਦਪਿ ਸਰਵ ਕੇ ਗੁਰੂ ਤਥਾ ਪੀਰ ਭਿੰਨ ਭਿੰਨਹੈਂ ਤਥਾਪਿ
ਸਰਵ ਹਿੰਦੂ ਮੁਸਲਮਾਨ ਤਥਾ ਵੈਰਾਗਾਦਿ ਭੇਖਨ ਕੋ ਸਾਂਝਾ
ਵੇਪੱਖੁਉਦੇਸ ਗੁਰੂ ਨਾਨਕਾਦਿ ਗੁਰੋਂਨੇ ਸ੍ਰੀ ਦਰਬਾਰ ਸਾਹਿਬ
ਮੈ ਕਹਿਓ ॥ਯਥਾ॥ ਖਤ੍ਰੀ ਬ੍ਰਾਹਮਨ ਸੂਦ੍ਰ ਵੈਸ਼ ਉਧਰੇ ਸਿਮਰ
ਚੰਡਾਲ। ਜਿਨ ਜਾਨਉ ਪ੍ਰਭੁ ਅਪਨਾ ਨਾਨਕ ਤਿਸੈਰਵਾਲ॥
ਯਥਾ ਦਸਮ ਗੁਰੂ॥ ਏਕ ਚਿਤ ਜਿਨ ਇਕ ਛਿਨ ਧਯਾਯੋ ॥
ਕਾਲ ਫਾਸ ਕੇ ਬੀਚ ਨ ਆਇਓ॥ਯਾਤੇ ਸਰਬ ਕੀ ਕਲਯਾਨ
ਕਰਤਾ ਹੋਨਤੇ ਜਗਤ ਗੁਰੂ ॥ ਗੁਰ ਨਾਨਕਆਦਿ ਗੁਰਨ ਕੋ
ਨਮੋ ਹੈ ਐਸੇ ਜਾਨੀਐ ॥ ੬ ॥ ਦੋਹਰਾ ॥ ਗੋ ਗੁਰ ਗੁਰੂ
ਮਨਾਇਕੈਹੀਏ ਧਾਰ ਅਕਾਲ ॥ ਸ੍ਰੀ ਹਰ ਭਰਤ ਵੈਰਾਗ ਜੋ
ਵਾਰਤਕਰੋਂ ਸੁਚਾਲ ॥ ਟੀਕਾ ॥ ਜਗਤਗੁਰੂ ਗੁਰ ਨਾਨਕ
ਦੇਵਕੋ ਤਥਾਹਿਤ ਉਪਦੇਸ਼ਟਾ ਗੁਰੂ ਕੋ ਨਮਸਕਾਰ ਕਰਕੇ
ਹ੍ਰਿਦੈ ਮੈ ਸਰਵ ਸ਼ਕਤੀਮਾਨ ਅਕਾਰ ਪੁਰਖ ਈਸ੍ਵਰ ਕਾ
ਧਿਆਨ ਧਾਰ ਕੇ ਮਾਇਆ ਕੇ ਤਿਆਗਨੇ ਹਾਰੇ ਭਰਥਰੀ
ਜੀ ਕੀ ਕ੍ਰਿਤ ਸ੍ਰਿਸ਼ਟੂ ਚਾਲ ਵਾਲੇ ਸ਼ਤਕ ਕੋ ਵਾਰਤਕ
ਕਹਿਤੇ ਹੈਂ ॥ ੭ ॥



ਸ੍ਰੀਗਨੇਸ਼ਾਏਨਮਃ

# ਵੈਰਾਗ ਸ਼ਕਤ ਸਟੀਕ ਪ੍ਰਾਰੰਭ

## ਅਥ ਭਾਸ਼ਾਕਾਰਕਾਮੰਗਲ॥

॥ ਦੋਹਰਾ ॥

**ਦੁਰਦ ਬਦਨ ਦੁਰਜਨ ਦਲਨ ਮਦਨਕਦਨ ਸ਼ਿਵਨੰਦ॥ ਏਕ ਰਦਨ ਸੁਖ ਸਦਨ ਕੇ ਪਾਦ ਪਦਮ ਪ੍ਰਤਿਬੰਦ॥ ੧ ॥**

ਟੀਕਾ॥ ਦੋ ਦੰਦੋਂ ਵਾਲੇ ਹਸਤੀ ਕਾ ਹੈ ਮੁਖ ਜਿਸ ਗ-ਣੇਸ਼ ਜੀ ਕਾ ਅਰ ਖੋਟੇ ਜਨ ਜੋ ਵਿਘਨ ਹੈਂ ਤਥਾ ਵਿਘਨੋਂ ਕੇ ਕਰਨੇ ਹਾਰੇ ਜੋ ਪੁਰਖ ਹੈਂ ਤਿਨ ਕੇ ਨਾਸ਼ ਕਰਨ ਹਾਰਾ ਹੈ ਸੁਭਾਵ ਜਿਸਕਾ। ਕਾਮ ਦੇਵ ਕੇ ਨਾਸ ਕਰਨੇ ਹਾਰੇ ਜੋ ਸ਼ਿਵ ਹੈਂ ਤਿਨ ਕੇ ਜੋ ਪੁਤ੍ਰ ਹੈਂ ॥ ਪੁਨਾ ॥ ਏਕ ਹੈ ਦੰਦ ਜਿਸ ਕਾ ਅਰ ਸੁਖਾਂ ਕੇ ਮੰਦਰ ਹੈਂ ਜੋ ਗਨੇਸ਼ ਜੀ ਤਿਨਕੇ ਚਰਨ ਕਮਲੋਂ ਕੇ ਤਾਂਈ ਪੁਨਾ ਪੁਨਾ ਮੇਰੀ ਨਮਸਕਾਰ ਹੈ ॥ ਨਨੂ॥

Sri Satguru Jagjit Singh Ji eLibrary NamdhariElibrary@gmail.com

ਹਸਤੀ ਕਾ ਮੁਖ ਤਥਾ ਏਕ ਦੰਦ ਗਣੇਸ਼ ਜੀ ਕਾ ਕੈਸੇ ਹੈ॥ ਉੱਤਰ ॥ ਏਕ ਕਾਲ ਮੈ ਕਿਸੀ ਬਨ ਮੈ ਆਪਸ ਮੈਂ ਦੋ ਹਸਤੀ ਬਲ ਕਰਕੇ ਪੂਰਨ ਲੜਤੇ ਭਏ ਆਖਰ ਕੋ ਏਕ ਹਸਤੀ ਨੇ ਏਕ ਕੋ ਬਹੁਤ ਮਾਰਾ ਅਰੁ ਏਕ ਦੰਦ ਸੇ ਪਕੜ ਕਰ ਚਾਰੋਂ ਤਰਫ ਮੇਂ ਫੇਰ ਕਰ ਧਰਤੀ ਪਰ ਗੇਰਾ । ਤੌ ਤਿਸ ਹਸਤੀ ਕਾ ਏਕ ਦੰਦ ਨਿਕਸ ਗਇਆ ਅਰ ਸੋ ਹਸਤੀ ਪ੍ਰਾਣੋ ਸਹਤ ਦੁਖ ਕਰ ਬੇਹੋਸ਼ ਹੋਇ ਕਰ ਧਰਤੀ ਪਰ ਪੜਾ ਅਰ ਦੂਜਾ ਜੋ ਮਾਰਨੇ ਵਾਲਾ ਹਾਥੀ ਥਾ ਸੋ ਮਾਰ ਕਰ ਜਾਤਾ ਭਇਆ ਤੌ ਤਿਸੀ ਬਨ ਮੈ ਕਿਸੀ ਏਕ ਨਮਿੱਤ ਕਰ ਸਦਾ ਸ਼ਿਵ ਜੀ ਵਿਚਰਤੇ ਦੇਖ ਗਏ ਥੇ ਅਰ ਆਪਨੇ ਘਰ ਸੇ ਆਤੇ ਹੋਏ ਸ਼ਿਵ ਜੀ ਪਾਰਬਤੀ ਕੋ ਏਕਲਾਹੀ ਅਸਥਾਪਨ ਕਰ ਆਏ ਥੇ। ਇਸ ਤਰਫ ਸ਼ਿਵ ਜੀ ਕੋ ਵਿਚਰਤੇ ਕੋ ਈ ਕਾਲ ਵਸ਼ੇਸ਼ ਚਿਰ ਲਗ ਗਿਆ ਪਾਛੇ ਸ੍ਰੀ ਪਾਰਬਤੀ ਜੀ ਕਾ ਚਿਤ ਉਦਾਸ ਹੋ ਰਹਿਆ ਥਾ। ਏਕ ਕਾਲ ਸ਼ਕਤੀ ਪਾਰਬਤੀ ਜੀ ਨੇ ਪਿੰਡੇ ਪਰ ਵਟਨਾ ਮਲਾ ਇਸ਼ਨਾਨ ਕਾਲ ਸੇ ਪੂਰਬ ਤੌ ਤਿਸ ਵਟਨੇ ਕੋ ਸਰੀਰ ਸੇ ਉਤਾਰ ਕਰ ਤਿਸ ਕਾ ਏਕ ਬਾਲਕ ਕੇ ਆਕਾਰ ਪੁਤਲਾ ਬਨਾ ਕਰ ਰੱਖਾ ਤੌ ਤਿਸਕੋ ਆਪਨੇ ਸਰੀਰ ਸੇ ਉਤਰਾ ਜਾਨਕਰ ਤਿਸ ਮੈ ਪੁਤ੍ਰ ਭਾਵਨਾ ਕਰੀ। ਅਰੁ ਆਪਨੀ ਸ਼ਕਤੀ ਕਰ ਤਿਸ ਕੋ ਸੁਰਜੀਤ ਕਰਾ ਅਰੁ ਬਹੁਤ ਸੁੰਦਰ ਤਿਸ ਕੋ ਦੇਖਕਰ ਤਿਸ ਮੈ ਅਧਕ ਮੋਹ ਕੋ ਧਾਰਨ ਕਰਤੀ ਭਈ ਤਦਾਨੰਤ੍ਰ ਪੁਨਾ ਕਿਸੇ ਕਾਲ ਮੈ

Sri Satguru Jagjit Singh Ji eLibrary NamdhariElibrary@gmail.com

ਇਸ਼ਨਾਨ ਕੇ ਵਕਤ ਤਿਸ ਬਾਲਕ ਕੋ ਦਰ ਪਰ ਬੈਠਾਲ
ਕਰ ਨ੍ਹਾਨੇ ਲਗੀ ਅਰ ਤਿਸ ਕੋ ਕਹਿਆ ਹੇ ਪੁਤ੍ਰ ਅੰਦਰ ਨਾ
ਕਿਸੇ ਕੋ ਆਵਨੇ ਦੇਵੀਂ ਮੈ ਇਸ਼ਨਾਨ ਕਰ ਲਵਾਂ ਐਸੇ ਕਹਿ
ਕਰ ਸ਼ਕਤੀ ਨ੍ਹਾਨੇ ਲਗੀ ਅਰ ਲੜਕਾ ਬਾਹਿਰ ਖੜਾ ਥਾ।
ਤੌ ਦੇਵ ਇੱਛਾ ਸੇ ਸ਼ਿਵਜੀ ਭੀ ਤਿਸੀ ਕਾਲ ਆਤੇ ਭਏ।
ਲੜਕਾ ਬੋਲਾ ਤੁਮ ਕੌਨ ਹੋ ਅੰਦਰ ਮੈਂ ਨਹੀਂ ਜਾਨੇ ਦੇਊਂਗਾਂ
। ਐਸੇ ਹੀ ਬਾਲਕ ਅਰ ਸ਼ਿਵਜੀ ਕਾ ਜੁਧ ਭਯਾ ਆਖਰ ਕੋ
ਸ਼ਿਵਜੀ ਤਿਸ ਕਾ ਤ੍ਰਿਸੂਲ ਸਾਥ ਸਿਰ ਕਾਟਕਰ ਅੰਦਰ ਗਏ
ਤੌ ਪਾਰਬਤੀ ਨੇ ਸ਼ੀਘਰ ਬਸਤ੍ਰ ਲੈ ਲੀਆ ਅਰੁ ਕਹਿਆ
ਤੁਮ ਕੋ ਕਿਸੇ ਨੇ ਠਾਕਾ ਨਹੀਂ ਥਾ ਤੁਮ ਨ੍ਹਾਤੇ ਉਪਰ ਆਇ
ਗਏ ਹੋ। ਸ਼ਿਵ ਬੋਲੇ ਹਮ ਤੋ ਠਾਕਨੇ ਹਾਰੇ ਕੋ ਮਾਰ ਕੇ
ਆਏ ਹੈਂ। ਹਮ ਨੇ ਜਾਨਾ ਜੋ ਹਮ ਤੋ ਕਿਸੀ ਕੋ ਛੋੜ ਨਹੀਂ
ਗਏ ਯਿਹ ਖਬਰੈ ਕੌਨ ਹੈ। ਐਸੇ ਸੁਨਕਰ ਪਾਰਬਤੀ ਵਿਰ-
ਲਾਪ ਕਰ ਮਰਨੇ ਕੋ ਤਿਆਰ ਹੋਈ। ਬੋਲੀ ਮੇਰਾ ਪੁਤ੍ਰ ਜੀਏ
ਗਾ ਤੌ ਮੈ ਜੀਵਾਂਗੀ ਨਹੀਂ ਤੋ ਮਰਾਂਗੀ ਐਸੇ ਸੁਣਕਰ ਪੂਰ-
ਬਲੇ ਸਾਰੇ ਵਰਤੰਤ ਕੋ ਸ਼ਿਵ ਬੋਲੇ ਹੇ ਪਾਰਬਤੀ ਪੁਤ੍ਰ ਤੇਰਾ
ਜ਼ਿੰਦਾ ਹੋਗਾ ਅਰ ਵਡੇ ਪਰਤਾਪ ਵਾਲਾ ਸਰਵ ਕਾਰਜੋ ਕੇ
ਆਦ ਸਰਬ ਕਰ ਪੂਜ ਹੋਵੇਗਾ ਪਰੰਤੂ ਸਿਰ ਇਸਕਾ ਹੋਰ
ਹੋਵੇਗਾ। ਹਮਾਰੇ ਤ੍ਰਸੂਲ ਕਰ ਕਟਾ ਜੋ ਸਿਰ ਸੋ ਨਹੀਂ ਜੁੜੇ
ਗਾ ਐਸੇ ਕਹਿਕਰ ਬਨ ਕਉ ਜਾਕਰ ਸੋ ਜ਼ਿੰਦੇ ਮੋਏ ਹਾਥੀ
ਕਾ ਸਿਰ ਹਿੰਸਾ ਪਾਪ ਸੇ ਰਹਿਤ ਧਰਮ ਕੋ ਵਿਚਾਰ ਕਰ ਲੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਆਏ, ਆਕਾਰ ਤਿਸ ਲੜਕੇਕੇ ਧੜ ਨਾਲ ਜੋੜ ਸਿਰਜੀਤ ਕਰਾ। ਅਰ ਸਰਵ ਗਣੋਂ ਕਾ ਈਸ਼ਰ ਕਰਿਆ ਅਰ ਸਰਵ ਪ੍ਰਕਾਰ ਕੀ ਸ਼ਕਤੀ ਦੇਕਰ ਤਥਾ ਸਰਵ ਦੇਵੋਂ ਸੇ ਮਿਲਕਰ ਸਰਬ ਪ੍ਰਕਾਰ ਕੇ ਵਰ ਦੇਕਰ ਅਰ ਤਿਸਕੋ ਪੂਜਨੇ ਹਾਰਿਓਂ ਕੋ ਸਰਬ ਕਾਰਜ ਕੀ ਸਿਧੀ ਤਥਾ ਸਰਵਥਾ ਮੰਗਲ ਐਸੇ ਵਰਦੇਕਰ ਤਿਸ ਕਾ ਨਾਮ ਗਨੇਸ਼ ਜੀ ਰਖਾ। ਅਰੁ ਤ੍ਰਿਪੁਰ ਨਾਸਕੇ ਆਦ ਪੂਜਕਰ ਕਾਰਜਾਂ ਕਾ ਸਿਧ ਕਰਤਾ ਦਿਖਾਇਆ ਐਸੇ ਜਾਨੀਐ ॥ ਨਨੁ ॥ ਹਸਤੀ ਕਾ ਸਿਰ ਕਟਨੇ ਮੈ ਹਿੰਸਾ ਪਾਪ ਸੇ ਰਹਤ ਧਰਮ ਕੀ ਪ੍ਰਾਪਤੀ ਸ਼ਿਵ ਕੋ ਕੈਸੇ ਕਹਿਓ ॥ ਉੱਤਰ ॥ ਸੋ ਹਸਤੀਆਦਿ ਮੋਇਆ ਹੋਆ ਦੁਖੀ ਥਾ ਤਿਸ ਕਾ ਸਿਰ ਕਾਟ ਦੁਖ ਕੀ ਨਵਿਰਤੀ ਅਰ ਸਿਰ ਕਾ ਅਰਥ ਲਗਾਨਾ ਧਰਮ ਅਰ ਜੀਵਣਾ ਤਿਸਨੇ ਹੈ ਈ ਨਹੀਂ ਥਾ ਯਾਂਤੇ ਹਿੰਸਾ ਪਾਪ ਕੀ ਨਿਵਰਤੀ ਐਸੇ ਜਾਨੀਐ॥ ੮ ॥ ੧ ॥

**ਸ੍ਵੈਯਾ ॥ ਜਿਹ ਸੇਸ਼ ਕੀ ਸੇਜ ਪੈ ਸੈਨ ਕੀਯੋ ਪਦ ਕੋਮਲ ਕੋਮਲਤੀ ਕੁਮਲਾਹੀ॥ ਕਰਮੈ ਦਰ ਚੱਕ੍ਰ ਸਰੋਜ ਗਦਾ ਭ੍ਰਿਗ ਪਾਦਗਰੇਸ੍ਰਿਕ ਅੰਗਦੁਬਾਹੀ॥ ਜਿਹ ਪਾਦਕੋ ਵਾਰਿ ਸੁਚਾਰਿ ਵਿਚਾਰ ਧਰਯੋ ਤ੍ਰਿਪੁਰਾਰਿ ਸਦਾ ਸਿਰਮਾਹੀ॥**

Sri Satguru Jagjit Singh Ji eLibrary NamdhariElibrary@gmail.com

**ਅਸਰੂਪੰ ਜਿਸੇ ਉਰ ਭੀਤਰ ਹੈ ਭਵ ਭੀਤਰਹੈ ਕਛੁ ਤਾ ਉਰ ਨਾਹੀ॥ ੨ ॥**

ਟੀਕਾ ਜਿਸ ਵਿਸ਼ਨੁ ਜੀਨੇ ਸ਼ੇਸ਼ ਨਾਗ ਕੀ ਵਿਛਾਈ ਪਰ ਆਪਨਾ ਬਿਰਾਜਨਾ ਕੀਆ ਹੈ।ਅਰ ਜਿਸ ਕੇ ਕੋਮਲ ਚਰਨੋਂ ਕੋ ਝਸ ਰਹੀ ਹੈ ਲਛਮੀ ਨਿਸ਼ਚੇਕਰਕੇ ਪੁਨਾ ਜਿਸ ਵਿਸ਼ਨੁ ਕੇ ਹਾਥ ਮੈ ਸੰਖ ਤਥਾ ਚਕ੍ਰ ਤਥਾ ਕਮਲ਼ ਅਰ ਗਦਾ ਹੈ ਅਰ ਭ੍ਰਿਗੂ ਜੀ ਕੇ ਪੈਰ ਕਾ ਚਿੰਨ੍ਹ ਜਿਸ ਕੀ ਵੱਖੀ ਮੈ ਹੈ। ਅਰ ਗਲੇ ਮੈ ਬਾਜੰਤੀ ਮਾਲਾ ਹੈ ਅਰ ਬ੍ਰਹੰਟੇ ਹੈਂ ਜਿਨ ਕੀ ... ਅਰ ਅ-ਆਂ ਭੁਜਾਂ ਮੈਂ ਪੁਨਾ ਜਿਸਵਿਸ਼ਨੁ ਜੀ ਕੇ ਚਰਨੋਂ ... ਅਮਕਾ ਪੂਰਸ਼ ਸ੍ਰੇਸ਼ਟ ਜਾਨ ਕਰਕੇ ਧਾਰਨ ਕਰਿਆ ਹੈ ... ਮਾਨ ਪ੍ਰਮਾਣ ਹੈ ਹੀ ਸਿਰ ਮੈ ਸ੍ਰੀ ਗੰਗਾ ਜੀ ਜੈਸੇ ਪ੍ਰੂਰਬ ... ਤੀਤੀ ਸੋ ਅ-ਹਤ ਨ... ਪਣ ਕੀਆ ... ਵਿਸ਼ਨੁ ਜੀ ਕਾ ਸਰੂਪ ... ਹੈ ਜੋ ਸਰੂਪ ਜਿਸ ਪੁਰਸ਼ ਕੇ ਹਿਰਦੇ ਮੈ ਵਸਤਾ ਹੈ। ਯਦਪੀ ਸੋ ਪੁਰਸ਼ ਸੰਸਾਰਕੇ ਬੀਚਹੀ ਹੈ ਤਥਾਪੀ ਤਿਸ ਪੁਰਸ਼ ਕੇ ਹ੍ਰਿਦੇ ਮੈ ਰੰਚਕ ਮਾਤ੍ਰ ਭੀ ਤਾਂ ਜੋ ਦੁਖ ਹੈ ਜਨਮ ਮਰਨ ਕਾ ਤਥਾ ਭੈ ਨਰਕਾਂ ਕਾ ਸੋ ਨਹੀਂ ਹੈ ॥ ਨਨੁ ॥ ਬਜੰਤੀ ਮਾਲਾ ਕਾ ਕਿਆ ਸਰੂਪਹੈ॥ ਉੱਤਰ ਦੋਹਰਾ ॥ ਬਾਂਸੀ ਸੀਪੀ ਸੂਕਰੀ ਗਿਰੀ ਕਰੀਮਠ ਸਾਲ ॥ ਏਹ ਖਟ ਮੋਤੀ ਪੋਈਐ ਬਨੈ ਬਜੰਤੀ ਮਾਲ ॥ ਟੀਕਾ ॥ ਬਾਂਸਕਾ ਸਿਪੀ ਕਾ ਸੂਰ ਕੇ ਸਿਰਕਾ ਹਿਮੰਚਲ ਸੇਂ ਨਿਕਲਾ ਹਾਥੀ ਕੇ ਸਿਰਕਾ ਤਥਾ ਕਛੂਕੇ ਸਿਰ

www.archive.org/details/namdhari



ਕਾ ਇਨ ਖਟ ਮੋਤਨ ਕੀ ਬਜੰਤੀ ਮਾਲਾ ਹੈ॥ ਵਾ॥ ਬਨ ਮੈ ਜੋ ਉਤਪਤਿ ਹੋਵੈ ਸੋ ਬਜੰਤੀ ਐਸੀ ਤੁਲਸੀ ਕੀ ਮਾਲਾ ਕੋ ਭੀ ਕਹਿਤੇ ਹੈਂ ॥ ੨ ॥

## ਅਥ ਮੂਲ ਮੰਗਲਾ ਚਰਨ ਦੋਹਰਾ ॥

**ਸ਼ਾਂਤਿ ਪ੍ਰਕਾਸ਼ ਸ੍ਵਰੂਪ ਪ੍ਰਤਿ ਨਮੋ ਸਰਬਦਾ ਹੋਇ॥ ਸ੍ਰਿਸ਼੍ਟਿ ਸਿਥਤ ਲਯ ਖਸ਼ੋਭ ਬਿਨ ਰਵਿ ਸਸਿ ਭਾਸ਼ਕ ਸੋਇ॥ ੩ ॥**

ਹਿੰਸ [illegible]ਕਾ॥ ਵਿਛੇਪ ਤੇ ਰਹਿਤ ਪ੍ਰਕਾਸ਼ ਰੂਪ ਸ਼ੁਧ ਚੈਤਨ ਕੇ ਕਹਿਓ ॥ [illegible] ਨਮਸਕਾਰ ਸਦਾ ਹੋਵੈ। ਉਤਪਤੀ ਤਥਾ ਪਾਲ ਦੁਖੀ ਥਾ ਤਿਸ ਕੂ [illegible]ਰਨੇ ਕਾ ਜੋ ਸੰਕਲਪ ਹੈ ਤਿਸਤੇ ਜੋ ਰਹਿਤ ਸਿਰ ਕਾ ਅਰ[illegible] ਚੰਦ੍ਰਮਾਂ ਆਦਿ ਪ੍ਰਕਾਸ਼ਮਾਨੋਂ ਕਾ ਸੋਇ ਸੁਧ ਈ [illegible] [illegible]ਤਨ ਪ੍ਰਕਾਸ਼ਨੇਹਾਰਾ ਹੈ ਪੁਨ ਕੈਸਾ ਹੈ ਸੋ ਚੇਤੰਨੇ ਯਥਾ॥

**ਦੋਹਰਾ ॥ ਦਿਕ ਕਾਲਾਦਿ ਪ੍ਰਛੇਦ ਬਿਨੁ ਚਿਦਾ ਨੰਦ ਬਪੁ ਜੋਇ॥ ਸ੍ਵਾਨ ਭਵੇਕ ਪ੍ਰਮਾਨੁ ਤਿਹ ਨਮੋ ਕਾਵ੍ਯ ਇਤਿ ਹੋਇ ॥੪॥**

ਟੀਕਾ ॥ ਦਿਕ ਨਾਮ ਦਸੋ ਦਿਸਾ ਕੇ ਤਥਾ ਕਾਲ ਅਰ ਵਸਤੂ ਕੇ ਭੇਦ ਸੇ ਬਿਨਾ ਹੈ ਅਰ ਸਤ ਚਿੱਤ ਆਨੰਦ ਸਰੂਪ ਹੈ ਜੋਈ ॥ ਨਨੂ ॥ ਜੋ ਪ੍ਰਮਾਤਮਾ ਦੇਸ ਕਾਲ ਵਸਤੂ ਸੇ ਰਹਿਤ ਹੈ ਤਿਸਕੇ ਜਾਨਨੇ ਮੈ ਕੌਨ ਪ੍ਰਮਾਣ ਹੈ॥ ਉੱਤਰ॥

Sri Satguru Jagjit Singh Ji eLibrary NamdhariElibrary@gmail.com

ਏਕ ਆਪਣਾ ਅਨਭਵ ਹੀ ਤਿਸਕੇ ਜਾਨਨੇ ਮੈ ਪ੍ਰਮਾਣ ਹੈ॥
ਨਨੂ॥ ਪ੍ਰਤਖਾਦਿਕ ਜੋ ਖਟ ਪ੍ਰਮਾਣ ਹੈਂ ਤਿਨ ਮੈ ਤੋ ਸ੍ਵੈ ਅਨ
ਭਵ ਪ੍ਰਮਾਨ ਹੈ ਨਹੀਂ ਯਾਂਤੇ ਵਿਰੁਧ॥ ਉੱਤਰ॥ ਸਤ ਸ਼ਾਸ-
ਤ੍ਰਮੈ ਖਟ ਪ੍ਰਮਾਣ ਅੰਗੀਕਾਰਕਰੇਹੈਂ ਪ੍ਰਤੱਖ ਤਥਾ ਅਨਮਾਨ
ਤਥਾ ਉਪਾਮਾਨ ਤਥਾ ਅਰਥਾਪਤੀ ਤਥਾ ਸ਼ਬਦ ਤਥਾ
ਅਭਾਵ ਏਹਖਟ ਪ੍ਰਮਾਣਹੈਂ ਸੋਦਿਖਾਵੇਹੈਂ ਯਾ॥੧॥ ਇੰਦ੍ਰੇ ਅਰ
ਵਿਖੇਕੇ ਸੰਜੋਗ ਕਰ ਭਯਾ ਜੋ ਗਿਆਨ ਸੋ ਪ੍ਰਤੱਖ ਪ੍ਰਮਾਣ ਹੈ
॥੧॥ ਅਰ ਜੋ ਵਸਤੂ ਇੰਦ੍ਰੇਕੇ ਵਿਖੇ ਨਹੀਂ ਹੋਵੇ ਕਿਸੇ ਚਿੰਨ
ਕਰ ਲਿਖੀਐ ਸੋ ਅਨੁਮਾਨ ਪ੍ਰਮਾਣ ਹੈ। ਜੈਸੇ ਧੂਮਕਰ ਅ-
ਗਨੀ ਜਾਨੀਤੀ ਹੈ ਐਸੇ ਜਾਨੀਐ॥੨॥ ਜੈਸੇ ਅਮਕਾ ਪੁਰਸ਼
ਅਮਕੇ ਜੈਸਾ ਹੈ। ਐਸਾ ਜੋ ਕਥਨ ਸੋ ਉਪਮਾਨ ਪ੍ਰਮਾਣ ਹੈ
॥੩॥ ਅਰ ਕਾਰਜ ਦੁਆਰੇ ਜੋ ਕਾਰਣਕੀ ਪ੍ਰਤੀਤੀ ਸੋ ਅ-
ਰਥਾਪਤੀ ਪ੍ਰਮਾਣਹੈ॥ ਜੈਸੇ ਭੋਜਨ ਤਿਆਗੀ ਪੁਰਸ਼ ਮੈ ਜੋ
ਅਸਥੂਲਤਾ ਹੈ ਮੋਟਾਪਨਾ ਹੈ ਸੋ ਅੰਨਕਾ ਹੈ। ਜਾਂਤੇ ਅਸਥੂਲ
ਤਾ ਰੂਪੀ ਕਾਰਜ ਤੇ ਅੰਨ ਭੱਖਣ ਰੂਪ ਕਾਰਣ ਕੀ ਪ੍ਰਤੀਤੀ
ਸੋ ਅਰਥਾਪਤੀ ਹੈ॥੪॥ ਜੋ ਸ਼ਾਸਤ੍ਰਕੇ ਵਾਕ ਕਰ ਗਿਆਨ
ਹੋਵੈ ਸੋ ਸ਼ਬਦ ਪ੍ਰਮਾਣਹੈ। ਜੈਸੇ ਇੰਦ੍ਰਆਦਿ ਦੇਵਨਕਾ ਤਥਾ
ਸ੍ਵਰਗ ਕਾ ਸ਼ਾਸਤ੍ਰਰੂਪੀ ਸ਼ਬਦ ਸੇ ਗਿਆਨ ਹੋਵੇਹੈ॥੫॥
ਜੋ ਸਰਵ ਕਾ ਅਭਾਵ ਕਥਨ ਕਰਨਾ ਹੈ ਸੋ ਅਭਾਵ ਪ੍ਰਮਾਣ ਹੈ
। ਜੈਸੇ ਸਸੇ ਕੇ ਸਿੰਗ ਹੈਂ ਸੋ ਅਭਾਵ ਹੈਂ॥੬॥ ਇਨ ਖਟ ਪ੍ਰਮਾਣੋਂ
ਕੇ ਆਤਮਾ ਵਿਸ਼ੇ ਭੀ ਹੈਂ॥ ਯਥਾ ਗਿਆਤਾ ਜੀਵ ਗਿਆਨ

ਇੰਦ੍ਰੇ ਗਜੇਵਿਸ਼ੇ ਜੋ ਨਜ਼ਰ ਆਤਾ ਹੈ ਵਾ ਧਿਆਤਾ ਜੀਵ ਧਿ-
ਆਨ ਇੰਦ੍ਰੇਧੇਯ ਵਿਸ਼ੇ ਵਾ ਪ੍ਰਮਾਤਾ ਜੀਵ ਪ੍ਰਮਾਣਇੰਦ੍ਰੇ ਪ੍ਰ-
ਮੇਯਵਿਸ਼ੇ ॥ ਇਸ ਤ੍ਰਿਪਟੀ ਮੈਂ ਅਸਤੀ ਭਾਂਤੀ ਪ੍ਰੇਯ
ਰੂਪਕਰ ਬ੍ਰਹਮ ਹੈ ਯਾਤੇ ਪ੍ਰਤੱਖ ਪ੍ਰਮਾਣ ਕੇ ਆਤਮਾ
ਵਿਸੇ ਭਯੋ॥ ਤਥਾ ਅਨੁਮਾਨ ਕੇ ਵਿਸੇਹੈ। ਦੇਹ ਇੰਦ੍ਰੇ ਪ੍ਰਾਣ
ਸਭੀ ਜੜ ਹੈਂ ॥ ਅਰ ਚੇਤਨ ਹੋ ਕਰ ਸਭੀ ਚੇਸ਼੍ਟਾ ਕਰਤੇ ਹੈਂ
। ਸੋ ਚੇਤਨਤਾ ਆਤਮਾਕੀ ਹੈ। ਇਸਤੇ ਇੰਦ੍ਰੇ ਪ੍ਰਾਣ ਚਿੰਨਕਰ
ਆਤਮਾ ਕਾ ਚੇਤਨ ਰੂਪਕਰ ਗਿਆਨ ਹੋਵੇਹੈ ॥ ਯਾਤੇ ਆਤ-
ਮਾ ਅਨੁਮਾਣ ਪ੍ਰਮਾਣਕੇ ਵਿਸ਼ੇ ਸਿਧ ਭਯੋ ॥ ੨ ॥ ਤਥਾ ਉਪ-
ਮਾਨਕੇ ਵਿਸ਼ੇ ਹੈਂ ਜੈਸੇ ਅਕਾਸ਼ ਨਿਰਲੇਪ ਵਿਆਪਕ ਅਕ੍ਰੈ
ਹੈ ॥ ਤੈਸੇ ਆਤਮਾ ਨਿਰਲੇਪ ਵਿਆਪਕ ਅਕ੍ਰੈ ਹੈ ॥ ਇਸ
ਤੇ ਆਤਮਾਂ ਉਪਮਾਨ ਪ੍ਰਮਾਣਕੇ ਵਿਸ਼ੇ ਭਯੋ ॥ ੩ ॥ ਤਥਾ
ਅਰਥਾਪਤੀਕੇ ਭੀ ਵਿਸ਼ੇਹੈ॥ ਜਗਤ ਕਾਰਯ ਹੈ ਅਰੁ ਆਤਮਾ
ਕਾਰਣਹੈ ॥ ਤਾਂਤੇ ਜਗਤਰੂਪੀ ਕਾਰਜ ਕਰ ਕਾਰਣ ਰੂਪੀ
ਆਤਮਾਕੀ ਸਿਧੀ ਭਈ॥ ਇਸਤੇ ਆਤਮਾ ਅਰਥਾਪਤੀ ਪ੍ਰ-
ਮਾਣਕੇ ਵਿਸ਼ੇ ਭਯੋ॥ ੪ ॥ ਤਥਾ ਸਬਦ ਪ੍ਰਮਾਣਕੇ ਵਿਸ਼ੇਹੈ
। ਸ਼ਬਦ ਜੋ ਵੇਦ ਸੋ ਸਰਬ ਰੂਪਕਰ ਆਤਮਾ ਕੋ ਕਥੈਹੈ ॥
ਯਾਤੇ ਆਤਮਾ ਸ਼ਬਦ ਪ੍ਰਮਾਣਕੇ ਵਿਸ਼ੇ ਭਯੋ ॥ ੫ ॥ ਤਥਾ ਅ
ਭਾਵ ਪ੍ਰਮਾਣਕੇ ਵਿਸ਼ੇਹੈ ਸਰਬਕਾ ਅਭਾਵ ਜਾਨੇਤੇ ਸ਼ੇਸ਼ ਆ-
ਤਮਤਾ ਹੀ ਸਿਧ ਹੋਵੇ ਹੈ॥ ਯਾਤੇ ਅਭਾਵ ਪ੍ਰਮਾਣਕੇ ਆਤਮਾ
ਵਿਸ਼ੇਹੈ॥ ੬ ॥ ਇਸ ਪ੍ਰਕਾਰ ਵਿਦੀ ਮੁਖਕਰ ਆਤਮਾ ਖਟ

Sri Satguru Jagjit Singh Ji eLibrary NamdhariElibrary@gmail.com

ਪ੍ਰਮਾਣੋਂਕੇ ਵਿਸ਼ੇਹੈ ॥ ਨਖੇਦੀ ਕਰ ਨਹੀਂ ਹੈ ਸੋ ਦਿਖਾਵੇ ਹੈਂ ॥ ਆਤਮਾ ਗਿਆਤਾ ਗਿਆਨ ਗੇਯਰੂਪ ਤ੍ਰਿਪੁਟੀ ਤੇ ਭਿੰਨ ਹੈ ॥ ਯਾਤੇ ਪ੍ਰਤੱਖਯ ਪ੍ਰਮਾਣਕੇ ਵਿਸ਼ੇ ਨਹੀਂ ਹੈ ਅਰ ਆਤਮਾ ਕਾ ਚੇਹਨ ਕੋਈ ਨਹੀਂ ਇਸਤੇ ਅਨੁਮਾਨ ਪ੍ਰਮਾਣਕੇ ਵਿਸ਼ੇ ਨਹੀਂ ਪੁਨਾਆਤਮਾਕੇ ਸਾਦਰਸ਼ ਕੋਈ ਹੈ ਨਹੀਂ ਇਸਤੇ ਉਪਮਾਨ ਪ੍ਰਮਾਣਕੇ ਭੀ ਆਤਮਾ ਵਿਸ਼ੇ ਨਹੀਹੈ॥ ਅਰੁ ਆਤਮਾ ਕਾਰਜ ਕਾਰਣ ਭਾਵਸੇ ਰਹਿਤ ਹੈ। ਇਸਤੇ ਅਰਥਾਪਤੀ ਪ੍ਰਮਾਣਕੇ ਵਿਸੇਭੀ ਨਹੀਂਹੈ ॥ ਪੁਨਾ ॥ ਵੇਦ ਭੀ ਆਤਮਾ ਕੋ ਸਰਬਕਾ ਪਰਾਮਾਨੇ ਹੈਂ। ਯਾਤੇ ਆਤਮਾ ਸ਼ਬਦ ਪ੍ਰਮਾਣਕੇ ਵਿਸ਼ੇ ਨਹੀਂ ਹੈ॥ ਅਰ ਆਤਮਾ ਕਾ ਅਭਾਵ ਨਹੀਂ। ਯਾਤੇ ਆਤਮਾ ਅਭਾਵ ਪ੍ਰਮਾਣਕੇ ਵਿਸ਼ੇ ਨਹੀਂ । ਅਭਾਵ ਪ੍ਰਮਾਣ ਅਭਾਵਕੋ ਵਿਸ਼ੇ ਕਰੇਹੈ॥ ਸੋ ਆਤਮਾ ਕਾ ਅਭਾਵ ਹੈ ਨਹੀਂ ਇਸ ਪ੍ਰਕਾਰ ਆ-ਤਮਾ ਖਟ ਪ੍ਰਮਾਣੋਕੇ ਅਵਿਸ਼ੇ ਹੈ। ਨਖੇਦੀ ਮੁਖ ਕਰ ॥ ਇਸਤੇ ਹੀ ਆਤਮਾ ਅਨਭਵ ਕਾ ਵਿਸ਼ਾਹੈ ॥ ਔਖਟ ਪ੍ਰਮਾਣ ਭੀ ਅਨਭਵ ਕਰ ਸਿਧ ਹੋਵੇਹੈਂ। ਅਨਭਵ ਬਿਨਾ ਖਟ ਪ੍ਰਮਾਣੋਕਾ ਭੀ ਗਿਆਨ਼ਹੋਵੈਨਹੀਂ।ਇਸਤੇਹੀ ਕਹਿਆਹੈ। "ਸ੍ਵਾਨਭਵੇਕ ਪ੍ਰਮਾਣ ਤਿਹ" ਇਸ ਪ੍ਰਕਾਰ ਤਿਸਕੇਜਾਨਨੇਮੈ ਸ੍ਵੈ ਅਨਭਵ ਪ੍ਰਮਾਣ ਹੈ ਇਤਿਅਰਥਾ ॥ ਐਸੇ ਜਿਸਕੇ ਜਾਨਨੇਮੈ ਅਨਭਵ ਪ੍ਰਮਾਣ ਹੈ। ਤਿਸਕੋ ਮੇਰੀ ਨਮਸਕਾਰ ਹੈ ॥ ਜਿਸਕੀ ਕ੍ਰਿਪਾ ਕਰ ਕਵਤਾ ਮੇਰੀ ਨਿਰਵਿਘਨ ਤਥਾ ਨ੍ਰਿਦੋਸ਼ ਸਮਾਪਤਿ ਹੋਵੇ । ਇਸ ਪ੍ਰਕਾਰ ਭਰਥਰੀ ਜੀ ਅਦ੍ਵੈਤ ਚੇਤਨ ਅਕਾਲ ਪੁਰਖ

Sri Satguru Jagjit Singh Ji eLibrary NamdhariElibrary@gmail.com

ਕਾ ਮੰਗਲਾਚਰਨ ਕਰਕੇ॥ ਆਗੇ ਸ਼ਿਵ ਉਪਮਾ ਕਰੇਹੈਂ। ਨਿਜ ਇਸ਼ਟ ਜਾਨਕੇ ॥ ਤਥਾ ਸ਼੍ਰੁਤੀ ॥ ਇਸ਼ਟੋ ਭ੍ਰਿਸ਼ਟਾਨ ਸਿਞਜਤੇ॥ ਐਸੇ ਜਾਨੀਏ॥ ੪ ॥

## ਅਬ ਸ਼ਿਵ ਉਪਮਾ॥ਤੋਟਕ ਛੰਦ॥

ਹਰਿ ਗਯਾਨ ਪ੍ਰਦੀਪ ਸਦਾ ਲਸਕੇ॥ ਮਨ ਮੰਦਰ ਯੋਗਨਕੇ ਬਸਕੇ॥ ਬਹੁ ਮੋਹ ਉਦੇ ਜੁ ਰਿਦੇ ਤਿਨਕੇ॥ਤਮ ਪੁੰਜਵਹੀ ਤਿਨਕੋ ਹਨਕੇ ॥ਪੁਨਲੋਲ ਅਨੰਗ ਪਤੰਗ ਮਹਾ॥ਖਿਣਮਾਹਿ ਸੁਭਾਵਿਕ ਤਾਹਿ ਦਹਾ॥ ਨਿਹ ਕਾਮ ਸਮੂਹਗੁ ਣਾਗ੍ਰਦਿਪੈ॥ਸੁਸਨੇਹਸਨੇਹਵਹੀਅਰਪੈ॥੬॥

ਟੀਕਾ—ਹਰ ਜੋ ਸ਼ਿਵ ਸੋ ਗਯਾਨ ਤਥਾ ਦੀਪਕਵਤ ਪ੍ਰਕਾਸ਼ ਰੂਪਹੈ ਸਮਾਨ ਭਾਸਸੇ ਵਾ ਵਸ਼ੇਸ਼ ਭਾਵਸੇ ਸ਼ਿਵਜੀ ਕਾ ਜੋ ਜਾਨਨਾਹੈ ਵਿਸ਼ੇਸ਼ ਕਰਕੇ ਸੋ ਦੀਪਕ ਰੂਪਹੈ ਅਰ ਸ੍ਰਵਦਾ ਕਾਲ ਜਾਗ ਰਹਿਆ ਹੈ॥ ਨਨੂ ॥ ਦੀਪਕ ਮੰਦ੍ਰੋਂ ਮੈ ਜਲਤੇ ਹੈਂ ਤਥਾ ਅੰਧਕਾਰਾਦਿਕਾਂ ਕੋ ਨਾਸ ਕਰੇਹੈਂ ॥ ਪੁਨਾ ॥ ਬਤੀ ਆਦ ਜੁਗਤ ਹੋਵੇਹੈ॥ ਇਨਕੀ ਤਿਸ ਸਾਥ ਸਮਤਾ ਕੈਸੇ॥ ਉਤ੍ਰ ॥ ਯੋਗੀਜਨ ਜੋ ਹੈਂ ਚਿਤਕੀ ਬ੍ਰਿਤੀ ਕਾ ਨਿਰੋਧ ਕਰਨੇ ਹਾਰੇਹੈਂ ॥ਅਰਥ ਏਹ ਮਨਕੇ ਪ੍ਰਵਾਹਕੋ ਜਿਨ੍ਹਾਂਨੇ ਰੋਕਿਆ ਹੈ।ਤਿਨਕੇ ਮਨੁਨਾਮ ਅੰਤਹਕਰਣ ਰੂਪੀ ਮੰਦ੍ਰਮੈ ਬਸਕਰ

ਜਗ ਰਹਿਆਹੈ ॥ਤਿਨ ਯੋਗੀਆਂ ਕੇ ਰਿਦੇਮੈ ਜੋ ਗਿਆਨਸੇ ਪੂਰਬ ਮੋਹ ਉਦੇ ਹੋ ਰਹਿਆ ਥਾ ਬਹੁ ਪ੍ਰਕਾਰਕੇ ਪੁਤ੍ਰਾਦਿ ਸੰਸਾਰਕੇ ਪਦਾਰਥੋਂਕਾ। ਸੋਈ ਭਯਾ ਅੰਧਕਾਰ ਕਾ ਸਮੂਹ ਤਿਨਕੋ ਹਨਕੇ ਪ੍ਰਕਾਸ਼ ਰਹਿਆਹੈ ਗਯਾਨ ਰੂਪੀ ਦੀਪਕ॥ ਪੁਨਾ ॥ਮਹਾਂ ਅਤਸੇ ਕਰਕੇ ਜੋ ਚਪਲ ਕਾਮਦੇਵ ਹੈ ਤਿਸਕੋ ਖਿਣਕੇ ਬੀਚ ਨਿਰਜਤਨ ਹੀ ਦਗਧ ਕਰਤਾ ਭਯਾ ॥ ਸਮੂਹ ਸਕਾਮ ਕਰਮਾਥੀਂ ਜੋ ਰਹਿਤ ਹੋਣਾਹੈ ਬੁਧੀਨੇ ਸੋਈ ਭਈ ਦੀਵਟ ਸੋ ਗਯਾਨਰੂਪੀ ਦੀਪਕਕੇ ਆਗੇ ਜਗ ਰਹੀਹੈ ਭਲੀ ਪ੍ਰਕਾਰ॥ ਮਨ ਬਾਨੀਕਰ ਜੋ ਕਰਨਾ ਹੈ ਪ੍ਰੇਮ ਹਰਿਮੈ ਸੋਈ ਭਯਾ ਤੇਲ ਤਿਸਕਾਪਾਵਨਾ ਜੋਗੀ ਪੁਰਸ਼ ਸਦਾਕਰੇਹੈਂ ॥੬॥

**ਮੂਲ ॥ ਜਿਨਕੇ ਅਤਿ ਭਾਲਕੇ ਭਾਗ ਭਲੇ॥ ਅਸਦੀਪਕਤਾਂਮਨ ਧਾਮ ਜਲੇ॥ ਜਿਨ ਭੂਖਨ ਭਾਲ ਮਯੰਕਸਹੀ॥ ਕਲਿਕਾ ਕਲਿਦੂਜ ਕਲੰਕ ਨਹੀ॥ ੭ ॥**

ਟੀਕਾ—ਭਰਥਰੀ ਜੀ ਕਹੇ ਹੈਂ ਜਿਸ ਪੁਰਸ਼ਕੇ ਮਸਤਕ ਕੇ ਅਤਸੇ ਕਰਕੇ ਭਾਗ ਭਲੇ ਹੈਂ ਤਿਸ ਪੁਰਸ਼ਕੇ ਮਨ ਰੂਪੀ ਧਾਮ ਮੈ ਐਸਾ ਪੂਰਬੋਕਤ ਗਿਆਨ ਰੂਪੀ ਦੀਵਾ ਜਲੇਹੈ॥ ਨਨੁ ॥ ਸ਼ਿਵਕੇ ਗਿਆਨ ਨਾਮ ਜਾਨਨੇ ਕੇ ਮਹਾਤਮ ਕੋ ਵਰਨਨ ਕਰਿਯੋ ਸ਼ਿਵਕੋ ਵਰਨਨ ਕਰਜੋ ਨਹੀਂ । ਜਿਸਕੋ ਜਾਣਕੇ ਪੂਰਬਕਹਿ ਪਰਤਾਪ ਕੋ ਪੁਰਸ਼ ਪ੍ਰਾਪਤਿ ਹੋਵੈ ॥ ਉਤ੍ਰ

॥ਜਿਸ ਸ਼ਿਵਕੇ ਮਸਤਕ ਮੈ ਭੂਖਨ ਰੂਪ ਚੰਦ੍ਰਮਾਂ ਹੈ ਨਿਸਚੈ ਕਰਕੇ ॥ ਪੁਨਾ ਸੋ ਚੰਦ੍ਰਮਾਂ ਕੈਸਾਹੈ ਦੂਜਕਾ ਹੈ ਅਰ ਦੋ ਕਲਾਹੈਂ ਜਿਸਕੀਆਂ ਅਰਖੈ ਰੂਪੀ ਕਲੰਕਸੇ ਰਹਿਤ ਹੈ॥੭॥

**ਮੂਲ ॥ ਬਿਬਤਾਸ ਸਿਖਾ ਪ੍ਰਕਾਸ਼ ਸਮੈਂ॥ ਦਿਨ ਰਾਤ ਵਿਭਾਸ ਪ੍ਰਸ਼ਾਂਤਤਮੈਂ ॥ ਪੁਨ ਤੀਨ ਗੁਨੋ ਯੁਤਦੇਵ ਤ੍ਰਏ। ਦ੍ਰਿਗ ਤੀਨਕੇ ਨੈਨ ਮੈ ਐਨ ਕਏ॥ ੮॥**

ਟੀਕਾ—ਪੁਨਾ ਸੋ ਚੰਦ੍ਰਮਾਂ ਕੈਸਾਹੈ ਦੋ ਹੈਂ ਕੋਨੇ ਨੁਕਰਾਂ ਜਿਸਕੀਆਂ। ਅਰੁ ਪ੍ਰਕਾਸ਼ ਹੈ ਸਮ ਜਿਸਕਾ। ਅਰ ਦਿਨਰਾਤ ਇਕਰਸ ਵਿਸ਼ੇਸ਼ਕਰਕੇ ਪ੍ਰਕਾਸ਼ਕਰਰਹਿਆਹੈ। ਅਰੁਵਿਸ਼ੇਸ਼ ਕਰਕੇ ਨਾਸ ਕਰਨੇ ਹਾਰਾਹੈ ਅੰਧਕਾਰ ਕੋ॥ ਅਰਥ ਏਹ ਜੋ ਚੰਦ੍ਰਮਾਂ ਦੇਖਨੇ ਮੈ ਆਤਾਹੈ। ਇਸਸੇ ਵਸ਼ੇਸ਼ਹੈ। ਇਸਸੇ ਸੰਪੂਰਨ ਅੰਧਕਾਰ ਭੀ ਨਾਸ ਹੋਵੇ ਨਹੀਂ। ਅਰ ਏਕ ਰਸ ਭੀ ਨਹੀਂ ਹੈ। ਐਸੇ ਸ੍ਰਿਸ਼ਟ ਚੰਦ੍ਰਮਾਂ ਰੂਪ ਭੂਖਨਕੇ ਯੁਤ ਸ਼ਿਵਜੀ ਹੈਂ॥ ਪੁਨਾ॥ ਸ਼ਿਵਜੀ ਕੈਸੇਹੈਂ। ਜਿਸ ਤ੍ਰੈ ਨੇਤ੍ਰ ਸ਼ਿਵਜੀਕੇ ਨੈਨਨਮੇ ਤੀਨਗਣੋਕੇ ਸਹਤ ਜੋ ਤੀਨ ਦੇਵਤੇ ਹੈਂ ਬ੍ਰਹਮਾਂ ਵਿਸ਼ਨੁ ਸ਼ਿਵ ਸੋ ਮੰਦਰ ਆਪਨੇ ਵਸਨੇ ਕੇ ਕਰ ਰਹੇ ਹੈਂ॥ ਨਨੂ॥ ਕੌਨ ਕੌਨ ਨੇਤਰਮੇ ਕੌਨਕੌਨ ਦੇਵਤਾ ਹੈਂ॥ ॥੮॥ ਉਤਰ॥

Sri Satguru Jagjit Singh Ji eLibrary NamdhariElibrary@gmail.com

ਮੂਲ॥ ਸਤਿਸੰਗ ਬਸੇ ਹਰਿਨੇਤ੍ਰ ਸਜੇ॥ ਸਰ ਜੋ ਅਜਲੋਚਨ ਦੂਜ ਸਜੇ॥ ਅਗਨਾਖ੍ਯ ਬਿਖੇ ਨਿਜ ਹੈਸ ਤਮੋ॥ ਭਵ ਪਾਲਗੁਸੈ ਅਸ ਈਸ ਨਮੋ॥ ੯॥

ਟੀਕਾ—ਸਤੋਗੁਣੋਂ ਕੇ ਸਹਤ ਵਸ ਰਹੇ ਹੈਂ॥ ਵਿਸ਼ਨੂਜੀ ਸੱਜੇ ਨੇਤ੍ਰਮੈਂ ਅਰ ਜੋ ਗੁਣ ਸਹਤ ਬ੍ਰਹਮਾਂ ਦੂਜਾ ਜੋ ਖੱਬਾ ਨੇਤ੍ਰਹੈ ਤਿਸਮੇ ਸ਼ੋਭ ਰਹਿਆ ਹੈ॥ ਅਗਨਕਾ ਜੋ ਨੇਤ੍ਰਹੈ ਤਿਸ ਮੈ ਆਪ ਸ਼ਿਵਜੀ ਵਸਤੇ ਹੈਂ ਸਹਿਤ ਤਮੋਗੁਣਕੇ॥ ੧॥ਨਾ ॥ਕੈਸੇ ਹੈਂ ਸ਼ਿਵਜੀ ਸਤੋਗੁਣ ਸਹਤ ਜੋ ਸੱਜਾ ਨੇਤ੍ਰ ਤਦ ਵਿ-ਸਿਸ਼੍ਰ ਹੋਏ ਹੋਏ ਵਿਸ਼ਨਰੂਪ ਹੋਕਰ ਸੰਸਾਰਕੀ ਪਾਲਨਾ ਕਰੇ ਹੈਂ॥ ਅਰ ਰਜੋਗੁਣ ਸਹਤ ਜੋ ਖੱਬਾ ਨੇਤ੍ਰ ਤਦ ਵਸਿਸ਼ਟ ਬ੍ਰਹਮਾਂ ਰੂਪ ਹੋਕੇ ਸੰਸਾਰ ਕੋ ਉਤਪਤਿ ਕਰੇਹੈਂ ਅਰ ਅਗਨਿ ਰੂਪ ਜੋ ਤੀਸਰਾ ਨੇਤ੍ਰ ਤਦ ਵਸਿਸ਼੍ਰ ਰੁਦ੍ਰ ਰੂਪ ਹੋਕਰ ਸੰਸਾਰ ਕਾ ਨਾਸ ਕਰੇ ਹੈਂ। ਐਸਾਹੈਸ਼ਿਵਜੀਕਾ ਸਰੂਪ। ਤਿਸਕੇ ਤਾਂਈ ਭਰਥਰੀ ਜੀ ਕਹਿਹੈਂ ਮੇਰੀ ਨਮੋ ਹੈ। ਐਸਾ ਜੋ ਕਾਰਣ ਬ੍ਰਹਮ ਰੂਪ ਸ਼ਿਵਜੀਕਾ ਸਰੂਪਹੈ। ਜਿਸ ਪੁਰਸ਼ਕੇ ਰਿਦੇਮੈ ਤਿਸਕਾ ਗਿਆਨਹੈ॥ ਤਿਸਕੇ ਭਾਗ ਭਲੇਹੈਂ॥ ਐਸੇ ਜਾਨੀਐ। ਭਾਵ ਯੇਹ ਰਜ ਤਮ ਸਤ ਰੂਪ ਗੁਣੋ ਵਸਿਸ਼੍ਰ ਹੂਆ॥ ੨॥ ਜੋ ਬ੍ਰ-ਹਮਾਂ ਵਿਸ਼ਨੂ ਸ਼ਿਵ ਰੂਪ ਸਰਗੁਣ ਪਰਤੀਤ ਹੋਰਹਿਆਹੈ॥ ਸੋ ਕਾਰਣ ਬ੍ਰਹਮ ਅਕਾਲ ਪੁਰਖ ਕੋ ਸ਼ਿਵਰੂਪ ਜਾਨਨਾ। ਆਗੇ

Sri Satguru Jagjit Singh Ji eLibrary NamdhariElibrary@gmail.com

ਭਾਸਕਾਰਕਾ ਕਥਨ ਹੈ ॥ ੯ ॥

ਦੋਹਰਾ ॥ ਭਰਤ ਸ਼ਤਕ ਵੈਰਾਗਕੋ ਭਾਸ਼ਕਾਰ ਹਰਿਦਜਾਲ ॥ ਕੇਵਲ ਪ੍ਰੇਮ ਹੁਲਾਸ ਉਰ ਲਵਨ ਕਵਨ ਕੀ ਚਾਲ ॥ ੧੦ ॥

ਟੀਕਾ—ਭਰਥਰੀਜੀ ਕੋ ਜੋ ਭਯਾਹੈ ਵੈਰਾਗ ਤਿਸ ਵੈਰਾਗ ਕਾ ਜੋ ਸਉ ਸ਼ਲੋਕ ਰਾਜਾ ਭਰਥਰੀ ਜੀ ਨੇ ਕਹਿਆ ਹੈ ॥ ਤਿਸਕੋ ਭਾਸ਼ਾ ਕਰਤਾ ਮੈ ਹਰਦਜਾਲ ਹੂੰ॥ ਨਨੂ ॥ ਤੇਰੇ ਕੋ ਕਿਸੇਨੇ ਧਨ ਦੀਆ ਹੋਗਾ ਵਾ ਕਵਤਾ ਕਾ ਤੇਰੇਮੈ ਚਮਤਕਾਰਾ ਹੋਗਾ। ਤਿਸਕੇ ਦਿਖਾਨੇ ਹੇਤ ਭਾਸ਼ਾ ਕਰਤੇ ਹੋ ॥ ਉਤ੍ਰ ॥ ਕੇਵਲ ਹਿਰਦੇ ਕੇ ਪ੍ਰੇਮਕਰਕੇ ਉਤਸਾਹ ਭਯਾਹੈ ਭਾਸ਼ਾ ਕਰਨੇ ਕਾ ਅਰੁ ਰੰਚਕ ਮਾਤ੍ਰ ਭੀ ਨਹੀਂ ਹੈ ਮੇਰੇ ਮੈ ਕਵੀ ਜਨੋ ਕੀ ਚਾਲ ਅਨੁਪ੍ਰਾਂਸ ਜੋੜਨੇ ਕੀ ॥ ੧੦ ॥ ਨਨੂ ॥ ਅਰਥ ਤਥਾ ਛੰਦ ਕਾ ਚਮਤਕਾਰਾ ਹਛਾ ਦੱਸੋਗੇ ॥ ਉੱਤਰ ॥

ਮੂਲ ॥ ਅਰਥ ਬਰਨ ਬ੍ਰਿਤ ਬਰਨਯੁਤ ਭੂਪ ਬਚਨ ਸ਼ਿਵਊਪ ॥ ਬਾਲ ਬਜਾਹਕੀ ਗਾਲ ਸਮ ਦੂਖਨ ਭੂਖਨ ਰੂਪ ॥ ੧੧ ॥

ਟੀਕਾ—ਹਰਿਦਿਆਲ ਜੀ ਕਹਿ ਹੈਂ ਅਰਥ ਭੀ ਸ੍ਰਿਸ਼੍ਰ ਨਹੀਂ ਆਤੇ ਹੈਂ ॥ ਅਰ ਛੰਦਭੀ ਸ੍ਰੇਸ਼੍ਰ ਜੋੜਨਾ ਨਹੀਂ ਆਤਾ ॥ ਪਰੰਤੂ ਰਾਜ਼ਾ ਕੇ ਵਚਨੋਂ ਕੇ ਅਰੁ ਸ਼ਿਵਜੀ ਕੀ ਉ-

Sri Satguru Jagjit Singh Ji eLibrary NamdhariElibrary@gmail.com

ਸਤਤੀ ਕੇ ਸਹਤ ਹੈ ਸੋ ਬਾਨੀ ॥ ਸੋ ਸ਼ਿਵ ਉਸਤਤੀ ਅਰ ਰਾਜਾਕੇ ਵਚਨ ਕੈਸੇ ਹੈਂ ਮੇਰੀ ਭਾਸ਼ਾ ਮੋਂ ਯਥਾ ਦ੍ਰਿਸ਼ਟਾਂਤ ॥ ਜੈਸੇ ਗਾਲ੍ਹ ਦੂਖਨ ਰੂਪਹੈ ਜੋ ਕੋਈ ਆਪਣੀ ਧੀ ਤਥਾ ਭੈਣਤਥਾ ਇਸਤ੍ਰੀਕੀ ਗਾਲ ਸੁਨੈਹੈ ਸੋ ਦੁਖੇਹੈ ਪਰੰਤੂਸੋ ਗਾਲ੍ਹ ਵਿਆਹ ਮੈ ਬਾਲਾ ਨਾਮ ਇਸਤ੍ਰੀਕੇ ਮੁਖ ਦੁਆਰੇ ਸਿਠਣੀਆਂ ਸਾਥ ਮਿਲਕਰ ਮੰਗਲ ਰੂਪ ਹੋਵੇਹੈ ਅਰ ਸਰਬ ਸ਼੍ਰੋਤਾ ਕੋ ਆਨੰਦ ਉਤਪੰਨ ਕਰੇ ਹੈ॥ਤੈਸੇਹੀ ਮੇਰੀ ਭਾਸ਼ਾ ਬਾਨੀਦੂਖਨ ਰੂਪਹੈ ਤਥਾਪੀ ਸ਼ਿਵ ਮਹਿਮਾ ਤਥਾ ਰਾਜਾ ਕੇ ਬਚਨ ਰੂਪੀ ਮੰਗਲ ਸਾਥ ਮਿਲੀਹੋਈ ਸਰਬ ਸ਼੍ਰੋਤਾ ਜਨੋਂ ਕੋ ਅਨੰਦ ਉਪਜਾਵੇਗੀ॥੧੧॥ਨਨੂ॥ ਮੰਗਲਰੂਪ ਵਚਨੋਂ ਕੇ ਕਹਨੇ ਕਾ ਕਾਰਣ ਕਿਆ ਥਾ ਰਾਜਾ ਕੋ॥ ਉੱਤਰ ॥ ਵੈਰਾਗ ॥ ਅਬ ਆਗੇ ਰਾਜਾਕੇ ਵੈਰਾਗਕੇ ਕਾਰਣ ਕੋ ਨਰੂਪਣ ਕਰੇ ਹੈਂ ॥

**ਕਬਿਤ ॥ ਸੋਮ ਨਾਮ ਬਿਪ੍ਰਵਰ ਗਿਰਜਾਂ ਕੇ ਵਰਕਰਲੀਨੋਂ ਸੁਧਾਫਲ ਕਰਦੀਨੋ ਨਰਨਾਹ ਕੇ॥ਭੂਪਤਿ ਸੈ੍ਪਤਿਨੀਕੋ ਰਾਣੀਨਿਜਮੀਤਹੀ ਕੋਤਾਂਨੇਦੀਨੋਗੀਤਕੀਕੋ ਨੀਕੋਫਲੁਚਾਹਕੇ ॥ ਆਗੇਗਨਕਾਸਰਾਗੇਧਰਾਪਤਿਆਗੇਧਰਾਨ ਰੁਨਾਥ ਮਾਥੁਧੁਨਾ ਸੁਨ ਧ੍ਰਨਾ ਤਾਹਕੇ ॥ ਹਾਹਾ ਕਾਮਨੀਕੇ ਹੇਤੁਹਤੇਕਾਮਨੀ ਕੇ ਅਬ ਤਾਹ**


Sri Satguru Jagjit Singh Ji eLibrary NamdhariElibrary@gmail.com

**ਤਜੋ ਤਹਾਂ ਭਜੋ ਸੀਸ ਸਸੀ ਜਾਂਹਕੇ ॥੧੨॥**

ਟੀਕਾ ॥ ਸੋਮ ਨਾਮ ਚੰਦ੍ਰਮਾਂ ਕਾ ਹੈ ਯਾਂਤੇ ਚੰਦ੍ਰਭਾਨ ਨਾਮ ਕਰਕੇ ਏਕ ਬ੍ਰਹਮਨ ਥਾ ਪਰੰਤੂ ਸੰਤੋਖਾਦਿ ਗੁਣੋਂਕਰ ਸ੍ਰੇਸ਼ਟਥਾਕਿਸੇਕੀ ਯਾਚਨਾ ਤਥਾ ਦੰਬ ਸੇਵਾਦਿਕਰਤਾ ਨਹੀਂ ਥਾ ॥ ਅਰ ਘਰ ਮੇਂ ਰੋਜ਼ ਤਿਸਕੀ ਨਾਰੀ ਲੜਿਆ ਕਰੇ ਤੋ ਬ੍ਰਹਮਨ ਤਿਸਕੋ ਬਹੁਤ ਧੀਰਜ ਦੇਵੈ ਪਰੰਤੂ ਬ੍ਰਾਹਮਣੀ ਬਹੁਤ ਹੀ ਖਜਾਲ ਕਰਜਾ ਕਰੈ ॥ ਆਖਰਕੋ ਸੋ ਚੰਦ੍ਰਭਾਨ ਬ੍ਰਹਮਨ ਘਰ ਸੇ ਨਿਕਸਕਰ ਜੰਗਲ ਮੈਂ ਜਾ ਕਰ ਦੇਵੀ ਪਾਰਬਤੀ ਕਾ ਸੇਵਨ ਕਰਤਾਭਯਾ ਤਬ ਦੇਵੀ ਪ੍ਰਸੰਨ ਹੋ ਸਾਖਜਾਤ ਭਈ ਤੌ ਭੀ ਤਿਸ ਬ੍ਰਹਮਨ ਨੇ ਸੰਤੋਖ ਕਰ ਮਾਂਗਾ ਕੁਛ ਨਾ॥ ਆਖਰ ਕੋ ਅਪਨੀਕ੍ਰਿਪਾ ਸੇ ਏਕਅੰਮ੍ਰਿਤਫਲ ਦੇਵੀ ਤਿਸਕੋ ਦੇਗਈ ॥ ਸੰਤੋਂ ਭਗਤੋਂ ਰਾਜਾ ਦੇਵਤਾਂ ਕਾ ਏਹ ਧਰਮ ਹੈ ਜਿਸ ਪਰ ਪ੍ਰਸੰਨ ਹੋਵੈਂ ਤਿਸਕੋ ਖਾਲੀ ਨਹੀਂ ਛੋਡਤੇ ॥ ਤਿਸਕੋ ਲੈਕਰ ਘਰ ਮੇ ਆਇਆ ਆਪਸਮੈ ਦੋਨੋਂ ਇਸਤ੍ਰੀ ਪੁਰਸ਼ ਸਲਾਹ ਕਰਤੇ ਭਏ ॥ ਇਸਕੋ ਖਾਕਰ ਹਮ ਬਡੀ ਆਯੂ ਵਾਲੇ ਹੋਜਾਵੇਂਗੇ ਤੌਭੀ ਹਮਕੋ ਕਿਆ ਸੁਖ ਹੂਆ ॥ਅੰਨਕੀ ਹਮਾਰੇ ਤੰਗੀ ਹੈ ਤਾਂਤੇ ਰਾਜਾਕੋ ਦੇਈਐ ਰਾਜਾ ਹਮਕੋ ਧਨ ਦੇਵੇਗਾ ਤਿਸ ਸੇ ਹਮ ਸੁਖ ਪਾਵੇਂਗੇ ਅਰ ਰਾਜਾ ਧਰਮਾਤਮਾਹੈ ਤਿਸਕੇ ਅਧਕ ਜੀਵਨੇ ਕਰ ਪਰਜਾ ਸੁਖੀਹੋਵੇਗੀ॥ਐਸੇਵਿਚਾਰਾਕਰਅੰਮ੍ਰਿਤ ਫਲ ਰਾਜਾ ਭਰਥਰੀ ਕੋ ਦੀਆ ॥ ਰਾਜਾਨੇ ਵਿਚਾਰਾਹਮਤੋ ਰਾਜੇ ਹੈਂ ਬਹੁਤ ਪਦਾਰਥ ਖਾਤੇ ਹੈਂ ਤਾਂਤੇ ਰਾਣੀ ਆਪਣੀ

Sri Satguru Jagjit Singh Ji eLibrary NamdhariElibrary@gmail.com

ਅਪਨੀ ਪਤਨੀ ਪਜਾਰੀਕੋ ਦੇਈਏ ਐਸੇ ਵਿਚਾਰ ਕਰ ਰਾਜਾ ਅਪਨੀ ਪਤਨੀ ਕੋਦੇਤਾਭਯਾ ॥ਆਗੇਰਾਣੀਕਾਮਿਤ੍ਰਕੋਈ ਹੋਰ ਟਹਲ ਵਾਲਾ ਥਾ ਤਿਸਕੋ ਰਾਣੀ ਦੇਤੀ ਭਈ ਆਗੇ ਤਿਸਕੀ ਪ੍ਰੀਤ ਵੇਸਵਾ ਸਾਥ ਥੀ ਤਿਸਨੇ ਵਿਚਾਰਾ ਮੈਂ ਤੋ ਰਾਣੀਪਾਸੋਂ ਬਹੁਤ ਖਾਤਾਹੂੰ ਆਪਣੀ ਮਿਤਰਨੀ ਕੋ ਦੇਵਾਂ ਜਿਸਸਾਥ ਮੇਰਾ ਰੋਜ਼ ਸੰਬੰਧਹੈ ਐਸੇ ਵਿਚਾਰ ਕਰ ਵੇਸਵਾਕੋ ਦੇਤਾ ਭਯਾ ਚੰਗਾ ਫਲ ਜਾਨਕਰ ਅਰ ਮਨਕੇ ਪ੍ਰੇਮ ਸਹਤ ਹੋਕੇਆਗੇ ਕਹੀਐਤਿਸਥੀਂ ਪਸਚਾਤ ॥ ਨਨੂ ॥ ਆਗੇਕੋ ਅਰਥ ਪਸਚਾਤ ਕੈਸੇ ॥ ਉੱਤਰ ॥ ਜੈਸੇ ਦੋ ਪਰਖ ਕਿਸੇਕਾਮਕੋ ਕਰਤੇ ਹੋਵੇਂ ਵਾ ਕਰਨੇ ਕੀ ਸਲਾਹ ਕਰੈਂ ਤੋ ਏਕ ਕਹਿਤਾ ਹੈ ਹੇ ਭਾਈ ਏਕ ਕਾਮ ਕਰ ਲਈਏ ਆਗੇ ਫੇਰ ਦੇਖਾ ਜਾਵੇਗਾ ਐਸੇ ਆਗੇ ਪਦਕਾ ਅਰਥ ਪੀਛੇ ਕੋ ਜਨਾਵੈ ਹੈ ਅਰਥ ਏਹੁ ਆਪਨੇ ਮਿਤ੍ਰ ਸੇ ਲੈਕਰ ਤਿਸਸੇ ਪਾਛੇ ਵੇਸਵਾ ਵਿਚਾਰਾ ਜੋ ਮੈਂ ਖਾਵਾਂਗੀ ਤੋ ਬਹੁਤ ਜੀਕੇ ਮੰਦ ਕਰਮ ਹੀ ਕਰੂੰਗੀ ॥ ਹੋਵੈ ਤਾਂ ਰਾਜਾਕੋ ਦੇਵਾਂ ਜੋ ਧਰਮ ਕਰਤਾ ਹੈ ਐਸੇ ਵਿਚਾਰ ਕਰ ਸਹਤ ਪ੍ਰੇਮਕੇ ਰਾਜਾਕੇ ਆਗੇਆਨਧਰਾ ਤੋ ਰਾਜਾ ਨੇ ਦੇਖਕਰ ਜਾਨਾ ਜੋ ਫਲਤੋ ਓਹੀ ਹੈ ਅਰ ਵੇਸਵਾ ਸੇ ਪੂਛਾ ਜੁ ਤੁਮਨੇ ਕਿਥੋਂ ਲਯਾ ਹੈ ਤਿਸਨੇ ਅਪਨਾ ਮਿਤਰ ਦੱਸਿਆ ॥ ਤਿਸਸੇ ਪੂਛਾ ਭੈ ਦੇਕੇ ਵਾ ਪ੍ਰੇਮ ਕਰਕੇ ਤੌ ਤਿਸਨੇ ਰਾਣੀ ਕਾ ਨਾਮ ਲੀਆ ਤੌ ਤਿਨਕੇ ਵਚਨ ਸੁਨਕਰ ਰਾਜਾ ਸੀਸਕੋ ਫੇਰਕਰ ਅਫਸੋਸ ਕਰਤਾਭਯਾ ॥ਹਾ ਅਤੀ ਕਸ਼ਟ ! ਹਾ ਅਤੀ ਕਸ਼ਟ ! ਜਿਸ ਇਸਤ੍ਰੀ ਮੈਨੇ ਮੈ ਮੋਹਕਰਕੇ ਤਜਾਗੇ ਹੈਂ

Sri Satguru Jagjit Singh Ji eLibrary NamdhariElibrary@gmail.com

ਕਾਮ ਸ੍ਰਿਸ਼ਟ ਅਬ ਤਿਸਕੋ ਤਿਆਗਕਰ ਤਿਸਸ਼ਿਵਜੀਕਾਮੈ ਅਰਾਧਨ ਕਰੂੰ ਜਿਸਕੇ ਸੀਸ ਨਾਮ ਸਿਖਰਮਸਤਕਮੈਂ ਚੰਦ੍ਰਮਾਂ ਹੈ॥ ਐਸੇ ਵਿਚਾਰਕਰ ਪੁਨਾ ਵਿਚਾਰ ਕਰਤਾ ਭਯਾ॥੧੨॥

ਸਵੈਯਾ॥ ਜਿਨਕੋ ਤਿਨਮੈ ਚਿਤਮੋਂ ਚਿਤਮੋਂ ਤਿਨਕੀਰਤਿਮੋ ਤਨ ਮਾਂਹਿ ਰਤੀ ਨਾ ॥ ਵਹੁ ਆਨ ਪੁਮਾਨ ਕੇ ਸੰਗਰਤੀ ਪੁਨ ਤਾਂ ਮਨਮੈ ਗਨਕਾ ਗ੍ਰਹਕੀਨਾ॥ ਧਿਕਹੈ ਅਬਲਾ ਭ੍ਰਿਤ ਕੰਦਰਪੈ ਅਰਮੋਹਿ ਧਿਕਾਰ ਜੋ ਮਾਰਅਧੀਨਾ ॥ ਇਤਿ ਰੀਤਿ ਸਮੂਹਕੀ ਪ੍ਰੀਤਿ ਤਜੀ ਨ੍ਰਿਪ ਹੋਇ ਯੋਗੀਸ਼੍ਵਰ ਈਸ਼੍ਵਰ ਚੀਨਾਂ॥ ੧੨ ॥

ਟੀਕਾ॥ ਜਿਨਕੋ ਨਿਤਤਜੰਪ੍ਰਤੀ ਹਰਵਕਤ ਮੈ ਚਿਤ ਮੈ ਚਿੰਤਨ ਕਰਤਾ ਹੂ ਤਿਸਕੀ ਪ੍ਰੀਤੀ ਮੇਰੇ ਸਰੀਰ ਮੈਂ ਰਤੀ ਮਾਤਰ ਭੀ ਨਹੀਂ ਹੈ ਸੋ ਇਸਤ੍ਰੀ ਹੋਰ ਪਰਸ਼ਕੇ ਸਾਥ ਮਿਲੀ ਹੋਈ ਹੈ॥ ਪੁਨਾ॥ ਤਿਸ ਪੁਰਸ਼ਕੇ ਮਨਮੈ ਵੇਸਵਾ ਵਸ ਰਹੀ ਹੈ॥ ਧ੍ਰਿਗ ਹੈ ਅਬਲਾ ਇਸਤ੍ਰੀ ਕੋ ਜੋ ਚਕ੍ਰਵਰਤੀ ਰਾਜਾ ਕੀ ਰਾਣੀ ਹੋਕੇ ਫੇਰ ਟਹਲੂਏ ਕੇ ਹਾਦੀਨ ਹੋਈ॥ ਅਰ ਧ੍ਰਿਗ ਹੈ ਭ੍ਰਿਤ ਦਾਸ ਕੋ ਜੋ ਚਕ੍ਰਵਰਤੀ ਰਾਜਾਕੀ ਰਾਣੀ ਮਿਲੇ ਤੋ ਫੇਰ ਵੇਸਵਾ ਕੇ ਅਧੀਨ ਹੋਤਾ ਭਯਾ॥ ਅਰ ਕੰਦਰਪ ਕਾਮਦੇਵਕੋ ਭੀ ਧ੍ਰਿਗ ਹੈ ਜੋ ਊਚਨੀਚ ਨਾਰੀ ਪੁਰਸ਼ ਕਾ ਤਥਾ ਸ਼ੁਭਾ ਸੁਭ

Sri Satguru Jagjit Singh Ji eLibrary NamdhariElibrary@gmail.com

ਕਰਮ ਕਾ ਵਿਚਾਰ ਭੁਲਾ ਦੇਤਾ ਹੈ॥ ਪੁਨਾ॥ ਮੇਰੇ ਕੋ ਭੀ ਧ੍ਰਿਕਾਰ ਹੈ ਜੋ ਮੈਂ ਕਾਮਦੇਵ ਕੇ ਅਧੀਨ ਹੋਤਾ ਭਯਾ॥ ਅਰ ਕਾਮਕੇ ਅਧੀਨ ਹੋਕਰ ਮੈ ਰਾਣੀ ਕੋ ਅੰਮ੍ਰਿਤਫਲ ਦੇਤਾ ਭਯਾ ਇਸ ਪੂਰਬੋਕਤ ਰੀਤਕੋ ਵਿਚਾਰ ਕਰ ਰਾਜਾ ਨੇ ਸਮੂਹ ਕੀ ਪ੍ਰੀਤੀ ਤਜੀ ਅਰ ਸਰਬ ਕੀ ਪਰੀਤੀ ਕੋ ਤਿਆਗ ਕਰ ਰਾਜਾ ਨੇ ਈਸ਼ਰ ਕੋ ਚੀਨਾ॥ ਅਰ ਈਸ਼ਰ ਕੋ ਜਾਨਕਰ ਯੋਗੀਸ਼ਰ ਹੋਤਾ ਭਯਾ॥ ਅਰਥ ਏਹ ਜੋਗੀਓਂ ਕਰਕੇ ਭੀ ਪੂਜਨੀਕ ਭਯਾ॥ ੧੩॥ ਨਨੂ॥ ਕੇਵਲ ਪ੍ਰੀਤੀ ਕੋ ਤਿਆਗ ਕਰ ਕੇ ਕੈਸੇ ਈਸ਼ਰ ਕੋ ਜਾਨਾ ਰਾਜਾ ਨੇ॥ ਉੱਤਰ॥

**ਦੋਹਰਾ॥ ਭਨਸੋ ਭੂਪ ਵੈਰਾਗਸਤ ਨਿਜਮਨ ਸਿੱਖਿਆ ਹੇਤ॥ ਸੁਨੋ ਜਨੋ ਸੁਭ ਗਿਰਾਤੇਹ ਜ-ਗਤ ਜਲਧ ਮਹਿ ਸੇਤ॥ ੧੪॥**

ਟੀਕਾ॥ ਆਪਨੇ ਮਨੁਕੋ ਸਿਖਿਆ ਦੇਨੇ ਵਾਸਤੇ ਰਾਜਾ ਨੇ ਵਵੇਕ ਸਹਤ ਵੈਰਾਗ ਕਾ ਸਉ ਸ਼ਲੋਕ ਕਥਨ ਕਰਿਆ ਤਿਸ ਕਥਨ ਸੇ ਮਨੁਕੋ ਵਵੇਕ ਵੈਰਾਗ ਸਹਤ ਕਰਕੇ ਈਸ਼੍ਵਰ ਕੋ ਚੀਨਾ॥ ਅਰ ਯੋਗੀਓਂ ਮੇਂ ਪੂਜਨੀਕ ਭਯਾ॥ ਨਨੂ॥ ਸੋ ਸਉ ਸ਼ਲੋਕ ਰੂਪ ਬਾਨੀ ਰਾਜਾ ਕੀ ਕੈਸੀ ਹੈ॥ ਉਤ੍ਰ॥ ਸੁਨੋਹੇ ਜਨੋ ਸ੍ਰੇਸ਼ਟਬਾਨੀ ਤਿਸ ਰਾਜਾ ਭਰਥਰੀ ਕੀ ਜਗਤ ਰੂਪੀ ਸਮੁੰਦ੍ਰ ਕੇ ਪਾਰ ਕਰਨੇ ਮੈ ਪੁਲ ਰੂਪ ਹੈ ਜੋ ਪੁਰਸ਼ ਇਸ ਬਾਨੀਕੋ ਧਾਰੇਗਾ ਸੋ ਪਾਰ ਹੋਵੇਗਾ॥ ਨਨੂ॥ ਸੁਗਮ

Sri Satguru Jagjit Singh Ji eLibrary NamdhariElibrary@gmail.com

ਹੋਗੀ॥ ਉੱਤਰ॥ ੨੧॥

**ਸੋਰਠਾ॥ ਅਤਿ ਨਦ ਵਤ ਗੰਭੀਰ ਸ੍ਰੀ ਹਰਿ ਭਰਥ ਵੈਰਾਗਸਤ॥ ਜਨਮ ਮਰਨ ਭਯ ਨੀਰ ਵਿਕਸਤ ਕਮਲ ਸ਼ਲੋਕ ਗਣ॥੧੫॥**

ਟੀਕਾ॥ ਛੰਦ॥ ਸ੍ਰੀ ਮਾਯਾਕੇ ਤਿਆਗਨੇਹਾਰੇ ਜੋ ਭਰਥ ਜੀ ਹੈਂ ਤਿਨਾਂਨੇ ਜੋ ਕਹਿਆ ਹੈ ਵੈਰਾਗ ਕਾ ਸਉ ਸ਼ਲੋਕ॥ ਸੋ ਅਤਸੇ ਕਰ ਨਦ ਕੀ ਨਜਾਈਂ ਗੰਭੀਰ ਹੈ॥ ਨਦ ਨਾਮ ਡੱਲ ਕਾ ਹੈ ਜਿਸਸੇ ਨਦੀ ਨਿਕਸੇ ਤਿਸਕੋ ਨਦ ਕਹੇ ਹੈਂ ਜੈਸੇ ਕਸ਼ਮੀਰ ਕਾ ਹੈ ਜਿਸਸੇ ਬਤਸਤਾ ਨਦੀ ਨਿਕਲਕਰ ਜੇਹਲਮ ਕੇ ਨੀਚੇ ਵਗਰਹੀ ਹੈ॥ ਨਨੂ॥ ਨਦ ਮੈ ਜਲ ਹੋਵੇ ਹੈ ਤਥਾ ਕਮਲ ਹੋਵੇ ਹੈ ਬਾਣੀ ਮੈ ਕੌਨਸਾ ਜਲ ਤਥਾ ਕਮਲ ਹੈ॥ ਉਤ੍ਰ॥ ਜਨਮ ਮਰਨ ਕਾ ਜੋ ਭੈ ਕਥਨ ਕਰ ਦਿਖਾਇਆ ਹੈ ਸੋ ਜਲਹੈ ਯਥਾ "ਜਨਮ ਮਹਾਂਬਰਗਰਸਿਓ ਮਰਨ ਕਰ" ਐਸੇ ਵਾਕੇ ਮੈ ਮਰਨ ਕਾ ਭੈ ਦਿਖਯਾ॥ ਪੁਨਾ॥ ਕ੍ਰਿਮਾਦਗੰਧਕਾਦਿ ਤੇ ਸਹਿ ਮਹਾਂ ਵਿਖਾਦਤੇ ਇਤਯਾਦਿ ਵਾਕੋਂ ਮੈਂ ਜਨਮ ਕਾ ਭੈ ਦਿਖਾਇਆ ਅਰ ਸ਼ਲੋਕ ਸੋ ਹੈ ਸਮੂਹ ਸੋ ਕਵਲ ਹੈਂ ਖਿੜੇ ਹੂਏ॥੨੨॥ ਨਨੂ॥ ਕਮਲਰੂਪੀ ਸ਼ਲੋਕੋਂ ਕੀ ਨਾਲੀ ਤਥਾ ਪੱਤੇ ਵਾਸ਼ਨਾ ਆਦਿਕੋ ਸਮਤਾ ਕਮਲੋਂ ਸਾਥ ਕੈਸੇ॥ ਉਤ੍ਰ॥

**ਕਬਿੱਤ॥ ਦੋਖ ਦ੍ਰਿਸ਼ਟ ਨਾਲ ਗੁਰਦਲਪਦਲ**

Sri Satguru Jagjit Singh Ji eLibrary NamdhariElibrary@gmail.com

ਘ੍ਰ ਪਰ ਅੰਕ ਮਾਤ੍ਰਾ ਤਰੀਤਰ ਅਰਥ ਸੁਬਾਸ
ਹੈ॥ ਡਾਟੇ ਕਾਟੇ ਮੰਦ ਸੰਗ ਇੰਦੂ ਹੇਰਿ ਨਿਸਪੰਦ
ਹੈ॥ ਭੋਗੀ ਅਰਕ ਬਿਬੇਕ ਕੇ ਪ੍ਰਕਾਸ਼ ਤੇ ਵਿਕਾਸ਼ ਹੈ॥ ਭੋਗੀ
ਭੂੰਡ ਭੋਗ ਮਲ ਭੋਗਤ ਨ ਤਜੇ ਪਲ ਸੰਤਨ ਕੋ
ਮਨ ਅਲਿ ਸੇਵੇ ਸਦਾ ਤਾਸ ਹੈ॥ ਐਸੋ ਨਰ
ਆਂਖੋ ਸੋ ਵਿਲੋਕੋਂ ਨਾਹੀ ਜਾਹਿ ਆਖੋਂ ਨਿਜ
ਮਨ ਹੀ ਕੋ ਭਾਖੋਂ ਵਾਕ ਭਵ ਨਾਸ ਹੈ॥ ੧੯॥

ਟੀਕਾ॥ ਪਦਾਰਥਾਂ ਬੀਚ ਦੂਖ ਕਾ ਜੋ ਦਿਖਾਨਾ ਹੈ ਸੋਈ ਭਈ ਦੇਖ ਦ੍ਰਿਸ਼ਟੀ ਸੋ ਕਮਲ ਰੂਪ ਸ਼ਲੋਕੋਂ ਕੀ ਨਾਲੀ ਹੈ ਵਰਨੋਂ ਕੇ ਸਮਦਾਯ ਕਾ ਨਾਮ ਪਦ ਹੈ ਸ਼ਲੋਕੋਂ ਮੈ ਪਦ ਹੈਂ ਸੋ ਵਡੇ ਪਤੇ ਹੈਂ ਅਰ ਛੋਟੇ ਪਤੇ ਅਖਰ ਹੈਂ ਮਾਤਰਾ ਜੋ ਹੈਂ ਸੋ ਤਰੀਆਂ ਹੈਂ ਜੋ ਫੁੱਲ ਕੇ ਬੀਚ ਹੋਤੀਆਂ ਹੈਂ ਸੁਵਰਣ ਕੇ ਰੰਗ ਪੂਨਾ ਅਰਥ ਹੈ ਜੋ ਸੋ ਅਤਸੇ ਕਰ ਸਰਿਸ਼ਟ ਵਾਸ਼ਨਾ ਹੈ ਤਾੜਨਾ ਕੇ ਕਹਨੇ ਹਾਰੇ ਜੋ ਵਾਕ ਹੈਂ ਸੋ ਕੰਡੇ ਹੈਂ॥ ਅਰ ਜੈਸੇ ਕਵਲ ਚੰਦ ਕੋ ਦੇਖਕਰ ਮੂੰਦੇ ਜਾਵੈ ਹੈਂ॥ ਤੈਸੇ ਮੰਦ ਪੁਰਸ਼ੋਂ ਕਾ ਜੋ ਸੰਗ ਹੈ ਸੋ ਚੰਦਵਤ ਹੈ ਤਿਸਕੋ ਪ੍ਰਾਪਤ ਹੋਕਰ ਮੂੰਦੇ ਜਾਤੇ ਹੈਂ ਕਮਲਾ ਰੂਪੀ ਸ਼ਲੋਕ ਖੋਟੇ ਪੁਰਸ਼ ਕੇ ਹਾਥ ਪੁਸਤਕ ਆਵੇ ਤੋ ਸੋ ਪੁਰਸ਼ ਸੰਤੋਖ ਰਾਖੇ ਹੈ ਵਾ ਪਾਠ ਕਰਕੇ ਤਿਨਕਾ ਅਰਥ ਤਥਾ ਸਿਧਾਂਤ ਨਾ ਸਮਝਨਾ ਏਹੀ ਮੁੰਦਨਾ ਹੈ ਸੂਰਜ ਰੂਪ

ਜੋ ਬਬੇਕੀਪੁਰਸ਼ਹੈ ਤਿਸਕੇਪ੍ਰਕਾਸ਼ਤੇ ਕਿਆ ਤਿਸਕੋ ਪ੍ਰਾਪਤ ਹੋਕਰ ਖਿੜੇ ਹੈ ਅਰਥ ਏਹੁ ਜੋ ਵਵੇਕੀ ਪੁਰਸ਼ ਇਨਕੋ ਪੜ੍ਹੇ ਹੈ ਅਰ ਸਾਰਕੋ ਜਾਣੇ ਹੈ॥ ਯਾਤੇ ਖਿੜੇ ਹੈਂ॥ ਜੈਸੇ ਭੂੰਡ ਮਲਕੋ ਭਖੇ ਹੈ ਅਰ ਕਵਲ ਕੀ ਸਾਰ ਕੋ ਜਾਣੇ ਨਹੀਂ ਹੈ ਤੈਸੇ ਭੋਗੀ ਪੁਰਸ਼ ਭੂੰਡ ਰੂਪ ਹੈ ਅਰ ਸ਼ਲੋਕੋਂ ਮੈ ਜੋ ਭੋਗੋਂ ਕੀ ਨਖੇਦੀ ਹੇਤ ਕਥਨ ਸੋ ਮਲਰੂਪ ਹੈ ਨਖੇਧੀ ਰੂਪ ਸਾਰਕੋ ਨਾ ਜਾਣਦੇ ਹੋਏ ਭੂੰਡ ਰੂਪ ਭੋਗੀ ਪੁਰਸ਼ ਭੋਗਾਂ ਕੋ ਭੋਗਦੇ ਹੋਏ ਪਲ ਮਾਤ੍ਰ ਭੀ ਤਿਨਕਾ ਤਜਨਾ ਨਹੀਂ ਕਰਤੇ ਅਰ ਸੰਤਾਂ ਕੇ ਮਨ ਰੂਪੀ ਭੌਰੇ ਸੇਂ ਵਧੇ ਹੈਂ ਸਦਾ ਹੀ ਤਿਨ ਕਮਲ ਰੂਪ ਸ਼ਲੋਕੋਂ ਕੋ ਸੇਵਨਾ ਏਹੀ ਹੈ ਜੋ ਪੁਨਾ ਪੁਨਾ ਇਨ ਸ਼ਲੋਕੋਂ ਕਾ ਅਭਿਆਸ ਕਰਕਰ ਸਾਰਕੋ ਜਾਨਣਾ ਐਸੋਕਹੀਐ ਸੰਤਾਂ ਜੈਸੇ ਪੁਰਸ਼ ਕੋਈ ਨੇਤ੍ਰੋਂ ਸੇ ਦੇਖਾ ਨਹੀ ਭਰਥਰੀ ਨੇ ਜਿਸਕੇ ਤਾਂਈ ਆਖਦੇ॥ਇਸਤੇ ਆਪਨੇ ਮਨਕੋਹੀ ਕਥਨ ਕਰਿਆ ਸੋ ਕੈਸੇ ਵਾਕਹੈਂ ਜੋ ਮਨਕੋ ਕਹੇਹੈਂ ਰਾਜਾ ਨੇ॥ਭਵਸੰਸਾਰ ਜਨਮ ਮਰਨ ਕੋ ਨਾਸ ਕਰਨੇ ਹਾਰੇ ਹੈਂ॥ ਨਨੂ॥ ਸੰਤਾਂਕੋ ਕਿਉਂ ਨਹੀਂ ਕਹਿਓ ॥ ਉਤ੍ਰ॥ ਸੰਤ ਕ੍ਰਿਤਕ੍ਰਿਤ ਹੈਂ ਅਰ ਕਹਿਨਾ ਜਗਿਆਸੀ ਕੋ ਹੋਤਾਹੈ॥ ਨਨੂ॥ ਸੰਤੋਂ ਸੇ ਇਤਰ ਪੰਡਤ ਤਥਾ ਰਾਜਾ ਆਦਿ ਹੋਰ ਨ ਕੋਈ ਕਹਿ ਦੇਤੇ॥ ੨੩॥ ਉਤ੍ਰ॥

**ਦੋਹਰਾ॥ ਸ਼੍ਰੁਤਿ ਵਕਤਾ ਭੁਕਤਾ ਅਵਨਿ ਬਹੁਰ ਇਤਰ ਬਹੁ ਲੋਕ॥ ਤਿਨਹਿ ਵਿਲੋਕ ਨ ਸ**

Sri Satguru Jagjit Singh Ji eLibrary NamdhariElibrary@gmail.com

ਕਹਿ ਤਿਨ ਸੁਭਗ ਸਰੋਜ ਸਲੋਕ ॥੧੭॥

ਟੀਕਾ ॥ ਸ਼੍ਰੁਤਿਵਕਤਾ ਪੰਡਤ ਜਨ ਅਰਪ੍ਰਿਥ੍ਵੀ ਕੇ ਭੋਗਤਾ ਰਾਜੇ ਬਹੁਰ ਪੁਨੋਂ ਹੋਤ ਜੋ ਬਹੁਤ ਪ੍ਰਕਾਰ ਕੇ ਜੀਵ ਹੈਂ ॥ ਸੋ ਸ੍ਰੇਸ਼ਟ ਜੋ ਕਵਲ ਰੂਪ ਸ਼ਲੋਕ ਹੈਂ ਤਿਨਾਕੋ ਦੇਖ ਨਹੀਂ ਸਕਤੇ ਇਹ ਤਿੰਨੇ ਹੀ ॥ ਨਨੂ ॥ ਕੈਸੇ ਨਹੀਂ ਦੇਖ ਸਕਦੇ ॥ ੨੪ ॥ ਉਤ੍ਰ ॥

ਦੋਹਰਾ॥ ਤਿਨਕੇ ਅਨ ਅਧਿਕਾਰਕੋ ਕਰਕੇ ਪ੍ਰਗਟ ਬਹੋਰ ॥ ਸ੍ਰੀ ਹਰਿ ਭਗਤ ਸ੍ਵਚਿਤ ਪ੍ਰਤਿ ਭਨਤ ਸੋ ਬਚਨ ਨਿਚੋਰ ॥ ੧੯ ॥

ਟੀਕਾ ॥ ਤਿਨ ਪੰਡਿਤਾਦਿਕੇ ਅਨ ਅਧਕਾਰ ਕੋ ਦਿਖਾਇ ਕਰ ਤਿਸਕੇ ਪਾਛੇ ਸਰਬ ਪ੍ਰਕਾਰ ਕੀ ਵਿਭੂਤਿਕੇ ਤਜਾਗਨੇ ਹਾਰੇ ਭਰਤ ਜੀ ਅਪਨੇ ਚਿੱਤਕੇ ਤਾਂਈ ਕਹਤੇ ਭਯੇ ਸ੍ਰੇਸ਼ਟ ਬਚਨ ਸਿਧਾਂਤ ਰੂਪ ਬਾਨਿ ਨਹੀ ਹੈ ਜਿਨ ਵਾਕਨ ਮੈ ਦੋਰ ਖੋਟਤਾਈਂ ॥ ਅਰਥ ਏਹ ਜੋ ਸਰਲ ਵਚਨ ਹੈਂ ॥ ਵਾ ਦੋਰ ਖੋਟ ਤਾਈਂ ਸੋ ਨਿਰਹਤ ਕਰਨ ਹਾਰੇ ਹੈਂ ॥ ਅਬ ਤਿਨਕਾ ਅਨ ਅਧਿਕਾਰ ਦਸੇ ਹੈਂ ॥ ੨੫ ॥

ਕਬਿੱਤ ॥ਗ੍ਰੰਥਨ ਕੇ ਗਜਾਤੇ ਮਾਤੇ ਮਤਿਸਰ ਕੀਚ ਬੀਚ ਧਰਾਨਾਥ ਮਦਸਾਥ ਭਰੇ ਦਰਸਾਤ ਹੈ॥ ਦੂਖਨ ਚਮੋਰੇ ਮੋਰੇ ਭੂਖਨ ਸੋ ਭਾਖਨ ਕੋ


Sri Satguru Jagjit Singh Ji eLibrary NamdhariElibrary@gmail.com

ਪੰਡਿਤ ਭੂਪਾਲ ਤੋ ਨ ਸੁਨੇ ਮੇਰੀ ਬਾਤ ਹੈ॥ ਪੂਨਾਆਨ ਜੰਤ ਜੇਤੇ ਦੁਖੀ ਮੂਢ ਦੀਨ ਤੇਤੇ ਮੋਤੇ ਸਕੁਚਾਤ ਹਮ ਓਤੇ ਸਕੁਚਾਤ ਹੈ॥ ਪਾਤ੍ ਬਿਨਾ ਭਾਖੇ ਰਾਖੇ ਹਵਨ ਕੋ ਰਾਖੇ ਤੈਸੇ ਜੀਰਨ ਮੋਂ ਗਾਤ ਮੈ ਸੁ ਬਾਤ ਹੋਤਜਾਤ ਹੈ॥ ੧੯॥

ਟੀਕਾ ॥ ਗ੍ਰੰਥਨ ਕੇ ਗਜਾਤੇ ਜੋ ਪੰਡਿਤ ਜਨ ਹੈਂ ਸੋ ਮੱਤੇ ਹੋਏ ਹੈਂ ਈਰਖਾ ਰੂਪੀ ਚਿੱਕੜ ਮੈ ਸੋ ਕਿਸੇ ਕੋ ਅਪਨੇ ਸੇ ਅਧਕ ਨਹੀਂ ਜਾਨਦੇ ਅਰ ਰਾਜੇ ਧਨਾਦਿਕੇ ਪ੍ਰਤਾਪਕੇ ਹੰਕਾਰ ਸਾਥਪੂਰਨ ਹੈਂ ਮੇਰੇ ਭੂਖਨ ਸਾਰਖੇਜੋ ਵਾਕ ਹੈਂ ਸੁਭਾਇਮਾਨ ਕਰਨੇਹਾਰੇ ਪੁਰਸ਼ ਕੋ ਤਿਨ ਵਾਕੋਂਕੇ ਕਥਨ ਕਰਨੇ ਸੇ ਗੁਣ ਕੋ ਤਾਂ ਜਾਣੇ ਨਹੀਂ ਉਲਟਾ ਦੂਖਨ ਲਗਾਵੇ ਹੈਂ ॥ ਪੰਡਿਤ ਤੋ ਕਹੇਹੈਂ ਯੇਹ ਅਸ਼ੁੱਧ ਕਥਨਹੈ ਵਿਆਕਰਨਕੇ ਅਨੁਸਾਰ ਨਹੀਂ ਵਾ ਇਨਮੈ ਕਾਬਕੋਸ਼ਕੀ ਜੜਤੀ ਨਹੀਂ॥ ਅਰ ਰਾਜਾ ਲੋਕ ਕਹੇ ਹੈਂ ਆਪ ਤੋ ਦੁਖੀ ਹੂਆ ਹੈ ਮੰਦਭਾਗੀ ਰਾਜਕੋ ਤਿਆਗ ਕੇ ਅਰ ਹਮਾਰੇ ਸੇ ਭੀ ਤਜਾਗ ਕਰਾਯਾ ਚਾਹਤਾ ਹੈ ਇਸ ਪ੍ਰਕਾਰ ਪੰਡਤ ਤਥਾ ਰਾਜੇ ਦੋਨੋਂਹੀ ਮੇਰੀ ਬਾਣੀ ਕੋ ਨਹੀਂ ਸੁਨੇ ਹੈ॥ ਪੁਨਾ ॥ ਹੋਰਜੇਤੇ ਜੀਵ ਹੈਂ ਤੇਤੇ ਹੀ ਦੁਖੀ ਹੈਂ ਰਾਗ ਦ੍ਵੈਸ਼ਾਦਿ ਕਲੇਸ਼ਕਰ ਅਰ ਨਹੀਂ ਹੈ ਜੋ ਪਦਾਰਥ ਪਾਸ ਤਿਸ ਪਦਾਰਥ ਕੀ ਇੱਛਾ ਕਰ ਦੀਨ ਹੈਂ॥ ਦੇਵੀਦੇਵਤਾਆਦਿ ਨ ਰੇਂਕੇ ॥ਅਰਮੂੜ ਹੈਂ ਪਦ ਅਰਥ ਕੋ ਵਾ ਅਰਥ ਕੇ ਰਹਸ ਕੋ

Sri Satguru Jagjit Singh Ji eLibrary NamdhariElibrary@gmail.com

ਸਮਝ ਨਹੀਂ ਸਕਤੇ ਅਰ ਮੇਰੇ ਸੇ ਭੈ ਕਰਤੇ ਹੈਂ ॥ ਮਤੇ ਸਾਨੂੰ ਕਛ ਸੁਆਲ ਨਾ ਪਾਇ ਦੇਵੇ ਸਾਧੂ ਹੈ ਅਰ ਮੈਂ ਭੀ ਤਿਨਸੇ ਪਿੱਛਾ ਹਟਤਾ ਹੂੰ ਜੇ ਮੇਰੇਕੋ ਨਾਮਸੋ ਨਾ ਹਟਾਵੇਂ ਸੰਗਤ ਕਰਕੇ ਕਿਉਂਕਿ ਸੰਗਤ ਸੇ ਬਚਨ ਵਿਸ਼ੇਸ਼ ਹੋਤਾ ਹੈ ਇਨਕੋ ਬਚਨ ਕੀ ਸਮਝ ਨਹੀਂ ਹੈ ਐਸੇ ਜਾਨਕੇ॥ਨਨੂ॥ ਯਦਪ ਅਨ ਅਧਿਕਾਰੀ ਹੈ ਤੌ ਭੀ ਤੁਮ ਕਹਹੁ ਤਾ ਸਹੀ ॥ ਆਪੇ ਅਰਥ ਕੋ ਤਥਾ ਤਿਸਕੇ ਰਹਸ ਕੋ ਸਮਝ ਜਾਵੇਂਗੇ ॥ਉਤ੍ਰ ॥ਅਧਿਕਾਰੀ ਬਿਨਾ ਜੋ ਕਥਨ ਕਰਨਾ ਹੈ ਸੋ ਕੈਸਾਹੈ ਜੈਸੇ ਹਵਨ ਹੂਤੀਕੋ ਮੰਤ੍ਰ ਪੜ੍ਹਕਰ ਰਖਨਾ ਕਰੇ ਰਾਖਮੈ ਤੈਸੇ ਹੈ ਨਾ ਕਹਨੇ ਕੇ ਸਬਬ ਤੇ ਸੋ ਵਚਨਮੋ ਸਰੀਰਮੇਂ ਨਾਸ ਹੋਤੇ ਜਾਤੇ ਹੈਂ ਐਸੇ ਦੇਖਕਰ ਭਰਤ ਜੀ ਸਿਖਯਾ ਕੇ ਹੇਤ ਮਨਕੋ ਕਥਨ ਕਰਤੇਭਏ॥੧੯॥

**ਸੋਰਠਾ ॥ ਵਕਤਾ ਹੋਇ ਨ੍ਰਿਪ ਆਪ ਸ਼੍ਰੋਤਾ ਨਿਜਮਨ ਕੋ ਕੀਯੋ॥ ਰੁਦ੍ਰ ਸ਼ਲੋਕ ਅਲਾਪ ਕਰਯੋ ਅਚਲ ਨਿਹਤਾਪ ਚਿਤ ॥ ੨੦ ॥**

ਟੀਕਾ ॥ ਕਥਨ ਕਰਤਾ ਗੁਰੂ ਰੂਪ ਹੋਕਰ ਆਪ ਰਾਜਾ ਭਰਥਜੀ ਅਰ ਨਿਜ ਮਨਕੋਸ਼੍ਰੋਤਾ ਕੀਆ ਸਿਖ ਕੀਯੋ ਰੁਦ੍ਰ ਯਾਰਾਂ ਸ਼ਲੋਕ ਕਥਨ ਕਰਕੇ ਚਿੱਤਕੋ ਸਿਥਿਤ ਕਰਿਯੋ ਅਰ ਤੀਨ ਜੋ ਤਾਪਹੈਂ ਅਧਯਾਤਮ ਅਦਭੂਤਕਆਦੀਦੇਵ ਇਨਸੇ ਰਹਿਤ ਕੀਯੋ॥ ਨਨੂ ॥ ਜਿਨਾਂਪ੍ਰਯੰਤ ਸਰੀਰ ਹੈ ਤਿਨਾਂ ਪ੍ਰਯੰਤ ਤਾਪੋਂਸੇ ਰਹਿਤ ਕੈਸੇ ॥ ਉੱਤਰ ॥ ਤਾਪੋਂ ਕਾ ਦਖ ਸਰੀਰ ਕੋ

ਹੈ ਅਰ ਸਰੀਰਕੇ ਅਧਯਾਸ ਕਰ ਚਿੱਤ ਦੁਖੀ ਹੋਵੇ ਹੈ ਯਾਤੇ ਸਰੀਰ ਅਧਯਾਸ ਸੇ ਰਹਿਤ ਹੂਆ ਮਨ ਤਾਪੋਂ ਸੇ ਰਹਿਤ ਹੈ ਐਸੇ ਜਾਨੀਏ ਅਰਥ ਏਹ ਸਰੀਰ ਅਧਯਾਸ ਸੇ ਰਹਿਤ ਕੀਯੋ ਸੋ ਜਿਨ ਵਾਕੋਂ ਕਰ ਚਿੰਤ ਐਸੇ ਭਯਾ ਹੈ ਰਾਜਾਕਾ ਸੋ ਵਾਕ ਆਗੇ ਕਥਤੇ ਹੈਂ ਅਥਤਕ ਵੈਰਾਗ ਕਾ ਕਾਰਣ ਤਥਾ ਗ੍ਰੰਥ ਕੀ ਮੰਗਲ਼ੀ ਕੋ ਨਿਰੂਪਜੋ ਭਾਸਕਰਨੇ ਯਥਾ ਵਾਕ ॥੨੦॥

ਮਨਕਾ ਭੜਕਨਾ ਤ੍ਰਿਸ਼ਨਾ ਕਰੇ ਹੈ ਤ੍ਰਿਸ਼ਨਾ ਮੈ ਦੁਖਕੀ ਪ੍ਰਾਪਤੀ ਤਥਾ ਸੁਖਕੀ ਨਿਵ੍ਰਤੀ ਜਣਾਂਦੇ ਹੋਏ ਤ੍ਰਿਸ਼ਨਾ ਕੀ ਨਿਵ੍ਰਿਤੀ ਹੇਤ ਮਨਕੋ ਸਿਖ੍ਯਾ ਦੇਤੇ ਹੈਂ ॥ ਯਥਾ ॥

**ਕਬਿੱਤ ॥ਦੂਰਗਮ ਵਿਖਮ ਅਸੇਸਦੇਸ ਭ੍ਰਮ ਕਰਲਹਯੋ ਮੈਂ ਕਲੇਸ਼ਗਹਯੋ ਲੇਸਨਾਹਿ ਧਨ ਕੋ॥ਜਾਤ ਕੁਲਕਾ ਭਿਮਾਨ ਉਚਿਤ ਵਿਹਾਇ ਤਾਇਸੇਵਕੀਨੀਫਲਹੀਨੀ ਸੋਚਭਯੋ ਮਨਕੋ॥ ਕਾਕ ਯੌ ਸਸੰਕਮਾਨ ਬਿਨੁਪਰਧਾਮ ਖਾਯੋਅਜੇ ਰਜੇ ਨਸ ਪ੍ਰੀਤਿ ਭਜੇ ਦੂਰਤਨ ਕੋ। ਬ੍ਰਹਮ ਤੇ ਵਿਛੋਰ ਨੀਚ ਤ੍ਰਿਸ਼ਨੇ ਕੀਨੋ ਢੋਰ ਅਬ ਹੋਰ ਜੋ ਨਚਾਤ ਕਾਹ ਹੋਰ ਕਰੇ ਜਨਕੋ ॥ ੨੧ ॥**

ਟੀਕਾ ॥ ਦੂਰ ਹੈ ਗਵਨ ਜਿਨਾਂ ਦੇਸ਼ੋਂਕਾ ਅਰ ਕਠਨ ਹੈ ਮਾਰਗ ਜਿਨਕਾ ਐਸੇ ਦੇਸ ਅਨੇਕਾਂ ਹੀ ਮੈ ਭਰਮਨ ਕਰਤਾ

Sri Satguru Jagjit Singh Ji eLibrary NamdhariElibrary@gmail.com

ਭਯਾ ਧਨਕੀ ਤ੍ਰਿਸ਼ਨਾਕਰ ਤਿਨ ਦੇਸੋਂ ਕੋ ਭਰਮਨ ਕਰ ਮੈਂ
ਦੁਖਕੋ ਪ੍ਰਾਪਤ ਹੋਤਾ ਭਯਾ ਅਰੁਧਨਕਾਲੇ ਸ਼ਮਾਤ੍ਰ ਭੀਨਾਪ੍ਰਾਪ
ਤ ਭਯਾ ॥ ਪੁਨਾ ॥ ਸ੍ਰੇਸ਼ਟ ਜਾਤੀ ਤਥਾ ਸ੍ਰੇਸ਼ਟ ਕੁਲਕਾ ਜੋ
ਅਭਿਮਾਨ ਥਾ ਤਿਸਕੋ ਤਿਆਗਕਰ ਆਪਨੇ ਸੇ ਨੀਚ ਜਾਤੀ
ਤਥਾ ਕੁਲਵਾਲੇ ਪੁਰਸ਼ ਧਨੀਓਂ ਕੀ ਸੇਵਾ ਕੀਨੀ ॥ ਸੋ ਭੀ
ਫਲ ਸੇ ਹੀਨ ਭਈ ਕੁਛ ਧਨ ਨਾ ਪ੍ਰਾਪਤ ਭਯਾ ॥ ਤੌ ਮਨਮੈ
ਚਿੰਤਾ ਹੋਤੀ ਭਈ ॥ ਪੁਨਾ ॥ ਕਾਗਕੀ ਨਿਆਈਂ ਸੰਸੇ ਕੇ
ਸਹਿਤ ਹੋਕਰ ਅਰ ਸਤਿਕਾਰ ਸੇ ਬਿਨਾ ਪਰਾਏ ਘਰ ਜਾ
ਕਰ ਭੋਜਨ ਕੋ ਖਾਤਾ ਭਯਾ ॥ ਸੰਸਾ ਏਹੁਜੋ ਇਨਕੇਘਰਖਾਨਾ
ਮੈਨੂੰ ਯੋਗ ਨਹੀਂ ਅਥਵਾ ਦੇਂਗੇ ਕੇ ਨਹੀਂ ਦੇਂਗੇ ਐਸੀ ਸ਼ੰਕਾ ਕੇ
ਹੋਇਆਂ ਭੀ ਤ੍ਰਿਸ਼ਨਾ ਕਰ ਜਾ ਭੱਖਨ ਕਰਤ ਭਯਾ॥ ਹੇ ਤ੍ਰਿਸ਼
ਨਾ ਤੂੰ ਅਜੇ ਭੀ ਰਜਦੀ ਨਹੀਂ ਸਹਿਤ ਪਰੀਤੀਕੇਚਾਹਿਤੀਹੈਂ
ਖੋਟਿਆਂ ਸਰੀਰਾਂ ਕੋ॥ ਨਨੂ ॥ ਮੈਂ ਤੇਰੇਕੋ ਕਿਆਕਰਿਆਹੈ
॥ ਉਤਰ ॥ ਹੇ ਨੀਚ ਤ੍ਰਿਸ਼ਨਾ ਬ੍ਰਹਮ ਸਰੂਪ ਆਤਮਾ ਸੇ
ਵਿਛੋੜ ਕਰ ਤੈਨੇ ਮੇਰੇ ਕੋ ਪਸ਼ੂ ਕੀਆ ਦੇਵਾਦਿ ਨਰੋਂ ਕਾ
ਅਬ ਹੋਰ ਭਟਕਾਤੀ ਹੈਂ ॥ ਮੈ ਜਨਕੋ ਤੇ ਹੋਰ ਕਿਆ
ਕਰੇਗੀ ਪਸ਼ੂ ਸੇ ਪਰੇ ॥ ਪੁਨ ਵਹੀ ॥

**ਕਬਿੱਤ ॥ ਆਸੇ ਫਲ ਹੀਨੀ ਕੀਨੀ ਤੇਰੇ
ਬਲ ਸੋਸੇਵਾਦਿ ਮੂਢੋਂਕੇ ਕੁਬੈਨ ਸੋਢੇ ਨੈਨ ਛੋਡੇ
ਬਨਕੋ ॥ ਚਿੱਤਕੋ ਸੰਕੋਚ ਕੀਨੋ ਕੈ ਦ੍ਰਿਗਸੋ ਰੋਕ**

Sri Satguru Jagjit Singh Ji eLibrary NamdhariElibrary@gmail.com

ਲੀਨੋ ਭਾਵੀ ਸੋਕ ਚੀਨੋ ਪੀਨੋ ਕੀਨੋ ਨ ਬਚਨ
ਕੋ ॥ ਹਸਤੇ ਭੀ ਨਿਕਾਰ ਦੰਤ ਜੈਸੇ ਚਿੰਤਾਮਾਨ
ਜੰਤ ਜੋਰ ਕਰਕਰ ਕਰੀ ਬੰਧਨਾ ਨੀਚਨ ਕੋ ॥
ਤੈਸੇ ਨ ਮੋਕਰੋਂ ਤੁਮੇ ਤੇਰੇ ਸੰਗ ਚਿਰ ਭ੍ਰਮੇ ਅਬ
ਚਾਹੈ ਛੋਰ ਹਮੈ ਕਾਹੇ ਦਹੇ ਜਨਕੋ ॥ ੨੨ ॥

ਟੀਕਾ ॥ ਹੇ ਤ੍ਰਿਸ਼ਨੇ ਤੇਰੇ ਬਲ ਕਰ ਸੇਵਾ ਤਥਾ ਨੌਕਰੀ ਕਰੀ ਹੋਈ ਫਲਸੇ ਹੀਨ ਹੋਤੀ ਭਈ ਅਰ ਤੇਰੇ ਹੀ ਬਲਕਰ ਮੂਰਖਾਂ ਕੇ ਖੋਟੇ ਵਚਨ ਸਹਾਰਤਾ ਭਯਾ ॥ ਕੈਸੇ ਵਚਨ ਜਿਨਕੋ ਸੁਨਕਰ ਨੇਤ੍ਰੋਂ ਸੇ ਜਲ ਚਲਜਾਤਾ ਭਯਾ ॥ ਜਬ ਨੇਤ੍ਰੋਂ ਮੈ ਜਲ ਆਇਆ ਤਬ ਚਿਤਕੇ ਬੇਗਕੋ ਰੋਕਕਰ ਜਲ ਨੇਤ੍ਰਾਂ ਮੈ ਹੀ ਰੋਕ ਲੀਆ ਅਰ ਤਿਸਸ਼ੋਕ ਮੈ ਭਾਵੀ ਕੋ ਜਾਣਕਰ ਆਗੇਸੇ ਜੋ ਕਰੜਾ ਬਚਨ ਬੋਲਨਾ ਥਾ ਸੋ ਨਾ ਕੀਨੇ ॥ ਤਬ ਤਿਨਾ ਜਨੋਂ ਨੇ ਮੇਰੇ ਤਾਂਈ ਸ਼ੋਕਾਂਤਰ ਦੇਖਕੇ ਕਹਿਆ ਕਿਉਂ ਰੇ ਮੂੰਹ ਕਿਉਂ ਵਟਿਆਹਈ ਤੋ ਐਸੇ ਤਿਨਕੋ ਵਚਨ ਕੋ ਸੁਨਕਰ ਹਸਤਾ ਭਯਾ ਦੰਤ ਨਿਕਾਸਕੇ ਨਾ ਹਸਨੇ ਕੀ ਨਜਾਈਂ ਜੈਸੇ ਚਿੰਤਾਵਾਨ ਪਰਸ਼ ਦੋਚਾਰ ਖ਼ੁਸ਼ਬਾਸ਼ ਪੁਰਖੋਂ ਕੋ ਦੇਖਕਰ ਦੰਦ ਨਿਕਾਸੇ ਹੈਂ ਤੈਸੇ ਮੈਂ ਭੀ ਨਿਕਾਸਕਰ ਦੰਤ ਹਸਤਾ ਭਯਾ ਅਰ ਹਾਥ ਜੋੜਕਰ ਉਲਟਾ ਬੰਧਨਾ ਕਰਤਾ ਭਯਾ ਹੇ ਤ੍ਰਿਸ਼ਨੇ ਜੈਸੇ ਮੈਂ ਤਿਸਕੋ ਨਮਸਕਾਰ ਕਰਤਾ ਭਯਾ ਦੁਖੀ ਹੋਕਰ ਤੈਸੇਹੀ ਮਨ ਬਾਣੀ ਕਰ ਪਰਸੰਨ ਹੋਕਰ ਤੇਰੇ ਕੋ ਨਮਸਕਾਰ ਕਰਤਾ ਹੂੰ ਕਿਉਂਕੇ ਤੇਰੇ ਸਾਥ ਮੈਂ

Sri Satguru Jagjit Singh Ji eLibrary NamdhariElibrary@gmail.com

ਚਿਰੰਕਾਲ ਭਰਮਤਾ ਰਹਿਆ ਹੂੰ ਅਬ ਹੇ ਤ੍ਰਿਸ਼ਨੇ ਛੋਡ ਹਮਕੋ ਕਿਸਵਾਸਤੇ ਮੈਂ ਜਨਕੋ ਦਗਧ ਕਰਤੀ ਹੈ॥ ਪੁਨਾ॥

**ਤੋਟਕ ਛੰਦ॥ ਅਬਤੋ ਤਜ ਤੂੰ ਹਮਕੋ ਤ੍ਰਿਸ਼ਨੇ॥ ਤਵ ਲਾਭ ਬਿਖੇ ਮਮ ਖੇਦ ਘਨੇ॥ ਤੁਮ ਕੀਨ ਮੁਝੇ ਮਨ ਬਾਸ ਜਬੇ॥ ਧਨ ਸ਼ੰਕ ਉਠੀ ਉਰਮੋ ਰਤਬੇ॥ ੨੩॥**

ਟੀਕਾ॥ ਹੇ ਤ੍ਰਿਸ਼ਨੇ ਅਬਤੂੰ ਮੇਰੇਕੋਤਿਆਗ ਤੇਰੀਪ੍ਰਾਪਤੀ ਕਰ ਮੇਰੇਕੋ ਬਹੁਤ ਦੁਖ ਪ੍ਰਾਪਤੀ ਭਯਾ ਹੈ ਹੇ ਤ੍ਰਿਸ਼ਨੇਜਿਸਕਾਲ ਮੈਂ ਤੂੰ ਮੇਰੇ ਮਨ ਮੈ ਵਾਸਾ ਕਰਤੀ ਭਈ ਤਿਸੇ ਕਾਲ ਮੈਂ ਮੇਰੇ ਹਿਰਦੇ ਮੈ ਧਨ ਪਰਾਪਤੀ ਕੀ ਇੱਛਾ ਹੋਤੀ ਭਈ ਤਿਸ ਸ਼ੰਕਾ ਕੇ ਹੋਤੇ ਐਸਾ ਵਿਚਾਰ ਕਰਤੇ ਭਯੇ॥ ੨੩॥

**ਮੂਲ॥ ਸਭਕੋ ਵਿਤਹੈ ਸਭ ਭੂਮਿ ਤਲੇ॥ ਹਮ ਖੋਦ ਥਕੇ ਪਰਜੰਤ ਜਲੇ॥ ਗਿਰਧਾਤ ਕ੍ਰਿਸਾਨ ਪ੍ਰਤਾਪ ਦਹੀ॥ ਅਬ ਲਾਭ ਰਸਾਇਣ ਹੋਇ ਸਹੀ॥ ੨੪॥**

ਟੀਕਾ॥ ਸਰਬ ਕਾ ਧਨ ਸੰਪੂਰਣ ਧਰਤੀ ਮੇਂ ਹੈ ਐਸੇ ਵਿਚਾਰਕਰ ਧਰਤੀਕੋ ਜਲ ਪਰਯੰਤ ਖੋਦਾ ਦੇਖਾ ਕੁਛ ਨਾ ਮਿਲਾ॥ ਜਬ ਧਰਤੀ ਸੇ ਕੁਛ ਨਾ ਮਿਲਾ ਤਬ ਪਰਬਤੋਂ ਕੀ ਪਾਟੇਆਦਿਕ ਜੋ ਧਾਤੂ ਹੈਂ ਤਿਨਕੋ ਅਗਨੀ ਕੇਪਰਤਾਪ ਕਰ

ਸਾੜਤੇ ਭਏ ਮਨਮੈ ਰਸਾਇਨ ਕੀ ਪਰਾਪਤੀ ਧਾਰ ਕਰ ਨਿਸਚੇ ਯੁਤ ॥ ੨੪ ॥

**ਹਮ ਸਿੰਧਤਰੇ ਮੁਕਤਾਦਿ ਸੁਨੇ ॥ ਮੁਕਤਾਦਿ ਕਹਾ ਸੁਕਤਾਦਿ ਲੁਨੇ ॥ ਬਹੁ ਭੂਪਨਕੋਯਤਨੋ ਕਰਕੇ॥ਅਤਿਕੀਨ ਪ੍ਰਸੰਨਲਜਾਹਰਿਕੇ॥੨੫**

ਟੀਕਾ ॥ ਜਬ ਰਸਾਇਨ ਪ੍ਰਾਪਤਿ ਨਾ ਭਈ ਤਬ ਹਮ ਸਮੁੰਦ੍ਰ ਕੇ ਬੀਚ ਮੋਤੀ ਆਦਿ ਰਤਨ ਸੁਨੇ ਐਸੇ ਸੁਨਕਰ ਸਿੰਧ ਮੈ ਜਾਇ ਟੁਬੀਆਂ ਲਾਈਆਂ ਮੋਤੀ ਤੋ ਨਾ ਪ੍ਰਾਪਤਭਏਸਿਪੀਆਂ ਘੁਘੇ ਬਹੁਤ ਮਿਲੇ ॥ ਪੁਨਾ ॥ ਸੁਨਿਆਰਾਜਾ ਜਿਸਪਰ ਪ੍ਰਸੰਨ ਹੋਤੇ ਹੈਂ ਤਿਸਕੋ ਧਨ ਦੇਤੇ ਹੈਂ ਐਸੇ ਸੁਣਕਰ ਆਪਨੀ ਲੱਜਾ ਦੂਰ ਕਰ ਬਹੁਤ ਰਾਜਿਓ ਕੋ ਅਤਸੇ ਕਰਕੇ ਪ੍ਰਸੰਨ ਕੀਆ ਤ੍ਰਿਸ਼ਨਾ ਕੇ ਵਾਸਤੇ ॥ ੨੫ ॥

**ਕਰ ਚਿੱਤ ਇਕਾਗ੍ਰ ਕੁਮੰਤ੍ਰ ਜਪੇ ॥ ਸਮਸਾਨਨਮੈ ਨਿਸ ਪੁੰਜਖਪੇ॥ ਕਰਹੋਂਜਬਮੈਵਸਭੂਤਨਕੋ ॥ ਪਰਕੀਹਰਿਦੇਹਵਿਭੂਤਨ ਕੋ ॥੨੬॥**

ਟੀਕਾ ॥ ਜਬ ਰਾਜਿਓਂ ਸੇ ਕੁਛ ਨਾ ਮਿਲਾ ਤਬ ਚਿੱਤ ਇਕਾਗ੍ਰ ਕਰ ਖੋਟੇ ਜੋ ਮੰਤ੍ਰ ਹੈ ਭੂਤੋਂ ਕੇ ਤਿਨਕੋ ਜਪਦਿਆਂ ਹੋਇਆਂ ਕਈ ਰਾਤਾਂ ਅਰ ਦਿਨ ਮਸਾਨ ਭੂਮੀ ਮੈਂ ਬਤੀਤ ਕਰਤਾ ਭਯਾ ਚਿੱਤ ਮੈ ਐਸੀ ਇੱਛਾ ਕੋ ਧਾਰਕਰ ਜਬਮੈਂ ਭੂਤੋਂ ਕੋ ਵੱਸ ਕਰਲਾਂਗਾ ਤਬ ਭੂਤ ਮੈਰੇਕੋ ਪਰਾਈ ਮਾਇਆ ਚਰਾ

Sri Satguru Jagjit Singh Ji eLibrary NamdhariElibrary@gmail.com

ਕੇ ਲਿਆਵਿਆ ਕਰੇਂਗੇ ਸੋ ਭੂਤ ਭੀ ਨਾ ਵੱਸ ਭਏ ॥੨੬॥

**ਇਵ ਆਉ ਬ੍ਰਿਥਾ ਮਮਹੰਤ ਸਭੀ ॥ ਮੁਹਿ-ਕਾਨ ਵਿਰਾਟ ਕਬੀ ਨ ਲਭੀ॥ ਕਤ ਕਾਜ ਨਿਲਾਗ ਅਕਾਜ ਦਹੋ॥ ਤਜ ਮੋਹਿ ਕਹੂੰ ਅਬ ਆਨ ਗਹੋ ॥ ੨੭ ॥**

ਟੀਕਾ ॥ ਇਸ ਪ੍ਰਕਾਰ ਉਮਰ ਮੇਰੀ ਸਾਰੀ ਬਿਅਰਥ ਜਾਤੀ ਭਈ ਅਰ ਮੇਰੇ ਕੋ ਕਾਣੀ ਕੌਡੀ ਭੀ ਪ੍ਰਾਪਤਿ ਨਾ ਭਈ ॥ ਕਿਸ ਵਾਸਤੇ ਮੇਰੇ ਕੋ ਚੰਬੜ ਕਰ ਬਿਅਰਥ ਸਾੜ ਰਹੀ ਹੈਂ ਅਬ ਮੇਰੇ ਕੋ ਤਜਾਗ ਕਰ ਹੋਰ ਕਿਸੇ ਕੋ ਗ੍ਰਹਣ ਕਰ ॥ ਹੇ ਤ੍ਰਿਸ਼ਨੇ ॥ ੨੭ ॥ ਨਨੂ ॥ ਮੈਨੇ ਤੇਰੇ ਕੋ ਕਿਆ ਕਰਿਆ ਹੈ॥ ਉੱਤਰ॥

**ਸੋਰਠਾ ॥ ਕਰਜੋ ਬ੍ਰਹਮ ਤੇ ਜੀਵ ਚਾਹੇ ਅਬ ਚਾਹੇ ਕਹਾ॥ ਕਿਧੋਂ ਕਰੇ ਨਿਰਜੀਵ ਆਸਯਤਵ ਆਸਜ ਕਵਨ ॥ ੨੯ ॥**

ਟੀਕਾ ॥ ਹੇ ਤ੍ਰਿਸ਼ਨੇ ਬ੍ਰਹਮ ਸੇ ਮੇਰੇ ਕੋ ਤੈਨੇ ਜੀਵ ਕਰਿਆ ਅਬ ਹੋਰ ਕਿਆ ਚਾਹਤੀ ਹੈ ਨਾਸ ਕਰਿਆ ਚਾਹਤੀ ਹੈਂ ਹੇ ਤ੍ਰਿਸ਼ਨਾ ਤੇਰਾ ਕਿਆ ਮਤਲਬ ਹੈ॥ ੩੫ ॥ ਨਨੂ ॥ ਕਹਨਾ ਥਾ ਮਨ ਕੋ ਅਰ ਪਰਤਗਜਾ ਭੀ ਮਨ ਕੇ ਕਹਨੇ ਕੀ ਕਰੀ ਥੀ ਅਰ ਕਹਿਆ ਤ੍ਰਿਸ਼ਨਾ ਕੋ ਯਾ ਮੈ ਕੌਨ ਹੇਤੂ॥ ਉੱਤ੍ਰ॥ ਤ੍ਰਿਸ਼ਨਾ ਕੀ ਪ੍ਰਾਪਤੀ ਮੈ ਦੂਖਨ ਕੋ ਦਿਖਾਇਕਰ ਤ੍ਰਿਸ਼ਨਾ ਵਸਿਸ਼ਟ


Sri Satguru Jagjit Singh Ji eLibrary NamdhariElibrary@gmail.com

ਮਨ ਕੋ ਹੀ ਕਹਿਆ ਹੈ ਵਾ ਜੈਸੇ ਦੋ ਪੁਰਸ਼ ਆਪਸ ਮੈਂ ਲੜਤੇ ਹੋਵੇਂ ਅਰ ਤੀਸਰਾ ਜੋ ਤਤਸ਼ਟ ਪੁਰਸ਼ ਹੈ ਸੋ ਦੋਨੋਂ ਕੋ ਝੂਠਾ ਕਰ ਸ਼ਾਂਤਿ ਕੇ ਬਚਨ ਕਹਿਕਰ ਵਰੋਧ ਕੋ ਨਾਸ ਕਰੇ ਹੈ ਤੈਸੇ ਤ੍ਰਿਸ਼ਨਾਂ ਨੇ ਭੀ ਮਨਕੋ ਗੁਸਾ ਹੈ ਯਾਤੇ ਤ੍ਰਿਸ਼ਨਾ ਕੋ ਕਹਿਯੋ ਅਰ ਮਨ ਭੀ ਆਸਾ ਕਾ ਤਿਆਗ ਕਰੇ ਨਹੀਂ ਹੈ ਯਾਤੇ ਮਨਕੋ ਕਹੇ ਹੈਂ ॥ ਯਥਾ ॥ ਪੁਨਾ ॥

**ਸ੍ਵੈਯਾ॥ ਸਾਂਤਿ ਨਿਜਾਤਰ ਕਿੰਨ ਗਹੇ ਕਤ ਡੋਲੇ ਬ੍ਰਿਥਾ ਭਭਮੋਸੁ ਘਨਾਂ॥ ਹੋਇ ਯਥਾ ਸੁਤਥਾਨਿ ਜਹ੍ਵੈ ਤੁਮਤੇ ਅਨਥਾਵਹੁ ਹੋਵਤ ਨਾ॥ ਪ੍ਰੀਤਨ ਸਾਥ ਬਿਤੀਤ ਭਲੀ ਕਛੁ ਹਾਥ ਮਿਲੀ ਨ ਯਥਾ ਸੁਪਨਾ॥ ਮੋਨ ਗਸੋ ਅਬ ਮੋਨ ਗਸੋ ਤੁਮ ਮੋਰ ਗਿਰਾ ਜਿਨ ਮੋਰ ਮਨਾ॥ ੨੯॥**

ਟੀਕਾ ॥ ਹੇ ਮਨ ਆਪਨੇ ਅੰਤਰ ਸ਼ਾਂਤਿ ਕੋ ਕਿਉਂ ਨਹੀਂ ਧਾਰਨ ਕਰਤਾ॥ ਕਿਸ ਵਾਸਤੇ ਭੜਕਤਾ ਹੈਂ ਸੰਸਾਰਮੈਂ ਭਲੀ ਪ੍ਰਕਾਰ ਕਰਕੇ ਬਹੁਤਾਹੀ ॥ ਨਨੂ ॥ ਪਦਾਰਥਾਂ ਕੀ ਪ੍ਰਾਪਤੀ ਤਥਾ ਸੁਖ ਵਾਸਤੇ ਫਿਰਤੇ ਹੈਂ ॥ ਉਤਰ ॥ ਹੇ ਮਨ ਜਥਾ ਕਹੀਐ ਤਿਸ ਪ੍ਰਕਾਰ ਆਪਨੇ ਮਸਤਕ ਮੈਂ ਲਿਖਾ ਹੈ ਤਥਾ ਕਹੀਐ ਤੈਸੇ ਹੀ ਹੋਇਹੈ ਤੇਰੇ ਲਿਖੇ ਸੇ ਅਨਥਾ ਤੇਰਾ ਜੋ ਜਤਨ ਹੈ ਸੋ ਹੋਵਤ ਨਹੀਂ ਹੈ ਤਾਂਤੇ ਪਰਾਲਭਧ ਪਰ ਸ਼ਾਕਰ ਹੋ ਇਤਨੇ

Sri Satguru Jagjit Singh Ji eLibrary NamdhariElibrary@gmail.com

ਮੈਂ ਦਿਸ਼ਾਂਤਰੋਂ ਮੇ ਭਟਕਨੇ ਸੇ ਸ਼ਾਂਤ ਹੇਤ ਉਪਦੇਸ਼ ਦੀਆ ॥ ਬਤੀਤ ਹੋ ਚੁਕੀ ਹੈ ਜੋ ਬਾਤ ਤਿਸਕੇ ਸਾਥ ਪਰੀਤ ਕਰਨੀ ਕਿਆ ਤਿਸਕਾ ਯਾਦ ਕਰਨਾ ਏਹ ਬਾਤ ਭਲੀ ਨਹੀਹੈਂ ਕੁਛ ਹਥ ਨਹੀਂ ਆਤਾ ਜੈਸੇ ਸੁਪਨੇ ਕੇ ਪਦਾਰਥੋਂ ਕੋਯਾਦਕਰਹਾਥ ਕੁਛ ਨਹੀਂ ਆਤਾ ਤੈਸੇ ਹੇ ਮਨ ਮੋਨ ਕਹੀਏ ਸ਼ਾਂਤਿਕੋ ਧਾਰਨ ਕਰ ਅਰ ਮੇਰੇਕੋ ਨਾ ਪਕੜਨਾ ਕਰ ਅਬ ਮੇਰੀ ਬਾਣੀਕੋ ਮਤ ਮੋੜਨਾਕਰ ॥ ਇਤਨੇ ਮੇਂ ਬੀਤੀ ਬਾਤ ਕੇ ਚਿੰਤਨ ਸੇ ਹਟਾ-ਇਆ ਆਗੇ ਭਵਿਖਤ ਕੇ ਚਿੰਤਨ ਸੇ ਹਟਾਵੇ ਹੈਂ ॥ ੩੪ ॥

ਭਾਵੀਕੇ ਭਾਵ ਅਭਾਵ ਯਥਾ ਨਰ ਮੋ ਤਿਨ-
ਮੌਨ ਭਕੇ ਸਮਨਾ ॥ ਮੱਧਕੇ ਭੋਗਕੇ ਮਧਿਰਮੋ
ਗਤ ਰਾਗ ਭ੍ਰਮੋ ਅਨ ਉਤਰਨਾ ॥ ਬ੍ਰਹਮ ਨਿ-
ਪੂੰਸਕ ਯੋਮਨ ਤੂੰ ਬਿਨ ਤਾਤਵਦੰਪਤੀਮੋ ਸੁਖ
ਨਾ॥ ਟੇਰਤ ਮੈ ਤ੍ਰਤਿ ਫੇਰਿਤੁਮੈ ਤੁਮਮੋ ਮਤਕੇ
ਮਤ ਫੇਰ ਮਨਾ ॥ ੩੦ ॥

ਟੀਕਾ ॥ ਭਾਵੀਕੇ ਕਹੀਏ ਆਗੇ ਹੋਨੇਵਾਲੇ ਪਦਾਰਥਾਂ ਕਾ ਜੋ ਚਿੰਤਨ ਹੈ ਸੋ ਝੂਠਾ ਹੈ ਜੈਸੇ ਆਕਾਸ਼ ਕੇ ਫੂਲ ਝੂਠੇ ਹੈਂ ਕਿਸੇ ਨੇ ਦੇਖੇ ਨਹੀਂ ਹੈਂ ਤੈਸੇ ਆਗੇ ਕੀ ਬਾਤ ਕਾ ਚਿੰਤਨ ਝੂਠ ਹੈ ਤਾਂਤੇ ਤਿਨਮੋ ਨਾ ਪਰਾਪਤ ਹੋ ॥ ਸ਼ਾਂਤੀ ਧਾਰਨ ਕਰ ॥ ਮਧਕ ਹੀਐ ਭੂਤ ਭਵਿਖਤ ਸੇ ਰਹਿਤ ਵਰਤਮਾਨ ਕਾਲਕੇ ਜੋ

Sri Satguru Jagjit Singh Ji eLibrary NamdhariElibrary@gmail.com

ਪਰਾਪਤ ਭੋਗ ਹੈਂ ਤਿਨਕੇ ਬੀਚ ਵਰਤ ਪਰੰਤੂ ਵਰਤ-
ਮਾਨ ਕੇ ਭੋਗੋਂ ਮੇਂ ਭੀ ਰਹਿਤ ਹੋਕਰ ਮੋਹ ਸੇ ਵਿਚਰ
ਅਨ ਕਹੀਐ ਪੂਰਬ ਭੂਤ ਕਾਲ ਮੇਂ ਅਰ ਉਤ ਕਹੀਐ
ਭਵਿਖਜਤ ਕਾਲ ਮੇਂ ਨਾ ਵਿਚਰ ॥ ਨਨੂ ॥ ਮੇਰਾ
ਕਿਆ ਸਰੂਪ ਹੈ ਅਰ ਮੇਰੇਕੋ ਸੁਖ ਕੈਸੇ ਹੋਵੈ ॥ ਉੱਤਰ ॥ ਹੇ
ਮਨ ਯੋਕਹੀਐ ਜੈਸੇ ਬ੍ਰਹਮ ਇਸਤ੍ਰੀ ਪੁਰਸ਼ ਭਾਵ ਸੇ ਰਹਿਤ
ਨਿਪੁੰਸਕ ਕੀ ਨਿਆਂਈ ਹੈ ਤਿਉਂ ਤੂੰ ਹੈਂ ਅਰਥ ਏਹ ਬ੍ਰਹਮ
ਸਰੂਪ ਹੈ ਤੂੰ॥ ਐਸੇ ਸ੍ਰੀ ਗੁਰੂ ਸ਼੍ਰੁਤਿ ਮੇਂ ਭੀ ਲਿਖਾ ਹੈ॥ ਹੇ "ਮਨ
ਜੋਤ ਸਰੂਪ ਤੂੰ ਅਪਨਾ ਮੂਲ ਛਾਮ" ਤਿਸ ਬ੍ਰਹਮ ਸਰੂਪਆ
ਤਮਾ ਕੇ ਜਾਣੇ ਬਿਨਾ ਤੇਰੇਕ ਦੰਪਤੀ ਕਹੀਐ ਰਾਗ ਦ੍ਵੈਸ਼ਮੇਂ
ਸੁਖ ਨਾ ਪ੍ਰਾਪਤਿ ਹੋਵੇਗਾ ॥ ਇਤਨੇ ਕਥਨ ਮੇਂ ਅਰਥ ਵਾਦ
ਲਿੰਗਕਰ ਉਪਦੇਸ਼ ਦੀਓ। ਉਪਦੇਸ਼ ਖਟ ਲਿੰਗ ਕਰ ਹੋਵੇ
ਹੈ॥ ਯਥਾ ਲਿੰਙ॥ ਉਪਕ੍ਰਮ੧ ਉਪਸੰਘਾਰ੨ ਅਭਿਆਸ ੩
ਅਪੂਰਬਤਾ ੪ ਫਲ ੫ ਅਰ ਅਰਥਵਾਦ ੬ ਆਗੇ ਇਨ ਕੇ
ਰੂਪਦਖਏਂ ਹੈਂ। ਜਗਤ ਬ੍ਰਹਮ ਸੇ ਭਯਾ ਹੈ ਇਸ ਕਾ ਨਾਮ ਉ-
ਪਕ੍ਰਮ ਹੈ ੧ ॥ ਜਗਤ ਬ੍ਰਹਮ ਮੈ ਲੀਨ ਹੋਵੇ ਇਸ ਕਾ ਨਾਮ
ਉਪਸੰਘਾਰ ਹੈ ੨॥ ਜੈਸੇ ਰੱਸੀ ਮੇਂ ਸਰਪ ਭਾਸਤਾ ਹੈ ਤੈਸੇ
ਬ੍ਰਹਮ ਮੈ ਜਗਤ ਭਾਸਤਾ ਹੈ ਇਸ ਪ੍ਰਕਾਰ ਕੇ ਚਿੰਤਨ ਕਾ ਨਾਮ
ਅਭਿਸ ਹੈ॥ ੩ ॥ ਏਹ ਜਗਤ ਬ੍ਰਹਮ ਮੇਂ ਹੋਇਆ ਹੀ ਨਹੀਂ ਹੈ
ਤ੍ਰੈਕਾਲ ਇਸ ਕਾ ਨਾਮ ਅਪੂਰਬਤ ਹੈ ॥ ੪ ॥ ਜੀਵ ਈਸ਼੍ਵਰ
ਜਗਤ ਸ਼ੁਧ ਬ੍ਰਹਮ ਰੂਪ ਹੈ ਇਸ ਕਾ ਨਾਮ ਫਲ ਹੈ ॥ ੫ ॥ ਹੇ

Sri Satguru Jagjit Singh Ji eLibrary NamdhariElibrary@gmail.com

ਸਿਖ ਬ੍ਰਹਮ ਗਿਆਨ ਕਰ ਤੇਰੇਕੋ ਸੁਖ ਹੋਵੇਗਾਗਜਾਨ ਬਿਨਾ ਤੇਰੇਕੋ ਦੁਖਹੈ ਇਸਕਾ ਨਾਮ ਅਰਥਵਾਦ ਹੈ ॥ ੬ ॥ ਸੋ ਇਨ ਕਾ ਕਰਮ ਨਹੀਂ ਹੈਕਿਸੀ ਕਾਲ ਮੇ ਕੋਈ ਜਗਿਆਸੂਕੋ ਬੋਧਨ ਕਰੇ ਐਸੇ ਭਰਥਰੀ ਜੀ ਅਰਥਵਾਦ ਸੇ ਉਪਦੇਸ਼ ਕੀਓ ਤੁਮੈ ਕਹੀਐ ਤੇਰੇ ਪ੍ਰਤੀ ਮੈ ਫੇਰ ਫੇਰ ਕਹਤਾ ਹੂੰ ਤੂ ਮੇਰੀਮਤਸਿਖ-ਯਾ ਕੋ ਨ ਫੇਰ ਹੇ ਮਨ॥ ੩੦ ॥ ਪੁਨਾ ॥

ਕਬਿੱਤ ॥ ਚਿੱਤਰੇ ਤੂੰ ਵਿਤਕੇ ਨਮਿੱਤ ਦਿਨ ਰਾਤ ਨਿਤਸੇਵਤ ਪਰੌਂਕੇ ਚਿੱਤ ਏਹੀ ਦੁਖਅੱਤ ਰੇ॥ ਤਿਨਕੀ ਜੌ ਮੁਦਤਾ ਸੋ ਉਦਤਾ ਕਲੇਸ਼ੌਂ ਕਰਿ ਮਤਿਮਾਨ ਕਰੇ ਹਤਿਤਾਂਕੋ ਤਾਂਕੋ ਮਤਿਰੇ॥ ਨਿਜ ਚਿੰਤ ਤਜਿ ਸੋਵੈ ਸ੍ਵਾਂਤਰ ਪ੍ਰਸੰਨ ਹੋਵੈ ਚਿੰਤਾਮਨ ਗੁਨ ਜੋਵੈ ਦੇਹਮੈ ਮਹਤਰੇ ॥ ਤਾਂਤੇ ਅਭਿਲੱਖਤ ਨ ਤੇਰੋ ਕਿਧੋ ਸਿਧ ਹੋਇ ਸੁਧਾਪਾਨ ਕਰੇ ਤੇ ਨਕਿਧੋ ਬਸਾਧਿ ਹਤਰੇ ॥ ੩੧ ॥

ਟੀਕਾ—ਹੇ ਮਨ ਧਨਕੇਵਾਸਤੇ ਦਿਨਰਾਤ ਪਰ ਪੁਰਸ਼ਕੇ ਚਿਤਕੀ ਪ੍ਰਸੰਤਾ ਵਾਸਤੇ ਸੇਵਾ ਕਰ ਰਹਿਆਹੈਂ ਨਿੱਤਪ੍ਰਤੀ ਇਹੀ ਅਤਸੇ ਕਰ ਦੁਖਹੈ। ਅਰਥ ਏਹ ਪਰਕੇ ਚਿਤਕੀ ਪ੍ਰਸੰ-ਤਾ ਦੁਖੀ ਹੋਕਰ ਹੋਵੈਹੈ ॥ ਤਿਨ ਧਨੀਓਂ ਕੀ ਜੋ ਪ੍ਰਸੰਨਤਾ ਹੈ ਸੋ ਉਤਪਤਿ ਹੋਤੀ ਹੈ ਬਹੁਤ ਕਲੇਸ਼ੌਂ ਕਰਕੇ। ਮਤਿਅਰਮਾ

Sri Satguru Jagjit Singh Ji eLibrary NamdhariElibrary@gmail.com

ਨ ਕੋ ਨਾਸ਼ ਕਰਕੇ ॥ ਤਾਂਤੇ ਤਿਨਾਂਕੀ ਤਰਫ ਮਤ ਦੇਖ ॥ ਨਨੂ ॥
ਮੇਰੇਕੋ ਪ੍ਰਸੰਤਾ ਕੈਸੇਹੋ ॥ ਪ੍ਰਸੰਨਤਾ ਨਾਮ ਆਨੰਦਕਾ ਹੈ ॥
ਉੱਤਰ ॥ ਆਪਨੇ ਖਾਨ ਪੀਨਕੀ ਚਿੰਤਾਕੋ ਤਿਆਗ ਕਰ
ਸ੍ਵਾਂਤਰ ਕਹੀਐ ਆਪਨੇ ਅੰਤਰਮੁਖ ਹੋਵੇ ਅਰ ਅੰਤਰਮੁਖ ਹੋ
ਕਰ ਸਰੀਰ ਮੈ ਜੋ ਮਹਤ ਕਹੀਹੈ ਬੜਾ ਚਿੰਤਾਮਣੀ ਰੂਪ ਆਤ
ਮ ਸਰੂਪ ਹੈ ਤਿਸਕੋ ਦੇਖੇ ਤੋ ਪਰਸੰਤਾ ਨਾਮ ਅਨੰਦਕੋ ਪਾਇ
ਕਰ ਸੁਭਾਇਮਾਨ ਹੋਵੈ ਗੁਣ ਪਦਕੋ ਅਰਥਰੂਪਹੈ। ਤਾਂਤੇ ਕ
ਹੀਐ ਤਿਸ ਬ੍ਰਹਮ ਸਰੂਪ ਆਤਨਾਕੇ ਜਾਨਣੇ ਸੇ ਕਿਧੋ
ਕਹੀਐ ਅਥਵਾ ਤੇਰੀ ਇਛਾ ਮਨਕੀ ਨਾ ਸਿਧ ਹੋਇਹੈ ਕਿੰਤੂ
ਹੋਇਵੈ ਦ੍ਰਿਸਟਾਂਤ ਜੈਸੇ ਅੰਮ੍ਰਿਤਪਾਨ ਕਰਨੇਸੇ ਵਿਯਾਧੀ ਜੋ
ਦੁਖ ਸੋ ਨਾਸ ਨਾ ਹੋਵੈਹੈ ਕਿੰਤੂ ॥ ੩੧ ॥

**ਦੋਹਰਾ ॥ ਤਨਮੋ ਤਨਕ ਨਿਵਾਸਤਵ ਚਿੰਤਾ
ਮਣਿ ਤਜਿਤਾਹਿ। ਬਹਰ ਕ੍ਰਿਪਾਣ ਗ੍ਰਹ ਪ੍ਰਾ-
ਭਵ ਸਹਿਤ ਦ੍ਰਵਣ ਹਿਤ ਕਾਹਿ ॥ ੩੨ ॥**

ਟੀਕਾ—ਹੇਮਨ ਸਰੀਰਮੇਂ ਤੇਰਾ ਤਨਕ ਮਾਤ੍ਰ ਨਿਵਾਸ ਹੈ॥
ਅਰੁ ਚਿੰਤਾਮਣੀ ਰੂਪ ਮਨ ਵਾਂਛਤ ਫਲਕੇ ਦੇਨਹਾਰਾ ਜੋ ਆਤਮ
ਸਰੂਪਹੈ ਤਿਸਕੋ ਤਿਆਗਕਰ ਬਾਹਰ ਮੁਖ ਹੋਕਰ ਕ੍ਰਿਪਣ ਜੋ
ਧਨੀਹੈ ਤਿਨਕੇ ਘਰਮੇਂ ਜਾਕਰ ਧਨਕੇ ਵਾਸਤੇ ਕਾਹੇਕੋ ਪ੍ਰਾ
ਭਵ ਕਹੀਏ ਨਿਆਦਰ ਸਹਾਰਤਾਹੈ ॥ ਨਨੂ ॥ ਸਬਦਾਦਿ
ਵਿਸ਼ਜੋਂ ਕੀ ਇੱਛਾ ਕਰ ਹਮ ਧਨਕੋ ਵਾਂਛੇਹੈਂ । ਅਰ ਧਨਕੀ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀ ਵਾਸਤੇ ਧਨਯੋਂਕੀ ਸੇਵਾਦਿਕਰੇਹੈਂ। ਐਸੇ ਸੁਨਕਰ ਵਿਸ਼ੁਜੋ ਮੈਦੁਖਦਸੇਂਹੈਂ ॥ ਉਤ੍ਰ ॥ ੩੨ ॥

ਯਥਾ ਕਬਿੱਤ ॥ ਇੰਦ੍ਰਜੈਂ ਕੇ ਭੋਗ ਸਾਰੇ ਭਾਰੇ ਰੋਗਦੇਨ ਵਾਰੇਤਾਂਕੋ ਕੀਜੈ ਹੋਯ ਮਤ ਸ੍ਰੇਯ ਪਥ ਤ ਜਰੇ ॥ ਪਾਪਅਦ੍ਰ ਨਾਸਨਕੋ ਭਜ੍ਰਪਾਕ ਸਾਸ ਨ ਕੋ ਦਾਹੇ ਦੋਖ ਘਾਸਨ ਕੋ ਮੋਖ ਸਿਖੀ ਸਜਰੇ ॥ਹੂਜੋ ਸਾਤ ਭਾਬ ਬੀਚ ਪ੍ਰਾਪਤੀ ਕਦਾਪਿ ਨੀਚ ਅਪਨੀ ਕਲੋਲ ਲੋਲ ਗਤਤੇ ਨ ਲੱਜਰੇ ॥ ਖਿਨ ਭੰਗ ਭਵਰਾਗ ਤਾਂਕੋ ਮਨ ਕਰੋ ਤਿਆਗ ਮੋਖਕੋ ਵੈਰਾਗ ਸਹਿਕਾਰੀਤਾਸ ਭਜਰੇ ॥ ੩੩ ॥

ਟੀਕਾ—ਨੇਤ੍ਰਾਦਿ ਜੋ ਪੰਜ ਗਿਆਨ ਇੰਦ੍ਰੀਆਂਹੈਂ ਤਿਨਕੇ ਜੋ ਰੂਪ ਤਥਾਰਸਾਦਿ ਵਿਸ਼ੇਹੈਂ। ਸੋ ਵਿਸ਼ੇ ਹੇਮਨ ਬੜੇਭਾਰੀ ਦੁਖ ਕੇ ਦੇਨ ਹਾਰੇਹੈਂ । ਇਸਤੇ ਤਿਨ ਸਬਦਾਦਿ ਪਦਾਰਥਾਂਕਾ ਹੇ ਕਹੀਏ ਤਿਆਗ ਕਰ ਅਰ ਤਿਨਾਵਿਖੇਲਗਕਰ ਕਲਜਾਣ ਕਾ ਰਸਤਾ ਜੋ ਗਿਆਨ ਤਿਸਕੋ ਮਤ ਤਜ ॥ ਨਨੂ ॥ ਪਾਪਾਂ ਕੇ ਨਾਸ਼ ਬਿਨਾ ਗਿਆਨ ਕੈਸੇ ਹੋਤਾਹੈ ॥ ਉੱਤਰ ॥ ਹੇ ਮਨ ਪਾਪਾਂ ਰੂਪੀ ਅਦ੍ਰ ਕਹੀਐ ਪਹਾੜਾਂਕੇ ਨਾਸ ਕਰਨੇਕੋ ਗਜਾਨ ਇੰਦ੍ਰਕੇ ਬਜਰ ਕੀਨਿਆਈਂ ਸਾਮਰਥਹੈ।ਭਾਵਯੇਹੈ। "ਹੰਬ੍ਰਹ ਮਾਸਮਈ" ਜੋ ਗਿਆਨ ਇਸਕਰਸਰਵਪਾਪ ਨਾਸ ਹੋਵੇਹੈਂ

॥ਨਨੂ॥ ਪਾਪਾਂਕੇ ਨਾਸ ਹਿਤ ਗ੍ਯਿਆਨ ਸੇਪੂਰਬਔਰ ਸਾਧਨ ਤੀਰਥ ਦਾਨਾਦਿ ਕਹੇ ਹੈਂ ॥ ਉੱਤਰ॥ ਗਿਆਨਕੇ ਸਮ ਸਮ-ਰਥ ਪਾਪਾਂਕੇ ਨਾਸ ਕਰਨੇਮੇ ਤਥਾ ਪੁੰਨਕੀ ਉਤਪਤੀ ਕਰਨੇ ਮੈ ਹੋਰ ਨਹੀਂ ਹੈ । ਯਾਮੈ ਸ਼੍ਰੁਤੀ ਯਥਾ ਆਤਮ ਪੁਰਾਣੇ ॥ ੩੪॥ ਸਨਾਤ੍ਵਾਤੇਨਸਮਸ੍ਤ ਤੀਰਥਸਲਿਲੇਵਦਾਂਤਚਸਰਵਾਵ ਨੀਃ ਯਗਜਾਨਚ ਕ੍ਰਿਤੰਸਹੰਸ੍ਾਮਖਲਾਦੇਵਾਸ੍ਚਸਪੂਜਤਃ ਸੰਸਾ ਰਾਚਸਮੁੰਧ੍ਰਿਤਾਸ੍ਵਪਿਤ੍ਰਸਜ ਤ੍ਰੈਲੋਕ੍ਯ ਜਜੋਪਸੌਃ ਯਸਜਏ੍ਹਮ ਵਿਚਾਰਣੇ ਖਜਣਾਮਪੀਸਿਥੈਰਯਮਨਪ੍ਰਾਪ੍ਨਜਾਤਃ ॥ ਅਰਥ ਏਹ ਹੈ॥ ਸਰਬ ਤੀਰਥੋਂ ਕੇ ਜਲ ਕਰ ਤਿਸ ਪੁਰਸ਼ ਨੇ ਅਸ਼ ਨਾਨ ਕਰਲੀਆਹੈ ॥ ਅਰ ਸਰਬ ਪ੍ਰਿਥਵੀ ਕਾਦਾਨਭੀਤਿਸ ਨੇ ਕਰਾਹੈ॥ ਪੁਨਾ ਯਗ ਅਸਮੇਧਾਦਿ ਭੀ ਹਜ਼ਾਰੋਂਹੀ ਕਰੇਹੈਂ॥ ਅਰ ਦੇਵਭੀ ਬ੍ਰਹਮਦਿ ਸਰਬ ਤਿਸਨੇ ਪੂਜ ਲਏ ਹੈਂ ਅਰ ਸੰ-ਸਾਰ ਸਮੁੰਦ੍ਰ ਸੇ ਆਪਨੇ ਪਿਤ੍ਰੋਂਕਾਭੀ ਉਧਾਰ ਤਿਸਨੇਕਰਾਹੈ॥ ਅਰ ਤਿੰਨਾਂ ਲੋਕਾਂਮੈ ਸਰਬ ਕਰ ਸੋ ਪੂਜਨੀਕ ਹੈ।ਜਿਸਪੁਰਸ਼ ਕਾ ਮਨੁ ਖਿਨ ਮਾਤ੍ਰਭੀ ਇਸਥਿਤ ਹੋਕਰ ਬ੍ਰਹਮ ਵਿਚਾਰ ਮੈਂ ਪ੍ਰਾਪਤਿ ਭਯਾ ਹੈ। ਐਸੇ ਗਿਆਨ ਹੀ ਸਰਬ ਪਾਪੋਂਕਾਨਾਸਕ ਰਨੇ ਹਾਰਾ ਹੈ ਤਾਂਤੇਹੇ ਮਨ ਦੋਸ਼ਾਂ ਰੂਪੀ ਘਾਸ ਕੇ ਨਾਸ਼ ਕਰਨੇ ਹਾਰੀ ਜੋ ਮੋਖ ਰੂਪੀ ਸਿਖੀ ਨਾਮ ਅਗਨੀ ਹੈ (ਬ੍ਰਹਮਵਿਦਜਾ) ਤਿਸਕੋ ਧਾਰਨ ਕਰ॥ ਨਨੂ ॥ ਕੌਨ ਸਾਧਨ ਸੰਪੰਨ ਹੋਕੇ ਮੋਖ ਕੋ ਧਾਰੂੰ॥ ਉੱਤਰ॥ ਹੇ ਨੀਚ ਕਦੀ ਤੇ ਸ਼ਾਂਤਭਾਵਕੋ ਪ੍ਰਾਪਤ ਹੋ ਜਬ ਸ਼ਾਂਤੀਕੋ ਧਾਰੇਂਗਾ ਤਬੀ ਮੋਖਪਦਕੋ ਪ੍ਰਾਪਤਿ ਹੋਵੇਂਗਾ॥

Sri Satguru Jagjit Singh Ji eLibrary NamdhariElibrary@gmail.com

ਨਨੁ ॥ ਸ਼ਾਂਤੀਮੈ ਨਾ ਪ੍ਰਾਪਤ ਹੋਨਕਾ ਪ੍ਰਤਿਬੰਧ ਕਿਆ ਹੈ ॥ ਜਿਸਕੋ ਤਿਆਗਕੇ ਪਰਾਪਤ ਹੋਵੇਹੈਂ ॥ ਉੱਤਪ ॥ ਹੇ ਮਨ ਤੇਰੀ ਆਪਨੀ ਜੋ ਚਪਲਤਾ ਹੈ। ਜਲਕੀਆਂ ਲਹਰਾਂਵਤ ਵਾ ਕਲੋਲਨਾਮ ਕੌਤਕਕਾਹੈ ਸੋਵਿਸ਼ਿਆਂਕੇਕੌਤਕੀ ਜੋਚਪਲਤਾ ਹੈ ਤਿਸਕੋ ਤਿਆਗ ਹੇ ਨਿਲੱਜ ਮਨ ਵਾ ਤਿਸਕੋਤਿਆਗਤਾ ਹੂਆ ਲੱਜਾਕੋ ਨ ਧਾਰ ॥ ਨਨੁ ॥ ਚਪਲਤਾ ਕੈਸੇ ਤਿਆਗੋਂ ॥ ਉਤਰ ॥ ਹੇ ਮਨ ਸੰਸਾਰਕੋ ਖਿਨਭੰਗਰ ਜਾਨਕਰ ਤਿਸਕੇ ਮੋਹਕੋ ਤਿਆਗ ॥ ਜਿਨਾਂ ਪਰਯੰਤ ਸੰਸਾਰ ਮਿਥਯਾ ਨਹੀਂ ਜਾਣਦਾ ਓਨਾ ਚਿਰਪ੍ਰੇਮ ਕਰੇਹੈ ਪਥਾਰਥੋਂਮੈਤਿਸ ਕਰ ਬੁਧੀ ਚੰਚਲ ਹੋਵੇਹੈ ਮਿਥਿਆ ਜਾਨਕੇ ਪ੍ਰੇਮ ਹੋਵੇ ਨਹੀਂ ਯਾਂਤੇ ਬੁਧੀ ਭੀ ਸਥਿਤ ਹੋਵੇਹੈਇਸਤੇਸੰਸਾਰ ਕੋਮਿਥਯਾਜਾਨਕੇਚੰਚਲਤਾ ਸੇ ਰਹਿਤ ਹੋ ਅਰ ਮੋਖ ਕੋ ਪਰਾਪਤ ਕਰਨੇਹਾਰਾ ਜੋ ਵੈਰਾਗ ਹੈ ਤਿਸਕੋ ਧਾਰਨ ਕਰ ॥ ਨਨੁ ॥ ਜੋ ਪਦਾਰਥਪਰਵਾਰਾਦਿ ਪਰਾਪਤ ਹੈ ਤਿਨਕਾ ਮੋਹਤੋ ਰਖਨਾਹੀ ਬਨਦਾ ਹੋਗਾ॥ਹੋਰ ਸੇ ਹਟਕੇਂ ॥ ਉੱਤਰ ॥ ੩੩ ॥

**ਪੁਨਾ ਕਬਿਤ ॥ ਪਰਵਾਰਕੇਸਨੇਹਕੌ ਨਿਵਾਰ ਦੇ ਮਨ ਬੀਚ ਬੁਦਬੁਦੇ ਰੇਖਾ ਦਾਮਨੀਸਮਾਨੀ ਐ॥ ਪੁਨਾ ਦਿਪਤਾਗਨਿ ਮੈਨਾਗਨ ਮੈ ਨਦੀ ਬੇਗ ਮਾਹਿ ਜੈਸੇ ਸੁਖ ਨਾਹਿ ਤੈਸੇ ਤਹਾਂ ਜਾਨੀ ਐ॥ ਦੇਵਨਦੀ ਤੀਰਕੀ ਪਵਿੱਤ੍ਰ ਧਰਾਪਰ ਬੈਠ**



Sri Satguru Jagjit Singh Ji eLibrary NamdhariElibrary@gmail.com

**ਨੀਲਕੰਠ ਮਾਹਿ ਨੀਠ ਉਤਕੰਠਾ ਠਾਨੀਐ॥ ਅਬ ਐਸੀ ਰੀਤ ਕਰੋ ਭੋਗਨਕੀ ਪ੍ਰੀਤਿ ਹਰੋ ਗੁਰ ਦੇਵਵਾਕ ਧਰੋਤੀਨਤਾਪਹਾਨੀਐ॥੩੪॥**

ਟੀਕਾ—ਹੇ ਮਨ ਇਸਤ੍ਰੀਆਦਿ ਜੋਪਰਵਾਰਕੇ ਸਨਬੰਧੀ ਹੈਂ। ਤਿਨਕੇ ਮੋਹਕੋ ਭੀ ਦੂਰ ਕਰ ਮਨਸੇ॥ ਇਨਕਾ ਸਨਬੰਧ ਭੀ ਐਸੇਹੈ॥ ਜੈਸੇ ਜਲਮੇਂ ਬੁਬਬੁਦੇ ਹੋਤੇਹੈਂ॥ ਅਰੁ ਜੈਸੇਬਿਜਲੀ ਕੀ ਰੇਖਾਕਾ ਚਮਤਕਾਰਾ ਹੋਤਾਹੈ ਛਿਣਮਾਤ੍ਰਤਿਸਕੇ ਸਮਾਨ ਏਹਹੈਂ॥ ਅਰ ਇਨਮੈ ਸੁਖਭੀ ਨਹੀਂ ਹੈ॥ ਹੇਮਨ ਜੈਸੇ ਪਰਜ੍ਵਲਤ ਅਗਨੀ ਹੋਵੈ ਤਿਸਮੈ ਪੁਰਸ਼ ਜਾ ਪਰਾਪਤ ਹੋਵੈ॥ ਪੁਨਾ॥ਬੜੇ ਭਾਰੀ ਸਰਪ ਹੋਵੇਂ ਵਿਖਕੇ ਧਾਰਨੇਹਾਰੇ ਤਿਨਮੈ ਪੁਰਸ਼ਕਾ ਵਾਸਾ ਹੋਜਾਵੇ॥ ਅਥਵਾਨਦੀਜੋਹੈਬੜੇਬਲ ਵਾਲੀ ਅਰ ਤਿਸਮੇ ਬਰਖਾਕਾ ਜਲ ਹੜਕਰ ਬਹੁਤ ਜ਼ੋਰਸੇ ਚਲਤਾ ਹੋਵੇ ਤਿਸਕੇ ਬੀਚ ਜੈਸੇ ਪੁਰਸ਼ਕੋ ਕਦਾਚਿਤ ਸੁਖ ਨਹੀਂਹੋਤਾ ਤੈਸੇਹੀ ਸਨਬੰਧੀਆਂ ਕੋ ਜਾਣ॥ ਨਨੂ॥ ਸੰਸਾਰ ਤਥਾ ਸਰਬੰਧੀਆਂਕੋ ਤਿਆਗ ਕਰ ਕਹਾਂ ਬੈਠੂ॥ਉੱਤਰ॥ ਹੇਮਨ ਦੇਵਨਦੀ ਜੋ ਸ੍ਰੀਗੰਗਾ ਜੀਹੈ ਤਿਸਕੇ ਕਨਾਰੇਕੀ ਜੋਪਵਿਤ੍ਰਧਰਤੀ ਹੈ ਤਿਸ ਉਪਰ ਬੈਠ॥ ਨਨੂ॥ ਕੈਸੇ ਬੈਠੂੰ॥ ਉੱਤਰ॥ ਨੀਲਕੰਠ ਜੋ ਸ਼ਿਵਜੀ ਹੈਂ ਤਿਨਕੇ ਸਰੂਪ ਮੈ ਭਲੀਪਰਕਾਰ ਮਨ ਕੀ ਉਤਕੰਠਾ ਕਹੀਐ ਇੱਛਾਕੋ ਧਾਰਕਰ ਭਾਵ ਏਹ ਸ਼ਿਵਕੀ ਉਪਾਸਨਾ ਯੁਤ ਹੋਕੇ ਬੈਠ॥ ਹੇ ਮਨ ਅਬਐਸੀਰੀਤੀ

Sri Satguru Jagjit Singh Ji eLibrary NamdhariElibrary@gmail.com

ਕਰ ਜੋ ਪੂਰਬ ਕਹੀਐ ਭੋਗਾਂਕੀ ਪ੍ਰੀਤ ਕੋ ਤਿਆਗ ਕਰ ਗੁਰੂ ਅਰ ਵੇਦਵਾਕਾਂ ਕੋ ਧਾਰ ਜਿਨਕੇ ਧਾਰਨੇਕਰ ਤੀਨਤਾਪ ਤੇਰੇ ਨਾਸ਼ ਹੋਵੈਂ ॥ ਨਨੂ ॥ ਵੇਦ ਅਰ ਗੁਰੂਕੇਵਾਕ ਕੈਸੇ ਹੈਂ ॥ ਉੱਤਰ ॥ ੪੧ ॥

**ਚੌਪਈ ॥ ਜਨਮ ਮਹਾਂਬਰ ਗ੍ਰਸਜੋ ਮਰਨਕਰ ॥ ਅਘਕੋ ਜਪਜਸੋ ਮ੍ਰਿਗਕੋ ਨਾਹਰ ॥ ਪੁਨ ਨਿਰਮਲ ਅਤਿਜੁਬਾਨਕੂਲਾ ॥ ਜ਼ਰਕਰਾ ਤਾਕੋ ਨਿਰਮੂਲਾ ॥ ੩੫ ॥**

ਟੀਕਾ—ਹੇ ਮਨ ਵੇਦ ਗੁਰੂ ਐਸੇ ਕਹਤੇ ਹੈਂ ਏਹ ਮਨੁਖ ਸਰੀਰ ਬਡਾ ਦੁਰਲੱਭ ਹੈ ਅਰ ਬਹੁਤ ਸ੍ਰੇਸ਼ਟ ਹੈ । ਪਰੰਤੂ ਕਾਲ ਕਰਕੇ ਗ੍ਰਸਿਆ ਹੋਇਆ ਹੈ । ਜੈਸੇ ਪਾਪਾਂਕੋ ਹਰੀਕਾ ਜਪ ਨਾਸ ਕਰੇਹੈ ਅਰ ਮ੍ਰਿਗਾਂਕੋ ਜੈਸੇਸ਼ੇਰਨਾਸਕਰੇਹੈ ਤੈਸੇ ਸ੍ਰੀਰਕੋ ਖਿਨ ਖਿਨਮੈ ਕਾਲ ਨਾਸ਼ ਕਰੇਹੈ॥ ਤਥਾ ਗੁਰੂ ਸ੍ਰੁਤੀ ॥ "ਦੇਦੇ ਜੀਵਣਾ ਵਿਚਾਰ ਦੇਖ ਕੇਤੇਕੁ ਦਿਨਾ" ॥ ਪੁਨਾ ॥ ਦੇਖ ਹੇਮਨ ਅਤਸੇ ਕਰਕੇ ਉੱਜਲ ਜੋ ਯੁਬਾ ਅਵਸਥਾ ਹੈ ਪੁਨਾ ਕੈਸੀ ਅਵਸਥਾਹੈ ਆਪਨੇ ਅਨੁਸਾਰ ਹੈ ਜਹਾਂ ਚਾਹੇ ਤਾਂਹੀ ਯੁਬਾ ਅਵਸਥਾ ਮੈ ਪਹੁੰਚ ਸਕਤਾਹੈ॥ ਤਿਸਕੋ ਬ੍ਰਿਧ ਅਵਸਥਾਨਾਸ਼ ਕਰ ਰਹੀਹੈ ਜੈਸੇ ਬ੍ਰਿਧ ਅਵਸਥਾ ਨਾਸ਼ ਕਰੇਹੈ ਤਥਾ ਦ੍ਰਿਸ਼ਟਾਂਤ ॥ ੪੨ ॥

**ਦੁਰਤ ਹਰਤ ਜਸੋਂ ਤੁਰਤ ਗੰਗਜਲ॥ ਕਲਹਿ**

Sri Satguru Jagjit Singh Ji eLibrary NamdhariElibrary@gmail.com

**ਗੌਨ ਜਿਉਂ ਕਰੇ ਮੌਨ ਬਲ ॥ ਪੁਨਧਨਚਾਹਿ ਗ੍ਰਸਜੋ ਸੰਤੋਖਾ ॥ ਯੱਗ ਵਿਪਾਕ ਗ੍ਰਸੇ ਜਸੈਂ ਰੋਖਾ॥ ੩੬ ॥**

ਟੀਕਾ—ਪ੍ਰਾਪਾਂਕੋ ਨਾਸ਼ ਕਰਤਾ ਹੈ ਜੈਸੇ ਗੀਗਾਜੀ ਕਾ ਜਲ ਅਰ ਲੜਾਈ ਕਾ ਨਾਸ਼ ਕਰੈਹੈ ਜਿਉਂ ਚੁਪਕਾ ਬਲ ॥ ਤੈਸੇ ਯੁਬਾਕੋ ਬ੍ਰਿਧਤਾ ਨਾਸ਼ ਕਰੈਹੈ॥ ਪੁਨਾ ॥ ਬਹੁੜੇ ਧਨਕੀ ਇੱਛਾ ਸੰਤੋਖ ਕੋ ਐਸੇ ਗ੍ਰਸੇ ਹੈ ਜੈਸੇ ਯਗਕੇ ਫਲਕੋ ਕ੍ਰੋਧ ਨਾਸ਼ ਕਰੈਹੈ॥ ੩੯ ॥

**ਮੂਲ ॥ ਤਰਲ ਤਰਣ ਤਰੁਣੀਕੇ ਲੋਚਨ ॥ ਤਾਹਿ ਵਿਭ੍ਰਮੋਹਿ ਸਬ ਸੁਖ ਮੋਚਨ॥ ਜਿਉਂ ਨਿਰਵੇਦ ਖੇਦ ਭਵ ਹਾਰੇ ॥ ਪੁਨਾ ਸਤੋ ਜਸੈਂ ਰਜ ਤਮ ਟਾਰੇ ॥ ੩੭ ॥**

ਟੀਕਾ—ਐਸੇ ਗੁਰੂ ਸਿਖ੍ਯਾ ਦੇਵੈਹੈ ਹੇਮਨ ਤਰਲੁ ਕਹੀਐ ਚੰਚਲ ਜੋ ਹੈਂ ਯੁਵਾ ਅਵਸਥਾ ਕੀ ਇਸਤ੍ਰੀਕੇ ਨੇਤ੍ਰ ਤਿਨਾਂਕੋ ਦੇਖਕਰ ਜੋ ਪੁਰਸ਼ ਮੋਹਤ ਹੋਤੇਹੈਂ ਤਿਨਕੇ ਸਭ ਸੁਖ ਪ੍ਰਲੋਕ ਕੇ ਨਾਸ਼ ਹੋ ਜਾਤੇਹੈਂ ॥ ਯਥਾ ਗੁਰੂ ਸ੍ਰੁਤੀ "ਪਾਤਲੋਪਤਿਉਤ੍ਰੈ ਪ੍ਰਤਜਾਰਾਤਾਮਾਸ" ਜੈਸੇਵੈਰਾਗਸੰਸਾਰਕੇਦੁਖਾਂਕਾਨਾਸਕਰੈ ਹੈ ਜੈਸੇ ਸਤੋਗੁਣ ਰਜੋ ਅਰ ਤਮੋਕਾ ਨਾਸ਼ ਕਰੈਹੈ ਤੈਸੇ॥੩੭

**ਮੂਲ ॥ ਗ੍ਰਸੇ ਗੁਣੀਕੋ ਗੁਣਕੋ ਖਗ ਇਉਂ॥**

Sri Satguru Jagjit Singh Ji eLibrary NamdhariElibrary@gmail.com

ਬ੍ਰਹ[illegible] ਬਿਚਾਰ ਬਿਕਾਰ ਗ੍ਰਸੇ ਜਿਉਂ॥ ਗ੍ਰਸਜੋ ਇਉਂ ਖਿਤਕੋਉਰਗਾਦਿਕ॥ ਲਾਜਤ੍ਰਾਸਕੋ-ਜਿਉਂ ਕਾਮਾਦਿਕ॥ ੩੮॥

ਟੀਕਾ॥ ਜੈਸੇ ਗੁਣੀ ਪੁਰਸ਼ਕੇ ਗੁਣਾਂਕੋ ਮੂਰਖ ਪੁਰਸ਼ ਗ੍ਰਸੇਹੈ ਤੈਸੇ ਬ੍ਰਹਮ ਬਿਚਾਰ ਬਿਕਾਰਾਂਕਾਨਾਸ਼ਕਰੇਹੈਉਪਕਾਰੀ ਪੁਰਸ਼ਕੇ ਉਪਕਾਰਕੋ ਮੂਰਖ ਪੁਰਸ਼ ਐਸੇ ਨਹੀਂ ਜਾਣਦਾ ਜੈਸੇਚਿੜੀਕੇ ਉਪਕਾਰਕੋ ਨਾ ਜਾਣਕੇ ਬਾਂਦਰਨੇਤਿਸਕਾ ਆਲਣਾਂ ਨਾਸ਼ ਕੀਆ ਥਾ ਯਾਂਤੇ ਉਪਕਾਰ ਭੀ ਅਧਿਕਾਰ ਪਰ ਕਰਨਾ ਯਹ ਉਪਦੇਸ਼ਿਓ ਧਰਤੀ ਕੋ ਐਸੇ ਸਰਪਾਦਿ ਜੀਵੋਂ ਨੇ ਗ੍ਰਸਿਆ ਹੋਯਾਹੈ॥ ਜੈਸੇ ਸ਼ਰਮ ਅਰ ਭੈ ਕੋ ਕਾਮ ਕ੍ਰੋਧਾਦਿਕੋਂ ਨੇ ਗ੍ਰਸਿਆ ਹੈ॥ ਯਾਂਤੇ ਕਾਮ ਕ੍ਰੋਧਾਦਿਤਿਆਗਕੇ ਭੈ ਅਰ ਲਜਾਕੋ ਧਾਰ॥ ਯਹ ਉਪਦੇਸ਼ਿਓ॥ ੩੮॥

ਮੂਲ॥ ਗ੍ਰਸਤ ਦੁਰਜਨੋ ਕਰ ਨ੍ਰਿਪੁਐਸੇ॥ ਗਿਲੇ ਪ੍ਰਸਨ ਕੋ ਉਤਰ ਜੈਸੇ। ਸਗਲ ਵਿਭੂਤ ਅਨਿਸਥਰਤਾਨੇ॥ ਗ੍ਰਸੀਮਨੀਖਾਜਿਉਂ ਚਿੰਤਾਨੇ॥ ੩੯॥

ਟੀਕਾ॥ ਖੋਟੇਓਂ ਪੁਰਸ਼ੋਂ ਕਰ ਐਸੇ ਰਾਜਾ ਲੋਕ ਗ੍ਰਸੇ ਹੋਏਹੈਂ॥ ਜੈਸੇ ਪ੍ਰਸ਼ਨ ਕੋ ਉਤਰ ਭਖਨ ਕਰਤਾ ਹੈ ਹੇ ਮਨ ਸਗਲ ਸੰਸਾਰਕੀ ਮਾਇਆ ਨਾਸ਼ ਭਾਵਨੇ ਐਸੇ ਭਖਨਕਰੀ

Sri Satguru Jagjit Singh Ji eLibrary NamdhariElibrary@gmail.com

ਹੋਈ ਹੈ ਜੈਸੇ ਚਿੰਤਾ ਬੁਧੀਕੋ ਨਾਸ਼ ਕਰੇਹੈ ॥ ਤਾਂਤੇ ਹੇਮਨ ਖਾਨ ਪਾਨ ਆਦਿਕੀ ਚਿੰਤਾਸੇਰਹਿਤ ਹੋ। ਚਿੰਤਾ ਤੇਰੀ ਬੁਧੀਕੋ ਨਾਸ਼ ਕਰੇਹੈ ॥ ਐਸੇ ਉਪਦੇਸ਼ਿਯੋ ॥ ੩੯ ॥

**ਮੂਲ ॥ ਇਸੀ ਪ੍ਰਕਾਰ ਜਨਕੇਕੇ ਨਾਹੀਂ ॥ ਗ੍ਰਸ਼ਤ ਕਾਲ ਕਰਯਾ ਭਵਮਾਹੀਂ ॥ ਅਜਪਪੀਲ੍ਹ ਕਾ ਲੌ ਜਗਜੇਤੋ। ਗ੍ਰਸਤ ਸਮਸਤ ਕਾਲਕਰਿ ਤੇਤੋ ॥ ੪੦ ॥**

ਟੀਕਾ ॥ ਹੇਮਨ ਇਸ ਪੂਰਬੋਕਤ ਪ੍ਰਕਾਰ ਯਾ ਸੰਸਾਰ ਮਹਿ ਕੇਹੜਾ ਕੇਹੜਾ ਪੁਰਸ਼ ਕਾਲ ਕਰ ਗ੍ਰਸਤ ਨਹੀਂ ਹੈ॥ ਭਾਵ ਸਭੀ ਕਾਲ ਕਰ ਗ੍ਰਸੇ ਹੋਏ ਹੈਂ ॥ ਸੋ ਕਿਮੁਤਕ ਨਿਜਾਯ ਕਰ ਦਸੇਹੈਂ॥ ਬ੍ਰਹਮਾਸੇ ਲੈਕਰ ਕੀੜੀ ਤ੍ਰਯੰਤ ਜਿਤਨੇ ਬ੍ਰਹਮਾਂਡ ਕੇ ਜੀਵ ਤਥਾ ਪਦਾਰਥ ਹੈਂ ਤਿਤਨੇਹੀ ਸੰਪੂਰਨ ਕਾਲਕਰ ਖਾਧੇ ਹੋਇ ਹੈਂ ॥ ਇਸਤੇ ਤੂੰ ਆਪਕੋ ਭੀ ਕਾਲ ਕਰ ਖਾਧਾ ਹੂਆ ਮਾਨ ॥ ਏਹ ਉਪਦੇਸ਼ਿਓ ॥ ੪੦ ॥

**ਦੋਹਰਾ ॥ ਸ਼ਕਲ ਭੋਗ ਭਵਹੇਤ ਮਨ ਚਲਪ ਸਦੋਖ ਸਸੋਕ। ਤਾਂ ਤਜਿ ਭੋਗੀ ਜਨੋ ਯੁਤ ਗੁਰ ਸ੍ਰੁਤਿ ਪੰਥ ਵਿਲੋਕ ॥ ੪੧ ॥**

ਟੀਕਾ ॥ ਏਸ ਲੋਕਥੀਂ ਲੈਕਰ ਦੇਵਲੋਕ ਪ੍ਰਯੰਤ ਜਿਤਨੇਂ ਇਸਤ੍ਰੀਆਦਿ ਪਦਾਰਥਹੈਂ ਸੋ ਸਭੀ ਜਨਮ ਮਰਨਕੇਦੇਨੇਂਕਾ

Sri Satguru Jagjit Singh Ji eLibrary NamdhariElibrary@gmail.com

ਕਾਰਣ ਹੈਂ ॥ ਅਰ ਹੇ ਮਨ ਚਪਲ ਹੈਂ ਕਿਆ ਖਿਣਭੰਗਰ ਹੈਂ ਪੁਨਾ ਈਰਖਾ ਤਥਾ ਅਤਿਸਹਤ ਆਦਿ ਦੁਖਕੇ ਸਹਟਹੈਂ। ਅਰ ਨਾਸ਼ਕੇ ਭੈ ਤੇ ਸਦਾ ਸ਼ੋਕ ਕੇ ਸਹਿਤ ਹੈਂ ਜਿਸ ਕੋ ਜੋ ਪਦਾਰਥ ਪ੍ਰਾਪਤ ਹੈ ਤਿਸਕੋ ਨਾਸ਼ਕੇ ਭੈ ਤੇ ਸਦਾ ਸੋਗ ਰਹੇ ਹੈ ਐਸੇ ਜਾਨੀਐ ਤਿਨਾ ਭੋਗਾਂਕੋ ਤ੍ਯਾਗ ਭੋਗੀ ਪੁਰਸ਼ੋਂ ਸਹਿਤ ॥ ਇਸ ਪ੍ਰਕਾਰ ਜੋ ਵੇਦ ਤਥਾ ਗੁਰੂ ਕਥਨ ਕਰਤੇ ਹੈਂ ਮਾਰਗ ਤਿਸ ਰਸਤੇਕੋ ਦੇਖ ਵਾ ਇਸ ਗੁਰਦੇਵ ਮਾਰਗਮੇਂ ਪੜਕੇ ਮੋਖ ਹੋਏ ਹੈਂ ਜੋ ਪੂਰਬ ਜਗਜਾਸੀ ਤਿਨਕੋ ਦੇਖ ॥ ਨਨੂ ॥ ਗੁਰਦੇਵ ਯਥਾਰਥ ਕਹਿਤੇ ਹੈਂ ਪ੍ਰਿਤੂ ਭੋਗਾਂਸੇ ਮਨ ਹਟੇ ਨਹੀਂ ਹੈ॥ ਉਤ੍ਰ ਹੇ ਮਨ ਜੋ ਐਸੇ ਭੋਗ ਪ੍ਰਾਪਤ ਹੋਵੇ ਤਾਂ ਭੋਗ ਯਥਾ ॥ ੪੧

**ਨਰਾਜਛੰਦ ॥ ਵਿਚਿਤ੍ਰ ਰਾਗ ਰੰਗ ਜੋ ਸੁ ਅਗ੍ਰ ਭਾਵ ਮੋ ਬਨੇ ॥ ਕਵਿੰਦ ਆਸਪਾਸ ਮੇਂ ਰਸਾਲ ਵਾਕ ਜੇ ਭਨੇ । ਪ੍ਰਬੀਨ ਚਰੁ ਕਾਮਨੀ ਜੁਪਿਸ਼੍ਰ ਭਾਗੇ ਮੋ ਲਸੇ। ਅਲੰਕ੍ਰਿਤੀ ਮਨੋਹਰੀ ਮੁਖਾ-ਰਬਿੰਦ ਤੇ ਹਸੇ ॥੪੨॥**

ਟੀਕਾ—ਨਾਨਾਪ੍ਰਕਾਰ ਕੇ ਰਾਗ ਗਾਵਤੇ ਹੋਵੇਂ ਕਲਾਵਤ । ਅਰ ਅਨੇਕ ਭਾਂਤਕੇ ਤਮਾਸ਼ੇ ਦਸਤੇ ਹੋਵੇਂ ਭਾਟ॥ ਤਥਾ ਨਾਟ-ਕੀਏ ਇਸ ਪ੍ਰਕਾਰ ਕੀ ਲੀਲਾ ਤੇ ਆਪਨੇ ਅਗ੍ਰ ਭਾਗ ਮੋ ਹੋਵੇ ਅਰ ਕਵੀਆਂ ਵਿੱਚੋਂ ਸਿਰੋਮਨ ਕਵੀ ਸੱਜੇ ਖੱਬੇ ਹੋਇ ਬੜੇ ਮਧਰ ਵਾਕੋਂ ਸੇ ਉਸਤਤੀ ਕਥਨ ਕਰਤੇ ਹੋਵੇਂ ਚਤ੍ਰ ਅਰ

Sri Satguru Jagjit Singh Ji eLibrary NamdhariElibrary@gmail.com

ਸੁੰਦ੍ਰਇਸਤ੍ਰੀਆਂ ਜੋ ਹੈਂ ਦੇਵਲੋਕਕੀਆਂਸੋ ਕੰਡ ਪਿਛੈਂਖੜੀਆਂ ਹੋਵੈਂ ਪੁਨਾ ਕੈਸੀਆਂ ਹੋਵੈਂ ॥ ਭੂਖਨੋਂ ਅਰ ਬਿੰਦੀਆਂ ਤਦੋਂ ਲਜਾਕੇ ਸਹਿਤ ਸੁੰਦ੍ਰ ਬਸਤ੍ਰ ਓਢੇ ਹੋਵੈਂ ਅਰ ਮੁਖਕਵਲਸੇ ਮਧਰ ਮਧਰ ਸਹਤ ਖਟਾਂਖੇ ਕੇ ਹਸਤੀਆਂ ਹੋਵੈਂ ॥੪੨॥

**ਕਰੇ ਗ੍ਰਹੀਤਚਾਮਰੰ ਬਿਲਾਸ ਸੋਂ ਭ੍ਰਮਾਵਤੀ॥**
**ਤਿਨੇਕਰੇਕਰੇਹਲੇਕਰੇਧੁਨੀਸੁਭਾਵਤੀ ॥ ਅ-**
**ਰੋਗ ਦੇਹ ਆਯੁਖਾ ਮਹਾਂ ਅਸਤ੍ਰਰਾਜਹੈ । ਜਬੈ**
**ਸਮੀਪਆਪਨੇ ਲਖੇ ਇਤੋ ਸਮਾਜ ਹੈ॥੪੩॥**

ਟੀਕਾ॥ ਕਰੇ ਗ੍ਰਹੀਤ ਕਹੀਏ ਹਥੋਂਮੇ ਪਕੜ ਕਰਕੇ ਚਵਰਕੋ ਹਾਸਬਿਲਾਸ ਸੇ ਫੇਰਤੀਆਂ ਹੋਵੈਂ ॥ ਐਸਾਨਾਹੋਵੈਂ ਜੋ ਹੁਕਮਸੇ ਖੜੀਆਂਹੋਵੈਂ।ਕਿੰਤੂਆਪਨੀਮਉਜਸੇਕਰਤੀਆਂ ਹੋਵੈਂ ਆਪਨੇਸੇ ਅਧਕ ਸੁੰਦ੍ਰਮਾਨਕਰ। ਭਾਵਯੇਹਦੇਵਅੰਗਨਾ ਸੇ ਭੀ ਆਪਨਾ ਸਰੂਪ ਅਧਕਸੁੰਦ੍ਰਹੋਵੇ॥ ਤਿਨਾਂ ਦੇਵ ਅੰਗਨਾ ਕੇ ਹਾਥੈਂ ਮੈ ਜੋ ਪਹਰੇ ਹੋਏ ਹੈਂ ਜੜਾਊ ਕੜੇ ਹਲ ਕਰਕੇ ਚਵਰਕੇ ਫੇਰਨੇ ਸੇ ਕਰਤੇ ਹੋਵੇ ਛਣਛਣ ਸ਼ਬਦ ਰੂਪ ਧੁਨੀ ਸੋ ਭਲੀ ਪ੍ਰਕਾਰ ਮਨਕੇ ਭਾਵਣੇ ਹਾਰੀ। ਸਰੀਰ ਅਰੋਗਹੋਵੇ ਅਰ ਆਯੂ ਬੜੀ ਹੋਵੇ ॥ ਰਾਜ ਐਸਾ ਹੋਵੇ ਜੋ ਸਿਰਪਰਸ਼ੱਤ੍ਰ ਕੋਈ ਨਾ ਹੋਵੇ ॥ ਅਰਥ ਚਕ੍ਰਵਰਤੀ ਰਾਜ ਹੋਵੇ ਅਰ ਜੋ ਸੁੱਖ ਮਨੁਖਸਰੀਰਕਾ ਕਹਜਾਹੈ ਸ਼ਾਸਤ੍ਰਮੈਂ "ਜੈਸੇਵਿਚਾਰਸਾਗਰ ਮੇਂ ਕਹਜਾ ਹੈ" ਸੋ ਸੰਪੂਰਨ ਹੋਵੇ ॥ਹੇਮਨ ਜਬਆਪਨੇ ਪਾਸ

Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਕਾਰ ਕੀ ਵਭੂਤੀ ਜਾਨੇ ਹੈ ॥ ੪੩ ॥

**ਤੋਅਬੀ ਮੂਲ ॥ ਪ੍ਰਪੰਚ ਭੋਗ ਸ੍ਵਾਦ ਮੈ ਨਿਸੰਕ ਤੋਅਬੀ ਰਮੋਂ। ਭਵੇਤ ਥਾਨ ਕਹਾ ਭ੍ਰਿਥਾ ਇਤੇ ਉਤੇ ਭ੍ਰਮੋ ॥ ਅਸੰਗ ਵਿਸ੍ਰਤੇ ਭਵੋਅਰੰਨ ਬਾਸ ਲੀਜੀਏ॥ ਅਸੰਪ੍ਰਗਜਾਤਮੈਮਨਾਪ੍ਰਵੇਸ਼ਸ਼ੀਘ੍ਰਕੀਜੀਏ॥੪੪॥**

ਟੀਕਾ॥ਤੋ ਸੰਸਾਰ ਕੇ ਭੋਗੋਂ ਕਾ ਸ੍ਵਾਦ ਲੈਣੇ ਮੈ ਨਿਸੰਕ ਸੰਸੇ ਰਹਤ ਹੋਕੇ ॥ ਜਲਦੀ ਪ੍ਰਵਿਰਤ ਹੇ ॥ ਜਿਤਨਾ ਕਹਿਆ ਹੈ ਪੂਰਬ ਇਤਨਾ ਨਾ ਪ੍ਰਾਪਤ ਹੋਵੇ ਤੋ ਫੇਰ ਵਿਅਰਥ ਕਿਆ ਏਧਰ ਓਧਰ ਦੇਸ਼ ਦਿਸ਼ਾਂਤ੍ਰਾਂਮੇ ਭੜਕ ਰਿਹਾ ਹੈਂ ॥ ਨਨੂ॥ ਇਤਨਾ ਮਿਲਨਾ ਅਸੰਭਵ ਹੈ ॥ਉੱਤਰ॥ ਹੇਮਨ ਜੇ ਇਤਨਾ ਨਹੀਂ ਮਿਲਦਾ ਤੌ ਸੰਸਾਰ ਰਹਤ ਹੋ ਅਰ ਬਨਕਾ ਵਸਨਾ ਗ੍ਰਹਨ ਕਰ ਅਰ ਬਨਮੇਂ ਵਸਕਰ ਅਸੰਪ੍ਰਗਯਾਤ ਜੋ ਨਿਰਵਿਕਲਪ ਸਮਾਧੀ ਹੈ ॥ ਤਿਸਮੇਂ ਪ੍ਰਵੇਸ਼ ਜਲਦੀ ਕਰ ॥ ਨਨੂ ॥ ਬਨਮੈ ਖਾਨੇ ਪਹਰਨੇਕਾ ਵਿਹਾਰ ਕੈਸੇ ਚਲੇਗਾ ॥੪੪॥ ਉੱਤ੍ਰ

**ਕਬਿੱਤ ॥ ਭੂਮ ਸੇਜ ਮੂਲ ਫਲ ਮੇਧਨਵ ਵਲਕਲ ਕਰਨੇ ਨ ਪਰੇ ਦੇਵਆਗੇ ਰਚ ਧਰੇ ਹੈਂ॥ ਕਰੋਇਨੇਸਾਥ ਰਤਿ ਪਜਾਰੀ ਪ੍ਰੇਮ ਵਾਰੀ ਮਤਿ ਉਠੋਉਠੋ ਤਾਮੈ ਅਬ ਜਾਮੈ ਬਿਬਠਰੇਹੈਂ॥ ਤੁੱਛਅਵਿਵੇਕੀ ਸਠ ਮੂਢਮਨ ਬੋਲਕਟੂ ਜਾਂਕੇ**

ਚਿਤਚਿੰਤਾ ਆਗ ਕਰ ਸਦਾ ਜਰੇ ਹੈਂ॥ ਐਸੇ ਧਨ
ਵਾਨਨਕੇ ਨਾਮ ਮਾਤ੍ਰ ਕਾਨਨ ਮੈਂ ਜਾਂਹਿ ਮਹਾਂ
ਕਾਨਨ ਮੈ ਕਬੂ ਨਾਹਿ ਪਰੇ ਹੈਂ॥੪੫॥

ਟੀਕਾ॥ ਹੇ ਮਨ ਧਰਤੀ ਕੀ ਵਛਾਈ ਅਰ ਕੰਦ ਮੂਲ ਫਲ ਫੂਲ ਖਾਨੇ ਕੋ ਹੈਂ ਮਿਠੇ ਅਰ ਨਵੀਨ ਵਲਕਲ ਹੈ ਪਹਰਨੇ ਕੇ ਕਛ ਕਰਨੇ ਨਹੀਂ ਪੜੇ ਹੈ॥ ਪਰਮਾਤਮਾ ਨੇ ਆਗੇ ਹੀ ਰਚ ਰਾਖੇ ਹੈਂ ਹੇ ਪਰਮੇਸ਼ਰ ਕੇ ਪ੍ਰੇਮ ਵਾਲੀ ਪਿਆਰੀ ਬੁਧੀ ਇਨ ਸਾਥ ਪ੍ਰੀਤੀ ਕਰੋ ਅਬ ਸਾਵਧਾਨ ਹੋਕੇ ਚਲੋ ਤਾਂ ਬਨ ਮੇਂ ਜਾਮੇ ਕਹੀਐ ਜਿਸ ਮੈ ਬਿਬਕ ਹੀਐ ਖਾਨੇ ਕੋ ਕੰਦਮੂਲ ਅਤੇ ਪਹਰਨੇ ਕੋ ਵਲਕਲ ਦੋਨੋਂ ਹੀ ਸਥਿਤ ਹੈਂ॥ ਤੁਛ ਮਾਤਰ ਹੈਂ ਧਨ ਜਿਨਕੇ ਪਾਸ ਅਰ ਵਿਚਾਰ ਸੇ ਰਹਿਤ ਪੁਨਾ ਸਠ ਸ਼ਾਸਤ੍ਰ ਸੰਸਕਾਰੋਂ ਸੇ ਬਿਨਾ ਅਰ ਮਨ ਕੇ ਮੂੜ ਜਿਨਕੇ ਮਨ ਮੇਂ ਦਯਾ ਆਦਿ ਧਰਮ ਨਹੀਂ ਹੈ। ਅਰ ਬਾਨੀ ਭੀ ਅਹੰਕਾਰ ਕਰ ਕੌੜੀ ਬੋਲਤੇ ਹੈਂ॥ ਪੁਨਾ॥ ਜਿਨਕੇ ਚਿਤ ਪਦਾਰਥੋਂ ਕੀ ਚਿੰਤਾ ਕਰ ਸੜ ਰਹੇ ਹੈਂ ਹੇ ਮਨ ਐਸੇ ਪੂਰਬੋਕਤ ਧਨਵਾਨੋਂ ਕਾ ਨਾਮ ਮਾਤਰ ਭੀ ਜਿਸ ਬਨ ਮੈ ਕਬਹੂ ਕੰਨਾਮੇਂ ਨਾ ਪੜੇ॥ ਤਿਸ ਮਹਾਂ ਬਨ ਮੇਂ ਜਾਇ ਸਿਥਿਤ ਹੋ॥੪੫॥

ਮੂਲ॥ ਦੋਹਰਾ॥ ਸ਼ਬਦ ਖਲੋਂ ਕੋਂ ਨਾਮ ਕੇ ਪਰੇ
ਨ ਕਰਣ ਮਝਾਰ॥ ਐਸੇ ਨਿਰਜਨ ਬਨ ਬਿਖੇ
ਬਸੇ ਬੁੱਧਿ ਬਰਬਾਰ॥ ੪੬॥

Sri Satguru Jagjit Singh Ji eLibrary NamdhariElibrary@gmail.com

ਟੀਕਾ ॥ ਜਿਸ ਅਸਥਾਨ ਮੇਂ ਮੂਰਖੋਂ ਪੁਰਸ਼ੋਂ ਕੇ ਨਾਮਕਾ ਸ਼ਬਦ ਕੰਨਾਮੈਨਾ ਪੜੇ ਐਸਾ ਜੋ ਨਿਰਜਨ ਬਨ ਤਿਸਮੈ ਵਸ ਹੇ ਬੁਧੀ ਬਰ ਕਹੀਐ ਸ਼੍ਰੇਸ਼ਟ ਹੈ ਏਹ ਬਾਰਕਹੀਐਵਾਰਮਾਨੁਖ ਸਰੀਰ ਕੀ ਪੁਨਾ ਨਾ ਪ੍ਰਾਪਤ ਹੋਵੇਗਾ ਏਹਵੇਲਾ॥ਯਥਾਗੁਰੂ ਸ੍ਰੁਤੀ ॥ ਏਹੀ ਤੇਰੀਔਸਰ ਏਹੀ ਤੇਰੀ ਬਾਰ ॥ ਪੁਃ ॥ ਕਹਿਤ ਕੱਬੀਰਜੀਤਕੈਹਾਰ॥ਬਹੁਬਿਧਿਕਹਜੋਪੁਕਾਰਪੁਕਾਰ ਤਾਤੇਹੇ ਬੁਧੀਪੂਰਬੋਕਤ ਪ੍ਰਕਾਰਵਿਚਾਰ ਸੰਪੰਨ ਹੋਕੇਜੋਕਹਜਾਹੈਨੀਲ ਕੰਠਮਾਹਿ ਉਤਕੰਠਾਠਾਨੀਐ ॥ ਭਾਵ ਯੇ ਉਪਾਸਨਾ ਸਪੰਨ ਹੋਕੇ ਮੋਖਕੀ ਪ੍ਰਾਪਤੀ ਵਾਸਤੇ ਬਨਮੇਂ ਬਸੋ॥ ਨਨੂ ॥ਉਪਾਸ-ਨਾਦਿ ਅਭਯਾਸ ਬਿਨਾ॥ਕੇਵਲ ਤਯਾਗਸੇ ਬਨਮੇਂਰਹਨੇਕਰ ਮੋਖਯ ਨਾ ਹੋਵੇਗੀ॥ਉਤਰ॥ਕੇਵਲ ਤਯਾਗ ਸੇ ਉਪਾਸਨਾਦਿ ਅਭਯਾਸ ਬਿਨਾ ਮੋਖ ਹੋਵੇ ਨਹੀਂ ॥ ਨਨੂ ॥ ਮੋਖ ਨਾ ਹੋਵੇਗੀ ਤੋ ਸ੍ਵਰਗ ਹੀ ਸਹੀ ॥ ਉੱਤਰ ॥ ਵਿਚਾਰ ਬਿਨਾ ਮੂਰਖ ਪੁਰਖ ਉਪਾਸ਼ਨਾਦਿ ਸੇ ਰਹਿਤ ਹੋਯਾਹੋਯਾ ਜਾ ਰਹਜਾ ਹੈ ਜੰਗਲਾਦਿ ਅਸਥਾਨੋਂਮੇਂ ਤਹਾਂਭੀਮਨੋਰਾਜਹੀਕਰੇ ਹੈਅਨ ਤਿਆਗੇ ਕੀ ਨਿਆਈਂ ਯਾਂਤੇ ਸੁਵਰਗਕੋ ਭੀ ਪ੍ਰਾਪਤ ਹੋਵੇ ਨਹੀਂ । ਸੋ ਮਨੋਰਾਜਾਦਿ ਖਾਵੇ ਹੈਂ ਯਥਾ ॥੪੬॥

**ਸ੍ਵੈਯਾ ॥ ਸਠਜਾਹਿ ਪਤਾਲ ਕੋਸੂੰਨਕੋ ਲਾਂਘ ਕੈ ਸੂੰਨੇ ਫਿਰੈ ਦਿਗ ਮੰਡਲ ਧਾਵਤ ॥ ਬਿਨੁ ਭਾਗੁ ਮਿਲੇ ਨ ਧਨਾਦਿ ਸੁਖੰਤਵ ਚੰਚਲਤਾ**

Sri Satguru Jagjit Singh Ji eLibrary NamdhariElibrary@gmail.com

**ਦੁਖਹੇਤ ਜਨਾਵਤ ॥ ਤਤਬ੍ਰਹਮ ਨਿਜਾਮ ਸ਼ੁੱਧ
ਮਨਾ ਭ੍ਰਮ ਸੋਪਿ ਕਬੀ ਸੁਖ ਹੇਤ ਨ ਧਜਾਵਤ॥
ਤਵਦੁੰਦ ਜਬੇ ਭਵਸਿੰਧੁ ਤਬੈ ਤਵ ਸਾਂਤਿ ਭਏ
ਬਿਨ ਸ਼ਾਂਤਿ ਨ ਆਵਤ ॥ ੪੭ ॥**

ਟੀਕਾ ॥ ਹੇ ਮਨ ਮੂਰਖ ਪੁਰਖ ਕਾ ਮਨ ਨੋਰਾਜ ਕਰਦਾ ਹੂਆ ਪਤਾਲ ਕੋ ਜਾਤਾ ਭਯਾ ਅਕਾਸ਼ਕੋ ਤਜਾਗਕਰਤਿਸ ਸੇਖਾਲੀ ਫਿਰ ਆਵਤਾ ਭਯਾ ਪੁਨਾ ਦਸੋਂ ਦਿਸਾ ਕੇ ਮੰਡਲਾਂ ਕੇ ਜਾਤਾ ਭਯਾ॥ ਹੇ ਮਨ ਕਰਮਾ ਬਿਨਾ ਧਨਾਦਿ ਸਰਬੰਧੀਆਂ ਕਾ ਸੁਖ ਪ੍ਰਾਪਤ ਹੋਤਾ ਨਹੀਂ ਅਰ ਤੇਰੀ ਜੋ ਚੰਚਲਤਾ ਹੈ ਸੋ ਕੇਵਲ ਦੁਖ ਕਾ ਹੇਤੂ ਜਾਨੀਤੀ ਹੈ॥ ਹੇ ਮਨ ਜੈਸੇ ਧਨ ਵਾਸਤੇ ਭਟਕਤਾ ਹੈਂ ਤੈਸੇ ਸੋ ਜੋ ਸ਼ੁਤਿ ਪ੍ਰਤਿ ਪਾਦਕ ਬ੍ਰਹਮ ਹੈ ਆਪਨਾ ਆਤਮਾ ਮਾਯਾ ਅਵਿਦਿਆ ਸੇ ਰਹਿਤ ਸ਼ੁਧ ਤਿਸਕੋ ਭੂਲਕੇ ਭੀ ਸੁਖ ਵਾਸਤੇ ਨਹੀਂ ਸਿਮਰਦਾਂ ॥ ਨਨੂ॥ ਜੋ ਬ੍ਰਹਮ ਪ੍ਰੋਖਜ ਹੈ ਦਿਸਦਾ ਨਹੀਂ ਸੋ ਮੇਰਾ ਆਤਮਾ ਕੈਸੇ ਹੈ। ਮੈਂ ਭਿੰਨ ਸੇ ਭਿੰਨ ॥ ਉੱਤਰ ॥ ਹੇ ਮਨ ਤੇਰੇ ਮੈਂ ਦ੍ਵੈਤ ਹੈ ਜਬ ਪ੍ਰਯੰਤ ਤਿਨਾਂ ਚਿਰਹੀ ਜਨਮ ਹੈ ਤੇਰੇ ਕੋ ਸੰਸਾਰ ਸਿੰਧ ਮੈ ॥ ਦ੍ਵੈਤ ਸੇ ਹਟਕੇ ਤੇਰੇ ਕੋ ਸਾਂਤ ਭਏ ਬਿਨਾ ਜਨਮ ਮਰਨ ਕਾ ਅੰਤ ਨਹੀਂ ਹੁੰਦਾ। ਅੰਤਨਾਮ ਨਾਸ਼ ਕਾ ਹੈ ਆਵਤ ਨਾਮ ਪ੍ਰਾਪਤੀ ਕੋ ਹੈ ॥ ਅਰਥ ॥ ਏਹ ਤੇਰੇ ਸ਼ਾਂਤ ਭਏ ਬਿਨਾ ਜਨਮ ਮਰਨ ਕਾ ਅੰਤ ਪ੍ਰਾਪਤ ਨਹੀਂ ਹੋਤਾ ॥੪੭॥

Sri Satguru Jagjit Singh Ji eLibrary NamdhariElibrary@gmail.com

**ਚੌਪਈ ॥ ਮੂਢਕਰੇਪਾਤਾਲਪ੍ਰਵੇਸ਼ਾ॥ ਦੇਖਜੋ ਚਾਹੇ ਦੇਸ ਫਣੇਸਾ ॥ ਬਿਸ਼ਨ ਸਹੰਸ੍ਰ ਨਾਮ ਨ ਵਤਨ ਕੋ॥ਭਾਖਹਿੰ ਸ਼ੇਖਪਿਖੋਤਾਤਨਕੋ॥੪੮॥**

ਟੀਕਾ॥ ਮੂਰਖ ਪਤਾਲ ਮੇ ਪਰਵੇਸ਼ ਕਰੇ ਹੈਂ ਫਣ ਧਾਰਨੇ ਹਾਰੇ ਜੋ ਨਾਗ ਤਿਨ ਕਾ ਸੁਆਮੀ ਜੋ ਸ਼ੇਸ਼ਨਾਗ ਹੈ ਤਿਸ ਕਾ ਦੇਸ ਦੇਖਨ ਦੀ ਚਾਹ ਕਰ ਐਸੀ ਇਛਾ ਭੀ ਕਰੇ ਹੈਂ ਵਿਸ਼ਨੂ ਕੇ ਹਜ਼ਾਰ ਨਾਮ ਨਵੀਨ ਜੋ ਰੋਜ ਲੇਤਾ ਹੈ ਤਿਸ ਸ਼ੇਸ਼ ਕੇ ਸਰੀਰ ਕੋ ਭੀ ਦੇਖੂੰਗਾ ॥ ੪੮ ॥

**ਮੂਲ ॥ ਫਨ ਸਹੰਸ੍ਰ ਪਰ ਮਣਿ ਅਵਤੰਸਾ ॥ ਭਾਸਹਿ ਤਮ ਧ੍ਵੰਸਕ ਸਮ ਹੰਸਾ ॥ ਲਜਾਵੇ ਕਿਵੇਂ ਏਕ ਮਣਿ ਹਰ ਕੇ ॥ ਨਾਸੇ ਸਭ ਕਲੇਸ਼ ਤਬ ਘਰ ਕੇ ॥ ੪੯ ॥**

ਟੀਕਾ ॥ ਕੈਸਾ ਹੈ ਸ਼ੇਸ਼ਨਾਗ ਹਜ਼ਾਰ ਹੈਂ ਫਨ ਜਿਸ ਕੇ ਤਿਨ ਫਨੋਂ ਕੇ ਊਪਰ ਮਣੀਆਂ ਹੈ ਭੂਖਨ ਰੂਪ ਬਹੁਤ ਸੁੰਦਰ ਪਰਕਾਸ਼ ਰਹੀਆਂ ਹੈਂ ਅੰਧਕਾਰ ਕੇ ਨਾਸ ਕਰਨੇ ਹਾਰੀਆਂ ਸਦਰਸ ਸੂਰਜ ਕੇ ਕਿਵੇ ਕਹੀਐ ਕਿਸੇ ਯਤਨ ਸੇ ਏਕ ਮਣੀ ਤਿਸ ਸੇ ਠੱਗ ਕੇ ਲੈ ਆਵੂੰਗਾ ਜਬ ਮਣੀ ਪਾਸ ਆਗਈ ਤਬ ਘਰ ਕੇ ਸਭ ਦੁਖ ਨਾਸ ਹੋ ਜਾਣ ਗੇ ॥ ੪੯ ॥

**ਮੂਲ ॥ ਤਹਤੇ ਮੂਢ ਸੂੰਨ ਮੁੜ ਆਵਹਿ ॥ਪ੍ਰ**

Sri Satguru Jagjit Singh Ji eLibrary NamdhariElibrary@gmail.com

ਨਾ ਕਾਸ ਕੋ ਲਾਂਘ ਸਿਧਾਵਹਿ ॥ ਸੁਰਪਤਿ ਲੋਕ ਵਿਲੋਕਨ ਕਾਰਣ ॥ ਸੁਧਾ ਤੜਾਗ ਕਲਪ ਤਰੁਵਾਰਣ ॥ ੫੦ ॥

ਟੀਕਾ ॥ ਜਬ ਮਣੀ ਲੈਣੇ ਪਰਯੰਤ ਮਨੋਰਾਜ ਕਰਾ ਤਬ ਐਸੇ ਸੰਕਲਪ ਹੂਆ ਜੋ ਮੇਰੇ ਕੋ ਸ਼ੇਸ਼ਨਾਗ ਕਾਟਕੇ ਨਾ ਮਾਰ ਦੇਵੇ ਇਸ ਸੰਕਲਪ ਕਰ ਤਾਂਤੇ ਮੂਰਖ ਖਾਲੀ ਮੁੜ ਆਵਤਾ ਭਯਾ ਫੇਰ ਆਕਾਸ਼ ਕੋ ਲਗਾ ਜਾਣੇ ਇੰਦ੍ਰਲੋਕ ਦੇਖਨੇਵਾਸਤੇ ਤਥਾ ਅੰਮ੍ਰਿਤ ਕਾ ਤਾਲ ਅਰ ਕਲਪਬਿਰਛ ਤਥਾ ਸਵੈਦ ਜੋ ਹਾਥੀ ਹੈ ਇੰਦ੍ਰ ਕਾ ਐਰਾਵਤੀ ਤਿਸਕੋ ਦੇਖਣ ਹੇਤ ॥ ੫੦ ॥

ਮੂਲ ॥ ਸੁਰ ਭੀ ਨੰਦਨ ਬਨ ਉਪਬਨ ਕੋ ॥ ਦਰਸੋ ਸੁਰਨ ਸਹਿਤ ਬਾਹਨ ਕੋ ॥ ਬੈਸ ਪਾਕ ਸਾਸਨ ਸਿੰਘਾਸਨ ॥ ਕਰਹਿ ਕਵਣ ਬਿਧਿ ਬੁਧ ਹਿਸਾਸਨ ॥ ੫੧ ॥

ਸੁਰ ਭੀ ਜੋ ਕਾਮਧੇਨ ਗਊ ਹੈ ਅਰ ਨੰਦਨ ਬਨ ਜੋ ਹੈ ਉਪ ਬਨ ਕੇ ਸਹਿਤ ਉਪ ਬਨ ਨਾਮ ਛੋਟਿਆਂ ਬਨੋਂ ਕਾ ਹੈ ਤਿਨ ਕੋ ਦੇਖੂੰਗਾ ਅਰ ਸਹਤ ਵਾਹਨਾ ਕੇ ਦੇਵਤਾਂ ਕੋ ਦੇਖੂੰਗਾ ਅਰ ਪਾਕ ਸਾਸਨ ਜੋ ਇੰਦ੍ਰ ਹੈ ਸੋ ਸਿੰਘਾਸਨਪਰ ਬੈਠ ਕਰ ਕਿਸ ਪ੍ਰਕਾਰ ਦੇਵਤਿਓਂ ਕੋ ਤਾੜਨੇ ਕੀ ਵਾ ਸੇਵਾ ਕੀ ਆਗਿਆ ਦੇਤਾ ਹੈ ਏਹ ਦੇਖੂੰਗਾ ॥ ੫੧ ॥

Sri Satguru Jagjit Singh Ji eLibrary NamdhariElibrary@gmail.com

ਮੂਲ ॥ ਕਿਵੇ ਪਰੇਮਮਹਿਤ ਪਰਚੇਜਬ॥ ਨਿ ਜ ਗ੍ਰਿਹ ਪਠਵੇਂ ਦਿਵਜ ਭੋਗ ਤਬ॥ ਇਤਰੀਤੇ ਉਤ ਰੀਤੇ ਆਵਹਿ ॥ ਪੁਨਿ ਦਿਗ ਮੰਡਲ ਕੋ ਉਠਿ ਧਾਵਹਿ॥ ੫੨ ॥

ਟੀਕਾ ॥ ਦੇਖਦਿਆਂ ਹੋਇਆਂ ਕਿਸੇ ਤੌਰ ਸੇ ਇੰਦ੍ਰ ਨਾਲ ਮੇਰਾ ਪਰਚਾ ਪੜਗਿਆ ਜਬ ਤਬ ਮੈਂ ਆਪਨੇ ਘਰਕੋਦੇਵ ਲੋਕਕੇ ਬਮੇ ਸੁੰਦਰ ਅਸਚਰਯ ਪਦਾਰਥ ਭੇਜੂੰਗਾ ਐਸੇ ਮਨੋ ਰਾਜ ਕਰਤੇ ਕੋ ਫੁਰਨਾ ਹੂਆ ਜੋ ਦੇਵਤਾ ਤਿਸਸੇ ਭੈ ਕਰਤੇ ਹੈਂ ਅਰ ਮੈਂ ਮਾਨੁਖ ਤਿਸਪੈ ਕੈਸੇ ਜਾਊਂਗਾ ਮੇਰੇ ਤੋ ਦੇਵਤਜਾਂ ਜਿਤਨੇ ਪੁੰਨ ਭੀ ਨਹੀਂ ਹੈਂ ਐਸੇ ਪੂਰਬੋਕਤ ਮਨੋਰਾਜ ਕਰਤਾ ਹੋਇਆ ਇਧਰੋਂ ਸਖਣਾਗਿਆ ਓਧਰੋਸਖਣਾਆਵਤਾਭਯਾ ॥ਪੁਨਾਮਨੋਰਾਜਕਰਦਸੋਦਿਸ਼ਾਕੇਦੇਸਾਂਮੈ ਧਾਵਤਾਭਯਾ ੫੨

ਮੂਲ ॥ ਦੂਰਗਮ ਵਿਖਮ ਅਦਰਸੀ ਠੌਰਹਿ ॥ ਦਰਬਨਮਿੱਤ ਨਿਰੰਤਰ ਦੌਰਹਿ॥ ਚਿਤਚਪਲ ਤਾ ਕਰ ਅਹਿ ਨਿਸਮੈ ॥ ਭਟਕਹਿ ਬਸਰਬ ਕਹਾਂ ਦਸ ਦਿਸ ਮੈ ॥ ੫੩ ॥

ਟੀਕਾ ॥ ਕੈਸੇ ਹੈਂ ਸੋ ਦੇਸ ਦੂਰ ਹੈ ਜਾਣਾ ਜਿਨਕਾਅਰਔਖਾ ਹੈ ਮਾਰਗ ਆਗੇ ਕਬੀ ਜੋ ਦੇਖੇ ਨਹੀਂ ਹੈਂ ਤਿਨ ਦੇਸੋਂ ਮੈਂ ਧਨ ਵਾਸਤੇ ਇਕ ਮਨ ਹੋਕਰ ਦੌੜਤਾ ਭਯਾ ਅਰ ਚਿੱਤਕੀ

Sri Satguru Jagjit Singh Ji eLibrary NamdhariElibrary@gmail.com

ਚਪਲਤਾ ਕਰ ਦਿਨ ਰਾਤ ਮੈ ਭਟਕਤਾ ਭਯਾ ਦਸੋਦਿਸਾ ਮੇਂ ਪਰੰਤੂ ਕਹਾਕਹੋਂ ਤਿਸਕੇ ਦੁਖਕੋ ਅੰਨ ਤਥਾ ਜਲ ਸੇ ਬਿਨਾ ਭੀ ਸਹਤ ਉਨੀਂਦਰੇ ਕੇ ਫਿਰਤਾ ਭਯਾ ਪਰੰਤੂ ਖਾਲੀ ਹੀ ਰਹਿਆ ਹਾਥ ਕੁਛ ਨਾ ਮਿਲਾ ॥ ੫੩ ॥

**ਮੂਲ ॥ ਤਤ ਨਿਰਮਲ ਬ੍ਰਹਮਾਤਮ ਰੂਪਾ ॥ ਸਾਖੀ ਸੁੱਧ ਅਸੰਗ ਅਰੂਪਾ ॥ ਭ੍ਰਮ ਕਰਿ ਭੀ ਕਬ ਹੂੰ ਕਹੂਰੀਤੇ ॥ ਨਹਿ ਸਿਮਰਸਿ ਨਿਜ ਬ੍ਰਹਮ ਅਭੀਤੇ ॥ ੫੪ ॥**

ਟੀਕਾ ॥ ਤਤਸੋ ਜੋ ਬ੍ਰਹਮ ਵਿਆਪਕ ਹੈ ਨਿਰਮਲ ਜਿਸ ਵਿਖੇ ਕਦਾਚਿਤ ਰੱਸੀ ਮੇਂ ਸਰਪ ਕੀ ਨਿਆਈਂ ਸੰਸਾਰਰੂਪੀ ਮਲ ਹੋਈ ਹੀ ਨਹੀਂ ॥ ਐਸਾ ਜੋ ਆਤਮਾ ਕਹੀਐਆਪਨਾ ਸਰੂਪ ਸਰਬਇੰਦ੍ਰੀਓਂ ਕੇ ਵਿਹਾਰ ਕਾ ਸਾਖੀ ਅਰਰਾਗਦ੍ਵੈਸ਼ ਰੂਪੀ ਮਲ ਸੇ ਬਿਨਾ ਸੁਧ ॥ ਪੁਨਾ ਅੰਤਹਕਰਣ ਕੇ ਧਰਮੋਂ ਸੇ ਅਸੰਗ ਅਰ ਅਰੂਪਸਰੀਰਾਦਿ ਵਿਅਕਤੀ ਸੇ ਬਿਨਾ ॥ ਹੇ ਮਨ ਭੁਲ ਕਰਕੇ ਭੀ ਕਬੀ ਕਿਸੀ ਬਹਾਨੇ ਸੇ ਨਹੀਂ ਸਿਮਰਦਾ ਬ੍ਰਹਮ ਸਰੂਪ ਆਪਨੇ ਆਤਮਾ ਕੋ ਅਭੈ ਹੋਨੇ ਵਾਸਤੇ ਇਸਮੇਂ ਅਪੂਰਬਤ ਰੂਪੀ ਲਿੰਗਕਰ ਉਪਦੇਸ਼ ਕੀਯੋ ਜੈਜੇ ਰੱਸੀਮੈਂ ਸਰਪ ਹੈ ਨਹੀਂ ਤੈਸੇ ਤੇਰੇ ਸਰੂਪ ਮੈਂ ਸੰਸਾਰਜਨਮਮਰਨ ਕਬੀ ਨਹੀਂ ਹੂਆ ਏਹ ਅਪੂਰਬਤਾ ਹੈ ॥ ਨਨੂ ॥ ਅਸੰਗਰੂਪ

Sri Satguru Jagjit Singh Ji eLibrary NamdhariElibrary@gmail.com

ਜੋ ਬ੍ਰਹਮ ਜਿਸ ਵਿਖੇ ਰੱਸੀ ਕੇ ਸਰਪਵਤ ਸੰਸਾਰ ਕਬੀ ਹੂਆ ਨਹੀਂ ਸੋ ਮੇਰਾ ਆਤਮਾ ਕੈਸੇ ਹੈ ਸੋ ਸਰਬੱਗਜ ਵਿਆਪਕ ਅੰਤ੍ਰਯਾਮੀ ਹੈ ਮੈਂ ਅਲਪੱਗ ਪਰਛਿੰਨ ਭੁਖ ਤ੍ਰਿਖਾ ਕੇ ਸਹਤ ਪ੍ਰਤਖ ਤੇ ਸਰੀਰ ਰੂਪ ਮੇਰਾ ਸਕਾਰ ਪ੍ਰਤੀਤ ਹੋਤਾ ਹੈ। ਮੈਂ ਬ੍ਰਹਮ ਕੈਸੇ ॥ ਉੱਤਰ ॥ ੫੪ ॥

**ਮੂਲ। ਵਜਸ਼੍ਰ ਸਮਸ਼੍ਰ ਉਪਾਧਿ ਭੇਦ ਕਰਿ॥ ਜੀਵ ਈਸ਼੍ਵਰ ਕਾ ਦੁਧ ਭਿਦਾਪਰ॥ ਮਾਯਾ ਅ-ਵਿਦਿਜਾ ਮਿਲਿ ਮਿਲ ਭਾਸੇ ॥ ਮੁਗਧੋ ਕੇ ਉਰ ਮਹਿ ਪ੍ਰਕਾਸ਼ੇ ॥ ੫੫ ॥**

ਟੀਕਾ ॥ ਵਿਜਸ਼ਟ ਪ੍ਰਛਿਨਤਾ ਤਥਾ ਅਗਿਆਨਤਾ ਸਮਸ਼ਟ ਵਿਆਪਕਤਾ ਤਥਾ ਸਰਬੱਗਤਾ ਇਸ ਉਪਾਧਕ ਭੇਦ ਕਰ ਜੀਵ ਅਰ ਈਸ਼ਰ ਕਾ ਦੋ ਪ੍ਰਕਾਰ ਕਾ ਭੇਦ ਪੜਿਆ ਹੋਇਆ ਪ੍ਰਤੀਤ ਹੋਤਾ ਹੈ। ਮਾਯਾ ਸਾਥ ਮਿਲਿਆ ਹੋਇਆ ਜੋ ਚੇਤਨ ਹੈ ਤਿਸ ਮੈਂ ਤੋ ਮਾਯਾ ਕ੍ਰਿਤ ਸਰਬਗਤਾਦਿ ਧਰਮ ਪ੍ਰਤੀਤ ਹੋਵੇ ਹੈਂ ਅਰ ਅ-ਵਿਦਜਾ ਸਾਥ ਮਿਲਜਾ ਹੋਇਆ ਜੋ ਚੇਤਨ ਕਾ ਅੰਸ਼ ਤਿਸ ਮੇਂ ਅਵਿਦਿਆ ਕ੍ਰਿਤ ਅਗਿਆਤਤਾ ਆਦਿ ਧਰਮ ਪ੍ਰਤੀਤ ਹੋਵੈ ਹੈਂ ਪਰੰਤੂ ਪੂਰਬ ਕਥਨ ਕਰਿਆ ਜੋ ਮਾਯਾ ਅਵਿਦਜਾ ਕ੍ਰਿਤ ਭੇਦ ਸੇ ਮੁਗਧ ਜੋ ਪੁਰਸ਼ ਹੈਂ ਤਤੋਂ ਕੇਨਾ ਸਖਝਟੇ ਹਾਵੇ ਤਿਨਕੇ ਹਿਰਦੇ ਮੇਂ ਭਾਸੇ ਹੈ ॥ਨਨੂ॥ ਯਦਪਿ ਉਪਾਧੀ ਕ੍ਰਿਤ ਹੈ ਤੌ ਭੀ ਪ੍ਰਤੀਤ ਤੋ ਹੋਤਾ ਹੈ ॥ ਉੱਤਰ ॥ ੫੫ ॥



Sri Satguru Jagjit Singh Ji eLibrary NamdhariElibrary@gmail.com

**ਮੂਲ॥ ਤੱਦਪ ਵਿਮਲ ਲਖੇ ਤਿਹ ਨਿਰਦੁਖ॥ ਜਾਸ ਜਾਹਿ ਪਿਖੇ ਨਸ ਜਾਹਿਂ ਨਿਖਲ ਦੁਖ। ਜਾਸ ਲਾਭ ਕਰਿ ਲਾਭ ਅਪਰਨਾ॥ ਜਾ ਸੁਖ ਕਰਿ ਸੁਖ ਅਵਰ ਨ ਵਰਨਾ॥ ੫੬॥**

ਟੀਕਾ—ਹੇਮਨ ਯਦਪਿਭੇਦ ਪ੍ਰਤੀਪ ਹੋਵੈਹੈ ਤਥਾਪਿ ਨਿਰ ਦੁਖ ਜੋ ਬ੍ਰਹਮਵੇਤਾ ਪੰਡਿਤ ਹੈ ਸੋ ਤਿਸ ਉਪਾਧੀਕੋ ਤਿਆਗ ਕਰ ਜੀਵ ਈਸ਼ਰ ਜਗਤਕੋ ਨਿਰਮਲ ਸ਼ੁਧ ਸਚਦਾਨੰਦਰੂਪ ਜਾਨੇਹੈ। ਜਿਸ ਸਚਦਾਨੰਦ ਰੂਪ ਅਧਿਸ਼ਟਾਨਕੇਪਿਖੇਤੇਨਾਸ ਹੋਜਾਤਾਹੈ ਸੰਪੂਰਨ ਦੁਖਰੂਪ ਸੰਸਾਰ ਅਰ ਜਿਸਕੀ ਪ੍ਰਾਪਤੀ ਸੇ ਪਰੇ ਹੋਰ ਪ੍ਰਾਪਤੀ ਨਹੀਂਹੈ॥ ਅਰ ਜਿਸ ਸੁਖਰੂਪ ਬ੍ਰਹਮ ਕੀ ਪ੍ਰਾਪਤਿਕਰ ਤਿਸਸੇ ਪਰੇ ਹੋਰ ਸੁਖ ਵਰਨਨ ਨਹੀਂ ਕੀਆ। ਜੈਸੇ ਰਸੀਕੋ ਦੇਖਨੇਤੇ ਸਾਰਪ ਰੱਸੀਮੈ ਲੀਨਹੋਵੈਹੈ॥ ਤੈਸੇ ਜਗਤ ਬ੍ਰਹਮ ਸਰੂਪ ਆਤਮਾ ਮੈਂ ਲੀਨ ਹੋਵੈ ਹੈ॥ ਜਗਤ ਕੀ ਲੀਨਤਾ ਬ੍ਰਹਮ ਮੈਂ ਕਥਨ ਕਰ ਉਪ ਸੰਘਾਰ ਰੂਪ ਲਿੰਗ਼ਸੇ ਉਪਦੇਸ਼ ਕੀਓ॥ ੫੬॥

**ਮੂਲ॥ ਏਕਬਾਰ ਹ੍ਵੈ ਦਰਸ਼ਨ ਜਾਕੋ। ਦੇਖਨਯੋਗ ਰਹੇ ਪੁਨਨਾਕੋ॥ ਜਾਂ ਸਰੂਪ ਹੁਇ ਕਰਭਵ ਮਾਂਹੀਂ। ਇਤਰ ਰੂਪਪੁਨ ਹੋਵੈਨਾਹੀਂ॥ ੫੭॥**

ਟੀਕਾ—ਜਾਂ ਪੁਰਸ਼ਕੋ ਏਕਵਾਰਬ੍ਰਹਮਸਰੂਪਆਤਮਾਕਾ ਦਰਸ਼ਨ ਭਯਾ ਹੈ। ਪੁਨਾ ਤਿਸ ਪੁਰਸ਼ਕੋ ਹੋਰ ਦੇਖਨ ਕੇ ਯੋਗ

Sri Satguru Jagjit Singh Ji eLibrary NamdhariElibrary@gmail.com

ਕੁਛ ਰਹਿਆ ਨਹੀਂ ਹੈ ॥ਜਾਂ ਬ੍ਰਹਮ ਸਰੂਪ ਕੋ ਪ੍ਰਾਪਤ ਹੋਕਰ ॥ ਪੁਨਾ ਜੀਵ ਰੂਪਕੋ ਪੁਰਸ਼ ਨਹੀਂ ਪ੍ਰਾਪਤ ਹੋਤਾ ॥ ੫੭ ॥

**ਮੂਲ ॥ ਜੋ ਸਰਬੈਕ ਸਮਾਨ ਸਮਾਨਾ ॥ ਤੋ ਮੈ ਭੀ ਸੋ ਰਮਜੋ ਨ ਆਨਾ ॥ ਤੂ ਨ ਸਰਬਤੇ ਅਨਤਜਜਾਤੇ ॥ਵਹੀ ਰੂਪਤਵ ਨਿਸ੍ਰੈ ਤਾਤੇ॥੫੮ ॥**

ਟੀਕਾ—ਹੇਮਨ ਜੋ ਸਰਬ ਮੈਂ ਏਕ ਸਮਾਨ ਸਮਾਨਾ ਹੈ। ਸੋ ਬ੍ਰਹਮ ਹੈ ਮੈ ਕਹੀਐ ਤੇਰੇ ਸੇ ਭੀ ਸਰਬਕੀ ਨਿਆਈਂ ਵਖਰਾ ਰਮਜੋ ਨਹਿ ॥ ਅਰਥ ਏਹ ਜੋ ਸਰਬ ਮੇਂ ਹੈ ॥ ਜੋ ਤੇਰੇ ਮੇਂ ਹੈ ਸੋ ਸਰਬ ਮੇਂ ਹੈ ਜਾਂਤੇ ਕਹੀਐ ਜਿਸਤੇ ਵਹੀ ਬ੍ਰਹਮ ਤਵ ਰੂਪ ਹੈ ॥ ਤਾਂਤੇ ਕਹੀਐ ਤਿਸਤੇ ਹੀ ਤੂੰ ਸਰਬ ਤੇ ਭਿੰਨ ਨਹੀਂ ਹੈ॥ਨਿਸਚੇ ਕਰਕੇ ॥ ਅਰਥ ਏਹ ਜੀਵ ਈਸ੍ਵਰ ਸੰਸਾਰ ਸਰਬ ਬ੍ਰਹਮ ਰੂਪ ਹੈ ਏਹਉਪਦੇਸ਼ ਫਲ ਰੂਪ ਲਿੰਗ ਸੇ ਦੀਓ ॥ ੫੮ ॥

**ਮੂਲ ॥ ਬ੍ਰਹਮਸਰਬਮੈ ਪੂਰਣ ਜੈਸੇ ॥ ਸਰਬ ਵਿਖੇਤੁਮਪੂਰਣਤੈਸੇ॥ਜਾਂਤੇ ਸ਼੍ਰੁਤਿਤਬ ਬ੍ਰਹਮ ਵਖਾਨਾ ॥ਤਾਂਤੇਤਵਬਪੁ ਯਾ ਭੇਵਨਨਾ॥੫੯॥**

ਟੀਕਾ ॥ ਜੈਸੇ ਬ੍ਰਹਮ ਸਰਬ ਮੇਂ ਪੂਰਣ ਹੈ ਤੈਸੇ ਤੂੰ ਸਰਬ ਪੂਰਣ ਹੈ ਇਸਤੇ ਹੀ ਵੇਦਨੇ ਤੇਰੇ ਕੋ ਬ੍ਰਹਮਰੂਪ ਕਰਕਥਨ ਕਰਿਆ ਹੈ ਯਥਾ ਸ਼੍ਰੁਤੀ ॥"ਐਅੰਜੋਤੀਪੁਰਸ਼ਾ॥" ਸੰਸਾਰ

Sri Satguru Jagjit Singh Ji eLibrary NamdhariElibrary@gmail.com

ਤੇਰੇ ਬ੍ਰਹਮ ਸਰੂਪ ਸੇ ਉਤਪਤ ਭਯਾ ਹੈ ॥ ਇਸਤੇ ਹੀ ਯਾ ਸੰਸਾਰ ਨਾਨਾ ਪ੍ਰਕਾਰ ਕਾ ਤੇਰਾ ਸਰੂਪ ਹੈ ਇਸ ਮੇਂ ਉਪ- ਕ੍ਰਮ ਲਿੰਗਕਰ ਉਪਦੇਸ਼ ਦੀਓ ॥ ਨਨੂ ॥ ਅਸਥੂਲ ਸਰੀਰ ਰੂਪ ਮੇਰਾ ਆਤਮਾ ਹੈ ॥ ਉਤ੍ਰ ॥ ੫੯ ॥

**ਮੂਲ ॥ ਭੂਤਨ ਕੋ ਹੈ ਪੂਤ ਅਮੂਤਨ ॥ ਜੜ ਪਰਮਾਣ ਨਾਸ ਹੈ ਮ੍ਰਿਦਜਨ ॥ ਚੇਤਨ ਇਕ ਰਸ ਅਵਯ ਆਤਮ ॥ ਤਾਂ ਬਿਨ ਜੜ ਸੰਘਾਤ ਅਨਾਤਮ ॥ ੬੦ ॥**

ਟੀਕਾ ॥ ਹੇ ਮਨ ਏਹ ਜੋ ਸੰਸਾਰ ਹੈ ਸੋ ਜਲ ਪ੍ਰਿਥਵੀ ਆਦ ਜੜ ਭੂਤਨ ਕਾ ਕਾਰਯ ਹੈ। ਇਸਤੇ ਹੀ ਜੜਹੈਅਰ ਪ੍ਰਣਾਮੀ ਵਧਨੇ ਘਟਨੇ ਹਾਰਾ ਹੈ ॥ ਪੁਨਾ ਨਾਸ਼ਰੂਪ ਹੈਘਟ ਕੀ ਨਿਆਈਂ ਅਰ ਤੇਰਾ ਜੋ ਬ੍ਰਹਮ ਸਰੂਪ ਆਤਮਾ ਹੈ ਸੋ ਚੇਤਨ ਹੈ ਅਰ ਸਰਬ ਪ੍ਰਣਾਦਿ ਇੰਦ੍ਰੀਓਂ ਮੇਂ ਤਥਾ ਤੀਨੋਂ ਅਵ- ਸਥਾ ਮੇਂ ਏਕ ਰਸ ਵਜਾਪਕ ਹੈ ॥ ਪੁਨਾ ਅਰੂਪ ਹੈ॥ਤਿਸਤੇਰੇ ਆਤਮ ਸਰੂਪਸੇ ਬਿਨਾ ਸਰਬ ਸੰਘਾਤ ਜੜ ਹੈਂ ਅਰਮਿਥਜਾ ਹੈ ॥ ਅਰਥ ਏਹ ਤੇਰੇ ਆਤਮ ਸਰੂਪ ਮੇਂ ਸਰੀਰਾਦਿਸੰਸਾਰ ਰੱਸੀ ਮੇਂ ਸਰਪ ਕੀ ਨਿਆਈਂ ਪ੍ਰਤੀਤ ਹੋਵੇ ਹੈ ਐਸੇ ਜਾਨਜਾ ਕਹਨੇ ਤੇ ਅਭਿਆਸ ਰੂਪ ਲਿੰਗ ਤੇ ਉਪਦੇਸ਼ਦੀਓ ॥ ਨਨੂ ॥ ਸੂਖਮ ਸਰੀਰ ਮੇਰਾ ਆਤਮਾ ਹੈ॥ ਉਤ੍ਰ॥ ੬੦॥

**ਮੂਃ ॥ ਸਤੋ ਅੰਸ਼ ਭੂਤਨ ਕੀ ਜੋ ਹੈ । ਤਾਂਤੇ**

Sri Satguru Jagjit Singh Ji eLibrary NamdhariElibrary@gmail.com

**ਅੰਤਸ਼ਕਰਣ ਭਯੋ ਹੈ ॥ ਰਾਗ ਦੋਖਕੋ ਘੋਖ ਸੁਜਾਤੇ ॥ ਸੋ ਪਿਰਾਵਰੋ ਰੂਪ ਨ ਤਾਂਤੇ॥੬੧॥**

ਟੀਕਾ ॥ ਹੇ ਮਨ ਜਲਾਦਿ ਭੂਤੋਂ ਕੀ ਸਤੋ ਗੁਣ ਅੰਸ਼ ਹੈ ਜੋ ਤਿਸਤੇ ਅੰਤਸ਼ਕਰਣ ਆਦਿ ਗਿਆਨ ਇੰਦ੍ਰੇ ਹੂਏ ਹੈਂ। ਸੋ ਅੰਤਹਕਰਣ ਰਾਗ ਦ੍ਵੈਸ਼ ਕਾ ਘਰ ਹੈ । ਅਰਤੇਰੇ ਆਤਮਸਰੂਪ ਮੇਂ ਰਾਗ ਦੁਵੈਸ਼ ਹੈ ਨਹੀਂ। ਤਿਸੀ ਤੇ ਹੀ ਮਨਾਦਿ ਇੰਦ੍ਰੇ ਰੂਪ ਸੂਖਮ ਸਰੀਰ ਭੀ ਤੇਰਾ ਰੂਪ ਨਹੀਂ ਹੈ ॥ ਨਨੂ ॥ ਕਾਰਣ ਸਰੀਰ ਮੇਰਾ ਰੂਪ ਹੈ ॥ਉੱਤਰ॥੬੧॥

**ਮੂਃ॥ਕਾਰਯ ਦ੍ਵਾਰਾ ਜਿਹ ਅਨੁਮਾਨਾ॥ ਨਾਤਰ ਸੋ ਪਰਤੱਖਅਭਾਨਾ॥ਬਿਬਉਪਾਧਿਕੋਕਾਰਣ ਜੋ ਹੈ॥ ਕਾਰਣ ਦੇਹ ਨ ਆਤਮ ਸੋ ਹੈ ॥੬੨॥**

ਟੀਕਾ॥ਅਸਥੂਲਸੂਖਮਸਰੀਰਰੂਪੀਕਾਰਯਸੇ ਜਿਸਕਾਰਣ ਸਰੀਰ ਕਾ ਅਨੁ ਨਿਰੰਤਰ ਮਾਨਾ ਗਿਆਨ ਹੋਵੇ ਹੈ। ਨਾਤਰ ਕਹੀਐ ਨਹੀਂ ਤਾ ਅਸਥੂਲ ਸੂਖਮ ਰੂਪ ਸਰੀਰ ਕੇ ਕਾਰਯ ਬਿਨਾ ਸੋ ਕਾਰਣ ਸਰੀਰ ਪ੍ਰਤੱਖ ਦ੍ਰਿਸ਼ਟੀ ਕੇ ਵਿਸ਼ੇ ਹੈਂ ਅਰਥ ਏਹ ਅਸਥੂਲ ਦ੍ਰਿਸ਼ਟੀ ਕੇ ਵਿਸ਼ੇ ਨਹੀਂ ਹੈ ਕਾਰਯ ਸੇ ਜਾਣਿਆ ਜਾਵੇ ਹੈ। ਬਿਬ ਕਹੀਐ ਦੋਨੋਂ ਉਪਾਧੀਆਂ ਕਾ ਕਾਰਣ ਹੈ ਸੋ ਕਾਰਣ ਸਰੀਰ ਸੋ ਭੀ ਤੇਰਾ ਆਤਮਾ ਨਹੀਂ ਹੈ। ਈਹਾਂ ਯਹ ਰਸਜ ਹੈ ਅਸਥੂਲ ਸੂਖਮ ਭੂਤਾਂ ਕਾ ਕਾਰਣ ਅਵਿਦ੍ਯਾ ਹੈ ॥ ਅਰ ਸੂਖਮ ਸਰੀਰ ਭੀ

Sri Satguru Jagjit Singh Ji eLibrary NamdhariElibrary@gmail.com

ਅਵਿੱਦਕ ਹੈ।ਇਸਤੇ ਲਖਣਾ ਬ੍ਰਿਤੀ ਕੋ ਸੂਖਮ ਸਰੀਰ ਮੈ ਕਾਰਣਤਾ ਕਥਨ ਕਰੀ ਹੈ ਐਸੇ ਜਾਣੀਓ ॥ ੬੨ ॥

**ਤੀਨ ਉਪਾਧਿਵਹੀਨੋ ਜੋਊ ॥ ਰੂਪਤੁਮਾਰੋ ਨਿਸਚੈ ਸੋਊ। ਨਹਿ ਤੱਤ ਬ੍ਰਹਮ ਰੂਪ ਨਿਜ ਧਜਾਵੈ॥ ਜਾਕਰਿ ਮੂਢ ਮੁਕਤਿ ਤੂੰ ਪਾਵਹਿ ॥ ੬੩ ॥**

ਟੀਕਾ—ਤੀਨ ਜੋ ਉਪਾਧੀਆਂ ਹੈਂ ਕਾਰਣ ਸੂਖਮ ਅਸਥੂਲ ਇਨਸੇ ਰਹਿਤ ਇਨਕਾ ਸਾਖੀਹੈ ਜੋਊ ਸੋ ਤੇਰਾ ਸਤਿ ਸਰੂ। ਹੈ ਨਿਸਚੇ ਕਰਕੇ ॥ ਨਨੂ ॥ ਅਸਥੂਲ ਸੂਖਮ ਕਾ ਸਾਖੀ ਤੋ ਜਾਨਿਆ ਕਾਰਣ ਕਾਰਣ ਕਾ ਸਾਖੀ ਕੈਸੇ ਹੈ ॥ ਉੱਤਰ ॥ ਜਬ ਸੋ ਜਾਣਤਾ ਹੈ ਸੁਖੋਪਤੀ ਅਵਸ਼-ਥਾ ਮੈ ਤਬ ਮਨਾਦਿ ਇੰਦ੍ਰਾਂ ਤੋ ਕੋਈ ਹੋਵੇ ਨਹੀਂ। ਅਰ ਜਾਗਕੇ ਆਖੇ ਹੈ ਆਜ ਬੜੇ ਬਿਹੋਸ਼ ਸੋਏ। ਤਿਸ ਬਿਹੋਸ਼ੀ ਕਾ ਗਿਆਨ ਕਾਰਣ ਸਰੀਰ ਕੋ ਤੇ ਹੈ ਨਹੀਂ ਕ੍ਰਿਤੂ ਬਿ-ਹੋਸ਼ੀ ਅਗਿਤਤਾ ਅਗਜਾਨ ਏਕ ਵਸਤੂ ਕਾ ਨਾਮ ਹੈ ਸੋ ਬਿਹੋਸ਼ੀ ਤਾਂ ਕਾਰਣ ਸਰੀਰ ਕਾ ਸਰੂਪਹੈ ਤਿਸਕੋ ਗਜਾਨ ਹੋਵੇ ਨਹੀਂ ਯਾਤੇ ਬ੍ਰਹਮ ਸਰੂਪ ਆਤਮਾ ਹੀ ਸਾਖੀ ਹੈ ਐਸੇ ਜਾਣੀਐਹੇ ਮਨ ਤਿਸ ਅਪਨੇ ਬ੍ਰਹਮਸਰੂਪ ਕੋ ਨਹੀਂ ਧਜਾਂਵਦਾ ਜਿਸਕੇ ਧਜਾਵਨੈ ਕਰ ਹੇ ਮੂਢ ਮੁਕਤਿ ਕੋ ਤੂੰ ਪਾਵੇਂ॥ ਨਨੂ ॥ ਕਿਸਪ੍ਰਕਾਰ ਤਿਸ ਨਿਜ ਸਰੂਪਕੋ ਧਿਆਊਂ॥੬੩॥ ਉੱਤ੍ਰ॥

**ਦੋਹਰਾ—ਰੇ ਮਨ ਤਜ ਨਿਜ ਬਹਿਰ ਗਤਿ**

Sri Satguru Jagjit Singh Ji eLibrary NamdhariElibrary@gmail.com

ਅੰਤਰਸਰਬ ਸੁਖ ਹੇਤ। ਅੰਤਰ ਮੁਖ ਬਿਨ ਸੁਖ ਨਹੀਂ ਬਿਦਤ ਸਨਾਤਨ ਨੇਤ। ੬੪।

ਟੀਕਾ ॥ ਹੇ ਮਨ ਬਾਹਰ ਮੁਖਤਾ ਰੂਪੀ ਆਪਨੀ ਰੀਤੀ ਕੋ ਤਜਕਰ ਅੰਤਰਵਰਜਾ ਸੁਖਕੀ ਪ੍ਰਾਪਤੀ ਵਾਸਤੇ। ਅੰਤਰਮੁਖ ਹੋਣੇ ਬਿਨਾ ਸੁਖ ਨਹੀਂ ਹੋਵੇਗਾ ਤੇਰੇ ਕੋ ਅਰ ਨਾ ਕਿਸੇ ਕੋ ਹੋਯਾ ਹੈ ਏਹ ਬਾਤ ਪ੍ਰਗਟ ਹੈ ਵੇਦੋਂ ਸੰਤੋਂ ਮੈਂ ਸਨਾਤਨ ਕੀ ਕਿਆ ਸ੍ਰਿਸ਼੍ਰੀ ਕੇ ਆਦ ਕਾਲ ਕੀ ਨੇਤ ਈਸ਼੍ਵਰ ਕੀ ਐਸੀ ਹੀ ਹੈ। ਵਾ ਨੇਤ ਕਹੀਐ ਨ ਏਤ ਕਿਆ ਇਸ ਬਾਹਰ ਮੁਖਤਾ ਮੈਂ ਸੁਖ ਨਹੀ ਹੈਂ॥ ਨਨੇਕੀ ਉਪਰਲੀ ਏਕੋ ਵਖਕਰਨਾ ਏਤ ਬਨਜਾ ॥ ਐਸੇ ਜਾ-ਨੀਏ ॥ ਨਨੂ ॥ ਮੇਰੇ ਮੈ ਬਾਹਰ ਮੁਖਤਾ ਕਾ ਕਾਰਣ ਕਿਆ ਹੈ॥ ਉਤ੍ਰ ॥ ਪਦਾਰਥਾਂ ਕੀ ਇਛਾ ਸੋ ਕਹੇਂ ਹੈ ॥ ੬੪ ॥ ਪੁਨਾ ॥

ਕਬਿੱਤ॥ ਚੰਚਲਾ ਕੋ ਮਤਿ ਚਿਤ ਚੰਚਲ ਕਰਤ ਚਿਤ ਚੰਚਲਾ ਕੋ ਚੀਨ ਚਿਤ ਚੰਚਲਾ ਕੇ ਵਤ ਹੈ॥ ਭੂਪਨ ਕੀ ਭ੍ਰਿਕੁਟੀ ਕੁਟੀ ਮੈ ਬਾਰ ਬਧੂਵਤ ਗਤਾਗਤ ਕੇ ਬਪਾਰ ਵਿਚ ਵਿਚਰਤ ਹੈ॥ ਕਾਸ਼ੀ ਜੁਕੀ ਬੀਥਨ ਕੇ ਜੁਥਨ ਮੈ ਧਾਮ ਗ੍ਰਾਮ ਤਾਕੇ ਦ੍ਵਾਰੇ ਅੱਟੋ ਓਢ ਕੰਥਾ ਮੋਂ ਏਮਤ ਮੈ॥ ਤਾਂ ਤੇ ਪਾਨ ਪਾਤ੍ਰ ਪਰੇ ਭਿੱਖ ਜਾਤਾ ਸੋਂ ਪ੍ਰਾਨ ਧਰੇ ਕਮਲਾ ਕੀਰਤਿ ਲੋਕ ਕਮਲਾ ਕਰਤ ਹੈ ॥੬੫॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਹੇ ਮਨ ਚੰਚਲਾ ਜੋ ਮਾਯਾ ਹੈ ਅਥਵਾ ਮਾਯਾ ਕੇ ਜੋ ਪਦਾਰਥਹੈਂ ਤਿਨਕਾ ਚਿੰਤਨ ਮਤ ਕਰ॥ਕੈਸੇਹੈਂਪਦਾਰਥ ਚਿੰਤਨ ਮਾਤ੍ਰ ਤੇ ਹੀ ਚਿਤਕੋ ਚੰਚਲ ਕਰ ਦੇਤੇ ਹੈ ॥ ਪੁਨਾ ॥ ਚੰਚਲਾ ਜੋਬਿਜਲੀ ਹੈ ਤਿਸਕੋ ਦੇਖ ਹੇ ਚਿਤ ਏਹਪਦਾਰਥ ਬਿਜਲੀਵਤ ਚੰਚਲ ਖਿਣਭੰਗਰ ਹੈਂ॥ਜੋ ਮਾਯਾ ਆਦਿ ਪਦਾ ਰਥ ਸੋ ਪਦਾਰਥ ਰਾਜਾ ਆਦ ਜੋ ਧਨੀ ਹੈਂ ਤਿਨ ਧਨੀਓਂ ਕੀ ਨੇਤ੍ਰਾਂਕੇ ਭ੍ਰਕੁਟਿਆਂਰੂਪੀ ਜੋਕੁਟੀਆ ਹੈ ਤਿਸਮੇ ਵੇਸਵਾਕੀ ਨਜਾਈਂ ਆਨੇ ਜਾਨੇਕੇ ਬਪਾਰ ਵਿਚ ਵਿਚਰਤੇ ਹੈਂ॥ਜੈਸੇ ਨੇਤ੍ਰਾਂ ਕੇ ਇਸ਼ਾਰੇਸੇ ਕਿਸੀਕੋ ਦੰਡ ਦੇਕਰ ਲੈਲੀਆਂ ਹੁਕਮ ਸੇ ਤਥਾ ਇਸ਼ਾਰੇਸੇ ਦੇਦੀਆਅਥਤਾ ਭ੍ਰਿਕੁਟੀ ਪਦ ਅਰਥਸੇਮਸਤਕ ਤਿਸ ਮਸਤਕ ਕੇ ਲਿਖੇ ਕਰਮ ਅਨੁਸਾਰ ਰਾਜਾਦਿ ਧਨੀਓਂ ਦ੍ਵਾਰਾ ਧਨਾਦਿ ਪਦਾਰਥਕੀ ਗਤ ਕਹੀਯੇ ਪ੍ਰਾਪਤੀ ਤਥਾ ਅ-ਗਤਿ ਕਹਿਯੇਨਾਸ ਹੋਵੇਹੈ॥ ਅਰਥ॥ ਏਹਭਾਗ ਬਿਨਾ ਕੁਛ ਮਿਲੇ ਨਹੀਂਹੈ ਐਸੇ ਵਿਚਾਰ ਇਛਾਕੋ ਤਿਆਗ ਅਰਐਸੇਕ-ਰਮਕੋ ਕਰ॥ ਯਥਾ॥ ਕਾਸ਼ੀਜੀਕੇ ਜੋ ਬੀਥਨ ਗਲੀਆਂਕੇ ਜੂਥਨ ਸਮੁਦਾਹੈਂ ਤਿਨਗਲੀਓਂਮੈਜੋਘਰਹੈਂਸਮੂਹਮਹਾਜਨੋਂ ਕੇ ਤਾਂਕੇ ਦੁਆਰਿਆਂ ਪਰ ਫਿਰੋ ਪਹਰਕਰਕੇਗੋਦੜੀਏਮੇਰੀ ਮਤਹੋਈ। ਤਿਨ ਘਰੋਂਸੇ ਹਥਾਰੂਪੀਪਾਤ੍ਰਮੈਜੋਭਿਖਜਾਪ੍ਰਾਪਤਿ ਹੋਵੇ ਤਿਸਸੇ ਪ੍ਰਾਣਕੋ ਧਾਰਕਰਵਿਚਰ ਅਰ ਮਾਯਾਕੀ ਪ੍ਰੀਤੀ ਕਨਲੇ ਲੋਕ ਕਰੇ ਹੈਂ॥ਵਾ ਮਾਯਾ ਕੀ ਪ੍ਰੀਤੀਨੇ ਲੋਕਾਂ ਕੋ ਕਮ-ਲਿਆਂ ਕਰਦੀਆ ਹੈ॥ ਪ੍ਰਮੇਸ਼੍ਵਰਸੇ ਭੁਲਾਕਰ ॥ ਮਾਯਾ ਕਾ

Sri Satguru Jagjit Singh Ji eLibrary NamdhariElibrary@gmail.com

ਗੁਲਾਮਗੀਦੀ ਤੂੰ ਕੀ ਜਾਣੇ ਬੰਦਗੀ ॥੬੫॥

**ਦੋਹਰਾ ॥ ਸ੍ਰੀ ਹਰਿਕੇਸ੍ਰੀ ਹਰਿਪੁਰੀ ਵਾਨਾ-ਰਸ ਕੋ ਵਾਸ। ਜੀਵਤ ਭੁਗਤ ਮੁਕਤਿ ਮਰੇ ਕਰੇ ਚਹੋ ਚਿਤਤਾਸ ॥ ੬੬ ॥**

ਟੀਕਾ—ਤਾਂਤੇ ਹੇ ਮਨ ਮਾਯਾ ਆਦਿ ਪਦਾਰਥੋਂ ਕੀ ਇੱਛਾ ਕੋ ਤਯਾਗਕੇ ਸ੍ਰੀ ਸੋਭਾਇਮਾਨ ਜੋ ਸ਼ਿਵਜੀ ਕੀ ਪੁਰੀਕਾਂਸ਼ੀ ਹੈ ਤਿਸਮੇਂ ਵਾਸਾ ਕਰ ਕੈਸੀਹੈ ਕਾਂਸ਼ੀ ਜੀਵਤਜਾਂ ਤੋਂ ਬਿਨਾਂ ਸੇਵਾ ਛੇਤ੍ਰਾਂ ਸੇ ਅੰਨਾਦਿ ਭੋਗ ਖਾਨੇ ਪਹਰਨੇਕੋ ਦੇਤੀਹੈ।ਅਰ ਮਰੇ ਤੋ ਮੁਕਤ ਕਰਤੀ ਹੈ ਤਾਂਤੇ ਹੇ ਚਿੱਤ ਤਿਸਕੋ ਚਾਹ ॥ ਨਨੂ ॥ ਕਾਂਸ਼ੀ ਕੇ ਰਹਣੇ ਤੇ ਭੋਗ ਭੋਗਤਿਆਂ ਮਰਕੇ ਮੋਖ ਹੋਵੇ ਹੈ ॥ ਉਤ੍ਰ ॥ ਹਮਨੇ ਐਸੇ ਇਸਤ੍ਰੀਆਦਿ ਭੋਗ ਨਹੀਂ ਕਹੇ ਹੈਂ। ਕਾਂਸ਼ੀ ਮੇਂ ਇਨਕੋ ਭੋਗਤਾ ਹੂਆ ਮਰਕਰ ਮੋਖ ਹੋਵੇ ਨਹੀਂ ਕਿੰਤੂ ਕਾਂਸ਼ੀ ਸੇ ਬਾਹਰ ਜੋ ਭੋਗੇ ਹੈਂ ਭੋਗ ਤਿਸ ਪਾਪ ਕੀ ਨਿਵਿਰਤੀ ਹੇਤੂ ਕਾਂਸ਼ੀ ਕੋ ਸੇਵਤਾ ਮਰੇ ਸੋ ਮੋਖ ਹੋਵੇ ਹੈ ॥ ਨਨੂ ॥ ਕੈਸੇ ਸੇਵੇ ਕਾਂਸ਼ੀ ਕੋ ॥ ਉਤ੍ਰ ॥

**ਕਃ॥ ਉਪ ਬਨੋ ਮਧਿ ਸਿਧਿ ਭੋਜਨ ਬਿਬਿਧ ਤਪ ਬ੍ਰਿਧ ਹੂਤੇ ਬ੍ਰਿਧ ਜਾਸ ਮੈ ਪ੍ਰਧਾਨ ਹੈ। ਪਟਲ ਕੌਪੀਨ ਹੀ ਕੋਅਪ੍ਰਮਾਣ ਪਟਨੀ ਕੋ ਭੀਖਹੀ ਕੋ ਰਮਨੀਕੋ ਰਟਨੋ ਪ੍ਰਮਾਨ ਹੈ।ਚਾਰ**

ਖਾਣੀ ਪ੍ਰਾਣੀ ਜਾਂਮੈ ਮਰਕੇ ਨ ਫੇਰਜਾਮੈ ਆਵੈ
ਢਿਗ ਮ੍ਰਿਤੁ ਤਾਮੈ ਮੰਗਲ ਸਮਾਨ ਹੈ। ਛੋੜ
ਐਸੀ ਕਾਸ਼ੀ ਕੈਸੇ ਸੁਧੀ ਔਰ ਠੌਰ ਬੈਸੇ ਕੈਸੇ
ਭਏ ਦੇਵਜਮ ਹਾਸੀ ਕੋ ਸਥਾਨ ਹੈ॥ ੬੭ ॥

ਟੀਕਾ—ਉਪ ਕਹੀਏ ਸਮੀਪ ਕਾਸ਼ੀ ਭੂਮੀਕੇ ਜੋ ਬਨ ਹੈਂ ਤਿਨ ਬਨੋਂਕੇ ਬੀਚ ਜੋ ਪ੍ਰਾਪਤਿ ਹੈਂ ਫਲ ਫੂਲਾਦਿ ਭੋਜਨ ਨਾਨਾ ਪ੍ਰਕਾਰ ਖੱਟੇ ਮਿੱਠੇ ਆਦਿ ਰਸੋਂਯੁਤ ਤਿਨਕੋ ਖਾਕਰ ਮਮੋਖੀ ਪੁਰਸ਼ਕੋਤਪਕੀ ਬ੍ਰਿਧਤਾਸੇਬ੍ਰਿਧੀਕਰਨੀ ਜਿਸਕਾਸ਼ੀ ਮੇਂ ਮੁਖਹੈ। ਅਰਥ ਏਹ ਖਾਕਰ ਸੋਨਾ ਰਹੇ ਚਿਤਕੀ ਬ੍ਰਿਤੀ ਕਾ ਰੋਕਨੇ ਰੂਪੀ ਤਪ ਸਦਾ ਕਰਤਾ ਰਹੇ। ਇਹ ਅੰਤਰਕਾਤਪ ਹੈ ਅਰ ਬਾਹਰਕਾ ਤਪ ਏਹ ਹੈ ਜੋ ਬਸਤ੍ਰ ਕੁਪੀਨ ਮਾਤ੍ਰਹੀ ਹੋਵੇ ਕੁਪੀਨ ਸੇ ਇਤ੍ਰ ਹੋਰ ਜੋ ਨੀਕੋ ਵਸ਼ੇਸ਼ ਬਸਤ੍ਰ ਪਹਿਰਨਾ ਹੈ ਸੋ ਪ੍ਰਮਾਣ ਨਹੀਂ ਹੈ॥ ਅਰ ਜੋ ਫਿਰਿਆਚਾਹੇ ਤੋਭਿੱਖਯਾ ਹੇਤ ਰਟਨ ਕਰਨਾ ਸੁੰਦ੍ਰਹੈ ਭਿਖਯਾ ਬਿਨਾਫਿਰਨਾਅਤੀਤਮਮੋਖੀ ਕੋ ਯੋਗਨਹੀਂ ਹੈ। ਭਾਵ ਯੇਹਜੋ ਸਮਦਮ ਸਹਤਕਾਂਸ਼ੀਕੋਸੇਮ ਕਰ ਮੋਖ ਹੋਵੇ ਹੈ॥ਇਸਬਿਨਾ ਨਹੀਂ ਯਾਮੇਂਗੁਰੁ ਸ਼੍ਰੁਤੀ ਪ੍ਰਮਾਣ ਯਥਾ ॥ "ਮਨਹੁਕਠੋਰਮਟੈ ਬਾਨਾਰਸਨਰਕਿਨਬਾਚਿਆ ਜਾਈ"॥ ਮਨੁਕੇ ਕਠੋਰਤਾ ਰੂਪੀ ਜੋ ਰਾਗਾਦਿ ਧਰਮਤਿਨਕੇ ਸਹਤ ਜੋ ਕਾਂਸ਼ੀਮੇਂ ਮਰੇਗਾ ॥ ਤਿਸਸੇ ਨਰਕਸੇ ਨਾ ਬਚਿਆ ਜਾਏਗਾ॥ ਹੋਰ॥ 'ਕਰਪਾਦਮਨੋ ਜਿਨਕੇ ਵਸਹੈਂ ਵਹੁਤੀਰਥਕੋ

Sri Satguru Jagjit Singh Ji eLibrary NamdhariElibrary@gmail.com

ਫਲ ਪਾਵਤ ਸਾਚੋ' ॥ਏਹ ਪ੍ਰਬੋਧਮੇਂ ਲਿਖਾਹੈ। ਜਾਮੇ ਜਿਸ ਕਾਸ਼ੀ ਮੇਂ ਫੇਰ ਪੁਨਾ ਚਾਰਖਾਣੀ ਪ੍ਰਾਣੀਓਂ ਮੇਂ ਨਾ ਜਾਮੇ ਨਹੀਂ ਜਨਮ ਕੋ ਧਾਰਤਾ ਅਰਥ ਏਹ ਸਮਦਮ ਕੇ ਸਹਤ ਮਰਕੇ ਕਾਂਸ਼ੀ ਮੈ ਜਨਮ ਸੇ ਰਹਿਤ ਹੋਤਾਹੈ। ਤਿਸ ਕਾਸ਼ੀ ਮੇਂ ਮੌਤ ਅਪ੍ਰਾਪਤ ਹੋਵੇ ਤੋ ਮੰਗਲਰੂਪ ਪ੍ਰਮ ਤਮਾ ਕੋਪ੍ਰਾਪਤੀਕੇ ਸਮਾਨ ਹੈ॥ ਹੇ ਮਨ ਐਸੀ ਜੋ ਕਾਸ਼ੀ ਜਿਸਮੇਂ ਮਰਨਾ ਪ੍ਰਮੇਸ਼ਰ ਕੀ ਪ੍ਰਾਪਤੀ ਸਮਾਨ ਹੈ ਤਿਸਕੋ ਛੋਡਕਰ ਸ੍ਰਿਸ਼੍ਰ ਬੁਧੀ ਮਾਨ ਪੁਰਸ਼ ਕੈਸੇ ਹੋਰ ਠੌਰ ਮੇਂ ਬਸਤਾ ਹੈ ਕਿੰਤੂ ਨਹੀਂ ਬੈਠਤਾ। ਜੋ ਪੁਰਸ਼ ਕਾਸੀਮੇਂ ਸਿਥਿਤ ਹੂਏਹੈਂ। ਸੋ ਕੈਸੇ ਭਏ ਹੈਂ ਸੁਨ ਦੇਵਤਜਾਂਕੋ ਅਰ ਜਮਧਰਮ ਰਾਜਾ ਕੋ ਹਾਸੀ ਕਰਨੇ ਕਾ ਅਸਥਾਨ ਹੂਏਹੈਂ। ਧਰਮਰਾਜਾ ਕੋ ਤੋ ਐਸੇ ਹਾਸੀ ਕਰੇਹੈਂ ਕਿ ਹਮਾਰਾ ਤੁਮਾਰਾ ਲੇਖਾ ਦੂਰ ਭਯਾ ਹਮਾਰੇ ਪਰ ਤੁਮਾਰਾ ਡੰਡ ਨਹੀਂ ਹੈ।ਅਰ ਦੇਵੋਂਕੋ ਐਸੇ ਹਸੇ ਹੈਂ ਕਿਇਨਕਾ ਜਨਮਵਿਸ਼ਜੋਂ ਮੈਂ ਲਗਾ ਮੋਖਨਾਹੂਏ ਸ੍ਵਰਗਕੋਪਾਕਰਭੀਐਸਾਜਾਨੀਏ।੬੭

**ਦੋਹਰਾ॥ ਅਗਸਤ ਜਹਿ ਬਾਨਾਰਸੀ ਤਉ ਨ ਖੇਦ ਕੁਛ ਮੋਹਿ । ਤਜਹਿ ਸੁ ਜਨ ਲਖਿ ਮੁਕਤਿ ਪਤ ਦੁਸਹਿ ਦੁਖਮਮਓਹਿ ॥੬੯॥**

ਟੀਕਾ—ਹੇ ਮਨ ਐਸੀ ਜੋ ਕਾਂਸ਼ੀ ਹੈ ਤਿਸਕੇ ਤਾਈਂ ਮੂਰਖ ਪੁਰਸ਼ ਤਜਾਗੇ ਤੋ ਮੇਰੇਕੋ ਕੁਛ ਅਫਸੋਸ ਨਹੀਂ ਹੈ ਅਰ ਜੋ ਸ੍ਰੇਸ਼ਟ ਪੁਰਖ਼ ਮੁਕਤਿ ਪਦਕੇ ਦੇਨੇਹਾਰੀ ਲਖਕੇ ਤਜੇ ਹੈਂ ॥

Sri Satguru Jagjit Singh Ji eLibrary NamdhariElibrary@gmail.com

ਤਿਨਕੇ ਤਜਨੇਕਾ ਮੋਰੇਕੋ ਦੁਖ ਐਸਾ ਹੋਵੇ ਹੈ ਜਿਸਕਾ ਸਹਾਰਨਾ ਭੀ ਕਠਨ ਹੈ ॥ ੬੮ ॥

**ਦੋਹਰਾ ॥ ਰੇ ਮਨ ਤੂੰ ਤੋ ਤਜਾਗ ਜਿਨ ਮੁਕਤਿ
ਦ੍ਵਾਰ ਹਰਿ ਦ੍ਵਾਰ। ਸਿਮਰ ਸਰਤਿ ਸਮਰਾਰ
ਤਹਿ ਜਗ ਜੀਵਨ ਦਿਨਚਾਰ॥੬੯॥**

ਟੀਕਾ—ਹੇ ਮਨ ਤੂੰਤਾਂ ਮਤਿ ਤਜਾਗ ਮੁਕਤੀ ਕਾ ਦੁਆਰਾ ਜੋ ਕਾਂਸ਼ੀ ਹੈ ਤਿਸ ਕਾਂਸ਼ੀ ਮੇਂ ਬੈਠ ਕਰ ਸਿਮਰ ਸਹਤ ਪ੍ਰੀਤ ਕੇ ਕਾਮ ਕੋ ਅਰ ਸ਼ਿਵਕੋ ਅਰ ਜਗਤ ਮੇਂ ਜੀਵਣਾ ਚਾਰ ਰੋਜ਼ਕਾ ਸਮਝ ਅਰ ਧਨਹੇਤ ਧਨੀਯੋਂ ਕੀ ਯਾਚਨਾ ਕਰਨੇ ਮੇਂ ਦੁਖ ਹੈ ॥ ੬੯ ॥

**ਕਃ॥ ਭੂਪਨ ਕੀ ਚਾਹਿ ਕਰੇ ਕਾਹੇਚਿਤਜਾਹਿ
ਘਰੇ ਗਏ ਛਰੀਦਾਰ ਹਰੇਸਤਕਾਰਜੋਤ ਹੈ ॥
ਨਾਰੇਇਹ ਕਾਲ ਮਹੀਪਾਲ ਗੁਰਮਤੇਮਾਂਹਿ
ਅਜੈ ਸਮੋ ਨਾਹਿ ਨਰਨਾਹਿਸੁਖੀਸੋਤਹੈ॥ਸੁਨੇ
ਬੈਨ ਤੇਰੇਜਬਕ੍ਰੋਧਨੈਨ ਹੇਰੇ ਪ੍ਰਭ ਜਾਕੇ ਪੌਰੇ
ਐਸੇਬੈਨ ਕੌੜੇ ਵਾਕ ਕੋਉਦੋਤ ਹੈ। ਛੋਰਤਾਂਕੇ
ਪੌਰ ਦੌਰ ਮੋਖ ਠੌਰ ਕਾਂਸ਼ੀ ਮਾਹਿ ਧ੍ਰਨਾ ਨ
ਕਠੌਰ ਜਹਾਂ ਦੌਰਪ ਅਗੋਤ ਹੈ॥ ੭੦ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ॥ ਹੇ ਮਨ ਭੂਪਨ ਕੋ ਮਿਲਨੇ ਕੀ ਇੱਛਾ ਕਰਕੇ ਧਨ ਕੇ ਵਾਸਤੇ ਕਾਹੇ ਜਾਣਾ ਕਰਤਾ ਹੈ ਤਿਨਕੇ ਘਰਮੈ ਜਬ ਜਾਵੇਂਗਾ ਤੋ ਤਿਨਕੇ ਦਰਆਗੇ ਜੋ ਛਰੀਦਾਰ ਪਹਿਰਜੋਂ ਵਾਲੇ ਅਣਦਲੀ ਹੈਂ ਸੋ ਪੁਰਸ਼ ਕਠੋਰ ਬਚਨੋਂ ਸੇ ਨਾਸ ਕਰ ਦੇਨਗੇ ਤੇ ਆਦਰ ਕੋ ਅਰ ਕ੍ਰਾਂਤੀ ਕੋ॥ ਜਬ ਨਿਰਾਦਰ ਹੂਆ ਤੋ ਕ੍ਰਾਂਤੀ ਆਪਹੀ ਨਾਸ ਹੋਜਾਵੇਗੀ ਜੇ ਕਹੈਂ ਮੈ ਦੂਰ ਸੇ ਆਇਆ ਹੂੰ ਜ਼ਰੂਰ ਮਿਲਾਵੋ ਤੋ ਕਹੇ ਹੈਂ ਬਹੁਤਾ ਨਾ ਰੇ ਬੋਲ,ਇਸ ਕਾਲ ਮੇਂ ਰਾਜਾ ਰਾਜ ਕਾਜ ਕੇ ਗੁਰਮਤੇ ਮੈ ਲਗਾ ਹੈ ਫੇਰ ਆਨਾ। ਜਬ ਫੇਰ ਗਏ ਤੋ ਕਹੇਹੈਂ ਅਜੇ ਵੇਲਾ ਨਹੀਂ ਹੈ ਰਾਜਾ ਸੁਖਮੇਂ ਸੁਤਾ ਹੈ॥ ਸੋ ਯਾ ਰਾਜਾ ਸੁਨਕਰ ਤਿਨ ਛਰੀਦਾਰੋਂ ਸੇ ਕੋਈਕ ਬਚਨ ਲਗੇ ਕਰਨ ਪਿਆਰ ਕਾ ਤੋ ਵਹੁ ਕਹਿਤੇ ਹੈਂ ਮਤ ਬੋਲ। ਜਬ ਰਾਜਾ ਤੇਰੇ ਬਚਨ ਸੁਨੇਗਾ ਤੋ ਕ੍ਰੋਧ ਦ੍ਰਿਸ਼ਟੀ ਸੇ ਦੇਖੇਗਾ ਹੇ ਮਨ ਜਾਂ ਰਾਜਜੋਂ ਕੇ ਮੰਦ੍ਰੋਂ ਆਗੇ ਐਸੇ ਪੂਰਬੋਕਤ ਕਉੜੇ ਬਚਨੋਂ ਕੇ ਕਹਨੇਹਾਰੇ ਪਰਤੱਖਜ ਖੜੇ ਹੈਂ ਤਾਂ ਰਾਜਜੋਂ ਕੇ ਦਰ ਛੋਡਕਰ ਦੌੜਜਾਇ ਮੋਖ ਕਾ ਅਸਥਾਨ ਜੋ ਕਾਂਸ਼ੀ ਹੈ ਤਿਸਮੇਂ ਵਸ ਪੁਨਾ ਸੋ ਕਾਂਸ਼ੀ ਕੈਸੀ ਹੈ ਜਿਸਮੈ ਦੁਆਰਪਾਲੋਂ ਕੀ ਕਠੋਰ ਬਾਣੀ ਨਹੀਂ ਹੈ॥ ਪੁਨਾ ਜਿਸਮੇ ਦੁਆਰਪਾਲ ਆਗੇ ਹੋਕਰ ਕਹਤੇ ਹੈਂ ਆਈਏ ਜੋ ਧੰਨ ਭਾਗ ਹੈਂ॥ ੭੭॥

**ਦੋਹਰਾ॥ ਅਪ੍ਰਮਾਨ ਆਨੰਦ ਪਦ ਪੁਨਾ ਜਨਮ ਜਹ ਹਾਨ॥ ਬਸੋ ਮਨਾ ਆਨੰਦ ਬਨ**

Sri Satguru Jagjit Singh Ji eLibrary NamdhariElibrary@gmail.com

ਤਜ ਨ੍ਰਿਪ ਕ੍ਰਿਪਣ ਸਥਾਨ ॥੭੧॥

ਟੀਕਾ ॥ ਪੁਨਾ ਕੈਸੀ ਹੈ ਕਾਂਸ਼ੀ ਬੇਅੰਤਾਨੰਦ ਕੇ ਦੇਨ ਹਾਰੀ ਹੈ ॥ ਪੁਨਾ ਜਿਸਮੇਂ ਮਰਕਰ ਜਨਮ ਨਹੀਂ ਹੋਤਾ ॥ ਹੇਮਨ ਐਸਾ ਜੋ ਅਨੰਦ ਕਾ ਬਨ ਕਾਂਸ਼ੀ ਹੈ ਤਿਸਮੇਂ ਵੱਸ ॥ ਅਰ ਕ੍ਰਿਪਨ ਜੋ ਧਨੀ ਹੈਂ ਰਾਜੇ ਤਿਨਕੇ ਦੁਆਰੇ ਤਿਆਗ ਕੇ ਨਰਿੱਛਤ ਹੋ॥੭੧

ਦੋਹਰਾ ॥ ਦਈ ਸਿਖਯਾ ਭੂਪਜੋ ਮਨ ਅਪਨੇ ਕੋ ਸਾਰ। ਯਾ ਸਿਖਯਾ ਉਰਮੋ ਰਮੈ ਸਦਾ ਬਸੈ ਕਰਤਾਰ ॥ ੭੨ ॥

ਟੀਕਾ ॥ ਟੀਕਾਕਾਰ ਕਹੇ ਹੈਂ ਜੋ ਸਿੱਖਯਾ ਰਾਜਾ ਨੇ ਮਨਕੋ ਦਈ ਹੈ ॥ ਸੋ ਮੇਰੇ ਮਨਮੇਂ ਹੇ ਅੰਤਰਯਾਮੀ ਸਦਾ ਵਸੇ ॥੭੨॥

ਦੋਹਰਾ ॥ ਅਲੰ ਭਰਤ ਵੈਰਾਗ ਕੋ ਪ੍ਰਿਥਮ ਧਿਆਇ ਅਨੂਪ। ਸੁਮਨ ਸਿੱਖਕੋ ਸਿੱਖ ਮਤਿ ਦਈ ਸ੍ਵਾਮਿ ਸਮ ਭੂਪ ॥ ੭੩ ॥

ਟੀਕਾ॥ ਵੈਰਾਗ ਕਾ ਪ੍ਰਿਥਮਾ ਜੋ ਧਿਆਇ ਹੈ ਸੋ ਪੂਰਣ ਭਯਾ ॥ ਇਸਮੇ.ਅਪਨੀ ਮਤਿਅਨੁਸਾਰ ਮਨਰੂਪੀ ਸਿੱਖਕੋ ਸਿਖਯਾ ਦੇਨੀ ਕਰੀਹੈ ਰਾਜਾ ਭਰਥਰੀ ਨੇ ਗੁਰੂਕੇ ਸਦ੍ਰਿਸ਼॥੮੦।

ਇਤਿ ਪ੍ਰਥਮ ਧਯਾਇ ॥ ੧ ॥

Sri Satguru Jagjit Singh Ji eLibrary NamdhariElibrary@gmail.com

**ਦੋਹਰਾ ॥ ਦੁਤੀਏ ਪਸਚਾਤਾਪ ਕੇ ਭਾਖੇ ਦਸਕ ਸ਼ਲੋਕ ॥ ਜਾਕੇ ਸ਼੍ਰਵਣ ਮਨਨ ਤੇ ਨਸ਼੍ਹ ਹੋਹਿ ਮਨ ਸ਼ੋਕ ॥ ੧ ॥**

ਟੀਕਾ ॥ ਦੂਸਰੇ ਧਿਆਇ ਮੈ ਅਫਸੋਸ ਕੇ ਦਸਕਸ਼ਲੋਕ ਕਹੇ ਹੈਂ ॥ ਜਿਨਕੋਸੁਣਕੇ ਮਨਨ ਕਰ ਮਨ ਕਾ ਅਗਿਆਨ ਰੂਪੀ ਸ਼ੋਕ ਨਾਸ਼ ਹੋਵੈ ਹੈ ॥ਪ੍ਰਸ਼ਨ॥ ਪਸਚਾਤਾਪ ਕਰਣੇ ਕਾ ਕਿਆ ਕਾਰਣ ਹੈ ॥ ਉੱਤਰ ॥ ਪੂਰਬ ਜੋ ਦੀਆ ਖਟ ਲਿੰਗੋਂ ਯੁਤ ਮਨ ਕੇ ਉਪਦੇਸ਼ ॥ ਤਿਸ ਉਪਦੇਸ਼ ਕੇ ਵਿਚਾਰ ਮੈ ਤੱਤਪਰ ਹੂਆ ਮਨ ਪੂਰਬਲੀ ਅਵਸਥਾ ਕੋ ਸਰਿਸ਼ਟ ਕਰਮਾਂਸੇ ਬਿਨਾ ਸਿਮ੍ਰਕਰ ਵਿਰਥਗਈ ਅਫਸੋਸ ਕਰੇਹੈ॥੧

ਯਥਾ **ਕਬਿੱਤ ॥ ਪਾਦਕੰਜਸ਼ਿਵਜੀਕੇ ਨਅਰਾਧੇਹਮਨੀਕੇਕਾਰਣਉਧਾਰਜੀਕੇਰਮਣੀਕੇ ਚੀਨ ਮੈ॥ ਨਾਕਪੌਰ ਤਾਕਨਕੇ ਧਾਕਨ ਮੈ ਪੁਨਦਛਕੇਪਿਨਇਕਤ੍ਰਕਛੁਕੀਨ ਭਾਗਹੀਨ ਮੈ। ਉਭੈਪੀਨਕੁਚੀਨਾਰੀਭਾਰੀਰੂਪਗੁਣ ਵਾਰੀਸੁਪਨੇਮਝਾਰੀਭੀ ਅਲਿੰਗਨ ਨ ਕੀਨ ਮੈਮਾਤਾਕੋ ਜੋ ਬਨਬਾਸ ਤਾਸਨਾਸ ਹੇਤਜਨ ਕੇਵਲ ਕੁਠਾਰ ਹੋਇਖੋਇਸੁਖ ਤੀਨਮੈ ॥੨॥**

Sri Satguru Jagjit Singh Ji eLibrary NamdhariElibrary@gmail.com

ਟੀਕਾ ॥ ਅਫਸੋਸ ਹੈ ਸ਼ਿਵਜੀ ਕੇ ਸੁੰਦ੍ਰ ਚਰਨ ਕਵਲੋਂ ਕੋ ਭੀ ਮੈਂ ਨਾ ਸਿਮਰਨ ਕਰਤਾ ਭਯਾ। ਭਲੀ ਪ੍ਰਕਾਰ ਕਰ ਜੀਅ ਕੇ ਕਲਜਾਣ ਕਰਨੇ ਕਾ ਕਾਰਣ ਸਿਮਰਨੇ ਯੋਗ ਜਾਨਕਰ ਸ੍ਵਰਗ ਕੇ ਜੋ ਦਰਵਾਜ਼ੇ ਹੈਂ ਤਿਨਕੇ ਜੋ ਤਾਕ ਹੈਂ ਤਿਨਕੋ ਖੋਲਨੇ ਹੇਤ ਮੈਂ ਭਾਗਹੀਨ ਨੇ ਕੁਛ ਪੁੰਨ ਭੀ ਸ੍ਰਿਸ਼ਟ ਨਾ ਕੀਨੇ ਜੋ ਇਕੱਤ੍ਰ ਹੋਕਰ ਮੇਰੇਕੋ ਸ੍ਵਰਗ ਮੈ ਤੋ ਪ੍ਰਾਪਤ ਕਰਦੇਤੇ ॥ ਪੁਨਾ ਸਖਤ ਹੈਂ ਦੋਨੋਂ ਕੁਚ ਜਿਸਕੇ ਅਰ ਬਹੁਤ ਭਾਰੀ ਸੁੰਦ੍ਰ ਹੈ ਰੂਪ ਜਿਸਕਾ ਪਤੀਬ੍ਰਤਾਦਿ ਧਰਮ ਸਹਤ ਸੁਗੰਧੀ ਰੂਪੀ ਗੁਣ ਹੈਂ ਜਿਸਕੇ ਸਰੀਰ ਮੈਂ ਐਸੀ ਜੋ ਇਸਤ੍ਰੀ ਹੈ ਤਿਸਕਾ ਸੁਪਨੇ ਮੇਂ ਭੀ ਮੇਰੇਕੋ ਸੰਬੰਧ ਨਾ ਹੂਆ ॥ ਕੇਵਲ ਕੁਹਾੜਾ ਰੂਪ ਹੋਇ ਕਰ ਮਾਤਾ ਕੇ ਜੋਬਨ ਰੂਪੀ ਬਨਕੋ ਨਾਸ ਕਰਤਾ ਭਯਾ॥ਤੀਨੋਂ ਜੋ ਸੁਖ ਥੇ॥ਸ੍ਵਰਗ ਕਾ ਤਥਾ ਸ਼ਿਵ ਸੇਵਾ ਕਾ ਤਥਾ ਇਸਤ੍ਰੀਭੋਗ ਕਾ॥ ਸੋ ਸਰਬ ਮੈਨੇ ਖੋਇ ਦੀਏ ॥ ੨ ॥ ਪੁਨਾ ਅਫਸੋਸ ॥

**ਨਰਾਜਛੰਦ ॥ ਅਦੋਖ ਬੋਧਵੇਦਕੋ ਅਧੈਨ ਮੈਨ ਕੀਨ ਹੈ॥ ਨ ਸੇਵ ਮਾਤ ਤਾਤਕੀ ਮਝਾਰ ਚਿੱਤ ਦੀਨ ਹੈ ॥ ਦਯਾ ਨ ਦੀਨ ਜੰਤ ਪੈ ਕਰੀ ਮਨਾਂਕਿ ਮੈਂ ਕਬੀ ॥ ਨ ਨਜਾਇਵੰਤ ਦ੍ਰਿਵਜ ਕੀ ਇਕੱਤ੍ਰ ਕੀਨ ਲੌਂ ਅਬੀ ॥੩॥**

ਟੀਕਾ। ਨਿਰਦੋਖ ਬੋਧਵਾਲੇ ਜੋ ਬੇਦ ॥ ਤਿਨਕਾ ਭੀ ਮੈਨੇ

Sri Satguru Jagjit Singh Ji eLibrary NamdhariElibrary@gmail.com

ਪੜ੍ਹਨਾ ਨਾ ਕੀਆ ॥ ਬਾਣੀ ਮੈ ਅਪਰਮਾਣਤਾ ਰੂਪੀਦੋਸ਼ਹੋਵੇ ਹੈ।ਅਰ ਵੇਦਬਾਣੀ ਸਰਬਕੋ ਪ੍ਰਮਾਣ ਹੈ ਇਸਤੇਨਿਰਦੋਸ਼ ਹੈ ਅਰ ਮਾਤਾ ਪਿਤਾ ਕੀ ਸੇਵਾ ਮੈ ਭੀ ਚਿਤਕੋ ਨਾ ਦੇਣਾਕੀਆ॥ ਪਨਾ ਦੁਖੀ ਜੋ ਪੁਰਸ਼ ਹੈਂਤਿਨਪਰ ਰੰਚਕਮਾਤ੍ਰਦਜਾਭੀ ਕਬੀ ਮੈਂਨੇ ਨਾ ਕਰੀ ॥ ਅਰ ਅਪਨੇ ਹੱਕ ਕੀ ਮਾਯਾ ਭੀ ਧਰਮ ਕਰ ਇਕੱਤ੍ਰ ਨਾ ਕਰਤਾ ਭਯਾ ਅਬ ਪਰਯੰਤ ॥ ੩ ॥

**ਮੂਲ ॥ ਵਿਸਾਲ ਨੀਲ ਕੰਜ ਨੈਨ ਚੰਚਲੇ ਰਿਦੈ ਪ੍ਰਿਯਾ ॥ ਨ ਕੀਨ ਸੁਪਨੈ ਪਿ ਸੈਅਲਿੰ-ਗਨੰ ਮਹਾਂ ਤ੍ਰਿਯਾ ॥ ਪ੍ਰ ਪਿੰਡ ਪੈ ਸਲੋਭ ਕਾਂਕ ਯੋ ਸਮਾਂਗਤੋ ਹਮੈ ॥ ਵਿਕਾਸ ਮਾਤ ਆਸ ਕੰਜ ਨਾਸਕੋ ਕਰੀਜ ਮੈ ॥ ੪ ॥**

ਟੀਕਾ ॥ ਖਿੜੇ ਹੋਏ ਨੀਲੇ ਕਵਲਵਤ ਸੁੰਦਰ ਅਰ ਚੰਚਲ ਹੈਂ ਨੇਤ੍ਰ ਜਿਸਕੇ ਅਰ ਰਿਦੈ ਕੀ ਪਿਆਰੀ ॥ ਐਸੀ ਜੋ ਅਤਿ ਸ੍ਰਿਸ਼ਟ ਇਸਤ੍ਰੀ ਹੈ ॥ ਮੈ ਤਿਸਕਾ ਸੁਪਨ ਮੈ ਭੀ ਸਬੰਧ ਨਾ ਕਰਤਾ ਭਯਾ ॥ ਪਰ ਇਸਤ੍ਰੀਯੋਂ ਕੇ ਸਰੀਰ ਪਰ ਲੋਭਾਇ-ਮਾਨ ਹੋ ਕਰ॥ ਕਾਂਕ ਕੀ ਨਜਾਈ ਮੇਰਾ ਮਨੁਖ ਸਰੀਰ ਰੂਪੀ ਸਮਾ ਬਿਤੀਤ ਭਯਾ ॥ ਅਰ ਖਿੜਾ ਹੂਆ ਜੋ ਮਾਤਾ ਕਾ ਮੁਖ ਰੂਪੀ ਕਵਲ ਥਾ ਤਿਸਕੇ ਨਾਸ ਕਰਨੇ ਕੋ ਮੈ ਹਸਤੀ ਰੂਪ ਜੇਮਤਾਭਯਾ ॥ ੪ ॥ ਪੁਨਾ ॥


Sri Satguru Jagjit Singh Ji eLibrary NamdhariElibrary@gmail.com

ਕਬਿੱਤ ॥ ਤਾਜੀਵਨ ਕੋਧਿਕਾਰਜੋਊਦੁਖਕੋ ਅਗਾਰ ਮਿਤ੍ਰ ਬੰਧੂ ਪਰਵਾਰ ਕਰ ਨਿਤ ਜਿੱਤ ਹੈ॥ ਦੀਨਾਨਾਥ ਜਨੋਪਰਉਪਕਾਰਕੋਬਾਪਾਰ ਤਾਕੋ ਤ੍ਰਿਸ਼ਕਾਰ ਜਾਮਝਾਰ ਨਿੱਤ ਥਿਤ ਹੈ॥ ਜਾਂ ਕੇ ਭਾਲ ਬਿਖੈ ਇੰਦੁ ਵੂੰਦਤਾ ਪਦਾਰ ਬਿੰਦ ਕੋ ਧਿਆਨ ਜਾਮੋ ਮੰਦਭੂਤ ਨਿੰਦਾ ਨਿੱਤ ਹੈ ॥ ਅ-ਲਿਲੋਲ ਲੋਚਨ ਬਿਸਾਲ ਕੂਚਤਟਤ੍ਰਿਯਾਤਾਂ ਕੋ ਮੇਲਾ ਭੀ ਨਭਯੋਯੋਹੀ ਵੇਲਾਬਿਤ ਹੈ॥ ੫॥

ਟੀਕਾ ॥ ਤਿਸ ਜੀਵਣੇ ਕੋ ਧ੍ਰਿਕਾਰ ਹੈ ਜੋ ਜੀਵਣਾ ਦੁਖਕਾ ਮੰਦਰ ਹੈ ਦੁਖਕਾ ਮੰਦਰ ਸੋ ਜੀਵਣਾ ਹੈ ਜਿਸਜੀਵਨਕੋਪਾਇ ਕਰ ਪੁਰਸ਼ ਮਿੱਤਰ ਪੁੱਤਰ ਇਸਤ੍ਰੀ ਅਰ ਸਾਕ ਸ਼ਰੀਕੇਆਦਿ ਜੋ ਪਰਵਾਰ ਹੈਂ ਇਨਕਰ ਜਿੱਤਾ ਹੂਆ ਹੈ ॥ ਨਿੱਤਜਮ ਪ੍ਰਤੀ ਇਨਕੇ ਝੋਰੇ ਮੇਂ ਖਪ ਰਹਿਆ ਹੈ ॥ ਐਸੇ ਜੀਵਣੇਕੋਧ੍ਰਿਕਾਰਹੈ ॥ ਪੁਨਾ ਸੋ ਪਰਵਾਰ ਕੈਸਾ ਹੈ ਦੁਖ ਕਰਦੀਨਜੋਪੁਰਸ਼ ਹੈਅਰ ਅਨਾਥ ਹੈ ਜਿਨਕਾ ਕੋਈ ਆਸਰਾ ਨਹੀ ਹੈ ॥ ਤਿਨਪਰ ਜੋ ਉਪਕਾਰ ਕਰਨਾ ਹੈ ਤਿਸ ਉਪਕਾਰ ਕਰਨੇ ਰੂਪੀ ਬੈਤਾਰਕਾ ਤ੍ਰਿਸ਼ਕਾਰ ਜਾਂ ਸਰਬੰਧੀਓਂ ਮੈ ਨਿੱਤਜਮ ਪ੍ਰਤਿਸਿਥਿਤਹੈਜਿ ਨਮੈਲਗਕਰ ਕਬੀ ਉਪਕਾਰ ਹੋਤਾ ਨਹੀਂ ਪੁਨਾ ਜਿਸ ਸ਼ਿਵ ਕੇ ਮਸਤਕ ਮੈ ਚੰਦ੍ਰ ਹੈ ਤਿਨਕੇ ਜੋਦੋ ਚਰਨਕਵਲਹੈਂ ਤਿਨਕਾ

ਅਰਾਧਨ ਭੀ ਜਾ ਸਰਬੰਧੀਓਂ ਮੇਂ ਨਹੀਂ ਹੋਵੇਹੈਅਰਜੀਵੋਂਕੀ ਉਸਤਤਿ ਨਿੰਦਾ ਨਿੱਤਜੰਪ੍ਰਤੀ ਹੋਰੀਹੈ ਐਸੇ ਜੀਵਣੇ ਕੋ ਧ੍ਰਿ-ਕਾਰਹੈ ॥ ਪੁਨਾ ਜਿਨਕੇ ਖਾਨ ਪਾਨਾਦਿ ਹੇਤ ਬਿਦੇਸੋਂ ਮੈ ਫਿਰਦਿਆਂ ਹੋਇਆਂ ਭਉਰੇਵਤ ਕਾਲੇ ਤਥਾ ਚੰਚਲ ਹੈਂਮ੍ਰਿਗ ਵਤ ਨੇਤ੍ਰ ਜਿਨਕੇ ਅਰ ਸੁੰਦਰ ਹੈਂ ਕੁਚਾਂ ਕੇ ਤਟ ਜਿਸਕੇ ਭਾਵ ਏਹ ਚੌੜੀ ਹੈ ਛਾਤੀ ਜਿਸਕੀ ਐਸੀ ਇਸਤ੍ਰੀ ਕਾ ਮਿਲਾਪਭੀ ਜਿਨ ਸੰਨਬੰਧੀਓਂ ਮੇਂ ਨਹੀਂ ਭਯਾ ॥ ਈਸ਼ਰ ਸਿਮਰਨ ਸੇ ਬਿਨਾ ਬਿਅਰਥ ਹੋ ਸਮਾ ਬੀਤਿਆ ॥ ੫ ॥

**ਕਬਿੱਤ ॥ ਵਾਦੀਬ੍ਰਿੰਦ ਕੇ ਦਮਨਵਾਰੀ ਪਜਾਰੀ ਸੰਤਨ ਕੋ ਐਸੀ ਵਿਦਜਾ ਕੋ ਸ਼ਲੋਕ ਪਠਜੋ ਮੈਨ ਲੋਕ ਮੈਂ ॥ ਖੜਗੋਂ ਕੇ ਅਗ੍ਰਕਰ ਕਰੀ ਕੁੰਭ ਪੀਠਨਿ ਕੋ ਪੀਠਕੇ ਨ ਯਸ ਨੀਠ ਕੀਨੋਂ ਸੁਰਲੋਕ ਮੈ ॥ ਕਾਂਤਾਕੇਅਧਰ ਮ੍ਰਿਦੁ ਦਲਵਤ ਰਸ ਨਿਧਿ ਸੋ ਨ ਚੂਸੇ ਉਦੈ ਬਿਧੁ ਸ੍ਰਿਛਿਤ ਅਸੋਕ ਮੈ । ਗਿਆਨ ਨਾ ਕਰਾਰੀ ਤਿਨਕੋ ਨ ਰਸ ਲੀਨੋਂ ਅਹੋ ਬ੍ਰਿਥਾ ਜੁਬਾ ਖੀਨੋ ਜੈਸੇ ਦੀਪ ਸੂਨੇ ਓਕ ਮੈ ॥ ੬ ॥**

ਟੀਕਾ ॥ ਵਾਦੀ ਨਾਮ ਪ੍ਰਸ਼ਨ ਕਰਤਾ ਜੋਕੁਤਰਕੀਪੁਰਸ਼ਹੈਂ ਤਿਨ ਸਮੂਹ ਕੋ ਵਾ ਖੋਟੀਆਂ ਜੋ ਵਾਦੀਆਂ ਹੈਂ ਤਿਨ ਸਮੂਹ

Sri Satguru Jagjit Singh Ji eLibrary NamdhariElibrary@gmail.com

ਕੇ ਨਾਸ਼ ਕਰਨੇ ਹਾਰੀ ਜੋ ਵਿਦਜਾ ਹੈ ਸੰਤਨ ਕੀ ਪਿਆਰੀ ਤਿਸ ਕਾ ਸ਼ਲੋਕ ਮਾਤ੍ਰ ਭੀ ਮੈਨੇ ਨਾ ਪੜ੍ਹਿਆ ॥ ਇਸ ਲੋਕ ਮੈਂ ਵਾ ਲੋਕ ਨਾਮ ਸ਼ਾਸਤ੍ਰ ਕਾ ਹੈ ਕਿਸੇ ਸ਼ਾਸਤ੍ਰ ਕਾ ਸ਼ਲੋਕ ਨਾ ਪੜ੍ਹਨਾ ਕੀਤਾ ਹਸਤੀਓਂ ਕੇ ਸੀਸ ਪਰ ਸਿਥਿਤ ਜੋ ਸੂਰਮੇ ਹੈਂ ਚਤਰੰਗਨੀ ਸੈਨਾ ਕੇ ਸਹਤ ਤਿਨਕੋ ਤਲਵਾਰ ਕੀ ਧਾਰਾ ਸੇ ਨਾਸ ਕਰ ਯਸ਼ ਕੋ ਭੀ ਨਾ ਲੇਤਾ ਭਯਾ ਜਿਸ ਕਰ ਦੇਵਲੋਕ ਕੋ ਪ੍ਰਾਪਤ ਹੋਤਾ ਭਲੀ ਪਰਕਾਰ ਸੇ। ਤੀਆ ਕੇ ਅਦਰ ਹੈਂ ਕੋ ਮਲ ਕਮਲ ਪੱਤ੍ਰਵਤ। ਅਰ ਰਸ ਕੀ ਨਿਧਿ ਸੋ ਭੀ ਮੈਨੇ ਨਹੀਂ ਚੂਸੇ ॥ ਚੰਦ ਕੀ ਚਾਂਦਨੀ ਮੈ ਆਪਨੀ ਇੱਛਾ ਅਨੁਸਾਰ ਸ਼ੋਕ ਥੀ ਰਹਿਤ ਹੋਕਰ ॥ ਸ਼ਾਸਤ੍ਰ ਗਿਆਨ ਤਥਾ ਸੁਰਗਪੁਨਾ ਇਸਤ੍ਰੀ ਇਨ ਤੀਨੋਂ ਕਾ ਰਸ ਨਾ ਮੈਨੇ ਲੀਨਾ। ਅਹੋ ਬੜਾ ਅਫਸੋਸ ਹੈ ਬਿਅਰਥ ਹੀ ਮੇਰੀ ਜੁਬਾ ਅਵਸਥਾ ਬੀਤੀ ਜੈਸੇ ਉਜਾੜ ਕੇ ਉਜੜੇ ਮੰਦਰ ਮੈ ਦੀਵਾ ਹੋਤਾ ਹੈ ਤੈਸੇ ॥

**ਕਬਿੱਤ ॥ ਦੀਪ ਮੈ ਪਤੰਗ ਪਰੇ ਜਰੇ ਨਾ ਪ੍ਰਤਾਪੁ ਜਾਨੈ ਮੀਨ ਸੁ ਅਗਜਾਨ ਭਖੇ ਕੁੰਡੀ ਮਿਲੇ ਮਾਸ ਕੋ ॥ ਗਜ ਗਜੀ ਹੇਤ ਪਰੋ ਖਾਤ ਖਾਤ ਅੰਕਸ ਕੋ ਰਾਗ ਮੈ ਕੁਰੰਗ ਰਾਗ ਕਰੇ ਨਿਜ ਨਾਸ਼ ਕੋ ॥ ਪੰਕਜ ਕੀ ਗੰਧ ਬੀਚ ਨੀਚ ਭ੍ਰਿੰਗ ਮੀਚ ਗਹੇ ਇੱਤਜਾਦਿ ਅੱਗ੍ਰ ਨਾਸ ਕਰੇ ਨਿਜ ਸਾਸ**

Sri Satguru Jagjit Singh Ji eLibrary NamdhariElibrary@gmail.com

**ਕੋ॥ਅਹੋ ਹਾਸ ਗਨ ਮਹਾ ਮੋਹ ਕੋ ਪ੍ਰਤਾਪ ਲਾਹਾ ਸ਼ੁਭਾ ਸ਼ੁਭ ਜਾਨੋ ਪੈ ਨ ਹਾਨੋ ਭੋਗ ਆਸ ਕੋ॥੭**

ਟੀਕਾ॥ ਦੀਪਕ ਮੈ ਪਤੰਗਾ ਪੜਕੇ ਜਲ ਮਰਤਾਹੈ ਪਰੰਤੂ ਤਿਸਕੇ ਪ੍ਰਤਾਪ ਦਾਹ ਸ਼ਕਤੀ ਕੋ ਜਾਣੇ ਨਹੀਂ ਹੈ ਕੇਵਲ ਰੂਪ ਕਾ ਪੁੰਜ ਜਾਨਕਰ ਪੜੇ ਹੈ॥ ਅਰ ਮੱਛ ਭੀ ਅਗਜਾਨ ਕੇ ਸਹਤ ਹੋਕਰ ਕੁੰਡੀਕੋ ਨਹੀਂ ਜਾਨਤਾ ਹੂਆ ਮਾਸਕੋ ਭਖਣ ਕਰੇ ਹੈ ਤੈਸੇਹੀ ਹਸਤੀ ਭੀ ਝੂਠੀ ਹਥਨੀ ਤਥਾ ਟੋਏਕੋ ਜਾਣ ਕਰ ਹਸਤਨੀ ਵਾਸਤੇ ਖਾਤੇ ਮੈ ਪੜੇ ਹੈ॥ ਅਰਸਿਰਪਰਕੁੰਡੇ ਕੀਆਂ ਚੋਟਾਂ ਸਹਾਰਤਾ ਹੈ। ਰਾਗ ਮੈ ਹਰਨਕਾ ਪ੍ਰੇਮਹੈਸੋ ਭੀ ਵੈਦਕ ਕੇ ਫਰੇਬ ਕੋ ਨਾ ਜਾਨਕਰ ਆਪਨੇ ਆਪਕਾ ਨਾਸ਼ ਕਰੇ ਹੈ॥ਕਮਲਕੀ ਸੁਗੰਧੀ ਬੀਚ ਪ੍ਰੇਮ ਹੈ ਨੀਚ ਅਗਜਾਨੀ ਭੌਰਕਾ ਸੋ ਭੀ ਮ੍ਰਿਤੂ ਕੋ ਧਾਰਨ ਕਰੇ ਹੈ ਸੂਰਯਕਾ ਅਸਤ ਹੋਣਾ ਨਾ ਜਾਣਕੇ ਭਰਥਰੀਜੀ ਕਹੇਹੈਂ॥ਇਤਆਦਿ ਜਾਵਤ ਜੂਨੀਆਂ ਕੇ ਜੀਵ ਹੈਂ ਸੋ ਅਗਜਾਨੀ ਹੋਕਰ ਅਪਨ ਸ੍ਵਾਸ ਕੋ ਨਾਸ ਕਰੇਂ ਹੈਂ॥ ਅਹੋ ਬੜਾ ਅਸਚਰਜ ਹੈ। ਹਾ ਇਤੀਕਸ਼ਟ ਹੈ ਮਹਾਂ ਮੋਹ ਕਾ ਪ੍ਰਤਾਪ ਅਤੀਭਾਰੀ ਮੈਨੇ ਜਾਨਿਯਾਹੈ॥ ਵਾ ਮੇਰੇਕੋ ਤਿਸਨੇ ਲਾਹਾ ਕਿਆ ਗ੍ਰਸਲੀਤਾ ਹੈ। ਜੋ ਮੈ ਸ਼ੁਭਤਥਾ ਅਸ਼ੁਭ ਕੋ ਜਾਨਕਰ ਭੀ॥ ਪੈ ਬਹੁੜੇ ਭੋਗਾਂਕੀ ਆਸਾਕੋ ਨਹੀਂ ਨਾਸ਼ ਕਰ ਸਕਤਾ ਅਰਥ ਏਹ ਸ਼ਬਦ ਸਪਰਸ਼ ਰੂਪ ਰਸ ਗੰਧ ਏਹ ਪੰਜ ਵਿਸ਼ੇ ਹੈਂ ਏਕ ਏਕ ਮੈ ਲਗਕਰ ਜੀਵ ਦੁਖ ਕੋ ਸਹਾਰਤੇ ਹੋਏ ਨਾਸ਼ ਭਏ। ਜੈਸੇ ਰੂਪ ਮੈ ਪਤੰਗ ਰਸਮੈ ਮਛ

Sri Satguru Jagjit Singh Ji eLibrary NamdhariElibrary@gmail.com

ਹਰਨ ਗੰਧਮੇਂ ਭੌਰ॥ ਪਰੰਤੂ ਸਪਰਸ਼ ਮੈ ਹਸਤੀ ਸ਼ਬਦ ਮੈ ਹਰਨ ਗੰਧਮੇਂ ਭੌਰ॥ ਪਰੰਤੂ ਹਮਜਾਣਤੇ ਹੈਂ ਅਰ ਤਿਨ ਸੋ ਤਿਨਕੇ ਦੁਖਕੋ ਨਹੀਂ ਜਾਣਤੇ ॥ ਹਮਜਾਣਤੇ ਹੈਂ ਅਰ ਤਿਨ ਮੈ ਏਕ ਏਕ ਵਿਅਸ਼ਨ ਹੈ ਹਮਾਰੇ ਮੈਂ ਪਾਂਚੋਂ ਹੈਂ। ਯਥਾ ਗੁਰ ਸ਼ੁਤਿ "ਮ੍ਰਿਗਮੀਨਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾਨਹਿ ਤਾਕੀਕੇਤਕ ਆਸ" ॥ ਤਥਾਪੀ ਹਮ ਨਹੀਂ ਤਿਆਗ ਸਕਤੇ ॥ ਯਾਤੇ ਮੋਹ ਕਾ ਤੇਜ ਪ੍ਰਬਲ ਹੈ ਮੋਹ ਨਾਮ ਰਾਗ ਕਾ ਹੈ ਅਰ ਪਦਾਰਥਾਂ ਮੈ ਜੋ ਅੱਧਜਾਸ ਪੂਰਬਕ ਪ੍ਰੀਤੀ ਹੈ ਸੋ ਤਿਸਕਾ ਪ੍ਰਤਾਪ ਹੈ ॥ ੭ ॥

**ਦੋਹਰਾ ॥ ਮੋਹ ਮਹਾਤਮ ਰੂਪਕੋ ਗਹਨ ਮਹਾਤਮ ਆਹਿ ॥ ਮੋਹੇ ਪੁਰਖ ਮਹਾਤਮਾ ਜਹ ਵਿਵੇਕ ਰਵਿ ਨਾਹਿ ॥ ੮ ॥**

ਟੀਕਾ ॥ ਮੋਹ ਜੋ ਮਹਾਂ ਅਤਸੇ ਕਰ ਅੰਧਕਾਰ ਰੂਪ ਹੈ॥ ਤਿਸ ਕਾ ਜੋ ਪ੍ਰਤਾਪ ਹੈ ਸੋ ਬੜਾ ਕਠਨ ਹੈ॥ ਭਾਵ ਯੇਹ ਹੈ ਅਧਜਾਸ ਰੂਪ ਪ੍ਰੀਤੀ ਕਾ ਰੋਕਨਾ ਕਠਨ ਹੈ ਇਸਤੇ ਮੋਹ ਨੇ ਨਾਸ ਕਰ ਲਏ ਹੈਂ ਮਹਾਂ ਅਤਸੇ ਕਰ ਜੋ ਖਾਹਸ਼ ਵਾਲੇ ਪੁਰਖ। ਦੇ ਜਿਨਕੋ ਵਿਵੇਕ ਰੂਪੀ ਸੂਰਯ ਕਾ ਪ੍ਰਕਾਸ਼ ਨਹੀਂ ਹੂਆ ਉਲੂਵਤ ॥ ਵਾ ਮੋਹ ਜੋ ਅਤਸੇ ਕਰ ਅੰਧਕਾਰ ਰੂਪ ਹੈ ਤਿਸਕਾ ਜੋ ਮਹਾ-ਤਮ ਪ੍ਰਤਾਪ ਆਹਿ ਕਿਆ ਹੈ ਤਿਸਕੋ ਮਹਾਤਮਾ ਪੁਰਸ਼ ਗ੍ਰਹਨ ਨਹੀਂ ਕਰਤੇ ॥ ਅਰਥ ਏਹ ਅਧਜਾਸ ਰੂਪ ਪ੍ਰੀਤੀ ਸੇ ਰਹਿਤ ਹੈ ਅਗਜਾਨੀ ਤੌ ਰਾਗ ਸਹਤ ਪ੍ਰੀਤੀ ਕਰੇ ਹੈ ਅਰ

Sri Satguru Jagjit Singh Ji eLibrary NamdhariElibrary@gmail.com

ਪਦਾਰਥਾਂ ਕੇ ਆਨੇ ਜਾਨੇ ਸੇ ਹਰਖ ਸੋਗ ਕੋ ਧਾਰੇ ਹੈ ॥ ਅਰ ਮਹਾਤਮਾ ਪੁਰਸ਼ ਪ੍ਰੀਤੀ ਤੋ ਸਰਬਸੇ ਕਰੇ ਹੈਂ। ਪਰੰਤੂ ਰਾਗ ਸੇ ਬਿਨਾ ਕਰੇ ਹੈਂ ॥ ਨਨੂ ॥ ਰਾਗ ਸੇ ਬਿਨਾ ਪ੍ਰੀਤੀ ਕੈਸੇ ਹੋਤੀਹੈ ॥ ਉਤ੍ਰ ॥ ਮੋਹੇ ਮੋਹ ਕਹੇ ਕਿਆ ਤਿਆਗ ਕਰਿਆ ਹੈ ਮਹਾਤਮਾ ਪੁਰਸ਼ਾਂ ਨੇ ਅਪਨੇ ਮਨਸੇਜਹਜਿਨਾ ਕਾ ਵਿਵੇਕ ਰੂਪ ਸੂਰਯ ਸੁਆਮੀ ਹੈ ਭਾਵ ਏਹ ਵਵੇਕਦੇਵੀ ਸੰਪਦਾ ਕਾ ਸੁਆਮੀ ਹੈ ॥ ਯਾਤੇ ਦੇਵੀ ਸੰਪਤਾ ਕੇ ਸਹਤ ਹੈ ਜੋ ਤਿਨਾਂਨੇ ਮੋਹ ਕਾ ਨਾਸ਼ ਕਰਿਆ ਹੈ ॥ਇਸਤੇ ਤਿਨਕੋ ਹਰਖ ਸ਼ੋਗ ਹੋਵੇ ਨਹੀਂ ਹੈ ਯਾਤੇ ਰਾਗ ਰੂਪ ਪ੍ਰੀਤੀ ਸੇ ਬਿਨਾ ਹੈ ਐਸੇ ਜਾਨੀਏ ॥ ਆਗੇ ਦੋਨਵਾਂ ਕਾ ਕਥਨ ਹੈ ਇਸਤੇ ਦੋਹੇ ਮੈ ਦੇਹਲੀ ਦੀਪ ਨਿਯਾ ਸੇ ਸ਼ਲੇਖਮ ਪਦੋਂ ਕਰ ਦੋਨਵਾ ਕਾ ਅਰਥ ਹੈ ॥ ਅਬ ਮੋਹ ਕੇ ਸਹਤ ਤਥਾ ਰਹਤ ਜੋ ਪੁਰਸ਼ ਤਿਨਕੋ ਦਿਖਾਵੇਂ ਹੈਂ ॥ ੮ ॥ ਯਥਾ ॥

**ਸ੍ਵੈਯਾ-ਏਸ਼੍ਰੁਤਿਗਿਆਨਸੁਜਾਨਨਕੋਅਭਿਮਾਨ ਮਦਾਦਿਵਿਕਾਰ ਨਿਵਾਰੇ ॥ ਕੇਚਿੱਤ ਮੋ ਸਮ ਨੀਚਨਕੇ ਚਿੱਤਮੌ ਵਹੁ ਮਾਨਮਦਾਦਿਕਧਾਰੇ ॥ਸੂਨ ਯਥਾ ਮਠ ਸਾਧਨ ਕੋ ਅਤਿ ਮੋਖ ਕੋ ਸਾਧਨ ਦੋਖ ਪ੍ਰਹਾਰੇ॥ ਸੋ ਹਮਸੇ ਮਧ ਨਾਂਤਰਕੋ ਅਤਿਕਾਮ ਕੋ ਕਾਰਣ ਬਾਮ ਸਵਾਰੇ॥ ੯ ॥**

ਟੀਕਾ॥ ਵੇਦਕਾ ਜੋ ਵਿਚਾਰ ਹੈ ਏਹ ਸ੍ਰੇਸ਼ਟ ਪੁਰਸ਼ਾਂ ਕੇ ਹਿਰਦੇ

Sri Satguru Jagjit Singh Ji eLibrary NamdhariElibrary@gmail.com

ਮੇਂ ਜੋ ਮਨਨ ਹੋ ਰਹੇ ਸੋ ਮਦ ਆਦਿ ਵਿਕਾਰ ਸ਼ਾਸਤ੍ਰ ਵਿਚਾਰ ਸੇ ਪੂਰਬ ਤਿਨਕੋ ਨਾਸ਼ ਕਰਤਾ ਭਯਾ ॥ ਪੁਨਾ ਕੇਈਕ ਜੋ ਮੇਰੇ ਸਮਾਨ ਨੀਚ ਪੁਰਸ਼ ਹੈਂ ਤਿਨੋਂ ਕਾ ਚਿੰਤ ਸੋ ਵੇਦ ਕੇ ਵਿਚਾਰ ਕਰ ਮਾਨ ਮਦ ਆਦਿਕਾਂ ਕੋ ਧਾਰਨ ਕਰਤਾ ਭਯਾ ਮਾਨ ਜਾਤੀਆਦਿ ਗੁਣੋ ਕਾ ਮਦਧਨ ਆਦਿ ਸਨਬੰਧੀਆਂ ਕਾ ਸੋ ਸਰਬ ਅਧਜਾਸ ਸੰਪੂਰਨ ਰਾਗ ਕਰ ਹੋਵੇ ਹੈ ਜੈਸੇ ਖਾਲੀ ਮਕਾਨ ਜੰਗਲ਼ ਸੰਤਾਂਕੋ ਤਾਂ ਮੋਖ ਕਾ ਸਾਧਨ ਪ੍ਰਤੀਤ ਹੋਵੇਹੈ ਸੰਗ ਦੋਖਕੇ ਨਾਸ ਕਰਨੇ ਹਾਰੇ ॥ ਅਰ ਸੋਈ ਅਸਥਾਨ ਹਮਸਾਰਖੇ ਕਾਮੀ ਪੁਰਸ਼ਾਂ ਕੋ ਕਾਮ ਕੀ ਉਤਪਤੀ ਕਾ ਕਾਰਣ ਹੈ ॥ ਅਤੀ ਕਰ ਕਾਮੀ ਪੁਰਸ਼ ਇਕਾਂਤ ਸਥਾਨ ਦੇਖਕਰ ਇਸਤ੍ਰੀ ਚਿੰਤਨ ਕਰੇ ਹੈ ॥ ਇਤਨੇ ਮੇਂ ਰਾਗ ਸਹਿਤ ਪੁਰਸ਼ਾਂਕੋ ਦੇਖਾਕਰ ਆਗੇ ਜਿਸ ਪ੍ਰਕਾਰ ਸ੍ਰਿਸ਼੍ਰ ਪੁਰਸ਼ਾਂ ਨੇ ਪ੍ਰਾਰਲਭਧ ਅਨੁਸਾਰ ਪਦਾਰਥ ਕਾ ਆਗਮਨ ਤਥਾ ਨਾਸ਼ ਜਾਨਕਰ ॥ ਮੋਹ ਆਕਾਰ ਬੁਧੀ ਕਾ ਨਾਸ਼ ਕੀਆ ਹੈ ਸੋ ਦਖਾਵੇ ਹੈਂ ॥ ੯ ॥

**ਕਃ॥ ਪੁੰਨਨ ਕੇਵਸਤੇ ਸੋ ਭੋਗ ਚਿਰ ਵਸ ਤੇ**
**ਨਿਮਿੱਤਨ ਸੇ ਨਸਤੇ ਮ੍ਰਯਾਦ ਆਦਿ ਦਿਨਮੈ ॥**
**ਕੌਨ ਭੇਦ ਭੋਗਨਕੇ ਭੇਦਨਮੈ ਤਜੇ ਜਨ ਏਕ**
**ਕੋ ਵਿਯੋਗਤੇ ਅਵੱਸ ਹੋਤ ਇਨਮੈ ॥ ਸੁਤੇ ਜਬ**
**ਜਾਵੈ ਤਬ ਮਨਕੋ ਤਪਾਵੈ ਭਾਰੀ ਮੋਖੇ ਤਿਨੇ**
**ਆਪ ਤਾਪ ਮੋਖੇ ਤਿਨੇ ਖਿਨ ਮੈ ॥ ਐਸੇ ਮੋਖ**

Sri Satguru Jagjit Singh Ji eLibrary NamdhariElibrary@gmail.com

ਪ੍ਰਤਿਬੰਧੀ ਵਿਖੈ ਲਖੇ ਮੈ ਸਬੰਧੀਕੋ ਕੁਭਾਗੀ
ਛਿਨ ਮੈ ਜੋ ਰਾਗੀ ਹੋਤ ਇਨਮੈ॥ ੧੦ ॥

ਟੀਕਾ ॥ ਪੂਰਬਲੇ ਪੁੰਨਨਕੇ ਵਸਹੋਇਇਹੋਇ ਇਸਤ੍ਰੀਪੁਤ੍ਰਾਦਿ ਜੋ ਸੰਸਾਰ ਕੇ ਸ੍ਰਿਸ਼ਟ ਭੋਗ ਹੈਂ ॥ ਸੋ ਚਿਰਕਾਲ ਪੁਰਸ਼ ਕੇ ਪਾਸ ਵਸਤੇ ਹੈਂ॥ਭੋਗਾਂ ਕਾ ਕਾਰਣ ਜੋ ਪੂਰਬਲੇ ਕਰਮਜਬ ਨਾਸ਼ ਹੋ ਜਾਵਨ ਤਬ ਭੋਗ ਵੀ ਨਾਸ਼ ਹੋਜਾਤੇ ਹੈਂ॥ਇਹ ਮ੍ਰਜਾਦਾ ਸ੍ਰਿਸ਼ਟੀ ਕੇ ਆਦਿ ਦਿਨ ਸੇ ਹਰੀ ਨੇ ਰਚੀ ਹੈ ਐਸੇਵਿਚਾਰ ਕਰ ਸ੍ਰੇਸ਼ਟ ਪੁਰਸ਼ ਪਦਾਰਥੋਂ ਸੇ ਨਿਰਮੋਹ ਰਹੇ ਹੈਂ। ਭਰਥਜੀ ਕਹਿਤੇ ਹੈਂ ਕਿਆ ਭੇਦ ਹੈ ਭੋਗਾਂ ਕੇ ਮੋਹਕੇਤਜਾਗ ਮੈ॥ ਜੋ ਪੁਰਸ਼ ਤਜਾਗਤਾ ਨਹੀਂ ਏਕ ਕਾ ਵਿਛੋੜਾ ਤੋਅਵਸ਼-ਮੇਵ ਹੋਨਾਹੀਹੈ।ਚਾਹੇ ਭੁਗਤਾ ਪੁਰਸ਼ਕਾ ਨਾਸ਼ ਹੋਵੈਤੋਪਦਾਰਥ ਬਨੇ ਰਹੇ ਹੈਂ ॥ ਚਾਹੇ ਪਦਾਰਥ ਨਾਸ ਹੋਵੈਂ ਤੋ ਪੁਰਸ਼ ਜੀਤਾ ਰਹੇ। ਪਰੰਤੂ ਜਬ ਪਦਾਰਥ ਪਰਾਰਬਧ ਕੇ ਅਭਾਵ ਸੇ ਅਚਾਨਕ ਨਾਸ਼ ਹੋਜਾਵੇਂ ॥ ਤਬ ਮਨਕੋ ਬਡਾ ਭਾਰੀਦੁਖਆਵੇ ਹੈ ॥ ਅਰ ਜੋ ਪੁਰਸ਼ ਪਦਾਰਥਾਂ ਕੇ ਮੋਹ ਕੋ ਤਿਆਗੇ ਤਿਸ ਪੁਰਸ਼ਕੋ ਤੀਨੋ ਤਾਪ ਅਧਜਾਤਮਾਦਿ ਤਜਾਗ ਦੇਤੇ ਹੈਂ। ਭਾਵ ਯੇਹ ਤਿੰਨਾ ਤਾਪਾਂਕੇ ਤਪਾਵਣੇ ਕਾ ਕਾਰਣ ਹੀ ਦੇਹ ਆਦਿ ਪਦਾਰਥਾਂ ਕਾ ਮੋਹ ਹੈ॥ਵਾ ਤਿਸ ਪੁਰਸ਼ਨੇ ਮਾਨੋਤਿੰਨਾਂ ਤਾਪਾਂਕਾ ਤਜਾਗ ਕਰ ਦੀਆ ਹੈ ॥ ਭਾਵ ਯੇਹ ਤਿਨਤਾਪਰੂਪ ਪਦਾਰਥ ਹੀ ਤਪਾਵਨੇਹਾਰੇ ਹੈਂ ॥ਇਸਪ੍ਰਕਾਰ ਵਿਚਾਰ ਕਰ



Sri Satguru Jagjit Singh Ji eLibrary NamdhariElibrary@gmail.com

ਪੂਨਾ ਮੋਖਮੇਂ ਭੱਕਾ ਜਾਣਕਰ ਸ੍ਰੇਸ਼ਟ ਪੁਰਸ਼ੋਂ ਨੇ ਪਦਾਰਥ ਤਜੇ ਹੈਂ॥ ਅਰ ਮੈਂ ਤਿਨਕੇ ਸਬੰਧੀਓਂ ਕੀ ਨਜਾਈ ਸੁਖਦਾਈ ਜਾਨਕਰ ਰਾਗੀ ਹੋਤਾ ਭਯਾ॥ ਜੀਵਕੇ ਸਬੰਧੀ ਸੁਖਦਾਈ ਸ੍ਰੇਸ਼ਟ ਪੁੰਨ ਕਰਮ ਨਿਸਕਾਮ ਹੈਂ ਤਿਨਾਵਤ ਜਾਣਤਾ ਭਯਾ ਐਸੇ ਜਾਨੀਏ॥ ਤਾਂਤੇ ਮੇਰੇ ਸੇ ਬਿਨਾ ਹੋਰ ਮੰਦਭਾਗੀ ਕੌਨ ਹੈ॥ ਜੋ ਇਨਮੇਂ ਰਾਗ ਕਰਤਾ ਹੈ॥ ਭਾਵ ਇਹ ਹੈ ਜੋ ਪਦਾਰਥੋਂ ਕਾ ਪ੍ਰੇਮੀ ਹੈ ਸੋ ਮੰਦ ਭਾਗੀ ਹੈ॥ ੧੦॥ ਭੋਗਾਂਮੇ ਹਰੀ ਕੇ ਭੈ ਕੀ ਤਥਾ ਨਰਕਾਂ ਕੇ ਭੈ ਕੀ ਹਾਨੀ ਜਨਾਤੇ ਹੋਏ॥ ਭੋਗਾਂ ਕੋ ਹੀ ਭੁਗਤਾ ਰੂਪ ਕਥੇ ਹੈ॥ ਯਥਾਮਾਤ੍ਰਕ ਸਵੈਯਾ॥

**ਅਹੋਸਖੇ ਮੈ ਭੋਗਨ ਭੋਗੇ ਭੋਗਜੇ ਗਯੋ ਆਪਮੈ ਮੂਢ॥ ਕ੍ਰਮਕ੍ਰਮ ਹਮਰੋ ਪ੍ਰਕ੍ਰਮ ਸਗਰੋ ਲੀਨੋ ਭੋਗੋਂ ਭੋਗ ਅਗੂਢ॥ ਭੁਗਤਾ ਜਾਨ ਭੋਗ ਮੈ ਭੋਗੇ ਉਲਟਾ ਭੋਗੋਂ ਭੋਗਜੇ ਮੋਹ॥ ਸਿਸਨੋਂਦਰ ਪਰ ਭਜੋ ਨ ਚੀਨੋ ਕੀਨੋ ਮੈ ਨਿਜਾਪਸੇ ਦ੍ਰੋਹ॥੧੧॥**

ਟੀਕਾ—ਅਹੋ ਅਫਸੋਸ ਹੈ ਹੇ ਮਿੱਤ੍ਰ ਮੈਨੇ ਭੋਗਨਹੀਂ ਭੋਗੇ॥ ਮੈਂ ਮੂਰਖ ਆਪਹੀ ਭੋਗਜੇ ਗਯੋ॥ ਮੇਰਾ ਸਾਰਾ ਬਲ ਸ਼ਨੇ ਸ਼ਨੇ ਕਰ ਭੋਗਾਂਨੇ ਭੋਗ ਲੀਨਾ ਕਿਆ ਨਾਸ਼ ਕਰਦੀਆ ਪ੍ਰਗਟ ਹੀ। ਆਪਕੋ ਮੈਂ ਭੋਗਨਹਾਰਾ ਮਾਨਕੇ ਭੋਗਤਾ ਭਯਾ ਭੋਗਾਂਕੋ॥ ਉਲਟਾ ਭੋਗਾਂਨੇ ਮੇਰੇਕੋ ਭੋਗ ਲੀਆ॥ ਮੇਰਾ ਬਲ ਅਰ ਕ੍ਰਾਂਤੀ ਨਾਸ਼ ਹੋਤੇ ਭਯੇ। ਸਿਸ਼੍ਨ ਲਿੰਙਇੰਦ੍ਰ ਤਥਾ ਰਸਨਾਕੇ ਰਸਾਂਮੇਂ

Sri Satguru Jagjit Singh Ji eLibrary NamdhariElibrary@gmail.com

ਲੱਗਕਰ ਨਰਕਾਂਕਾ ਤਥਾ ਪ੍ਰਮੇਸ਼ਰਕਾ ਭੈ ਮੈਂ ਨਾ ਜਾਣਜਾ ॥ ਆਪਨੇ ਸਾਥਮੈਂ ਆਪਹੀ ਦਗਾ ਕੀਆ ॥੧੧॥ਪੁਨਾ ਹੋਰ

**ਇੰਦ੍ਰੇਗਣਕੇ ਸੰਜਮ ਤਪਕੋ ਤਾਪਿਉ ਮੋਹਨ ਕਬਹੂ ਠੀਕ। ਕਾਮ ਕ੍ਰੋਧ ਲੋਭਾਦਿ ਅਗਨਿ ਕਰ ਮੈਂ ਸੰਤਪਤ ਭਯੋ ਅਬਤੀਕ ॥ਕਾਲਚੱਕ੍ਰ ਵਤ ਭ੍ਰਮਤ ਸਰਬਦਾ ਸੀਤ ਉਸਨ ਬਪੁਧਰ ਵ੍ਰਖਜਾਤ ॥ ਸਮਾਂਨ ਬੀਤਿਉ ਹਉਂਹੀਬੀਤਿਉ ਭਯੋ ਵਿਲੱਖਣ ਮਮਸੰਗਾਤ ॥੧੨॥**

ਟੀਕਾ—ਸਮੂਹ ਇੰਦ੍ਰਿਆਂ ਕੇ ਰੋਕਣੇ ਰੂਪੀ ਤਪਕੋ । ਮੈਨੇ ਕਦੇਭੀ ਨਹੀਂ ਤਪਯਾ । ਭਲੀ ਪ੍ਰਕਾਰ ਕਰ ਦੰਬਸੇ ਬਿਨਾ ਹੋਇਕਰ॥ਕਾਮਕ੍ਰੋਧਾਦਿ ਅਗਨੀ ਕਰਭਲੀ ਪ੍ਰਕਾਰ ਜਲਤਾ ਭਯਾ ਅਬਤਕ ਕਾਲ ਜੋ ਸਮਾਹੈ ਸੋ ਸਰਬ ਕਾਲ ਮੈ ਭ੍ਰਮ ਰਹਿਆ ਹੈ ਚੱਕ੍ਰਵਤ । ਸਿਆਲ ਅਹਾੜਾਦਿ ਖਟਰਿਤੂਕੇ ਸਰੂਪ ਕੋ ਧਾਰਕੇ ਪ੍ਰਗਟਹੀ । ਅਰ ਹਮ ਐਸੇ ਕਥੇ ਹੈਂ ॥ ਸਿਆਲ ਬੀਤਾ ਹੈ ਚੇਤ ਆਯਾਹੈ ਚੇਤ੍ਰ ਬੀਤਾ ਹੈ। ਸੋ ਸਮਾ ਤੋ ਬੀਤੇ ਨਹੀਂ ਹੈ।ਕਿਉਂਕਿ ਨਾਸ਼ ਹੋਈ ਵਸਤੂ ਕੀ ਉਤਪਤੀ ਹੋਵੇ ਨਹੀਂ ਜੈਸੇ ਬੀਤੀ ਆਯੂ ਹੋਵੇ ਨਹੀਂ ਹੈ॥ਅਰ ਚੇਤਾਦਿ ਰਿਤੂ ਪੁਨਾ ੨ ਹੋਵੇਂਹੈਂ ਯਾਤੇ ਸਮਾ ਨਾ ਬੀਤਜੋ । ਹਮਹੀ ਬੀਤ ਗਏ ਹੈਂ । ਮੇਰਾ ਜੋ ਸਰੀਰ ਹੈ ਸੋ ਹੋਰ ਰੂਪ ਕੋ ਧਾਰਨਕਰਤਾ ਭਯਾ ॥ ਕਾਲੇ ਕੇਸ ਚਿੱਟੇ ਭਯੇ ਰੂਪ ਕਰੂਪ ਭਯਾ ॥੧੨ ॥

Sri Satguru Jagjit Singh Ji eLibrary NamdhariElibrary@gmail.com

ਮੂਲ॥ ਤ੍ਰਿਸ਼ਨਾ ਜੀਰਣ ਭਈ ਨ ਅਬਲੌ ਮੈਹੂ
ਭਯੋ ਜਰਜਰੋ ਆਪ। ਬ੍ਰਿਧ ਭਯੋ ਦੂਰ ਬੁਧਿ
ਗਈ ਨਹਿ ਮਮ ਉਰਮੋ ਯਹ ਗੁਰ ਸੰਤਾਪ॥
ਅਧਮ ਕਾਂਮ ਮੋ ਅਵਧਿ ਗਈ ਸਭ ਲਬਧ ਭਯੋ
ਅਬਲੋ ਕਛੁ ਨਾਹਿ। ਹਹਾ ਨ ਹਰਕੇ ਪਾਂਪ ਕਰੇ
ਹਰ ਪਾਪ ਕਰੇ ਮੈ ਅਹਿਨਿਸ ਮਾਹਿ॥੧੩॥

ਟੀਕਾ—ਯਦਪੀ ਸਰੀਰ ਬ੍ਰਿਧ ਹੋ ਰਹਿਆ ਹੈ। ਤੌਭੀ ਤ੍ਰਿਸ਼ਨਾ ਭੋਗਾਂ ਕੀ ਵੈਸੇ ਹੀ ਹੈ॥ ਅਬ ਪ੍ਰਯੰਤ ਜਰਾ ਮਾਤ੍ਰ ਨਾਸ਼ ਨਹੀਂ ਭਈ॥ ਅਰ ਮੈਂ ਖੀਣ ਹੋ ਰਹਿਆ ਹੂੰ। ਖੋਟੀ ਬੁਧੀ ਨਵ੍ਰਿਤ ਨਹੀਂ ਹੋਈ॥ ਇਹ ਮੇਰੇ ਰਿਦੇ ਮੇਂ ਬੜਾ ਪਸ਼੍ਚਾਤਾਪ ਹੈ॥ ਖੋਟੀਆਂ ਕਾਮਨਾ ਮੋਂ ਸਬ ਆਯੂ ਜਾਤੀ ਭਈ॥ ਪਰ ਪ੍ਰਾਪਤਿ ਅਬ ਪਰਯੰਤ ਕੁਛ ਨ ਹੂਆ। ਹਾ ਕਸ਼ਟ ਹਾ ਕਸ਼ਟ ਮੈਨੇ ਸ਼ਿਵ ਕੇ ਚਰਨੋਂ ਕਾ ਅਰਾਧਨ ਨਹੀਂ ਕੀਆ ਅਰ ਹਰ ਕਹੀਐ ਅਨੇਕ ਪ੍ਰਕਾਰ ਕੇ ਪਾਪ ਕਰਤਾ ਭਯਾ ਦਿਨ ਰਾਤ ਮੇਂ॥੧੩॥

ਸ੍ਵੈਯਾ॥ ਫੂਲਨਿ ਬੰਧ ਸੁਗੰਧਿ ਰਹੱਸ ਕੇ ਧਾਰਤ
ਜੇ ਸਬ ਸ੍ਵਾਤਮ ਚੀਨੋ॥ ਤੇ ਧਨ ਯਾ ਬਿਧ ਰਾਜ
ਤਜੇ ਭਵ ਬੰਧਨ ਬ੍ਰਿੱਧ ਕੀਓ ਜਿਨ ਖੀਨੋ। ਮੈ ਸਠ
ਤੇ ਸਤਵਾਰ ਪਠੇ ਨਹਿ ਸ੍ਵਾਤਮ ਚੀਨੇਂ ਭਯੋ ਮਦਿ

Sri Satguru Jagjit Singh Ji eLibrary NamdhariElibrary@gmail.com

**ਪੀਨੋ ॥ ਹਾ ਨਰਕੇ ਤਨਨੋ ਸਬਮੈ ਨਰਕੇ ਬਸਬੇ ਕੌ ਪ੍ਰਾਕ੍ਰਮ ਕੀਨੋ ॥ ੧੪ ॥**

ਟੀਕਾ ਬੇਦਾਦਿ ਜੋ ਗ੍ਰੰਥ ਹੈਂ ॥ ਸੋ ਸਰਬ ਫੂਲਰੂਪ ਹੈਂ ॥ ਤਿਨਕਾ ਜੋ ਤਾਤਪ੍ਰਜ ਹੈ ਸੋ ਸੁਗੰਧੀ ਹੈ ਜਿਨਾਂ ਪੁਰਸ਼ਾਂਨੇ ਤਿਨ ਕੇਮਤਲਬ ਕੋ ਸਮਝਕੇ ਧਾਰਨ ਕਰਜਾਹੈ। ਤਿਨ ਸਰਬ ਪੁਰਸ਼ੋਂ ਨੇ ਆਪਨੇ ਆਤਮਾਕੋ ਜਾਣਜਾ ਹੈ। ਤੇ ਪੁਰਸ਼ ਧੰਨਹੈਂ ਜੋ ਗ੍ਰੰਥ ਕੇ ਤਾਤਪ੍ਰਜਕੋ ਧਾਰਕਰ ਬਿਰਾਜਮਾਨ ਹੈਂ ਸੰਸਾਰ ਕੇ ਜਨਮਾਦਿ ਬੰਧਨ ਤਿਨਾਂ ਨੇ ਨਾਸ਼ ਕਰੇ ਹੈਂ ॥ ਤੇ ਗ੍ਰੰਥ ਮੈ ਮੂਰਖਨੇ ਅਨੇਕਾਂਵਾਰ ਪੜੇਹੈਂ ॥ ਪਰੰਤੂ ਆਪਨੇ ਆਪਕੋ ਦੇਖਾਨਹੀਂਹੈ। ਅਹੰਕਾਰਬਹੁਤਹੋਤਾਭਯਾ। ਹਾਇਅਤੀਕਸ਼੍ਰੈਹੈ ਮਨੁਖ ਸਰੀਰ ਮੇਂ ਬਸਕਰ ਮੈਨੇ ਨਰਕ ਮੈ ਵਸਨੇ ਕਾ ਯਤਨ ਕੀਆ ॥੧੪। ਨ੍ਰਿਛਤ ਪੁਰਖ ਸੁਭਾਗੇਹੈਂ ਔਰਸਾਇਛਤ ਪੁਰਸ਼ ਕੁਭਾਗੇਹੈਂ। ਐਸੇ ਜਨਾਤੇ ਹੋਏ ਭਰਥਰੀ ਜੀ ਅਫਸੋਸ ਕਰਤੇ ਹੈਂ ॥ਯਥਾ

**ਕ:॥ਬ੍ਰਹਮਗਜਾਨਕੇਵਿਵੇਕੀਵਿਮਲਮਨੀਖਾ ਜਾਂਕੀਅਹੋਦੂਹ ਕ੍ਰਿਆਤਾਂਈਪਾ ਯੋਦ੍ਵਜਤਜਾਗੇਹੈਂ॥ਭੋਗਨਕੀਰਾਸਕੋਅਵਾਸ ਧਨਤੇ ਉਦਾਸ ਜਾਤੇਭੋਗੋਂਤੇਨਿਰਾਸਆਤਮਾਨੁਰਾਗੇਹੈਂ।ਆਦਿ ਮੈਨਾਪ੍ਰਾਪਤਿਅਪ੍ਰਾਪਤਿ ਇਦਾਨੀਵਿਤ ਦ੍ਰਿੜ੍ਹਨਪ੍ਰਤੀਤ ਹਮਆਗੇ ਕਛੁਪਾਗੇਹੈਂ।ਇੱਛਾਮਾਤ**

Sri Satguru Jagjit Singh Ji eLibrary NamdhariElibrary@gmail.com

**ਧਨ ਕੋ ਇਕੱਤ੍ਰ ਕੋ ਨ ਤਜਾਗ ਸਾਕੇਂ ਵਹੀ ਵਡ ਭਾਗੇ ਹੈਂ ਹਮਾਰੇ ਭਾਗ ਭਾਗੇ ਹੈਂ ॥ ੧੫ ॥**

ਟੀਕਾ—ਬ੍ਰਹਮਰੂਪ ਕਰ ਕੇ ਸਰਬ ਕੋ ਗਿਆਨ ਕਿਆ ਜਾਨਨੇ ਹਾਰੇ ਜੋ ਬਿਬੇਕੀ ਪੁਰਸ਼ ਹੈਂ। ਉਜਲ ਹੈ ਬੁਧੀ ਜਿਨਕੀ ਅਰ ਬੜੀ ਕਠਨ ਹੈ ਧਾਰਨਾ ਤਿਨਕੀ ॥ ਪ੍ਰਾਪਤਿ ਹੂਏ ਪਦਾਰਥ ਕੋ ਭੀ ਤਿਆਗ ਦੇਤੇ ਹੈਂ ॥ ਸਮੂਹ ਭੋਗਾਂ ਕਾ ਮੰਦ੍ਰ ਜੋ ਧਨ ਹੈ ॥ ਤੇ ਪੁਰਸ਼ ਧਨ ਥੀਂ ਉਦਾਸ ਹੋ ਜਾਤੇ ਤਿਸ ਤੇ ਹੀ ਭੋਗਾਂ ਤੇ ਨਿ-ਰਾਸ ਹੈਂ ਅਬ ਆਪਨੇ ਆਤਮ ਸਰੂਪ ਮੇਂ ਨਿਰੰਤ੍ਰ ਪ੍ਰੀਤੀਵਾਨ ਹੈਂ। ਅਰ ਹਮ ਲੋਕਾਂ ਕੋ ਜਨਮ ਕਾਲ ਮੇਂ ਭੀ ਧਨ ਕੀ ਪ੍ਰਾਪਤੀ ਨਹੀਂ ਹੈ॥ ਇਸ ਵਰਤਮਾਨ ਕਾਲ ਮੇਂ ਭੀ ਨਹੀਂ ਹੈ ॥ ਐਸਾ ਦ੍ਰਿੜ੍ਹ ਨਿਸਚਾ ਭੀ ਨਹੀਂ ਹੈ ਜੋ ਆਗੇ ਕੁਛ ਪ੍ਰਾਪਤਿ ਹੋਵੇਗਾ। ਕੇਵਲ ਇਛਾ ਕਰ ਇਕੱਤ੍ਰ ਕੀਆ ਜੋ ਸੰਕਲਪ ਰੂਪ ਧਨ ਤਿਸ ਕੋ ਭੀ ਹਮ ਨਹੀਂ ਤਿਆਗ ਸਕਤੇ ॥ ਇਸ ਤੇ ਵਹੀ ਸੰਤ ਵਡੇ ਭਾਗੋਂ ਵਾਲੇ ਹੈਂ॥ ਜੋ ਪ੍ਰਾਪਤ ਹੂਏ ਪਦਾਰਥ ਕਾ ਤਿਆਗ ਕਰਤੇ ਹੈਂ। ਹਮਾਰੇ ਸ੍ਰੇਸ਼ਟ ਭਾਗ ਨਾਸ਼ ਭਏ। ਜੋ ਹਮ ਸੰਕਲਪ ਰੂਪ ਧਨ ਕੋ ਨਹੀਂ ਤਜਾਗਤੇ॥ ਇਸ ਪ੍ਰਕਾਰ ਇੱਛਾ ਵਾਲੇ ਪੁਰਸ਼ ਅਭਾਗਜ ਹੈਂ॥੧੫॥ ਅਤ੍ਰਿਪਤ ਪਦਾਰਥਾਂ ਮੈਂ ਦੇਖ ਦ੍ਰਿਸ਼ਟੀ ਸੇ ਗੁਰ ਵੇਬ ਦੁਆਰੇ ਵੈਰਾਗ ਕੋ ਧਾਰ ਕਰ ਭੀ। ਮਨ ਨਿਰਲੰਭ ਹੋਕਰ ਭੋਗਾਂ ਕੀ ਇੱਛਾ ਕਰੇ ਹੈ। ਤਿਸ ਕੇ ਵਰਜਨੇ ਹੇਤ ਸ਼ਿਵ ਆਗੇ ਪ੍ਰਾਰਥਨਾ ਕਰੇ ਹੈਂ ॥ ਯਥਾ ਅਨੰਗ ਸੇਖਰ ਛੰਦ॥

Sri Satguru Jagjit Singh Ji eLibrary NamdhariElibrary@gmail.com

ਜਾਚ ਜਾਚ ਕੋ ਅਹਾਰ ਨਾਹਿ ਸੋ ਪਿ ਸ੍ਵਾਦਵਾਰ ਲਾਭ ਹੋਤ ਏਕ ਵਾਰ ਭੂਖ ਤਾਪ ਕੋ ਅਵਾਰ॥ ਸੈਨ ਭੂਮਿ ਪੈ ਬਨੋ ਨ ਸਾਕ ਸੈਨ ਕੋ ਗਨੋ ਸਰੀਰ ਮਾਤ੍ਰ ਨੋ ਨ ਜੋਬਨੋ ਸੁ ਪੈਦਵਾਰ॥ ਖੀਨ ਚੀਰ ਗੋ-ਦਰੀ ਅਨੇਕ ਲੀਰ ਸੋ ਕਰੀ ਕਰੀ ਉਜਾਰ ਝੋ-ਪਰੀ ਅਧੈਨ ਗ੍ੰਥ ਵਾਰ ਵਾਰ॥ ਹਾਇ ਹਾਇ ਭੋਗ ਚਾਹਿ ਨਾਹਿ ਮੈਂ ਤਜੇ ਅਜੇਪਿ ਮੋਰ ਚਿਤ ਬੈਲ ਕੋ ਸਵਾਰ ਬੈਲ ਕੇ ਸਵਾਰ॥ ੧੬॥

ਟੀਕਾ—ਮੰਗ ਮੰਗਕੇ ਖਾਨੇਕੋ ਲਜਾਵਤਾ ਹੂੰ। ਸੋ ਭੀ ਸੁਆ-ਦ ਵਾਲਾ ਨਹੀਂ ਹੈ॥ ਅਰ ਪ੍ਰਾਪਤਿ ਭੀ ਏਕ ਵੇਲਾ ਹੋਤਾ ਹੈ॥ ਪੁਨਾ ਭੁਖ ਕਾ ਦੁਖ ਭੀ ਦੂਰ ਨਹੀਂ ਹੋਤਾ। ਸੈਣ ਭੀ ਪ੍ਰਿਥਵੀ ਪਰ ਹੈ॥ ਨਾ ਕਿਸੇ ਸਾਥ ਮੇਰੀ ਸ਼ਨਾਖ਼ਤ ਹੈ॥ ਨਾ ਕੋਈ ਮੈਨੂੰ ਜਾਣਦਾ ਹੈ॥ ਸਰੀਰ ਕਾ ਭਰਨਾ ਮਸਾਂ ਹੋਤਾ ਹੈ॥ ਜੋਬਨ ਅਵਸਥਾ ਭੀ ਨਹੀਂ ਹੈ ਕੇਸ ਚਿੱਟੇ ਹੈਂ॥ ਅਰ ਫਟੇ ਹੋਏ ਬਸਤ੍ਰ ਕੀ ਗੋਦੜੀ ਹੈ ਅ-ਨੇਕ ਲੀਰਾਂ ਜੋੜਕੇ ਬਨਾਈ ਹੈ॥ ਕੁਟੀਆ ਵਸਨੇ ਕੀ ਉਜਾੜ ਮੇਂ ਬਨਾਈ ਹੈ। ਅਰ ਗ੍ੰਥਾਂ ਕਾ ਵਿਚਾਰ ਭੀ ਪੁਨਾ ਪੁਨਾ ਕਰਤਾ ਹੂੰ। ਹਾਇ ਕਸ਼੍ਰ ਹਾਅਫ਼ਸੋਸ ਅਜੇ ਭੀ ਮਨ ਭੋਗਾਂ ਕੀ ਇੱਛਾ ਕੋ ਨਹੀਂ ਤਜਾਗਤਾ॥ ਜਿਸ ਵੇਲੇ ਨਿਆਸਰਾ ਹੋਤਾ ਹੈ ਤਿਸੇ ਵੇਲੇ ਭੋਗਨ ਕਾ ਚਿੰਤਨ ਕਰੇ ਹੈ॥ ਤਾਂ ਤੇ ਹੇ ਬੈਲ ਕੇ ਅਸਵਾਰ ਸ਼ਿਵਜੀ ਮੇਰੇ

ਮਨ ਰੂਪੀ ਝੈਲ ਕੋ ਸ਼ੁਧ ਕਰੋ ॥ ਇਸ ਪ੍ਰਕਾਰ ਪੂਰਬਲੀ ਅਵਸਥਾ ਚਿੱਤ ਕੀ ਕਹ ਕਰ ਭਰਥਰੀ ਜੀ ਆਗੇ ਕੀ ਰੱਖਜਾ ਹੇਤ ਸ਼ਿਵ ਆਗੇ ਬੇਨਤੀ ਕਰੇ ਹੈਂ ਚਿੱਤ ਚੰਚਲ ਹੈ ਈਸ਼੍ਵਰ ਕ੍ਰਿਪਾ ਬਿਨ ਸਿਥਤ ਨਹੀਂ ਹੋਤਾ ॥ ੧੬ ॥

**ਦੋਹਰਾ ॥ ਅਲੰਭਰਤ ਵੈਰਾਗ ਕੋ ਭਯੋ ਦੂਸਰੋ ਧਿਆਇ । ਨਿੰਦਜੋ ਭੂਪਤਿ ਸ੍ਵਾਪ ਕੋ ਕਲਜਾ ਨਾਰਿ ਸੁਭਾਇ ॥ ੧੭ ॥**

ਟੀਕਾ—ਭਰਥਜੀ ਕੇ ਵੈਰਾਗਸ਼ਤਕਕਾ ਦੂਸਰਾਧਿਜਾਯ-ਸਮਾਪਤਿ ਭਯਾ । ਇਸ ਮੈ ਰਾਜਾ ਨੇ ਆਪਕੋ ਨਿੰਦਜੋ ॥ ਨਨੂ ॥ ਕਿਸ ਹੇਤੂ ਤੇ॥ ਉੱਤਰ॥ਕਲਜਾਣ ਕਾ ਅਰੀ ਜੁ ਖੋਟਾਸੁਭਾਵ ਹੈ ॥ ਆਸਰੀ ਗੁਣੋਂ ਵਾਲਾ ਤਿਸਕੇ ਸਹਤ ਜਾਣਕੇਨਿੰਦਜੋ॥ ਅਰਥ ਯਹ ਹੈ ਨਿੰਦਯੋਗ ਮੰਦ ਸੁਭਾਵ ਕੋ ਨਿੰਦਜੋ ਹੈ ॥੧੭॥

ਇਤਿ ਦੁਤੀਯ ਧਜਾਯ ॥ ੨ ॥

**ਦੋਹਰਾ ॥ ਅਬ ਤ੍ਰਿਤੀਯੇ ਅਧਜਾਯ ਮੈਂ ਆਠ ਸ਼ਲੋਕ ਉਚਾਰ ॥ ਵਰਨੇ ਮਹਿਮਾ ਕਾਲ ਕੀ ਸੁਨੋ ਜਨੋਂ ਉਰਧਾਰ ॥ ੧ ॥**

ਟੀ॰ਦੂਸਰੇਧਜਾਕੇਪਸ਼੍ਚਾਤਤੀਸਰੇਧਿਆਮੈਆਠਸ਼ਲੋਕੋਂਕਰ ਆਪਕੇ ਮੁਖ ਰਖਕੇ ਸਰਬ ਜੀਵੋਂ ਕੀ ਮੂਰਖਤਾ ਕੋ ਜਨਾਤੇ ਹੋਏ । ਕਾਲ ਭਗਵਾਨ ਕੀ ਉਸਤਤਿ ਕਰੇ ਹੈਂ ॥ ਜੋ ਪੁਰਸ਼ ਲਾਖੋਂ ਹੀ ਯਤਨ ਕਰੇ॥ ਤੌ ਭੀ ਕਾਲ ਇਸ ਕੋ ਨਾਸ਼ ਕਰੇ ਹੈ॥

Sri Satguru Jagjit Singh Ji eLibrary NamdhariElibrary@gmail.com

ਯਥਾ ਕਬਿੱਤ ॥ ਇਨੇ ਪ੍ਰਾਣਤ੍ਰਾਨ ਕਾਜ ਕੇਕੇ
ਮੈ ਨਦੀਨਕਾਜਕੰਜਦਲਪੈ ਬਿਰਾਜ ਕੰਕਣੀ
ਜਿਉਂ ਹਤਹੈ ॥ ਧਨ ਮਦੁਕਰ ਜਾਂਕੇ ਅੰਧਮਨੁ
ਆਗੇ ਤਾਂਕੇ ਬਕੇ ਗੁਣਵਾਂਕੇਨਿਜਤਜੀ ਲਾਜ
ਮਤਿਹੈ ॥ ਹੋਤੋ ਗੁਣ ਖਾਨਤੁਮ ਸਕ੍ਰਕੇ ਸਮਾਨ
ਕੁਲਖੇਤ੍ਰਗ੍ਰਸੇ ਭਾਨੁਮੋ ਮੈਂ ਦਾਨੁ ਤਦਵਤਹੈ ॥
ਕੀਨੀਮੈਇਤਾਦਿ ਕ੍ਰਿਤ ਸਾਸਨ ਨਮਿੱਤ ਪਰ
ਸਾਸਨਾ ਭੀ ਸਹੀ ਪਰਸਾਸਨਾ ਰਹਤਹੈ ॥ ੨ ॥

ਟੀਕਾ—ਏਨਾਂ ਪ੍ਰਾਣਾਂਕੀ ਰੱਖਯਾ ਵਾਸਤੇ ਕੌਨ ਕੌਨ ਕਾਮ ਮੈਨੇ ਨਹੀਂ ਕੀਏ। ਅਰਥਏਹ ਅਨੇਕ ਹੀ ਕਰੇਂਹੈਂ ਪਰਸ੍ਵਾਸ ਨਾਸ਼ਹੀ ਹੋਤੇਭਏ॥ ਜੈਸੇਕਵਲਕੇ ਪੱਤ੍ਰਪਰਜਲਕੀਕਣੀ ਪੜ ਕੇ ਗਿਰ ਜਾਵੇਹੈ ॥ ਤੈਸੇ ਪ੍ਰਾਣ ਖੀਨ ਹੋਤੇਹੈਂ। ਸੰਸਾਰਕੇ ਸੁਖੋਂ ਕੀ ਇੱਛਾ ਕਰ ਜੀਵਣੇਹੇਤ ਜੋ ਕਰਮ ਕਰੇਹੈ ਸੋ ਦੱਸੇਹੈਂ। ਧਨ ਕੇ ਹੰਕਾਰ ਕਰ ਅੰਧਾਹੈ ਮਨ ਜਿਨ ਪੁਰਸ਼ੋਂਕਾ ਤਿਨਕੇ ਆਗੇ ਖੜਾ ਹੋਕਰ ਤਿਨਕੇ ਝੂਠੇਹੀਗੁਣਕਥਨਕਰਤਾਭੁਯਾਆਪਨੀ ਲੱਜਾਕੋ ਤਥਾ ਸੰਤੋਖ ਵਾਲੀ ਬੁੱਧੀਕੋ ਤਿਆਗ ਕਰ। ਐਸੇ ਕਥਨ ਕਰਤਾ ਭਯਾ। ਹੇ ਦਾਤਾਲੋਕ ਮੈਂਤਾਂ ਜਪੁ ਤਪ ਵਿਦਯਾ ਆਦਿ ਗੁਣਨਕੀ ਖਾਂਣਹੂੰ। ਤੁਮ ਇੰਦ੍ਰਕੇ ਸਮਾਨ ਦਾਨ ਰੂਪ ਬਰਖਾਕੇ ਕਰਨੇ ਵਾਲੇ ਦਾਤਾ ਹੋ॥ ਮੈਂ ਤੁਸਾਡੇ ਦਾਨਕਾਐਸਾ


Sri Satguru Jagjit Singh Ji eLibrary NamdhariElibrary@gmail.com

ਅਧਿਕਾਰੀਹੂੰ ਜੈਸੇ ਸੂਰਯਗ੍ਰਹਣ ਮੈ ਕੁਲ ਛੇਤ੍ਰ ਭੂਮੀ ਪਰਦੀ
ਆ ਦਾਨ ਬਹੁਤ ਫਲਹੈ ਤੈਸੇਹੀ ਮੇਰੇਕੋ ਦਿਆ ਫਲੇ ਹੈ ॥
ਇਸਥੀਂ ਨ੍ਹੈਕੇ ਔਰ ਭੀ ਸੇਵਾ ਆਦਿਕਰਮਕੋਕਰਤਾਭਯਾ॥
ਸ੍ਵਾਸਾਂ ਕੀ ਰਖ੍ਯਾ ਤਥਾ ਸੰਸਾਰ ਸੁਖਵਾਸਤੇਪਰਾਈ ਤਾੜਨਾ
ਭੀ ਸਹਾਰੀ। ਪਰ ਸਾਸ ਨਾਸ ਭਏ ਅਤੇ ਸੁਖ ਭੀ ਕੋਈ ਨਾ
ਹੂਆ ਅਰ ਕਾਲ ਸਰੀਰ ਕੋ ਭਖਨ ਕਰਤਾ ਭਯਾ ਅਨੇਕ
ਯਤਨਾ ਕੇ ਕਰਤਿਆਂ ਭੀ ਐਸਾ ਪਰਤਾਪ ਵਾਨ ਕਾਲ ਹੈ ॥
ਯਤਨ ਤਥਾ ਕਾਲਕੇ ਪ੍ਰਤਾਪਕੋ ਦਿਖਾਕਰ ਅਬ ਆਪਨੀ
ਮੂਰਖਤਾ ਕੋ ਦਸੇ ਹੈਂ ॥ ੨ ॥ ਯਥਾ

**ਕਬਿੱਤ॥ਜਾਹਿਮਾਤ ਪਿਤਾਤੇਮੈ ਭਯੋ ਉਤਪੱਤਿ ਤੇਤੋ ਕਾਲ ਵਸ ਭਏ ਚਿਰ ਕਾਲਬੀਤਗਯੋਹੈ ॥ ਸਮਵੈ ਸਵਾਰੇ ਦ੍ਵਾਰੇ ਸਿਮ੍ਰਤਿ ਸਿਧਾਰੇ ਸਾਰੇ ਰਹੇ ਹਮ ਸੇਖ ਦੇਹ ਬ੍ਰਿਧ ਵੇਖ ਲਯੋਹੈ॥ ਨਦੀ ਰੇਤ ਤੀਰ ਪਰ ਤਰੁ ਜੌ ਸਰੀਰਭਯੋਪ੍ਰਤਿ ਦਿਨ ਮ੍ਰਿਤੁ ਤੀਰ ਤੀਰ ਅਬ ਅਯੋ ਹੈ ॥ਗਿਲੇਕਾਲ ਬਿਰਾਲ ਸਮ ਮੇਂਡਕ ਕੇ ਅਜੇ ਹਮ ਭਜੇ ਭੋਗ ਮੱਛਰ ਕੋ ਮੋ ਸੇ ਮੂਢ ਜਯੋ ਹੈ॥ ੩ ॥**

ਟੀਕਾ ॥ ਜਿਸ ਮਾਤਾ ਪਿਤਾ ਸੇ ਮੇਰਾ ਸਰੀਰ ਹੂਆਥਾ॥
ਸੋ ਮਾਤਾ ਪਿਤਾ ਕਾਲ ਕੇ ਵਸ ਹੋ ਗਏ ਹੈਂ ਚਿਰਕਾਲਾਂ ਕੇ॥

Sri Satguru Jagjit Singh Ji eLibrary NamdhariElibrary@gmail.com

ਸਮਾਨ ਆਯੂ ਵਾਲੇ ਜੋਹਮਾਰੇਹਾਨੀ ਥੇ। ਜਿਨਕੇ ਸਾਥਮਿਲ ਖੇਲਤੇ ਪੜਤੇ ਥੇ। ਵਹੁ ਸੰਪੂਰਨ ਨਾਸ ਭਏ। ਕਦੀਕਿਸੇ ਬਾਤ ਦੁਆਰੇ ਤਿਨਕੀ ਸਿਮ੍ਰਿਤੀ ਹੋਤੀ ਹੈ। ਬਾਕੇ ਤਿਨਾਂਵਿਚੋਂ ਹਮ ਰਹਤੇ ਹੈਂ। ਸੋ ਹਮਨੇ ਭੀ ਆਪਨੇ ਸਰੀਰ ਕੋ ਬ੍ਰਿਧਹੂਆਦੇਖਾ ਲੀਆ ਹੈ॥ ਜੈਸੇ ਨਦੀ ਕੇ ਰੇਤਲੇ ਕਨਾਰੇ ਬ੍ਰਿਛ ਹੋਵੇ ਅਰ ਤਿਸ ਕਨਾਰੇ ਕੋ ਢਾਹ ਲਗੀ ਹੋਵੇ ਅਰ ਬ੍ਰਿਛ ਕੀ ਤਰਫਨਦੀ ਕਾ ਬੇਗ ਹੋਵੇ ਤੌ ਤਿਸ ਬ੍ਰਿਖਕਾ ਕਿਆਭਰੋਸਾਹੈ।ਤੈਸੇਸਰੀਰ ਕਾ ਕੁਛ ਭਰੋਸਾ ਨਹੀਂ ਹੈ। ਦਿਨ ਦਿਨ ਵਿਖੇਮ੍ਰਿਤਨੇੜੇਆਇ ਰਹੀ ਹੈ। ਕਾਲ ਰੂਪੀ ਸਰਪ ਨੇ ਡੱਡੂ ਕੇ ਸਮਾਨ ਹਮਕੋ ਭਖਨ ਕੀਆ ਹੂਆ ਹੈ। ਜੈਸੇ ਜਲ ਕੇ ਬੀਚ ਡੱਡੂਕੋ ਸਰਪ ਪਕੜਨਾ ਕਰੇ ਹੈ। ਅਰ ਸੋ ਡੱਡੂ ਸਰਪ ਕਰ ਆਪ ਕੋ ਨਾ ਖਾਂਦਾ ਹੂਆ ਜਾਣਕੇ॥ ਮਛਰ ਕੋ ਖਾਨਾ ਕਰੇ ਹੈ॥ ਤੈਸੇ ਹਮ ਕਾਲ ਰੂਪੀ ਸਰਪ ਕਰ ਨਾ ਖਾਂਦਾ ਹੂਆ ਜਾਣਕੇਆਪਕੋਭੋਗਾਂਰੂਪੀਮਛਰ ਕਾ ਖਾਣਾ ਕਰ ਹੈ। ਯਾਂਤੇਮੇਰੇਸਮਾਨਮੂਰਖਹੋਰਕੌਨਉਤਪੰਤ ਹੂਆ ਹੈ। ਇਸ ਪੂਰਬੋਕਤ ਮੂਰਖਤਾਕੋ ਗ੍ਰਹਣਕਰ ਜੋਪੁਰਸ਼ ਹਰੀ ਪਾਸੇ ਯਤਨ ਕਰਨੇ ਮੈ ਸਮਰਥ ਹੋ ਰਹੇ ਹੈਂ॥ ਤਿਨ ਕੇ ਮਨੋਰਾਜ ਕੋ ਦਿਖਾਵੇਂਹੈ॥ ਆਪਕੋ ਮੂਰਖ ਕਹਿ ਕੇ॥ ਨਨੂ॥ ਆਪ ਕੋ ਮੂਰਖ ਕਿਉਂ ਰਖਿਓ ਔਰ ਕੋ ਕਹਿਦੇਤੇ॥ਉੱਤਰ॥ ਪੂਰਬ ਕਹਿਓ ਹੈ ਭ੍ਰਰਥਰੀ ਜੀ ਆਪਨੇ ਮਨ ਕੇ ਕਹਿਤੇ ਭਏ ਔਰਨਕੋ ਅਨ ਅਧਕਾਰੀ ਜਾਨਕੇ॥ ਤਥਾ ਉਤਮ ਉਪਦੇਸ਼ ਸੋਈ ਹੈ ਜੋ ਆਪ ਕੋ ਕਹਿਣਾ ਹੈ॥ ਯਥਾ ਗੁਰੂ ਗ੍ਰੰਥ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਕਾ ਉੱਤਮ ਉਪਦੇਸ਼ ਹੈ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸ਼ਰਨ ਪਰੇ ਕੀ ਰਾਖਹੁ ਸ਼ਰੰਮਾ ॥ ਇਸ ਪਰਕਾਰ ਜੋ ਕਥਨ ਹੋਤਾ ਹੈ ॥ ਸੋ ਉੱਤਮ ਉਪਦੇਸ਼ ਹੈ ਇਸ ਤੇ ਆਪ ਕੋ ਕਹਿਓ ॥ ਅਰਥ ਯੇਹ ਕਥਨ ਤੀਨ ਪਰਕਾਰ ਹੈ। ਏਕ ਉਤਮ ਦੂਤੀ ਮੱਧਮ ਤ੍ਰਿਤੀ ਕਾਨਿਸਟ ॥ ਜੋ ਬਿਨਾ ਪੂਛੇ ਕਹਿਆ ਹੈ ਸੋ ਕਨਿਸ਼ਟ ਹੈ ॥ ਜੋ ਪੂਛਨੇ ਸੇ ਕਹਿਨਾ ਹੈ ਯਥਾ ਲਾਇਕ ਸੋ ਮੱਧਮ ਹੈ॥ ਆਪਕੋ ਕਹਿਕਰ ਜੋ ਕਹਿਨਾ ਹੈ ਸੋ ਉਤਮ ਉਪਦੇਸ਼ ਹੈ ਇਸ ਤੇ ਆਪ ਕੋ ਕਹਿਯੋ॥੩॥

**ਯਥਾ ਮਨੋਰਾਜ ॥ ਤ੍ਰਿਭੰਗੀ ਛੰਦ ॥ ਹੈ ਕੁਛ ਕਨਿਮੇਸਾ ਹਮਰੀ ਵੈਸਾ ਲਖੋਂ ਨ ਕੈਸਾ ਕਾਮ ਧਰੋਂ ॥ ਸੁਰ ਸਰਿਕੇ ਤਟ ਪਰਕੁਟੀਆ ਠਟ ਕਰਤਾਂ ਮਹਿਤਪ ਕਰ ਤਾਪੁ ਹਰੋਂ॥ ਗੁਣ ਜਾਹਿੰ ਉਦਾਰੈ ਅਸਗਨ ਦਾਰੈਂ ਮਮ ਰੁਚਿ ਧਾਰੈ ਤਹਿ ਵਿਚਰੋਂ ਗਣ ਗ੍ਰੰਥਨ ਮਹਿੰ ਉਤਕਾ ਵਿਨਿਮੋਯੁਤ ਕਥਾ ਰਸਾਂਮ੍ਰਿਤ ਪਾਨ ਕਰੋਂ ॥ ੪ ॥**

ਟੀਕਾ ॥ ਐਸੇ ਸੰਕਲਪਾਂ ਕੋ ਮਨ ਕਰਤਾ ਹੈ। ਹਮਰੀ ਆਯੂ ਥੋੜੀ ਸੀ ਹੈ। ਕੁਛਕੁ ਕਾਲ ਕਾ ਜੀਵਣਾ ਹੈ। ਅਰ ਐਸਾ ਨਹੀਂ ਜਾਣ ਸਕਤੇ ਜੋ ਕੌਨ ਸੇ ਏਕ ਕਾਮ ਕੋ ਧਾਰਨ ਕਰੂੰ ॥ ਕਬੀ ਤੋ ਐਸੇ ਮਨ ਮੇਂ ਆਵੇ ਹੈ ਗੰਗਾ ਕੇ ਕਿਨਾਰੇ ਣਿਕੇ ਤਅਸ-

Sri Satguru Jagjit Singh Ji eLibrary NamdhariElibrary@gmail.com

ਥਾਨ ਮੇਂ ਕੁਟੀਆ ਪਾਯਕਰ ਤਿਸਮੇਂ ਤਪਕਰਕੇ ਜਨਮਮਰਨ ਕੇ ਤਾਪੁ ਕੋ ਦੂਰ ਕਰੋਂ ॥ ਪੁਨਾ ਐਸੇ ਭੀ ਮਨਮੇਂ ਆਵੇ ਹੈ ॥ ਜਿਨਾਂ ਇਸਤ੍ਰੀਆਂ ਮੈਂ ਸ੍ਰੇਸ਼੍ਟ ਗੁਨ ਸੁਸੀਲਤਾ ਸੂੰ ਦ੍ਰਜਤਾਆਦਿ ਹੈਂ ॥ਐਸੀਆਂ ਜੋ ਅਨੇਕਾਂ ਇਸਤ੍ਰੀਆਂ ਸਾਥ ਵਿਚਰਨਾਕਰੀ ਹੈ। ਐਸੀ ਮੇਰੀ ਰੁਚੀ ਹੋਵੇ ਹੈ। ਕਬੀ ਐਸੇ ਮਨੁ ਮੇਂ ਆਵੇ ਹੈ ਜੋ ਸਮੂਹ ਸ਼ਾਸਤ੍ਰਾਂਕੇ ਗ੍ਰੰਥਨਮੈ ਲਿਖਾਹੈ ਤਿਸਕੋਵਿਚਾਰੀਐ। ਅਥਵਾ ਕਾਵ ਗ੍ਰੰਥਨ ਮੈਂ ਜੋ ਅਲੰਕਾਰ ਤਥਾ ਰਹਸਹੈਂ ਤਿਨਕੋ ਦੇਖੀਐ ਵਾ ਹਰਿਕੇ ਗੁਣੋਂਯੁਤ ਜੋ ਗ੍ਰੰਥ ਹੈਂ ਰਮਾਯਣ ਗੁਰੂ ਗ੍ਰੰਥਸਾਹਿਬਾਦਿ ਤਿਨਕੇ ਕਥਾ ਰੂਪੀ ਅੰਮ੍ਰਿਤਰਸਕੋਪੀਵਨਾ ਕਰੋਂ ॥੪॥ ਐਸੇ ਮਨੋਰਥ ਕਰਦਿਆਂ ਹੋਇਆਂਦੇਖ ਕੇ ਮਨ ਕੋ ਭਰਥਰੀ ਜੀ ਸੁਖ ਹੇਤ ਨਿਰਾਸਤਾ ਕਾ ਉਪਦੇਸ਼ਕਰੇਹੈਂ॥

ਯਥਾ ਦੋਹਾ ॥ ਤਪੁ ਤ੍ਰਿਯਾ ਸੁਧਾ ਅਸਿਧ ਤ੍ਰੈ ਨਿਮਖ ਆਉਖਾ ਮਾਂਹਿ ॥ ਦੂਖ ਰੂਪ ਭਵ ਤੇ ਅਭੈ ਬਿਨ ਨਿਰਾਸ ਸੁਖ ਨਾਂਹਿ ॥ ੫ ॥

ਟੀਕਾ ॥ ਤਪ ਜੋ ਕਰਨਾ ਹੈ ਗੰਗਾਆਦਿ ਅਸਥਾਨਾਂ ਮੈ। ਸੋ ਭੀ ਸਿਧ ਨਹੀਂ ਹੋ ਸਕਤਾ ਤਿਸਕਾ ਕਰਨਾ ਕਠਨ ਹੈ ॥ ਇਸਤ੍ਰੀਆਂਭੀ ਜੈਸੀਆਂ ਕਥਨ ਕਰੀਆਂ ਹੈਂ ਸੋ ਮਿਲਨੀਆਂ ਕਠਨ ਹੈਂ ਅਰ ਇਨਮੈ ਨਰਕ ਦੁਖਕੀ ਪ੍ਰਾਪਤੀ ਹੋਤੀਹੈ ।ਅਰ ਸ਼ਾਸਤ੍ਰ ਕਾ ਸਾਰ ਰੂਪੀ ਅੰਮ੍ਰਿਤ ਕਾ ਪੀਨਾ ਬੀ ਕਠਨਹੈ।ਕਈ ਬਰਸਵਿਆਕਰਣਾਦਿ ਕੋਸ਼ਮੇ ਪਹਿਲੇ ਲੱਗਨੇ ਤੇ ਸਮਝਨਾ

Sri Satguru Jagjit Singh Ji eLibrary NamdhariElibrary@gmail.com

ਹੋਤਾ ਹੈ ਇਸਤੇ ਏਹ ਭੀ ਅਸਿਧ ਹੈ। ਜੀਵਣਾ ਸੰਸਾਰ ਕਾ ਥੋੜ੍ਹਾ ਕਾਲ ਹੈ। ਇਸਤੇ ਦੁਖ ਰੂਪ ਸੰਸਾਰ ਤੇ ਨਿਰਾਸ ਹੋਏ ਬਿਨਾ ਅਭੈ ਸੁਖ ਕੀ ਪ੍ਰਾਪਤੀ ਨਹੀਂ ਹੋਤੀ । ਐਸੇ ਜਾਣੀਐ॥ ੫॥ ਕਾਲਕੇ ਪ੍ਰਤਾਪ ਕੋ ਕਹੈਂ ਹੈਂ ਯਥਾ॥

**ਕਬਿੱਤ ॥ ਕਾਲ ਭਗਵਾਨ ਬ੍ਰਿੰਦ ਕਲਾਵਾਨ ਕਾਲੀਸੰਗ ਖੇਲਤ ਚੌਸਾਰ ਚਾਰਦਿਗ ਹੂੰ ਕੀ ਘਰਕੇ॥ ਚਾਰਖਾਣੀ ਪ੍ਰਾਣੀ ਗੋਤਾਰੈਣਦਿਨ ਪਾਸ ਜੋਟਾਮਾਰਤ ਅਚੂਕ ਚੋਟਾਦੰਪਤਿ ਅਡਰ ਕੇ॥ ਜਹਾਂ ਏਕ ਗ੍ਰਹਿਮੇ ਅਨੇਕ ਤਹਾਂ ਏਕ ਰਹੇ ਏਕਤੇ ਅਨੇਕ ਹ੍ਵੈ ਖਿਣੇਕੁ ਸਭ ਸਰਕੇ। ਕਾਲਕਾ ਲੀਖਾਲੀਕੀਨੇ ਲੋਕ ਲੋਕ ਪਾਲੀ ਸਨੇ ਚੌਪਟ ਨਹਾਲੀ ਅਜੇ ਸ਼ੇਖ਼ ਲੌਕ ਕਰਕੇ ॥੬॥**

ਟੀਕਾ ॥ ਸੰਪੂਰਨ ਕਲਾਂ ਵਾਲਾ ਜੋ ਕਾਲ ਭਗਵਾਨ ਹੈ। ਸੋ ਆਪਨੀ ਕਾਲੀ ਰੂਪੀ ਇਸਤ੍ਰੀ ਸਾਥ ਮਿਲਕਰ ਚੌਪਟ ਖੇਲ ਰਹਜਾ ਹੈ। ਚਾਰੋਂ ਦਿਸ਼ਾ ਕੋਣਯਾਂ ਕੇ ਸਹਤ ਜੋ ਸੰਸਾਰ ਰੂਪੀ ਚੌਪਟ ਹੈ। ਅੰਡਜਾਦਿ ਚਾਰ ਖਾਨੀ ਕੇ ਜੀਵ ਗੋਟਾ ਹੈਂ। ਰਾਤ੍ਰੀ ਤਥਾ ਦਿਨ ਅਰ ਇਨ ਦੋਨੋਂ ਕੀ ਸੰਧੀ। ਏਹ ਤੀਨੋ ਡਲ ਜੋੜ ਕਰ ਖੇਲ ਰਹੇ ਹੈਂ।ਦੰਪਤੀ ॥ਦੋਨੋਂ ਹੀ ਕਾਲ ਅਰ ਕਾਲੀ । ਕਾਲੀ ਨਾਮ ਮ੍ਰਿਤੂ ਕਾ ਹੈ। ਅਰ ਪ੍ਰਾਰਭਧ ਕੇ ਅੰਤ ਰੂਪੀ

ਚੋਟਾਂ ਕਾ ਮਾਰਨਾ ਕਰੇ ਹੈ। ਕੈਸੀ ਸੋ ਚੋਟ ਹੈ ਜੋ ਹਟਨੇਵਾਲੀ ਨਹੀਂ ਹੈ। ਅਰ ਡਰ ਸੇ ਬਿਨਾ ਹੋਕਰ ਮਾਰੇ ਹੈ। ਜਹਾਂ ਏਕ ਘਰ ਮੇਂ ਅਨੇਕ ਜੀਵ ਹੈਂ ਤਹਾਂ ਕਾਲ ਕੇ ਚਲਕਰ ਏਕ ਰਹਿ ਜਾਏ ਹੈ। ਜਹਾਂ ਏਕ ਹੈ ਤਹਾਂ ਅਨੇਕ ਹੋਜਾਏਂ ਹੈਂ ਅਰ ਕਿਸੇ ਅਸਥਾਨ ਸੇ ਏਕ ਕਾ ਭੀ ਨਾਸ਼ ਕਰੇ ਹੈ। ਜੀਵੋਂ ਕੀ ਕਿਆ ਗਿਣਤੀ ਹੈ ਕੁਬੇਰ ਆਦਿ ਲੋਕਪਾਲ ਭੀ ਕਾਲ ਕਰ ਖਾਧੇ ਹੂਏ ਹੈਂ। ਇਸ ਪ੍ਰਕਾਰ ਸਰਬ ਲੋਕ ਕਾਲੀ ਨੇ ਖਾਲੀ ਕਰੇਂ ਹੈਂ ॥ ਅਰ ਸਰਬ ਕਾ ਨਾਸ਼ ਕਰਕੇ ਭੀ ਬ੍ਰਹਮਾ ਕਾ ਨਾਸ ਕਰਨੇ ਹਿਤ ਸੰਸਾਰ ਰੂਪੀ ਚੌਪਟ ਵਿਛ ਰਹੀ ਹੈ॥ ਅਰਥ ਏਹ ਹੈ ਬ੍ਰਹਮਾ ਕੋ ਭੀ ਕਾਲ ਨਾਸ਼ ਕਰੇ ਹੈ । ਤੋ ਇਤਰ ਜੀਵ ਕਿਸ ਗਿਣਤੀ ਮੇਂ ਹੈਂ। ਐਸਾ ਪ੍ਰਤਾਪਵਾਨ ਜੋ ਕਾਲ ਹੈ ਤਿਸਕੋ ਜੀਵ ਜਾਣੇ ਨਹੀਂ ਹੈ ਆਪਣੀ ਮੂਰਖਤਾ ਕਰ ਸੋ ਮੂਰਖਤਾ ਦਸੇਂ ਹੈਂ ॥ ੬ ॥

**ਯਥਾ ਕਬਿੱਤ ॥ ਭਾਨਹੂਕੀ ਗਤਾਗਤੀ ਕਰ ਦਿਨ ਦਿਨ ਪ੍ਰਤਿ ਪ੍ਰਾਣ ਮੋਰੇ ਘਟੇ ਜੈਸੇ ਖੋਰੇ ਘਟੇ ਪਾਨ ਹੈ। ਗ੍ਰਾਮਕਾਮੇਕਰ ਸਾਰੇ ਭਵ ਕੇ ਬੈਪਾਰ ਭਾਰੇ ਤਾਮੇ ਮਤੇ ਮਤਵਾਰੇ ਮ੍ਰਿਤੂ ਕੋ ਨ ਧਿਆਨ ਹੈ ॥ ਜਾਤ ਜਰਾਪਾਤ ਉਤਪਾਤ ਪੇਖ ਭੀਤ ਜਾਤ ਚੀਤਮੇਂ ਨਾ ਜਾਤ ਜੈਸੇਭੀ ਤਮੋ**

Sri Satguru Jagjit Singh Ji eLibrary NamdhariElibrary@gmail.com

www.archive.org/details/namdhari



## ਨ ਭਾਨਹੈ ॥ ਮੋਹ ਰੂਪ ਮਦਰਾ ਪ੍ਰਮਾਦ ਕਰ ਪਾਂਨਕੀਨੋ ਬਔਰਾ ਭਯੋ ਭਵ ਗੌਰਾਂ ਭਵਕੇ ਨ ਗਿਆਨ ਹੈ ॥ ੭ ॥

ਟੀਕਾ ॥ ਸੂਰਯ ਕੇ ਚੜ੍ਹਨੇ ਉਤਰਨੇ ਕਰ ਦਿਨ ਦਿਨਪ੍ਰਤਿ ਮੇਰੇ ਪ੍ਰਾਣ ਘਟਤੇ ਜਾਤੇ ਹੈਂ ਜੈਸੇ ਕੋਰੇ ਘੜੇ ਸੇ ਜਲਸਨੇਸਨੇ ਕਰ ਨਾਸ਼ ਹੋਵੇ ਹੈ ਤੈਸੇ ਇਸ ਬਾਤ ਕੋ ਨਾ ਜਾਣਤੇ ਹੋਏ ਹਮ ਘਰਕੇ ਸੰਪੂਰਣ ਕਾਰਜਾ ਮੈ ਤਥਾ ਸੰਸਾਰ ਕੇ ਜੋ ਬਿਵਹਾਰ ਹੈਂ। ਤਿਨਮੇਂ ਮਸਤ ਹੋਇ ਰਹੇਹੈਂ॥ ਬਾਵਲੇ ਪੁਰਸ਼ਕੀਨਜਾਂਈਂ ਜੈਸੇ ਸੌਦਾਈ ਪੁਰਸ਼ ਕੋ ਕੋਈ ਇਕ ਪਦਾਰਥ ਕੱਚ ਕੀ ਠੀਕਰੀ ਆਦਿ ਮਿਲ ਜਾਵੈ। ਤੌ ਤਿਸਕਾ ਧਯਾਨ ਹੋਰਪਾਸੇ ਹੋਵੇ ਨਹੀਂ ਹੈ॥ ਤੈਸੇ ਹੀ ਕੱਚ ਵਤ ਜੋ ਕੁਛ ਪਦਾਰਥ ਪੁੱਤ੍ਰਾਦਿ ਹੈਂ ਤਿਨਕੇ ਵਿਉਹਾਰਨ ਮੇਂ ਲਾਗਕਰ ਹਮਕੋਅਪਨੀ ਮ੍ਰਿਤੂ ਤਥਾ ਹਰੀ ਸਿਮਰਨ ਕਾ ਧਯਾਨ ਨਹੀਂ ਹੈ ॥ ਜਨਮਸੇਬ੍ਰਿਧ ਅਵਸਥਾ ਆਦਿ ਜੋ ਮਰਨ ਪ੍ਰਯੰਤ ਅਪਦ੍ਰਵ ਰੂਪ ਦੁਖਹੈਂ ॥ ਤਿਨਕੋ ਦੇਖਤੇ ਭੀ ਹੈਂ ਅਰ ਤਿਸਕੇ ਭੈ ਕੋ ਜਾਣਤੇ ਭੀਹੈਂ॥ ਪਰੰਤੂ ਸੋ ਭੈ ਚਿੱਤ ਮੈਂ ਨਹੀਂ ਜਾਤਾ ਜੈਸੇ ਕੰਧ ਮੈਂ ਸੂਰਯ ਕਾ ਪ੍ਰਤਿਬਿੰਬ ਨਹੀਂ ਜਾਵੇ ਹੈ ਇਸਮੇਂ ਕਾਰਣ ਏਹੀ ਹੈ ਪਦਾਰਥ ਕਾ ਮੋਹ ਰੂਪੀ ਸ਼ਰਾਬ ਪਰਮੇਸ੍ਵਰ ਸੇ ਭੂਲਕਰ ਤਥਾ ਅਪਨੀ ਮ੍ਰਿਤੂ ਕੋ ਭੁਲਾਕਰ ਹਮਨੇ ਪੀਨਾ ਕਿਆ ਹੈ ਤਿਸਕੀ ਮਸਤੀ ਕਰ ਸੰਸਾਰ ਮੇਂ ਬਾਵਲੇ ਹੋ ਰਹੇਂ ਹੈਂ॥ ਅਰ॥ ਸ਼ਿਵਜੀਪਾਰਬਤੀ

Sri Satguru Jagjit Singh Ji eLibrary NamdhariElibrary@gmail.com

ਕੀ ਉਪਾਸ਼ਨਾ ਕਾ ਵਿਚਾਰ ਨਹੀਂ ॥ ਵਾ ਗੌਰਾਂ ਜੋ ਬ੍ਰਹਮਾਕਾਰ ਬ੍ਰਿਤੀ ਹੈ ਭਾਵ ਕਿਆ ਕਲਜਾਣ ਸਰੂਪ ਤਿਸਕਾ ਹਮਕੋ ਗਿਆਨ ਨਹੀਂ ਹੂਆ ਏਹੀ ਹਮਾਰੀ ਮੂਰਖਤਾ ਹੈ ॥ ੭ ॥

ਆਗੇ ਮਨੋਰਾਜ ਕੀ ਨਿਸਫਲਤਾ ਤਥਾ ਖਿਨ ਭੰਗਰ ਕੋ ਜਨਾਵੇ ਪ੍ਰਾਕ੍ਰਮ ਕੀ ਹਾਨੀ ਕਹਿ ਕਰਿ ॥

**ਯਥਾ ਮਾਤ੍ਰ ਸ੍ਵੈਯਾ॥ਅਹੋ ਵਚਿੱਤ੍ਰ ਮਨੋਰਥ ਸਗ੍ਰ ਮੋਉਰਮੋ ਸੰਭਵ ਫਲ ਹੀਨ ॥ ਇਨੇ ਨ ਆਦਿ ਅੰਤ ਮਧ ਚੀਨੇ ਜਲ ਤਰੰਗ ਇਵ ਉਪਜਤ ਲੀਨ॥ ਅਨੁਜਾਗ੍ਰਤਬਾਲਾਦਿਤੀਨਤ੍ਰਿਕਮੈਨ ਹੀਨਕੁਛਸੁਖਪਤੀਖੀਨ॥ਜਰਾਕੀਨ ਜੋਬਨ ਕੋ ਭੋਜਨ ਪ੍ਰਾਕ੍ਰਮ ਹੀਨ ਭਯੋ ਮੈ ਦੀਨ ॥੮॥**

ਟੀਕਾ ॥ਅਹੋ ਬੜਾ ਅਸਚਰਯ ਹੈ ਨਾਨਾਪ੍ਰਕਾਰ ਕੇ ਮਨੋਰਥਾਂ ਕੇ ਸੰਕਲਪ ਸਰਬਦਾ ਕਾਲ ਮੇਰੇ ਹ੍ਰਿਦੇ ਮੇਂ ਭਲੀ ਪ੍ਰਕਾਰ ਕਰ ਉਤਪੱਤ ਹੋਰਹੇ ਹੈਂ ਨਿਸਫਲ ॥ ਇਨ ਸੰਕਲਪਾਂ ਕਾ ਆਦਿਮੱਧਅੰਤਜਾਨਜਾਨਹੀਂਜਾਤਾ। ਜਲਕੇਬੁਦਬੁਦੇਆਂਕੀ ਨਜਾਈਂ ਉੱਤਪੱਤ ਅਰ ਨਾਸ ਹੋਵੈਹੈਂ ॥ਅਨੁਭੂਤ ਭਵਿਖਜਤ ਵਰਤਮਾਨ ॥ ਜਾਗ੍ਰਤ ਸੁਪਨ ਸੁਖੋਪਤੀ ॥ ॥ਬਾਲਬ੍ਰਿਧਜੁਬਾ ਏਹ ਜੋ ਤੀਨ ਤ੍ਰਿਕ ਹੈਂ ਤੀਨਕੇ ਸਮਦਾਯਕਾ ਨਾਮ ਤ੍ਰਿਕ ਹੈ ਸੋ ਤੀਨ ਤੀਨਕੇ ਯੇਹ ਤੀਨ ਤ੍ਰਿਕ ਹੈਂ ॥ ਇਨਮੇ ਨਾਸ਼ ਨਹੀਂ ਹੋਤੇ ਫੁਰਤੇ ਰਹਿਤੇ ਹੈਂ ਕੁਛਕ ਕਾਲ ਸਖੋਪਤ ਅਵਸਥਾ ਮੇਂ


Sri Satguru Jagjit Singh Ji eLibrary NamdhariElibrary@gmail.com

ਫੁਰਨੇ ਸੇ ਰਹਿਤ ਹੋਵੈਹੈ ॥ ਅਵਿਦਜਾ ਮੈ ਲੈ ਤਾਕੋ ਪਾਇਕੇ ਐਸੇ ਨਿਸਫਲ ਮਨੋਰਾਜ ਕਰ ਤਜਾਗ ਹੋਯਾਂ ਬ੍ਰਿਧ ਅਵਸਥਾ ਨੇ ਯੋਬਨ ਕੋ ਭਖਨ ਕਰ ਲੀਆ ॥ ਬ੍ਰਿਧਤਾ ਕੇ ਪ੍ਰਤਾਪ ਕਰ ਬਲ ਨਾਸ ਭਯਾ ਬਲਕੇ ਨਾਸ਼ ਹੋਨੇ ਕਰ ਹਮ ਦੀਨ ਹੋਤੇ ਭਯੇ । ਤੌ ਭੀ ਸੰਕਲਪਾਂ ਕੋ ਥੋੜਾ ਨਾ ਕਰਤੇ ਭਏ ਹੈਂ ॥੮॥

ਆਤਮ ਸਰੂਪ ਪਰਮਾਤਮਾ ਕੇ ਜਾਣੇ ਬਿਨਾ ਵਿਦਜਾ ਤਥਾ ਬੁਧੀ ਆਦਿ ਗੁਣੋਕੋ ਨਿਸਫਲ ਜਨਾਤੇ ਹੋਏ ਮੋਖਕੇਉਪਾਕੋ ਕਥਨ ਕਰੇ ਹੈਂ ਕਾਲ ਕੇ ਬਲ ਕੋ ਜਨਾਇਕਰ ॥

**ਯਥਾ ਸ੍ਵੈਯਾ ॥ ਬਾਝੁ ਗੁਣਗਜੋ ਮੋਤਨਮੋ ਗੁਣ ਅਫਲ ਭਏ ਸਭ ਜਿਉਂ ਤਿਆਬਾਂਝ ॥ ਕਾਲ ਖਿਮਾ ਬਿਨ ਬਲੀ ਕ੍ਰਿਤਾਂਤੋ ਉਪ ਪ੍ਰਾਪਤ ਅਬ ਹਨੇ ਕਿ ਸਾਂਝ ॥ ਸਹਸਾ ਯੁਗਤਿ ਮੁਕਤਿਹਿਤ ਕੌ ਸ਼ੁਭ ਜਾਂਕਰ ਮਨਕੋ ਸਹਸਾਜਾਇ ॥ ਹਰਕੇ ਪਾਂਇ ਕੰਜ ਜੁਗ ਹਰਕੇ ਅਵਰ ਸ੍ਰੇਯਕੋ ਕੌਨ ਉਪਾਇ ॥ ੯ ॥**

ਟੀਕਾ ॥ ਵਿਦਜਾ ਤਥਾ ਵੈਰਾਗਾਦਿ ਗੁਣੋਂ ਕਾ ਗਜਾਤਾ ਜੋ ਪਰਮਾਤਮਾ ਹੈ । ਵਾ ਰਜ ਤਮ ਸਤ ਰੂਪ ਜੋ ਗੁਣ ਹੈਂ ਇਨਸੇ ਅੱਗਿਓਂ ਕਿਆ ਪਰੇਹੈ ਜੋ ਵਾ ਵਿਦਜਾ ਆਦੀਦੇਵੀ ਸੰਪਤਾਕੇ ਗੁਣੋਂ ਕਰ ਜਾਨਨੇ ਜੋਗਹੈਂ ਜੋ । ਤਿਸਕੇ ਜਾਣੇਬਿਨਾ ਮੇਰੇਸਰੀਰ

Sri Satguru Jagjit Singh Ji eLibrary NamdhariElibrary@gmail.com

ਕੇ ਗੁਣ ਜਪੁ ਤਪੁ ਆਦਿ ਸਰਬ ਬਿਅਰਥ ਭਏ ਜੈਸੇ ਪੁੱਤ੍ਰ ਜਨਮੇ ਬਿਨਾ ਬਾਂਝ ਇਸਤ੍ਰੀ ਕਾ ਸਰੀਰ ਬਿਅਰਥਹੈ ਹੇਮਨ ਜੇ ਤੂੰ ਆਖੇਂ ਆਯੂ ਬਹੁਤਹੈ ਪਿਛਲੀ ਉਮਰਮੇਂ ਜਾਣਲਵਾਂਗੇ ਤੌ ਗੁਣ ਸਫਲ ਹੋਜਾਨਗੇ ॥ ਯੇ ਕਥਨ ਅਨੱਥਾ ਹੈ ॥ ਕਾਲ ਬੜਾ ਬਲੀ ਹੈ ਅਰ ਧੀਰਜ ਸੇ ਬਿਨਾਂ ਹੈ ਬ੍ਰਹਮਾ ਕੀ ਕਰੀ ਸ੍ਰਿਸ਼ਟੀ ਕਾ ਅੰਤ ਕਰਨੇ ਹਾਰਾ ਹੈ ਅਰ ਅਪਨੇਸਮੀਪ ਸਿਰਪਰ ਪ੍ਰਾਪਤੀ ਹੈ। ਕੁਛ ਪਤਾ ਨਹੀਂ ਹੈ ਅਬਨਾਸ਼ਕਰਤਾ ਹੈ ਵਾਘੜੀ ਕੋ ਕਰਤਾਹੈ ਇਸ ਜੀਵਣੇ ਕਾ ਕੁਛਭਰੋਸਾਨਹੀਂ ਹੈ ਯਥਾ ਗੁਰਸ਼੍ਰੁਤਿ" ਹਮ ਆਦਮੀ ਹਾਂ ਇਕਦਮੀ ਮੁਹਲਤ ਮਹਿਤਜਾਣਾ" ਗੁਰੂਜੀ ਕਹਿਤੇ ਹੈਂ ਹੇ ਬੰਦੇ ਹਮ ਏਕ ਦੰਮ ਕੇ ਸਿਰ ਪਰ ਆਦਮੀ ਹੈਂ ਜੀਵਨੇ ਕੀ ਮੋਹਲਤ ਆਧੀ ਘੜੀ ਭੀ ਨਹੀਂ ਜਾਣਤੇ ॥ ਇਸ ਪ੍ਰਕਾਰ ਸੁਣਕੇ ਮਨਭੈ ਕੋ ਪ੍ਰਾਪਤ ਹੂਆ ॥ ਪ੍ਰਸ਼ਨ ਕਰਤਾ ਭਯਾ ਮੁਕਤੀ ਕੇ ਹੇਤਸ੍ਰੇਸ਼ਟ ਯੁਕਤੀ ਕੌਣ ਹੈ ॥ ਜਿਸ ਕਰਕੇ ਮਨ ਕਾ ਸ਼ੰਸਾ ਸ਼ੀਘ੍ਰ ਦੂਰ ਹੋਵੈ ॥ ਉੱਤਰ ॥ ਹੇ ਮਨ ਹਰੀ ਕੇ ਜੋ ਦੋਨੋਂ ਚਰਨ ਕਮਲ ਹੈਂ ਤਿਨਕਾ ਤੈਨੇ ਤਯਾਗ ਕਰਾ ਹੂਆ ਹੈ ਤੌ ਔਰ ਮੁਕਤੀ ਕਾ ਉਪਾਇ ਕਿਆ ਹੈ। ਅਰਥ ਏਹ ਪਰਮੇਸ਼ਰ ਕੇ ਚਰਨਾ ਕਾ ਧਯਾਨ ਹੀ ਸ਼ੀਘ੍ਰ ਮੁਕਤੀ ਕਰੇ ਹੈ ਅਰ ਸਰਬ ਸ਼ੰਸੇਈਸ਼ਰ ਸਿਮਰਨ ਕਰ ਨਾਸ਼ ਹੋਵੇ ਹੈਂ ॥੯॥ ਭੈਆਤੁਰ ਹੂਆ ਦੇਖਕੇ ਮਨਕੋ ਪੁਨਾ ਕਾਲਕੇ ਪ੍ਰਤਾਪ ਕੋ ਕਥੇ ਹੈਂ ॥

**ਯਥਾ ਕਬਿੱਤ ॥ ਜਾਂਕੇ ਬਾਮੇ ਦਾਹਨੇ ਸੁਮੰਤ**

Sri Satguru Jagjit Singh Ji eLibrary NamdhariElibrary@gmail.com

ਚਕ੍ਰ ਹੋਤੇ ਅਗ੍ਰ ਰਾਜਨ ਕੀ ਸਭਾ ਥੀ ਮਯੰਕ ਮੁਖੀ ਨਾਰੀਆਂ॥ ਭੂਪਨ ਕੇ ਪੁਤ੍ਰ ਥੇ ਵਿਚਿਤ੍ਰ ਬੀਰ ਅਹੰਕਾਰੀ ਬ੍ਰਿਧ ਬੰਦੀਜਨ ਹੋਤੇ ਵੰਸ਼ਕੇ ਉਚਾਰੀਆਂ ॥ ਅਹੋ ਭਾਈ ਭਾਰੇ ਕਸ਼ਟਭਾਰੀ ਭੂਪ ਭਏ ਨਸ਼ਟ ਸਿੰਮ੍ਰਤ ਪਦੇ ਪ੍ਰਵਿਸ਼ਟ ਜਾਂ ਕੀ ਕਥਾ ਭਾਰੀਆਂ ॥ ਹਿੰਸਕ ਪ੍ਰਪੰਚ ਸਬ ਰੰਚਕੋ ਅਸੰਗ ਪੁਨਾ ਤਾਹਿ ਕਾਲ ਬੀਰਕੋ ਜੁਹਾਰ ਬਾਰ ਬਾਰੀਆਂ ॥ ੧੦ ॥

ਟੀਕਾ ॥ ਜਿਨਾਂ ਰਾਜਿਆਂ ਕੇ ਸੱਜੇ ਖੱਬੇ ਸ੍ਰੇਸ਼ਟ ਮੰਤ੍ਰਕੇ ਕਹਨੇ ਹਾਰੇ ਵਜ਼ੀਰ ਨੀਤੀ ਮੈ ਚਤੁਰ ਅ ੇਕਾਂ ਥੇ। ਜਿਨਕੇ ਆਗੇ ਰਾਜਿਆਂ ਕੀ ਸਭਾ ਲਗਤੀ ਥੀ ਅਰ ਘਰ ਵਿਖੇ ਚੰਦ੍ਰਮਾਂਕੇ ਮੁਖ ਸਮਾਨ ਸੁੰਦ੍ਰ ਇਸਤ੍ਰੀਆਂ ਥੀਂ ਜਿਨਕੇ ਪਾਸ ਨਾਨਾ ਸੂਰਮੇ ਬੜੇ ਹੰਕਾਰੀ ਰਾਜਿਆਂ ਕੇ ਪੁਤ੍ਰ ਜਿਨਕੀ ਤਾਬਿਆਦਾਰੀ ਮੇਂ ਥੇ ਸੰਪੂਰਣ ਜਨ ਜਿਨਕੇ ਆਗੇ ਬੰਦਨਾ ਕਰਤੇ ਥੇ॥ ਭਾਟ ਲੋਕ ਵੰਸ਼ਾਵਲੀ ਕੇ ਉਚਾਰਨਹਾਰੇ ਤਥਾ ਉਸਤਤੀ ਕੇ ਕਰਨ ਹਾਰੇ ਅਨੇਕਾਂ ਥੇ ਅਹੋ ਬੜਾ ਅਸਚਰਜ ਹੈ ਐਸੇ ਐਸੇ ਬੜੇ ਭਾਰੀ ਰਾਜਾ ਨਾਸ਼ ਭਏ ਹੈਂ ਜਿਨਕੀਆਂ ਕਥਾ ਉਪਨਿਸ਼ਦਾਦਿ ਗ੍ਰੰਥੋਂ ਕੇ ਸ਼ਲੋਕੋਂ ਮੇਂ ਤਥਾ ਭਾਗਵਤਾਦਿ ਗ੍ਰੰਥਨ ਮੇਂ ਰਹਤ ਹੈਂ ਐਸੇ ਰਾਜਿਓਂ ਕੋ ਤਥਾ ਪਰਪੰਚ ਕੇ ਸਹਤ ਬ੍ਰਹਮਾ ਕੇ

ਭੁਖਨ ਕਰਕੇ ਪੁਨਾ ਅਸੰਗ ਹੈ ਕਿਆ ਤ੍ਰਿਪਤ ਨਹੀਂ ਹੂਆ ਐਸੇ ਕਾਲ ਭਗਵਾਨ ਸੂਰਬੀਰ ਕੋ ਹਮਾਰੀ ਬਾਰੰਬਾਰ ਨਮਸਕਾਰ ਹੈ ॥ ੧੦ ॥

**ਸੋਰਠਾ ॥ ਅਹੋ ਭ੍ਰਾਤ ਅਤਿ ਕਸ਼ਟ ਜਾਸਕਾਲ ਕੇ ਵੱਸ ਭਏ ॥ ਭਏ ਪ੍ਰਾਕ ਸਭ ਨਸ਼ਟ ਗਏ ਸਿਮ੍ਰਿਤਿਹਿ ਪਥਨਮੋ ॥ ੧੧ ॥**

ਟੀਕਾ ॥ ਅਹੋ ਬੜਾ ਅਫਸੋਸ ਹੈ ਜਿਸ ਕਾਲਕੇ ਵਸ ਹੋਕਰ ਪੂਰਬਲੇ ਰਾਜੇ ਸਭ ਨਸ਼ਟ ਭਏ ਹੈਂ ॥ ਅਰ ਸਿਮਰਤੀਰੂਪੀ ਰਸਤੇ ਮੇਂ ਜਾ ਪ੍ਰਾਪਤ ਭਏ ਹੈਂ ॥ ਕਭੀ ਕਥਾ ਦੁਆਰੇ ਜਾਨੇ ਜਾਤੇ ਹੈਂ ਯਾਤੇ ਤਿਨਕੋ ਹਮਾਰੀ ਨਮਸਕਾਰ ਹੈ ॥ ਨਨੂ ॥ ਪੂਰਬ ਮੋਇਆਂ ਕੋ ਨਮੋ ਕਰਨੇ ਕਾ ਕਿਆ ਪ੍ਰਯੋਜਨ ਹੈ ॥ ਉੱਤਰ ॥ ਤਿਨਕਾ ਦਾਨ ਦੇਨਾਦਿ ਧਰਮ ਤਥਾ ਸੂਖਮਤਾ ਕੋ ਜਾਨ ਕਰ ਨਮੋ ਕਰੇ ਹੈਂ ॥ ਤਿਨਕੇ ਸੂਰਮਤਾ ਆਦਿ ਧਰਮ ਜੈਸੇ ਥੇ ॥ ਸੋ ਕਾਲਕੇ ਪ੍ਰਤਾਪ ਕੇ ਜਨਾਤੇ ਹੋਏ ਕਥੇ ਹੈਂ ॥੧੧॥

**ਯਥਾ ਅਰਧ ਭੁਜੰਗ ਪ੍ਰਯਾਤ ਛੰਦ ॥**

**ਜਿਸੇ ਕਾਲ ਗਾਲੇ ॥ ਸੁ ਭੂਪਾਲਪਾਲੇ ॥ ਜਿਸੇ ਆਸ ਪਾਸੇ ॥ ਸੁਮੰਤ੍ਰੀ ਪ੍ਰਕਾਸ਼ੇ ॥ ੧੨ ॥**

ਟੀਕਾ ॥ ਜਿਸ ਕਾਲਨੇ ਗਾਲ ਦਿੱਤੀਆਂ ਹੈਂ ਬੜਿਆਂ ਬੜਿਆਂ ਰਾਜਿਆਂ ਦੀਆਂ ਪੰਗਤੀਆਂ ॥ ਜਿਨਕੇ ਸੰਜੇ

ਖੱਬੇ ਸ੍ਰੇਸ਼ਟ ਵਜ਼ੀਰ ਬੈਠਦੇ ਸਨ ॥ ੧੨ ॥

**ਮੂਲ॥ ਮਹਾਂ ਬੀਰਸਿਆਨੇ॥ ਸਭੀਨੀਤ ਜਾਨੇ॥**
**ਪ੍ਰੂਨਾ ਜਾਹਿ ਆਗੇ॥ ਸਭਾ ਰਾਜ ਲਾਗੇ॥੧੩॥**

ਟੀਕਾ॥ ਕੈਸੇ ਥੇ ਸੋ ਮੰਤ੍ਰੀ ॥ ਸਭ ਨੀਤੀ ਕੇ ਜਾਨਨੇ ਹਾਰੇ ਥੇ॥ ਅਰ ਜਿਨ ਰਾਜਿਆਂ ਆਗੇ ਰਾਜਿਆਂ ਦੀ ਸਭਾ ਲਗਤੀ ਥੀ ॥ ੧੩ ॥

**ਮੂਲ ॥ ਚਲੇਂ ਅਗ੍ਰ ਜਾਂਕੇ ॥ਤਨੇ ਰੂਪ ਬਾਂਕੇ॥**
**ਯੁਵਾਦ੍ਰਵਮਾਤੇ। ਅਹੰਕਾਰ ਜਾਤੇ ॥ ੧੪ ॥**

ਟੀਕਾ ॥ ਜਿਨਾਂ ਕੇ ਆਗੇ ਅੜਦਲ ਮੇਂ ਰਾਜਿਆਂਦੇਪੁਤ੍ਰ ਚਲਤੇ ਥੇ ਬੜੇ ਬਾਂਕੇ ॥ ਜੁਆਨੀ ਅਰ ਧਨ ਕਰ ਮਸਤ ਹੋਏ ਹੋਏ ਸਹਤ ਹੰਕਾਰ ਕੇ ਚਲਤੇ ਥੇ ॥ ੧ ॥

**ਮੂਲ ॥ ਹੋਤੇ ਚਾਰ ਨਗ੍ਰੇ। ਸਭੋਗੀਸਮੱਗ੍ਰੇ ॥**
**ਤਹਾਂ ਰਾਜਧਾਨੀ। ਹੁਤੀਸ਼ੱਕ੍ਰਸਾਨੀ ॥੧੫॥**

ਟੀਕਾ ॥ ਜਿਨਕੇ ਸੁੰਦ੍ਰ ਨਗਰਥੇ ਸਮੱਗ੍ਰ ਭੋਗੋਂਕੇਸਹਤਜਿਸ ਜਾਗਾ ਵਸਦੇ ਥੇ ਤਿਥੇ ਰਾਜ ਸਮੱਗ੍ਰੀਇੰਦ੍ਰਕੇਸਮਾਨਥੀ॥੧੫॥

**ਮੂਲ ॥ ਤੀਆਇੰਦੁਤੁੰਡੀ॥ ਮਨੋਕਾਮਕੁੰਡੀ॥**
**ਜਟੀਲਾਲਮੋਤੀ॥ਘਨੀਧਾਮਹੋਤੀ ॥ ੧੬ ॥**

ਟੀਕਾ ॥ ਬਹੁਤੀਆਂ ਹੀ ਜਿਨਕੇ ਮੰਦ੍ਰੋਂ ਮੈਂ ਇਸਤ੍ਰੀਆਂਥੀਂ॥

Sri Satguru Jagjit Singh Ji eLibrary NamdhariElibrary@gmail.com

ਚੰਦਕੇ ਮੁਖ ਸਾਰਖੀਆਂ ਸੁੰਦ੍ਰ । ਲਾਲ ਮੋਤੀਆਂ ਕਰਕੇ ਜੜੀਆਂ ਹੋਈਆਂ । ਮਾਨੋ ਕਾਮਕੀਆਂ ਕੁੰਡੀਆਂ ਥੀਂ॥੧੬॥

ਮੂਲ ॥ ਚਲੇ ਭਾਟ ਗਾਤੇ॥ਚਿਰੰਜੀਵਦਾਤੇ ॥ ਜਿਨੋ ਕੋਪਆਗੇ ॥ਸਭੀ ਭੂਪ ਭਾਗੇ ॥੧੭॥

ਟੀਕਾ॥ਜਿਨਕੇ ਦਾਨਕੋ ਪਾਇਕਰ ਭਾਟਾਦਿ ਯਾਚਕ ਟੁਰਨੇ ਸਮੇ ਸਾਥ ਹੀ ਉਸਤਤੀ ਕਰਤੇ ਥੇ। ਹੇ ਦਾਤਾ ਚਿਰੰਜੀਵਹੋ। ਜਿਨਕੇ ਕ੍ਰੋਧ ਆਗੇ ਸਭੀ ਸੂਰਮੇ ਰਾਜਾ ਹਾਰਗਏ ਹੈਂ॥੧੭॥

ਮੂਲ ॥ ਸਿਰੇ ਛੱਤ੍ਰ ਛਾਜੇ॥ ਦਿਸ਼ਾ ਚਾਰ ਭ੍ਰਾਜੇ ॥ ਕਰੀਹੈ ਸਵਾਰੀ ॥ ਕਰੀਹੈ ਸਵਾਰੀ ॥੧੮ ॥

ਟੀਕਾ ॥ ਜਿਨਕੇ ਸਿਰਕਾ ਛਤ੍ਰ ਚਾਰੋਂ ਦਿਸ਼ਾਵਿਖੇ ਬਿਰਾਜਮਾਨ ਹੂਆ ਸਜ ਰਹਿਆ ਥਾ ॥ ਚੱਕ੍ਰਵਰਤੀ ਥੇ ਅਰ ਕਰੀਹੈ ਜਿਨਾਂ ਨੇ ਅਸਵਾਰੀ । ਹਾਥੀ ਘੋੜੇ ਪਾਲਕੀਆਦਿਵਾਹਨੋਂਕੀ॥੧੮

ਮੂਲ॥ ਇਨੇ ਆਦਿਰਾਜੇ ॥ ਹੁਤੇ ਸਾਸਮਾਜੇ॥ ਸਭੀ ਕਾਲ ਮਾਰੇ। ਗਨੈ ਕੌਨ ਸਾਰੇ ॥੧੯॥

ਟੀਕਾ ॥ ਇਤਜਾਦਿ ਰਾਜਾ ਜੋ ਹੋਤੇ ਭਏ ਸਹਤ ਸਮਾਜਕੇ ॥ ਸਭੀ ਕਾਲਨੇ ਮਾਰਦੀਏ ਹੈਂ ॥ਸਾਰਿਆਂਕੋ ਕੌਨ ਗਨੇ॥੧੯॥

ਮੂਲ ॥ ਭਏਤੇਪੁਰਾਨੇ ॥ ਨ ਕੋਤਾਂਹਿ ਜਾਨੇ । ਕਥਾਨੇ ਪੁਰਾਨੇ । ਸੁਨੇ ਨਾਮ ਜਾਨੇ ॥੨੦॥

ਟੀਕਾ ॥ ਪੁਰਾਨੇ ਭਏ ਹੈਂ ਤਿਨਕੋ ਕੋਈ ਜਾਣਤਾਨਹੀਂ ਹੈ ॥

Sri Satguru Jagjit Singh Ji eLibrary NamdhariElibrary@gmail.com

ਪੁਰਾਨਾਂ ਕੀਆਂ ਕਥਾ ਸੁਣੇ ਤੋ ਨਾਮ ਜਾਣੀਦਾ ਹੈ॥ ਜੋ ਅੰਬਰੀਕ ਪ੍ਰਿਥੂ ਸੇ ਲੈਕਰ ਯੁਧਿਸ੍ਰਰ ਦਰਯੋਧਨਾਦਿ ਹੂਏ ਹੈਂ ॥ ੨੦ ॥

ਮੂਲ॥ ਪੁਨਾ ਤੀਨ ਲੋਕੀ। ਸੁਨਿਓ ਵਿਲੋਕੀ॥ ਨਿਮੇਖੇਕ ਮਾਂਹੀ। ਗਿਲੇ ਕਾਲ ਤਾਂਹੀ॥੨੧॥

ਟੀਕਾ ॥ ਪੁਨਾ ਤੀਨ ਲੋਕ ਜੋ ਸੁਣੇ ਜਾਤੇ ਹੈਂ ਸ਼ਾਸਤ੍ਰ ਸੇ ਪਤਾਲਾਦਿ। ਅਰ ਦੇਖਨੇ ਮੈ ਆਤੇ ਹੈਂ ਅਨਭਵ ਕਰਕੇ । ਤਿਨਕੋ ਨਿਮਖ ਮੈਂ ਕਾਲ ਨਾਸ ਕਰ ਰਹਿਆ ਹੈ ॥੨੧॥

ਮੂਲ ॥ ਯੁਬਾ ਬ੍ਰਿਧ ਛੋਰੇ। ਕਹੂ ਕੋਨ ਛੋਰੇ॥ ਨਮੋ ਤਾਸ ਕਾਲੇ ॥ ਜਿਸੇ ਸਰਬ ਗਾਲੇ ॥ ੨੨ ॥

ਟੀਕਾ ਜੁਆਨ ਬ੍ਰਿਧ ਬਾਲਕ ਕਿਸੇ ਕੋ ਛੋਡਤਾ ਨਹੀਂ। ਸਰਬ ਕੋ ਗਾਲਣਹਾਰਾ ਹੈ। ਤਿਸ ਕਾਲ ਕੋ ਮੇਰੀ ਨਮਸਕਾਰ ਹੈ॥੨੨

ਦੋਹਰਾ ॥ ਹਨੇ ਹਨਤ ਪੁਨ ਹਨੇਗੋ ਉੱਤਮ ਮੱਧਮ ਮੰਦ॥ ਗਨੇ ਬਰੋਬਰ ਸਰਬ ਕੋ ਤਾਂਤੇ ਤਾਂਕੋ ਬੰਦ ॥ ੨੩ ॥

ਟੀਕਾ ॥ ਨਾਸ ਕਰੇ ਹੈ ਪਾਛੇ ਅਬ ਮਾਰ ਰਹਜਾ ਹੈ। ਆਗੇ ਕੋ ਭੀ ਮਾਰੇਗਾ। ਕਿਆ ਦੇਵਤਾ ਨਰ ਪਸ਼ੂ ਆਦਿ। ਪਨਾ ਬ੍ਰਹਮਣ ਸੇ ਲੇਕਰ ਚੰਡਾਲ ਪ੍ਰਯੰਤ ਸਰਬ ਕੋ ਸਮ ਜਾਣੇ ਹੈ॥ ਇਸ ਤੇ ਮੇਰੀ ਤਿਸ ਕੋ ਨਮਸਕਾਰ ਹੈ ॥੨੩॥ ਧਨ ਕੀ ਪ੍ਰਾਪਤੀ ਤਥਾ ਤੇਜ ਸਰਬੰਧੀ ਅਸੱਤ੍ਰਤਾ ਆਦਿ ਕਾਂ ਕਾ ਮਾਣ ਸਰੀਰ ਪ੍ਰਯੰਤ ਸਰਬ

ਕੀ ਅਨਿਸਥਰਤਾ ਦਖਾਵੇ ਹੈ ॥

ਯਥਾ ਕਬਿੱਤ ॥ ਜਿਨੋਧਨੋਂ ਕਰ ਸਭ ਮਿਲੇ ਮਨੋਕਾਮ ਜਬ ਤਾਕੋ ਭਯੋ ਸਿੱਧ ਤਬ ਕਹਾਂ ਲਾਭ ਮਾਨਹੈ। ਅਰਨਕੇ ਸਿਰਪਰ ਚਰਨ ਕੋ ਧਾਰ ਕਰ ਕਹਾ ਭਯੋ ਡਾਰਕਰ ਸੋਯੋਸਾਭਿਮਾਨਹੈ॥ ਜੈਸਨੇਹੀਜਨੋ ਧਨਕਰ ਮਾਨਕੀਨੋਘਨੋਕਹਾਂ ਭਯੋ ਤੋਹਿ ਭਨੋ ਤੂੰਤੋ ਕੁਲਭਾਨ ਹੈ॥ਕਲਪ ਪ੍ਰਯੰਤ ਭੋਗ ਭੋਗੇਨਰ ਕਹਾਂ ਹੋਗਜਾਤੇ ਅੰਤ ਨਾਸੀ ਲੋਕਸਨੇ ਕਾਰਕਾਨ ਹੈ ॥ ੨੪ ॥

ਟੀਕਾ॥ਜਿਸ ਧਨਕਰ ਸਰਬ ਪਦਾਰਥਾਂ ਕੀ ਕਾਮਨਾਪੂਰਨ ਹੋਤੀ ਹੈਂ ॥ ਜਬ ਤੇਰੇ ਕੋ ਸੋ ਧਨ ਪ੍ਰਾਪਤਿਹੂਆ ਤੋ ਕਿਆ ਪ੍ਰਾਪਤੀ ਹੈ। ਅਰ ਸ਼ੱਤ੍ਰਆਂਕੇ ਸਿਰਪਰ ਆਪਨੇਪੈਰ ਰੱਖਕੇ ਭੈ ਕੋ ਡਾਰਕਰ ਜੋਤੁਮ ਸਹਿਤ ਅਭਿਮਾਨਕੇ ਸੋਇ ਤੋ ਕਿਆਹੈ। ਸ਼ਤ੍ਰ ਕੇ ਸਿਰਪਰ ਪੈਰਰਖਨਾ ਏਹਹੈ। ਜੋਆਪਨਾ ਭੈ ਦੰਡਤਿਸ ਪਰ ਰਖਨਾ। ਅਰ ਜੋ ਸਰਬੰਧੀ ਪੁਰਸ਼ਾ ਨੇ ਧਨਕਰ ਮਾਨ ਬਹੁਤ ਕੀਆ ਤੋ ਕਿਆ ਹੈ ਜੋ ਤੇਰੇਕੋ ਕਹਦੀਆਂ ਤੂੰ ਤੋ ਸਾਡੀ ਕੁਲ ਮੈਂ ਸੂਰਯ ਹੂਆ ਹੈਂ ਅਰ ਬ੍ਰਹਮਾਂਕੇ ਕਲਪਪ੍ਰਯੰਤ ਭੋਗ ਭੋਗੇ ਤੋ ਕਿਆ ਹੈ। ਜੋ ਅੰਤਕੋ ਤਾ ਸਹਤ ਬ੍ਰਹਮਾਂ ਕੇ ਤ੍ਰੈਈਲੋਕੀ ਨੇ ਨਾਸ ਹੋ ਜਾਤਾ ਹੈ। ਅਰ ਕੋਈ ਬੜੇ ਬੜੇ



Sri Satguru Jagjit Singh Ji eLibrary NamdhariElibrary@gmail.com

ਕਾਰਕ ਨਾਸ ਹੋ ਚੁਕੇ ਹੈਂ ॥ ੨੪ ॥

ਦੋਹਰਾ ॥ ਭਯੋਕਾਲ ਭੈ ਪ੍ਰਗਟ ਕਰ ਤ੍ਰਿਤੀਏ ਇਤਿਸ੍ਰੀਆਪੁ। ਵੈਰਾਗਾਦਿ ਸੁਤਿਹਜਨੇ ਹਨੇ ਸਰਬ ਭੈ ਤਾਪੁ ॥ ੨੫ ॥

ਇਤਿ ਤ੍ਰਿਤੀਯ ਧਜਾਯ ॥ ੩ ॥

ਟੀਕਾ ॥ ਕਾਲਕੇ ਭੈ ਕੋ ਪ੍ਰਗਟ ਕਰਕੇ ਤੀਸਰਾ ਧਜਾਇ ਵਿਸਰਾਮ ਕਰਤਾ ਭਯਾ ॥ ਵੈਰਾਗਾਦਿ ਪੁਤ੍ਰਨ ਕੋ ਉਤਪੱਤ ਕਰ। ਸੋ ਵੈਰਾਗਾਦਿ ਕੈਸੇ ਹੈਂ ਸਰਬਪ੍ਰਕਾਰ ਕੇ ਦੁਖ ਅਰ ਭੈ ਕੋ ਨਾਸ ਕਰੇਂ ਹੈਂ ॥ ੨੫ ॥

ਦੋਹਰਾ ॥ ਉਤਕੰਠਾ ਨਿਜ ਚਿੱਤਕੀ ਕਹੇਂ ਚਤੁਰਥੇ ਧਜਾਇ ॥ ਕਰਤ ਬਿਨੋ ਨ੍ਰਿਪ ਸੰਭ ਪਹਿਸਾਤ ਸਲੋਕ ਬਤਾਇ ॥ ੧ ॥

ਟੀਕਾ ॥ ਕਾਲਕੇ ਭੈ ਕੋ ਧਾਰ ਕਰ ਵੈਰਾਗ ਯੁਤਹੋਕਰ। ਚਿੱਤ ਕੀ ਇੱਛਾ ਕੋ ਕਹਤੇ ਹੋਇ ਚਤੁਰਥੇ ਅਧਜਾਯ ਮੈ ਸ਼ਿਵ ਆਗੇ ਬੇਨਤੀ ਕਰੇ ਹੈ ॥ ੧ ॥

ਯਥਾ ਤੋਟਕ ਛੰਦ ॥ ਇਕ ਏਕਨਿਸਾ ਪ੍ਰਿਹ ਸਾਂਤਮਨਾ॥ ਕਰਪਾਤ੍ਰ ਪਵਿੱਤ੍ਰ ਦਿਸਾਬਸਨਾ। ਕਰਮਾ ਨਿਰਮੂਲਨ ਮੈ ਨਿਪੁਨਾ । ਸ਼ਿਵਜੀ ਕਬਹੈਮਮ ਐਸਦਿਨਾ ॥ ੨ ॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਹੇ ਸ਼ਿਵਜੀ ਕਬ ਮੇਰੇ ਐਸੇ ਦਿਨ ਹੋਵੇਂਗੇ ਜਿਨ ਦਿਨੋਂ ਮੇਂ ਮੈ ਇਕਾਇਕੀ ਹੋਕਰ ਤਥਾ ਨ੍ਰਿਮੋਹ ਹੂਆ ਸ਼ਾਂਤਮਨ ਹੋਕੇ ਵਿਚਰੂੰਗਾ। ਹਾਥ ਹੀ ਮੇਰੇ ਪਾਤ੍ਰ ਹੋਵਨਗੇ। ਅਰ ਦਸੋ ਦਿਸ਼ਾਹੀ ਮੇਰੇ ਬਸਤ੍ਰ ਹੋਵਨਗੇ। ਪੁਨਾ ਸਰਬ ਪ੍ਰਕਾਰ ਕੇ ਕਰਮੋਂਕੇ ਨ੍ਰਿਮੂਲ ਕਰਨੇ ਮੈਂ ਚਤ੍ਰ ਹੋਵੂੰਗਾ ॥ ਐਸੇ ਦਿਨ ਮੇਰੇ ਪਰ ਕਬ ਹੋਵੇਂਗੇ ॥ ਨਨੂ ॥ ਸਰਬ ਕਰਮ ਕਹਿਨੇ ਮੇਂ ਨਿਸਕਾਮ ਕਰਮੋਂ ਕੀ ਭੀ ਨਸ਼ੇਦੀ ਹੋਵੇ ਹੈ ਸੋ ਕੈਸੇ ਬਨੇਹੈ॥ ਉੱਤਰ ॥ ਸਕਾਮ ਤਥਾ ਅਕਾਮ ਕਰਮ ਬਾਹਯ ਮੁਖੀ ਪੁਰਸ਼ ਕੇ ਵਾਸਤੇ ਹੈਂ। ਜਿਨਕਾ ਮਨ ਸ਼ਾਂਤ ਨਹੀਂ ਹੂਆ। ਜਿਨਕਾ ਮਨ ਸ਼ਾਂਤ ਹੂਆ ਹੈ ਤਿਨਕੋ ਨਿਸਕਾਮ ਭੀ ਦੁਖ ਰੂਪ ਹੈ। ਜੋ ਕਰਮ ਹੈ ਸੋ ਮਨ ਕੀ ਬਾਹਯਤਾ ਕਰ ਹੋਵੇਹੈ। ਅਰ ਸ਼ਾਂਤਿਵਾਨ ਪੁਰਸ਼ ਬਾਹਯਤਾ ਕਰ ਦੁਖੀ ਹੋਵੇਹੈ।ਇਸਤੇ ਸਤਬ ਕਰਮੋਂਕਾ ਤਯਾਗ ਹੀ ਸ਼ਾਂਤੀ ਕਾ ਕਾਰਣ ਹੈਸ਼ਾਂਤੀ ਬਿਨਾ ਸੁਖ ਹੋਵੇ ਨਹੀਂ ਯਾਤੇ ਕਹਿਓ ਐਸੇ ਜਾਨੀਐ ॥੨॥

**ਕਃ ॥ ਸ਼ਾਂਤਧਨੀ ਜਾਮਨੀਕੀ ਚਾਂਦਨੀਅਮਿੱਤ ਦੁਤਤਾਸੋਂ ਗੰਗਾਤੀਰਤਲੋ ਉਜਲੋ ਲਸਤਹੈ। ਤਾਂਮੈ ਸੁਖੀ ਬਹੂੰਕਹੂੰ ਸ਼ਿਵਸ਼ਿਵ ਸ਼ਿਵ ਕਹੂੰ ਐਸੀ ਬਾਨੀ ਭਨੋ ਜੈਸੇ ਪ੍ਰਾਨੀਦੁਖਾਰਤਹੈ। ਪ੍ਰੇਮ ਉਦੇ ਮਾਥਸਾਥ ਦ੍ਰਿਗਭ੍ਰਿਗ ਜਾਹਿ ਕਬ**

Sri Satguru Jagjit Singh Ji eLibrary NamdhariElibrary@gmail.com

**ਆਵੈ ਸਾਹਿਸਾਹਿ ਮੇਰੋ ਮਾਂਚ ਪੁਲਕਤ ਹੈ।**
**ਭਵਕੇ ਅਭੋਗਨਤੇ ਭਯੋ ਅਬ ਉਦਬੇਗ ਕਰੋਂ**
**ਐਸੀ ਬਿਧਿ ਬੇਗ ਐਸੀ ਮੋਰੀ ਮਤ ਹੈ॥੩॥**

ਟੀਕਾ—ਛੰਦ॥ ਸੰਸਾਰਕ ਜੋ ਖੋਟੇ ਭੋਗ ਹੈਂ॥ ਤਿਨਕੇ ਦੁਖ ਕੋ ਦੇਖ ਕਰ ਮੇਰੇ ਮਨ ਮੇਂ ਵੈਰਾਗ ਭਯੋ ਹੈ।ਤਿਸਕਰ ਮੇਰੀ ਬੁਧੀ ਅਬ ਐਸਿ ਹੋ ਰਹੀ ਹੈ। ਮਨ ਏਹ ਕਹਤਾ ਹੈ ਐਸੀ ਰੀਤ ਕੋ ਜਲਦੀ ਕਰੋ। ਜਿਸ ਰਾਤ੍ਰਿ ਮੈਂ ਕਿਸੇ ਪ੍ਰਕਾਰ ਕਾ ਆਵਾਜ਼ ਨਹੀਂ ਹੈ। ਤਿਸ ਚੰਦ੍ਰਮਾਂ ਕੀ ਚਾਂਦਨੀ ਕਰ ਬਹੁਤਾ ਹੈ ਪ੍ਰਕਾਸ਼ ਜਿਸ ਮੈਂ। ਤਿਸ ਚੰਦ੍ਰਮਾਂ ਕ ਪ੍ਰਕਾਸ਼ ਕਰ ਗੰਗਾਜੀ ਕੇ ਰੇਤਲੇ ਕਨਾਰੇ ਕਾ ਉਪਰ ਬੜਾ ਉਜਲ ਲਿਸ਼ਕ ਰਹਿਆ ਹੈ॥ ਤਿਸ ਕਨਾਰੇ ਕੇ ਕਿਸੇ ਏਕ ਹਥਾਨ ਮੇਂ ਸੁਖ ਪੂਰਬਕ ਬੈਠਕਰ॥ "ਓਅੰ ਨਮੋ ਸ਼ਿਵਾਏ ਓਅੰ ਨਮੋ ਸ਼ਿਵਾਏ" ਏਹ ਜੋ ਬਾਣੀ ਹੈ ਐਸੇ ਕਥਨ ਕਰੋਂ॥ ਜੈਸੇ ਦੁਖ ਕਰ ਦੀਨ ਹੂਆ ਪੁਰਸ਼॥ ਹਾਏ ਹਾਏ ਸ਼ਬਦ ਕੋ ਉਚਾਰੇ ਹੈ। ਹੇ ਸ਼ਿਵ ਕਬ ਇਸ ਪ੍ਰਕਾਰ ਕਰਤਿਆਂ ਹੋਯਾਂ ਪ੍ਰੇਮ ਪੂਰਬ ਨੇਤ੍ਰਾਂ ਸੇ ਜਲ ਆਇਕਰ ਪਲਕਾਂ ਭਰੀ ਜਾਵੇਂਗੀ॥ ਪੁਨਾ ਸ੍ਵਾਸ ਸ੍ਵਾਸ ਮੇਂ ਸਰੀਰ ਕੇ ਕੰਪਨੇ ਰੂਪੀ ਪੁਲਕਾਵਲੀਆਂ ਆਇਕਰ ਰੋਮ ਖੜੇ ਹੋਜਾਵੇਂਗੇ। ਐਸੇ ਪ੍ਰੇਮ ਵਾਲੇ ਦਿਨ ਕਬ ਆਵੇਂਗੇ॥੩॥

**ਕਬਿੱਤ—ਨ੍ਹਾਇਕੇ ਨਵਾਊਂ ਗੰਗਾ ਪਾਥ ਸਾਥ**
**ਨਾਥ ਤੁਮੇ ਸੂਚਫੂਲ ਫਲੋਂ ਕਰ ਤੂਰਿ ਧਰ**

ਧਿਆਵੇਂਗੇ। ਧਯਾਨ ਜੋਗ ਧਯਾਨ ਤੇਰੋ ਤਾਂ ਮੈ ਲਾਗੇ ਮਨ ਮੇਰੋ ਸੈਲ ਦਰੀ ਸਿਲਾ ਕੇ ਪ੍ਰਯੰਕ ਪੈ ਸੁਹਾਵੇਂਗੇ। ਸੁਖੀ ਨਿਜਾਨੰਦ ਕਰ ਫਲਾਹਾਰੀ ਰਤਿਤਰ ਗੁਰੋਂ ਕੇ ਬਚਨ ਮੋਂ ਚਰਨ ਥਾਰੇ ਭਾਵੇਂਗੇ। ਸਮਰਾਰੀਥਾਰੀ ਕ੍ਰਿਪਾ ਅਨੁਸਾਰੇ ਸਾਰੇ ਦੁਖ ਸਾਰੇ ਹਮ ਜਵੇਂ ਸੋ ਦਿਹਾਰੇ ਕਦੋਂ ਅਵੈਂਗੇ ॥ ੪ ॥

ਟੀਕਾ—ਗੰਗਾ ਮੈਂ ਨ੍ਹਾਇ ਕਰ ਆਪ ਪੂਨਾ ਗੰਗਾਕੇ ਜਲ ਸੇ ਤੁਮਾਰੇ ਠੌ ਨਵਾਊਂ ਹੇ ਸੁਵਾਮੀ। ਪਵਿਤ੍ਰ ਹੈ ਜੋ ਫਲ ਫੂਲ ਬਨਕੇ ਸੋ ਆਪ ਕੇ ਆਗੇ ਪ੍ਰੀਤੀ ਸਹਤ ਰਖਕਰ ਮੈਂ ਧਿਆਵਾਂਗਾ। ਅਰ ਧਿਆਵਨੇ ਜੋਗ ਜੋ ਹੇ ਸ਼ਿਵ ਤੁਮਾਰਾ ਧਯਾਨ ਹੈ ਤਿਸ ਵਿਖੇ ਮੇਰਾ ਮਨ ਲੱਗੇ॥ਅਰ ਪ੍ਰਬਤੋਂ ਕੀ ਕੰਦਰਾਂ ਮੈ ਜੋ ਸਿਲਾ ਹੈਂ। ਸੋਈ ਮੇਰੇ ਕੋ ਪਲੰਗਹੋਵੈ। ਤਿਨਾਂ ਪਰ ਬੈਠਾ ਹੂਆ ਕਬ ਮੈਂ ਸੋਭਨੀਕ ਹੋਊਂਗਾ। ਆਪਨੇਆਤਮ ਸੁਖ ਕਰ ਸੁਖੀ ਹੋਵਹੁਗਾ। ਅਰ ਅਤੀ ਕਰ ਫਲ ਫੂਲ ਕੇ ਅਹਾਰ ਮੇ ਪ੍ਰੀਤੀ ਹੋਵੈਗੀ। ਗੁਰੂ ਜੀ ਕ ਵਚਨੋਂਕਰ ਤੁਮਾਰੇ ਹੀ ਚਰਨ ਚਿਤ ਕੋ ਭਾਵੈਂਗੇ। ਹ ਕਾਮ ਕਾ ਨਾਸ਼ ਕਰਨੇ ਹਾਰੇ। ਤੁਮਾਰੀ ਕਿਰਪਾ ਕਰ ਸਮੂਹ ਦੁਖਾਂ ਕੋ ਮੈਂ ਜਦੋਂ ਸਾੜੂੰਗਾ॥ ਸੋ ਦਿਹਾਰੇ ਕਦੋਂ ਆਵਨਗੇ ॥ ੪ ॥ ਭੋਗੋਂ ਕਰ ਨਰਕ ਦੁਖ

Sri Satguru Jagjit Singh Ji eLibrary NamdhariElibrary@gmail.com

ਕੀ ਪ੍ਰਾਪਤੀ ਕੋ ਜਨਾਤੇ ਹੈਂ। ਆਪਨੀ ਪੂਰਬਲੀ ਬਿਵ-ਸਤਾ ਕੋ ਕਹਿ ਕਰ। ਪੁਨਾ ਇੱਛਾ ਕੋ ਕਹਿਤੇ ਹੈਂ ॥੪॥

**ਯਥਾ ਕਬਿੱਤ—ਸੁੰਦਰੀ ਕੇ ਭੋਗਨ ਮੈਂ ਸੁੰਦਰ ਏ ਕਾਲ ਗਯੋ ਧਾਰ ਕੇ ਭਵੇਟ ਭਵਜੋ ਸੋ ਜਗ ਮਗ ਚਿਰ ਮੈਂ॥ ਪਾਯੋ ਅਤਿ ਖੇਦ ਗਯੋ ਥਾਕ ਨਿਰਵੇਦ ਅਬ ਚਹੋ ਗੰਗ ਤੀਰ ਪਰ ਬਹੋਉਤ ਗਿਰ ਮੈਂ॥ ਤੂੰਗ ਹੋਹਿ ਤਨ ਬਾਰ ਨੈਨ ਪੂਰੇ ਪ੍ਰੇਮ ਬਾਰ ਕੰਠ ਦਬੈ ਨਾਮੋ ਚਾਰ ਗੰਗਾ ਜਾਂਕੇ ਸਿਰ ਮੈਂ। ਭੋਗ ਨਰਕਾਂਗਨ ਕੇ ਹੇਤ ਕੋ ਨਾ ਭਜੋਂ ਅਬ ਕਰੋ ਐਸੀ ਬਿਧਿ ਭਵੈ ਭਵ ਮੈ ਨ ਫਿਰ ਮੈ॥ ੫॥**

ਟੀਕਾ—ਇਸਥੀਂ ਪਾਛੇ ਮੇਰਾ ਮਨੁਖਾ ਸਰੀਰ ਰੂਪੀ ਸੁੰਦ੍ਰ ਕਾਲ ਇਸਤ੍ਰੀ ਕੇ ਭੋਗ ਮੈ ਨਾਸ ਭਯਾ। ਸੰਸਾਰ ਕਾ ਆਸਰਾ ਲੈਕਰ॥ ਕਿਆ ਸਤ ਜਾਣਕੇ॥ ਸੰਸਾਰ ਕੋ ਜੋ ਵਿਧੀ ਨਿਖੇਧ। ਰੂਪ ਰਸਤੇ ਹੈਂ। ਤਿਨ ਮੇਂ ਚਿਰ ਕਾਲ ਪ੍ਰਯੰਤ ਵਿਚਰਤਾ ਭਯਾ॥ ਤਿਸ ਕਰ ਅਤੀ ਖੇਦ ਕੋ ਪ੍ਰਾਪਤਿ ਭਯਾ॥ ਅਬ ਥਕਤ ਹੋ ਰਹਿਆ ਹੂੰ॥

ਅਬ ਵੈਰਾਗ ਕੋ ਚਾਹਤਾ ਹੂੰ। ਗੰਗਾ ਕੇ ਕਨਾਰੇ ਤਥਾ ਪਰਬਤਾਂ ਮੈ ਸਿਥਿਤ ਹੋਕਰ ਬਾਕੀ ਕੀ ਆਯੂ ਕੋ ਬਿਤਾਵੌਂ। ਖੜੇ ਹੋ ਜਾਵੇਂ

Sri Satguru Jagjit Singh Ji eLibrary NamdhariElibrary@gmail.com

ਸਰੀਰ ਕੇ ਰੋਮ ਅਰ ਪ੍ਰੇਮ ਪੂਰਬਖ ਜਲ ਆਇ ਕਰ ਨੇਤ੍ਰ ਭਰੇ ਜਾਵੇਂ। ਅਰ ਕੰਠ ਰੁਕ ਜਾਵੇ ਜਿਸ ਸ਼ਿਵ ਕੇ ਸਿਰ ਮੈਂ ਗੰਗਾ ਹੈ ਤਿਸਕੇ ਨਾਮਾਂ ਕੋ ਉਚਾਰਨ ਕਰਤਿਯਾਂ। ਹੇ ਸ਼ਿਵਜੀ ਨਰਕ ਅਗਨੀ ਕਾ ਹੇਤੂ ਜੋ ਭੋਗ ਹੈਂ। ਅਬ ਮੈ ਤਿਨਕੋ ਚਾਹਤਾ ਨਹੀਂ ਹੂੰ। ਹੇ ਸ਼ਿਵ ਅਬ ਐਸੀ ਰੀਤੀ ਕਰੋ। ਜਿਸ ਕਰ ਮੈ ਸੰਸਾਰ ਵਿਖੇ ਪ੍ਰਾਪਤਿ ਨਹੀਂ ਹੋਵੇਂ ॥ ੫ ॥

ਕਬਿਤ ॥ ਕਾਲ ਏਹ ਪੁਨਾਗ ਮੀਨ ਸੋਤੋ ਭਯੋ ਬ੍ਰਿਥਾ ਖੀਨ ਤਨ ਚੀਨ ਮਨੁ ਦੀਨ ਨਾਰੀ ਰਮਨੀਕ ਮੈ ॥ ਸੈਂਕਰੇ ਕਲੇਸ਼ੋਂ ਕਰ ਵਿਆਕੁਲੀ ਜੋ ਸੋ ਸੋ ਦਿਸਾ ਸਹੀ ਸਹੀ ਕਹਾਂ ਕਹਾਂ ਤੀਕ ਮੈ ॥ ਜੋ ਜੋ ਕਰੋਂ ਕਾਮ ਸੋ ਸੋ ਦੇਤ ਦੁਖਗ੍ਰਾਮ ਮੋਕੋ ਅਹੋ ਵਹੀ ਆਪ-ਕਾਮ ਕਰੋਂ ਅਬ ਤੀਕ ਮੈ ॥ ਪ੍ਰਬਲ ਅਦ੍ਰਿਸ਼੍ਰ ਦਸ਼੍ਰ ਜੋਰਤ ਅਨਿਸ਼੍ਰ ਮਾਂਹਿ ਤਾਂਕੇ ਸ਼ਾਂਤ ਬਿਨਾ ਸਾਂਤਿ ਨਾਹਿ ਚੀਨੋ ਠੀਕ ਮੈ ॥ ੬ ॥

ਟੀਕਾ ॥ ਏਹ ਜੋ ਅਨੇਕ ਜਨਮ ਕੇ ਪੁੰਨਨ ਕਾ ਫਲ ਮਨੁਖ ਸ੍ਰੀਰ ਰੂਪੀ ਸਮਾ ਪ੍ਰਾਪਤਿ ਹੂਆ ਥਾ। ਸੋ ਬਿਅਰਥ ਨਾਸ਼ ਹੋਤਾ ਭਯਾ। ਤਨ ਸਰੀਰ ਕੋ ਆਪਨਾ ਸਰੂਪ ਜਾਨਕਰ। ਮਨਕੋ ਸੁੰਦਰ ਇਸਤ੍ਰੀਆਂ ਕੇ ਭੋਗਨ ਮੈ ਦੀਆ। ਅਰ ਅਨੇਕ ਦੁਖਨ

Sri Satguru Jagjit Singh Ji eLibrary NamdhariElibrary@gmail.com

ਕੇ ਦੇਨਹਾਰੇ ਜੋ ਕਰਮ। ਤਿਨੋਂ ਮੈਂ ਮੈ ਪ੍ਰਵੇਸ਼ ਕਰਤਾ ਭਯਾ॥ ਅਰ ਤਿਸ ਕਰ ਮੇਰੇ ਕੋ ਵਿਆਕੁਲਤਾ ਪ੍ਰਾਪਤਿ ਹੋਤੀ ਭਈ॥ ਤਿਸ ਵਿਆਕੁਲਤਾ ਕਰ। ਜੋ ਜੋ ਦਿਸ਼ਾ ਮੈਨੇ ਸਾਹਾਰੀ ਹੈ ਨਿਸਚੇ ਕਰ। ਸੋ ਮੈ ਕਹਾਂ ਤਕ ਕਥਨ ਕਰੋਂ। ਜੋ ਜੋ ਕਾਮ ਮੈ ਕਰਤਾ ਭਯਾ। ਸੋ ਸੋ ਕਰਮ ਮੇਰੇ ਕੋ ਸਮੂਹ ਦੁਖਾਂ ਕੇ ਦੇਨੇ ਹਾਰੇ ਹੋਤੇ ਭਏ। ਅਹੋ ਬੜਾ ਅਸਚਰਜ ਹੈ ਫੇਰ ਭੀ ਮੈਂ ਸੋਈ ਕੁਕਰਮ ਅਬ ਤਕ ਕਰੀ ਜਾਤਾ ਹੂੰ॥ ਨਨੁ॥ ਜਾਨਤਾ ਹੈ ਤੋ ਹਟ ਜਾਇ॥ ਉੱਤਰ॥ ਪ੍ਰਬਲ ਜੋ ਹੈ ਪ੍ਰਾਰਬਧ ਰੂਪੀ ਖੋਟੇ ਅਦ੍ਰਿਸ਼ਟ। ਸੋ ਜੋੜਤੇ ਹੈਂ ਖੋਟਿਆਂ ਕਰਮਾ ਮੈ॥ ਤਿਨ ਅਦ੍ਰਿਸ਼ਟੋਂ ਕੇ ਨਾਸ ਹੋਏ ਬਿਨਾ ਸ਼ਾਂਤੀ ਪਾਪਤਿ ਨਹੀਂ ਹੋਤੀ। ਏਹ ਬਾਤ ਮੈਨੇ ਠੀਕ ਜਾਣੀ ਹੈ॥ ੬॥ ਨਨੁ॥ ਖੋਟੇ ਅਦ੍ਰਿਸ਼ਟ ਕੈਸੇ ਨਾਸ਼ ਹੋਵੈ॥ ਉੱਤਰ॥

**ਦੋਹਰਾ॥ ਨਸ੍ਰ ਦ੍ਰਿਸ਼੍ਰ ਨ ਗ੍ਯਾਨ ਬਿਨ ਗ੍ਯਾਨ ਨ ਬਿਨ ਵੈਰਾਗ॥ ਤਾਂਤੇ ਭਵ ਨਿਰਵੇਦ ਪਦ ਜਾਤੇ ਭਵ ਦੁਖ ਤਿਆਗੁ॥ ੭॥**

ਟੀਕਾ—ਅਦ੍ਰਿਸ਼ਟ ਨਸ਼ਟ ਨਹੀਂ ਹੁੰਦੇ ਗ੍ਯਾਨ ਬਿਨਾ। ਅਰ ਗਿਆਨ ਨਹੀਂ ਹੋਤਾ ਵੈਰਾਗ ਬਿਨਾ। ਇਸਤੇ ਹੀ ਹੈ ਸ਼ਿਵਜੀ ਮੇਰੇ ਤਾਈਂ ਵੈਰਾਗ ਦੇਵਹੁ। ਜਿਸ ਕਰਕੇ ਜਨਮ ਮਰਨ ਕੇ ਦੁਖ ਕਾ ਤਿਆਗ ਹੋਵੇ॥ ੭॥ ਪੁਨਾ ਪ੍ਰਾਰਥਨਾ ਕੋ॥

**ਸਵੈਯਾ॥ ਪੁੰਨ ਬਨੇ ਬਸ ਕੌਨ ਦਿਨੈ ਭਨੋ ਭੋ**

ਸ਼ਿਵਸੰਭ ਜਟੀ ਸਮੁਰਾਰੀ॥ ਨਾਗਨ ਮੋਤਨ ਹਾ
ਰਨ ਮੋ ਉਤ ਸ਼ਤ੍ਰ ਬਲੀਸੁ ਸੁਮਿਤ੍ਰ ਮਝਾਰੀ॥ ਮਾ
ਹਿੰਮਨੀ ਮਿਤ੍ਰ ਪਿੰਡ ਵਿਖੈਮਧਫੂਲੋਂ ਕੇਸਾਥਰ
ਪਾਥਰ ਭਾਰੀ॥ ਵਾਤ੍ਰਿਣ ਬੀਚ ਤ੍ਰਿਆਨਬਿਖੇ
ਸਭ ਮੈ ਸਮ ਹ੍ਵੈ ਕਬ ਦ੍ਰਿਸ਼ ਹਮਾਰੀ॥ ੮॥

ਟੀਕਾ॥ ਪਵਿਤ੍ਰ ਜੋ ਬਨ ਹੈ ਤਿਨ ਮੇਂ ਵਸ ਕਰ। ਕਿਸ ਦਿਨ ਮੈ ਕਥਨ ਕਰੂੰਗਾ। ਹੇ ਸ਼ਿਵ ਹੇ ਸ਼ੰਭੂ ਹੇ ਜਟਾਧਰ ਹੇ ਕਾਮ ਕੇਅਰੀ॥ ਐਸੇ ਨਾਮੋਂ ਕੋ ਕਥਨ ਕਰਤਿਕਾਂ ਹੋਇਆਂ। ਸਰਪਨ ਮੇਂ ਤਥਾ ਮੋਤਨ ਕੇ ਹਾਰਨ ਮੋ । ਬਲਵਾਨ ਵੈਰਨ ਮੋਂ ਤਥਾ ਸ੍ਰਿਸ਼੍ਰ ਮਿਤਰਨ ਮੋ॥ ਸੁੰਦਰ ਜੋ ਮਣੀਆਂ ਹੈਂ ਤਥਾ ਮ੍ਰਿਤ ਕਾ ਕਾ ਜੋ ਗੋਲਾ ਹੈ॥ ਫੂਲੋਂ ਕੀ ਛੇਜਾ ਮੈ ਤਥਾ ਪਥਰਨ ਕੀ ਸਿਲਾ ਮੋ। ਘਾਸ ਮੈ ਤਥਾ ਇਸਤ੍ਰੀਆਂ ਮੋ। ਇਨ ਸਭ ਮੈ ਕਬੀ ਮੇਰੀ ਸਮਾਨ ਦ੍ਰਿਸ਼ਟੀ ਹੋਵੇਗੀ॥ ੮॥

ਕਬਿਤ॥ ਗੰਗਾ ਤੀਰਪਰ ਉਤ ਹਿਮਗਿਰ
ਸਿਲਾ ਪਰ ਬਾਂਧੇ ਪਦਮਾਸਨ ਕੋ ਮਨ ਇੰਦ੍ਰ
ਜੀਤ ਕੇ॥ ਬ੍ਰਹਮਕੇ ਸੁ ਧਿਆਨਕੀ ਅਭੱਜਾ
ਸਵਿਧ ਸੋ ਨਿਵਾਸ ਯੋਗ ਨਿੰਦ੍ਰਾਮਹਿਕਰੋਹਰੋ
ਤਾਪ ਚੀਤ ਕੇ॥ ਜਠਰਕੁਰੰਗਕਰੇਸ੍ਰਿੰਗੋਂਸੰਗ



Sri Satguru Jagjit Singh Ji eLibrary NamdhariElibrary@gmail.com

ਕੰਦੂ ਮੋਹਿ ਸੁਖ ਸੋਅਭੀਤ ਮੋਕੋਜਾਨੇਸਮਭੀਤ ਕੇ ॥ਪਾਰਬਤੀਨਾਥ ਮੈਅਨਾਥਕੇ ਅਭੀਤਵਾਰੇ ਉੱਤਮ ਦਿਹਾਰੇ ਕਬ ਆਵੇਂ ਐਸੀ ਰੀਤਕੋ॥੯॥

ਟੀਕਾ॥ ਗੰਗਾ ਜੀ ਕੇ ਕਨਾਰੇ ਤਥਾ ਹਿਮਾਚਲਕੀਸਿਲਾ ਪਰ ਕਦੋਂ ਮੈਮਨਾਦਿ ਇੰਦ੍ਰਜੋਂ ਕੋਜੀਤ ਕਰ ਪਦਮ ਆਸਨਕੇ ਧਾਰਨ ਕਰੂੰਗਾ॥ ਬ੍ਰਹਮ ਧਿਆਨ ਕਰਨੇ ਕੀ ਜੋ ਰੀਤੀਹੈ ਤਿਸ ਰੀਤੀ ਕੇ ਸਹਤ ਬ੍ਰਹਮਾਂ ਤਿਸਕੋ ਧਾਰਕਰਨ੍ਰਿਵਿਕਲਪਸਮਾ ਧੀ ਮੇਂ ਮੈਂ ਕਦੋਂ ਨਿਵਾਸ ਕਰੂੰਗਾ ॥ ਅਰਤਿਸਮੇਂਨਿਵਾਸਕਰ ਚਿਤ ਕੇ ਤਾਪੋਂ ਕੋਨਾਸ ਕਰੂੰਗਾ ॥ਪੁਨਾ ਤਿਸ ਸਮਾਧੀਮੇਂ ਐਸਾ ਇਸਥਿਤ ਹੋਵੋਂ ਬੁੱਢੇ ਜੋ ਹਰਨ ਹੈਂ ਸੋ ਮੇਰੇ ਸਾਥਆਇ ਕਰ ਸਿੰਗੋਂ ਕੋ ਖੁਰਕੇਂ ॥ ਸੁਖ ਪੂਰਬਕ ਅਭੈ ਹੋਇਕਰਅਰ ਮੇਰੇ ਕੋ ਕੰਧ ਕੇ ਸਮਾਨ ਗਾਣੈ। ਹੇ ਪਾਰਬਤੀਕੇਨਾਥਮੈਅਨਾ ਥ ਕੇ ਭੈ ਸੇ ਰਹਿਤ ਹੋਨੇ ਵਾਰੇ ਜੋ ਉਤਮ ਦਿਨ ਹੈਂ ਇਸ ਰੀਤ ਕੇ ਸੋ ਕਦੋ ਆਵੇਂਗੇ ॥ ੯ ॥

ਦੋਹਰਾ ॥ ਨਿਜ ਵਖਾਣ ਕਰ ਹਰਣ ਕਬ ਸੰਘਰ ਸਹਿ ਮਮ ਦੇਹ॥ਮੋਹਿ ਖਬਰਹੈ ਹਰਨ ਹ੍ਰੈ ਕਬ ਹ੍ਰੈ ਮਮ ਅਸ ਦੇਹ ॥ ੧੦ ॥

ਟੀਕਾ ॥ ਹਰਨ ਜੋ ਹੈਂ ਸੋ ਅਪਨਿਆਂ ਸਿੰਗਾਂਕੋ ਕਬਮੇਰੀ ਦੇਹੀ ਸਾਥ ਘਸਾਵਨਗੇ ॥ ਅਰ ਤਿਨ ਕੇ ਸਿੰਗ ਘਸਾਨੈ ਕੀ

Sri Satguru Jagjit Singh Ji eLibrary NamdhariElibrary@gmail.com

ਖਬਰ ਮੇਰੇ ਕੋ ਹੇ ਸ਼ਿਵਜੀ ਨਾ ਹੋਵੈ। ਐਸੇ ਦਿਨ ਵਿਦੇਹ ਹੋਨੇ ਕੇ ਕਦੋਂ ਮੇਰੇ ਹੋਵਨਗੇ॥੧੦॥ ਪੁਨਾ ਪ੍ਰਾਰਥਨਾ ਕੋ

ਕਬਿਤ॥ਕਾਸ਼ੀ ਗੰਗਾ ਕੇ ਕਨਾਰੇ ਭਵਤੇ ਕਨਾਰੇ ਹੋਇ ਕਦੋਂ ਬਸੋਂ ਬਸਨ ਕੁਪੀਨ ਏਕ ਧਾਰਕੇ ॥ ਦੋਉ ਹਾਥ ਜੋਰ ਕਰ ਨਿਜਾਇ ਮਾਥ ਨਮੋ ਕਰੋਂ ਮ੍ਰਿਦਬਾਣੀ ਸਾਥ ਰਰੋਂ ਨਾਮ ਤ੍ਰਿਪੁਰਾਰਿਕੇ॥ਭੋ ਪ੍ਰਭੋ ਭਵਾਨੀ ਵਰ ਸ਼ੰਕਰ ਤ੍ਰਿਨੇਤ੍ਰ ਹਰ ਤ੍ਰਿਪੁਰਾਰੀ ਚੰਦ੍ਰ ਧਰ ਭਵ ਭਵਹਾਰਕੇ॥ਖਿਨਸਮ ਦਿਨ ਸਬ ਮੇਰੋ ਬੀਤ ਜਾਂਵੈ ਜਬ ਐਸੇ ਅਹ ਆਵੈਂ ਕਬ ਕਹੋ ਕ੍ਰਿਪਾ ਧਾਰਕੇ ॥ ੧੧ ॥

ਟੀਕਾ॥ ਸੰਸਾਰ ਸੇ ਕਨਾਰੇ ਹੋਇਕਰ॥ਕਾਸ਼ੀ ਤਥਾ ਗੰਗਾ ਕਨਾਰੇ ਪਰ ਕਦੋ ਮੈਂ ਬਸਾਂਗਾ। ਏਕ ਕੁਪੀਨ ਮਾਤ੍ਰ ਬਸਤ੍ਰ ਪਹਿਰਕੇ॥ਅਰ ਦੋਨੋਂ ਹਾਥ ਜੋਰਕਰਕੇ ਮਸਤਕ ਨਿਵਾਇ ਕਰ ਨਮਸਕਾਰ ਕੋ ਕਰੂੰ॥ਅਰ ਮਿੱਠੀ ਬਾਣੀ ਕਰ ਉਚਾਰਨ ਕਰੌਂਗਾ ਨਾਮ ਸ਼ਿਵਜੀ ਕੇ। ਹੇ ਪ੍ਰਭੋ ਹੇ ਪਾਰਬਤੀ ਕੇ ਪਤੀ ਹੇ ਕਲਜਾਨ ਕਰਤਾ। ਹੇ ਤ੍ਰੈਨੇਤ੍ਰ ਹੇ ਹਰਿ ਹੇ ਤ੍ਰਿਪੁ ਦੈਂਤ ਕੇ ਨਾਸ ਕਰਨੇ ਹਾਰੇ। ਹੇ ਚੰਦ੍ਰਮਾ ਕੇ ਧਾਰਨੇ ਹਾਰੇ। ਹੇ ਕਲਿਜਾਣ ਸਰੂਪ ਸੰਸਾਰ ਕੇ ਨਾਸ ਕਰਨੇ ਹਾਰੇ॥ ਇਸ ਪ੍ਰਕਾਰ ਨਾਮ ਉਚਾਰਤਿਆਂ ਹੋਇਆਂ। ਖਿਣ ਸਮਾਣ ਦਿਨ ਬਿਤੀਤ ਹੋ ਜਾਵੈ

ਜਬ। ਐਸੇ ਦਿਨ ਕਬ ਅ ਵੈਂਗੇ ਕਹੋ ਕਿਰਪਾਧਾਰਕੇਹੇਸ਼ਿਵ ॥੧੧॥ ਪੁਨਾ ਇਛਾਕੋ ॥ ਸ਼ੰਕਰਛੰਦ ॥

**ਕਬਦੇਹੁ ਮੈ ਅਰਥੀਨਕੋ ਸਰਬੰਸ ਕਰ ਕਰ ਦੋਇ॥ ਕਬਤਰੁਨ ਕਰਨਾ ਸਾਥ ਅੰਤਸ਼ਕਰ ਨ ਪੂਰਨ ਹੋਇ॥ ਦੂਰ ਕਾਮ ਕੋ ਪਰਨਾਮ ਜੋਨੀ ਤਿਰਯਗਾਦਿ ਅਪਾਰ॥ ਤਿਹਦੁੱਖਸੀਮਾ ਪਿਖਡਰੋਂ ਨਿਜ ਮੰਦ ਕਰਮ ਨਿਹਾਰ॥੧੨॥**

ਟੀਕਾ॥ ਕਦੋਂ ਮੈਂ ਦੋਨੋ ਹਥੋਂ ਕਰਸਰਵੰਸਆਪਨਾ ਅਰ ਥੀਆਂ ਕੋ ਦੇਵਾਂਗਾ। ਅਰ ਕਦੋਂ ਨਵੀਨ ਜੋ ਹ੍ਰਿਦੈ ਮੇਂ ਸਰਬ ਕਾਲ ਹੋਰ ਥੀਂ ਹੋਰ ਕਰਨਾ ਹੋਨੀ ਹੈ ਸੋ ਨਵੀਨ ਹੈ ਕਿਰਪਾ ਕਰ ਮੇਰਾ ਅੰਤਹ ਕਰਣ ਪੂਰਣ ਹੋਵੇਗਾ।ਖੋਟਿਆਂਕਰਮਾਂਕਾ ਫਲ ਜੋ ਹੈ ਸਰਪਾਦਿ ਤ੍ਰਿਗਦ ਬਹੁਤੀਆਂ ਜੂਨਾਂ। ਤਿਨ ਮੰਦ ਕਰਮੋਂ ਕੀ ਔਧੀ ਦੁਖ ਦੇਖਕਰ ਮੈਂ ਡਰਤਾ ਹੂੰ। ਅਪਨੇ ਭੀ ਕਰੇ ਹੂਏ ਮੰਦ ਕਰਮ ਦੇਖਕਰ॥ ੧੨॥

**ਜਿਸ ਪੁੰਨ ਬਨਮੈ ਸਰਦ ਹਿਮ ਕਰ ਕਿਰਣ ਪਰਨਤ ਚਾਰ॥ ਬਨ ਤਾਸ ਮੈ ਕਰ ਬਾਸ ਮੈ ਨਿਰਵੇਦ ਸਹਤ ਵਿਚਾਰ॥ ਮਮ ਚਿਤ ਕੋਹਰ ਚਰਣ ਕੀ ਤਰ ਸ਼ਰਣ ਹੋਇ ਸਰਾਗ॥ ਜਬ**

Sri Satguru Jagjit Singh Ji eLibrary NamdhariElibrary@gmail.com

**ਇਮ ਬਤਾਵੋਂ ਬਿਮਲ ਰੈਨਾ ਤਬੀ ਮੈ ਬਡ ਭਾਗ॥ ੧੩ ॥**

ਟੀਕਾ ॥ ਜਿਸ ਸ੍ਰੇਸ਼ਟ ਬਨ ਮੈ ਚੰਦ੍ਰਮਾਂਕੀਆਂ ਸੁੰਦਰ ਕਿਰਣਾ ਪੜ ਰਹੀਆ ਹੈਂ। ਤਿਸ ਬਨ ਮੈ ਵੈਰਾਗ ਵਵੇਕ ਕੇ ਸਹਤ ਹੋਕਰ ਮੈ ਬਸਨਾ ਕਰੂੰ॥ ਅਰ ਮੇਰਾ ਚਿਤਹਰਕੇਚਰਨੋਂ ਕੀ ਸ਼ਰਣ ਹੋਵੈ ਸਹਤ ਪ੍ਰੀਤੀ ਕੇ ਅਤਸੇ ਕਰ॥ ਜਬ ਇਸ ਤਰਾਂ ਮੇਰੀ ਉਜਲ ਰਾਤ੍ਰੀ ਬੀਤੇਗੀ ਤਬੀ ਮੈਂ ਆਪ ਕੋ ਵਡਿਆਂ ਭਾਗਾਂ ਵਾਲਾ ਜਾਨੂੰਗਾ ॥ ੧੩

**ਦੋਹਾ॥ ਤਜਿ ਸੁਤੰਤ੍ਰ ਭਵ ਭੋਗ ਕਬ ਲਖੋ ਨਿ- ਜਾਤਮ ਆਪ ॥ ਦੇਹ ਬਿਖੇ ਸੰਦੇਹ ਬਿਨ ਵਿਚ ਰੋਂ ਤਬ ਨਿਹ ਪਾਪ॥ ੧੪ ॥**

ਟੀਕਾ ॥ ਸੁਤੰਤ੍ਰ ਜੋ ਸੰਸਾਰ ਕੇ ਭੋਗ ਪ੍ਰਾਪਤ ਹੈਂ ਤਿਨਕੋ ਤਿਆਗ ਕਰ ਕਦੋਂ ਮੈ ਆਪਨੇ ਆਤਮ ਸਰੂਪ ਕੋ ਜਾਨੂੰਗਾ॥ ਅਰ ਦੇਹ ਕੇ ਬੀਚ ਦੇਹ ਅਧਿਆਸ ਥੀਂ ਰਹਤ ਹੋਕਰ ਵਿਚਰੂੰ ਗਾ॥ ਜਬ ਐਸੇ ਹੋਵੇਂਗਾ ਤਬ ਮੈਂ ਆਪਕੋ ਪੁਨਿਆਤਮਾ ਕ੍ਰਿਤ ਕ੍ਰਿਤ ਮਾਨੂੰਗਾ॥ ਜੈਸੇ ਅਪਨੀ ਇੱਛਾ ਹੋਵੈ ਤੈਸੇਹੀ ਭੋਗ ਕੀ ਜੋ ਪ੍ਰਾਪਤੀ ਸੋ ਸੁਤੰਤ੍ਰ ਕਹੀਯੇ ਹੈ ॥ ਨਨੂ ॥ ਸੁਤੰਤ੍ਰ ਭੋਗਾਂ ਕੀ ਪ੍ਰਾਪਤੀ ਬਡੇ ਉਗ੍ਰਪੁੰਨੋਂ ਕਰ ਹੋਵੇ ਹੈ ॥ ਤੁਮ ਤਿਨਕਾ ਤਿਆਗ ਕੈਸੇ ਮੰਗੋ ਹੋ ॥ ਉੱਤਰ ॥ ਜਿਨ ਪੁੰਨੋਂ ਕਰ ਭੋਗੋਂ ਕੀ ਪ੍ਰਾਪਤੀ ਹੋਵੇ ਹੈ ਸੋ ਪੁੰਨ ਹੀ ਪਾਪ ਰੂਪ ਹੈਂ ਕਾਮਨਾ ਯੁਤ

Sri Satguru Jagjit Singh Ji eLibrary NamdhariElibrary@gmail.com

ਹੋਨੇ ਤੇ॥ ੨੪॥ ਤਥਾ ॥

ਦੋਹਾ॥ਮੁਨੋ ਕਰਮ ਜੋ ਜੋ ਕਰੇ ਸੋ ਸੋ ਹਮਹੂੰ ਕੀਨ॥ਤਾ ਕਰਮੋਂ ਕੇ ਫਲੋਂ ਕਰ ਹਮ ਠਾਗੇ ਮਤਿ ਹੀਨ॥੧੫॥

ਟੀਕਾ॥ ਜੋ ਜੋ ਕਰਮ ਸੰਤ ਜਨੋਂ ਨੇ ਕਰੇਥੇ ਤੀਰਥ ਬਰ ਤਾਦਿ॥ ਸੋਈ ਸੋ ਹਮ ਕਰਤੇ ਭਏ॥ ਪਰੰਤੂਹਮਤਿਨਿ ਤਿਨ ਕਰਮੋਂ ਕੇ ਕਰਨੇ ਕਰ ਠਗੇ ਜਾਤੇ ਭਏ॥ਨਨੂ॥ਕੈਸੇ ਠਗੇ ਗਏ॥੧੫॥ ਉੱਤਰ॥

ਮੁਨਿਨ ਲਯੋ ਸੁਖ ਰੂਪ ਫਲ ਮੋਹਿ ਦੂਖ ਫਲ ਲੀਨ॥ਕਰੇ ਕਰਮਸਮ ਵਿਖਫਲਇਉਂ ਮੈਂ ਠਾਗਜੋ ਦੀਨ॥੧੬॥

ਟੀਕਾ॥ ਮੁਨੀਆਂ ਨੇ ਤੋ ਸੁਖ ਫਲ ਰੂਪ ਫਲ ਲੀਨਾ। ਅਰ ਹਮਨੇ ਦੁਖ ਰੂਪ ਫਲ ਲੀਨਾ। ਕਰਮ ਤੋ ਸਮ ਹੀਕਰੇ ਥੇ ਪਰੰਤੂ ਫਲ ਭਿੰਨ ਪ੍ਰਾਪਤਿ ਹੂਆ ਇਸ ਤੇ ਠਗੇਗਏ॥੧੬ ਨਨੂ॥ ਤੁਮਾਰੇ ਕਰਤੱਬ ਮੇਂ ਮੁਨੀਆਂ ਸਾਥ ਸਮਤਾਕੈਸੇਹੈ॥ ਉੱਤਰ॥

ਤਜੈ ਗ੍ਰਹਉਚਿਤ ਸੁਖਮੁਨਿਕਰ ਸੰਤੋਖਬਿਬੇਕ॥ ਅਹੰ ਵਿਦੇਸ਼ ਕਲੇਸ਼ ਕਰ ਤਿਆਗੇ ਭੋਗ ਅਨੇਕ॥੧੭॥

Sri Satguru Jagjit Singh Ji eLibrary NamdhariElibrary@gmail.com

ਟੀਕਾ–ਘਰ ਕੇ ਸ੍ਰੇਸ਼ਟ ਸੁਖਮੁਨੀਓ ਨੇ ਤਾਂ ਸੰਤੋਖ ਤਥਾ ਵਿਚਾਰ ਧਾਰ ਕਰ ਤਜਾਗੇ ਅਰ ਮੈਨੇ ਭੀ ਤਜਾਗੇ ਪਰੰਤੂ ਪਰਦੇਸਕੇ ਕਲੇਸ਼ਕੋ ਧਾਰਕਰ ਧਨਕੀ ਪ੍ਰਾਪਤੀ ਵਾਸਤੇ ਪਰਦੇਸਮੈਘਰਕੇਭੋਗ ਤਜਾਗਕਰਅਨੇਕਦੁਖਸਹਾਰੇ॥੧੭॥

**ਰਿਖਨ ਖਿਮਾ ਕਰ ਖਲੋਂ ਕੇ ਸੋਢੇ ਦੁਰਬਚਨਾ ਦਿ॥ ਮੈ ਭੀ ਸਹੇ ਕੁਵਾਕ ਪਰ ਕਰ ਜਾਚਨਸੇ ਵਾਦਿ ॥ ੧੮ ॥**

ਟੀਕਾ–ਸੰਤੋਂਨੇਮੂਰਖੋਂਕੇ ਬਚਨ ਖਿਮਾ ਧਾਰਕਰ ਸਹਾਰੇ। ਮੈਂ ਭੀ ਸਹਾਰੇ ਤੋ ਸਹੀ ਤਿਨਕੀ ਨਿਆਈਂ ਪਰੰਤੂ ਸੇਵਾ ਤਥਾ ਯਾਚਨਾਦਿ ਕਰ ਸਹਾਰੇ ॥ ੧੮ ॥

**ਮੂਲ–ਸੀਤ ਵਾਤ ਆਤਪ ਦੁਸਹ ਪੁਨਾ ਕਲੇਸ਼ ਅਪਾਰ ਮੁਨਿਨ ਸਹੇ ਤਪੁਧਾਰ ਕਰ ਹਮੋ ਸਹੇ ਸਹਿਨਾਰ ॥**

ਟੀਕਾ–ਪਾਲਾ ਅਰ ਪਤਣ ਪੁਨਾ ਧੁਪ ਕਠਨ ਹੈ ਜਿਨਕਾ ਸਹਾਰਨਾ। ਪੁਨਾ ਬਹੁੜੋ ਹੋਰ ਬਹੁਤ ਖੁਧਿਆਆਦਿ ਦੁਖ ਸੰਤਾਂਨੇਤਾਂ ਤਪ ਧਾਰਕਰ ਸਹਾਰੇਹੈਂ। ਅਰ ਮੈਨੇ ਭੀ ਸਹੇ ਤੋ ਹੈਂ ਪ੍ਰੰਤੂਇਸਤ੍ਰੀਕੀਖਾਨਪਹਿਰਨਾਦਿਸਹਾਇਤਾਹੇਤ॥੧੯॥

**ਮੂਲ॥ ਹਰਪਦ ਪਦਮ ਜੁਗਲ ਮੁਨੇ ਧਜਾਯੋ ਮਨੁਕ੍ਰਿਤਬਾਚ। ਪ੍ਰਾਣੋਕਰ ਦਿਨ ਰਾਤ ਮੈਂ**

Sri Satguru Jagjit Singh Ji eLibrary NamdhariElibrary@gmail.com

**ਧਿਆਯੋ ਧਨ ਕੋ ਸਾਚ॥ ੨੦ ॥**

ਟੀਕਾ—ਹਰੀਕੇ ਜੋ ਦੋ ਚਰਨਕਮਲ ਹੈਂ ਸੋ ਸੰਤ ਧਿਆਵਤੇ ਭਏ । ਮਨ ਬਾਣੀ ਸ਼ਰੀਰ ਕਰਕੇ। ਤਿਸੇਤਰਾਂ ਮੈਂ ਸੁਆਸ ਸੁਆਸ ਕਰ ਧਨ ਕੋ ਸਿਮਰਤਾ ਭਯਾ । ਮਨ ਬਾਣੀ ਸਰੀਰ ਕਰ ਏਹ ਬਾਤ ਸਚ ਹੈ । ਐਸੇ ਦੁਖ ਆਦਿਕਾਂ ਕਾ ਸਹਾਰਨਾ ਮੁਨੀਆਂ ਕੇ ਸਮ ਹੈ ॥੨੦॥ ਨਨੂ ॥ ਤਿਨ ਸਮਾਂਨ ਫਲ ਕੈਸੇ ਹੋਵੇ ॥ ਉੱਤਰ

**ਮੂਲ—ਖਿਮਾ ਤ੍ਰਿਪਤ ਯੁਤ ਦੁਰਬਚਨ ਸਹੋ ਤਜੋ ਗ੍ਰਹਭੋਗ। ਸਰੁਚਿਧ ਜਾਉ ਹਰਿ ਪਾਂਉ ਤਬ ਤਾਂਕੇ ਸਮ ਫਲ ਹੋਗ ॥੨੧॥**

ਟੀਕਾ—ਖਿਮਾ ਸਹਤ ਜਬ ਖੋਟੇ ਬਚਨੋਂ ਕੋ ਸਹਾਰੂੰਗਾ। ਅਰ ਤ੍ਰਿਪਤੀ ਧਾਰਕਰ ਜਬ ਘਰਕੇ ਭੋਗਾਂ ਕੋ ਤਿਆਗੂੰਗਾ ॥ ਪੁਨਾਂ ਸਹਤ ਸ਼੍ਰਧਾ ਦੇ ਹਰੀਕੇ ਚਰਨੋਂ ਕਾ ਸੇਵਨ ਕਰੂੰਗਾ॥ ਤਬ ਤਿਨ ਸੰਤਨ ਸਮਾਨ ਮੇਰੇ ਕੋ ਫਲ ਪ੍ਰਾਪਤ ਹੋਵੇਗਾ ॥ ੨੧ ॥

**ਮੂਲ ॥ ਐਸ ਸ਼ੰਕਰ ਵੰਤ ਦਿਨ ਹੇ ਹਰਿ ਸ਼ੰਕਰ ਸ਼ੰਭੁ। ਹੋਇ ਕਬੇ ਸਮ ਮੁਨਿਨ ਕੇ ਮੈ ਵਿਚਰੋਂ ਤਜ ਦੰਭੁ ॥ ੨੨ ॥**

ਟੀਕਾ—ਜੈਸੇ ਖਿਮਾ ਤ੍ਰਿਪਤ ਯੁਤ ਕਥਨ ਕਰੇ ਹੈਂ॥ ਐਸੇ ਕਲਜਾਨ ਕਰਤਾ ਦਿਨ ਕਦੋਂ ਮੇਰੇ ਮੁਨੀਆਂ ਕੇ ਸਮਾਨ ਹੋਵਨਗੇ । ਹੇ ਹਰੇ ਕਲਜਾਨ ਕਰਤਾ ਸ਼ਿਵਜੀ ॥ ਜਿਨ ਦਿਨੋਂ ਮੇਂ ਮੈਂ ਦੰਬਕੋ

Sri Satguru Jagjit Singh Ji eLibrary NamdhariElibrary@gmail.com

ਤ੍ਯਾਗ ਕਰ ਵਿਚਰੂੰਗਾ ॥ ੨੨ ॥ ਪੂਰਬਮੁਨੀਆਂਕੇਸਮਾਨ ਨਿਜ ਕਰਤੱਵ ਦਿਖਯਾ । ਅਬ ਹੋਰ ਪ੍ਰਕਾਰਸੇ ਮੰਤ੍ਰੋਂਸੇ ਭਿੰਨ ਆਪਨੇ ਕਰਮ ਕੋ ਦਸੇਹੈਂ ॥ ੨੨ ॥

**ਦੋਹਰਾ ॥ ਸ੍ਵਰਗ ਅਖਯ ਸੁਖ ਲਾਭ ਹਿਤ ਕਰੇ ਮਖਾਦਿ ਸਰਾਗ ॥ ਕਰੇਯਾਗਰਿਖਵਾਗਗਹਿ ਪ੍ਰਨਾ ਮੁਨੋ ਮਮਠਾਗ ॥ ੨੩ ॥**

ਟੀਕਾ—ਰਿਖੀ ਜੋ ਬ੍ਰਹਮਨ ਹੈਂਤਿਨੋਂਨੇਕਹਿਆ ਸੁਰਗ ਸੁਖ ਨਾਸ ਸੇ ਰਹਿਤਹੈ ॥ ਅਰ ਅਗਟੋਤ੍ਰਾਦਿ ਯੱਗੋਂਕਰ ਪ੍ਰਾਪਤ ਹੋਤਾਹੈ । ਐਸੇ ਤਿਨਕੇ ਵਾਕ ਗ੍ਰਿਹਣ ਕਰ ਮੈਨਿੱਤ ਹੋਤ੍ਰਾਦਿ ਯੱਗ ਤਿਸ ਸੁਖਕੀ ਪ੍ਰਾਪਤੀ ਵਾਸਤੇ ਕਰਤਾ ਤੌ ਭਯਾ॥ ਪ੍ਰੰਤੂ ਮੁਨੀਯੋਂਨੇ ਮੇਰੇਕੋ ਠੱਗ ਲੀਆ ॥ ਨਨੁ ॥ ਬ੍ਰਾਹਮਨੋਂ ਨੇ ਕੈਸੇ ਠਗਿਆ ॥ ਉੱਤਰ ॥ ੨੩ ॥

**ਮੂਲ ॥ ਤਾਂ ਕ੍ਰਿਤੁ ਕੇ ਫਲ ਕੋ ਜਬੈ ਪਰਮਰਸਾ ਮੈ ਕੀਨ ॥ ਜਨ ਤੇ ਪੀਨ ਭੈ ਮਮ ਰਿਦੈ ਹੋਇ ਪੁੰਨ ਜਬਖੀਨ ॥ ੨੪ ॥**

ਟੀਕਾ—ਤਿਸਨਿੱਤ ਕਰਮਕੇ ਫਲਕੋ ਜਬ ਮੈਨੇਸੰਤਾ ਸਾਥ ਮਿਲਕਰ ਵਿਚਾਰਯਾ । ਤੌ ਮੇਰੇ ਮਨਮੈ ਬੜਾਭਾਰੀਭੈਉਤਪੰਤ ਭਯਾ ॥ ਜੋ ਪੁੰਨਾਂਕੇ ਨਾਸਸੇ ਪੀਛੇ ਪ੍ਰਾਪਤੀ ਹੋਤਾਹੈ ॥ ੨੪ ॥ ਨਨੁ ॥ ਸੋ ਭੈ ਕੈਸਾਹੈ ॥ ਉੱਤਰ ॥



Sri Satguru Jagjit Singh Ji eLibrary NamdhariElibrary@gmail.com

**ਮੂਲ ॥ ਗਿਰਤ ਨਾਕ ਗਿਰਤੇ ਅਧੇ ਪੁਰਖ ਪਖਾਨ ਤੁਰੰਤ ॥ ਸਹਤ ਕਸ਼ਟ ਤੇ ਕਸ਼ਟ ਤਰਅਨਭਵਕਰਤਸੁਜੰਤ॥ ੨੫ ॥**

ਟੀਕਾ ਐਸੇ ਸੰਤ ਸੁਨਾਤੇ ਭਏ। ਸੁਰਗ ਰੂਪੀ ਪਰਬਤ ਤੇ ਐਸੇ ਗਿੜਤਾ ਹੈ ਪੁਰਖ। ਜੈਸੇ ਊਚੇ ਪਹਾੜਸੇਗਿਰਾਹੂਆ ਪਥੱਰ ਪਟਕ ਪਟਕ ਕਰ ਅਨੰਤ ਚੋਟਾਂ ਖਾਕਰ ਨੀਚੇ ਪੜਤੇਹੈ ਸ਼ੀਘ੍ਰ ਹੀ ॥ ਤੈਸੇਹੀ ਜੋ ਪੁਰਸ਼ ਸ੍ਵਰਗਕੀ ਇੱਛਾ ਹੇਤ ਕਰਮ ਕਰਤਾ ਹੈ ਸੋ ਪੁਰਸ਼ਬੜੇਦੁਖਸੇਭੀਦੁਖਕੋਸਹਾਰਤਾਹੈਪੰਤੂ ਜੈਸਾਦੁਖਹੋਤਾਹੈ ਤਿਸਕੋ ਸੋ ਪੁਰਸ਼ਾਹੀ ਜਾਣੇ ਹੈ ॥ ਐਸੇ ਦੁਖਦਾਈ ਸ੍ਵਰਗ ਕੀ ਉਸਤਤੀ ਕਰਕੇ ਬ੍ਰਹਮਣੋਂਨੇ ਹਮਕੋ ਗਾਲ੍ਹਾ ਕਰਮਾ ਮੈ॥ ੨੫ ॥

**ਦੋਹਰਾ॥ ਜਨਮ ਮਰਨ ਦ੍ਰਿੜ੍ਹ ਕਰਨਕੋ ਅਤਿ ਦ੍ਰਿੜ ਕਰਨ ਸੁ ਭੋਗ। ਤਾਂ ਹਿਤਮੈ ਕ੍ਰਿਤਕਰੇ ਭਵ ਕੋ ਮੋ ਸਮਖਲ ਹੋਗ॥ ੨੬ ॥**

ਟੀਕ—ਐਸੇ ਬ੍ਰਹਮਣੋਂਕੇ ਵਚਨੋਂਕੋ ਮਾਨਕਰ ਜਨਮਮਰਨ ਕੀ ਪੁਸ਼੍ਰੀ ਕਰਨੇਕੋ ਅਤਸੇ ਕਰ ਤਗੜੇ ਜੋਹੈਂ ਇੰਦ੍ਰਿਆਂ ਕੇ ਸ਼ਬਦਾਦਿ ਵਿਸ਼ੇ। ਤਿਨਾਂ ਵਿਸ਼ਜਾਂਕੇ ਵਾਸਤੇ ਕਰਮ ਕਰਨੇ ਹਾਰਾ ਕੋਈ ਮੇਰੇ ਸਦ੍ਰਿਸ਼ ਮੂਰਖ ਹੋਵੇਗਾ ॥ ੨੬॥

**ਦੋਃ ॥ ਭੋਗ ਬਡਾਈ ਕਰਮੂਨੋ ਮੋਹਿ ਲੁਭਾਯੋ**

Sri Satguru Jagjit Singh Ji eLibrary NamdhariElibrary@gmail.com

**ਚਿੱਤ। ਕਰਮ ਗਰਤ ਮਹਿਡਾਰ ਮਮ ਰਰਜੋ ਮੁਕਤਿ ਸੁਖਵਿੱਤ ॥੨੭॥**

ਟੀਕਾ—ਸ੍ਵਰਗਾਦਿ ਪਦਾਰਥਾਂ ਕੀ ਉਸਤਤੀ ਕਰਕੇ ਬ੍ਰਹਮਣੋਂ ਨੇ ਮੇਰੇ ਚਿਤਕੋ ਲੁਭਾਇ ਲਯੋ ॥ਅਰ ਕਰਮਾਂਰੂਪੀ ਖਾਤੇਮੇ ਪਾਕਰ ਮੇਰੇਕੋ ਮੁਕਤੀਕਾ ਸੁਖਰੂਪੀ ਜੋ ਧਨਥਾ ਸੋ ਖੋਸਲੀਨੋ। ਯਾਮੈਗੁਰੂ ਸਿਮ੍ਰਿਤਿ ਪ੍ਰਮਾਨ। "ਮੁਕਤੋਸੇ ਵੈਮੇਕਤੇ ਹੋਵੇ" ਮੁਕਤਿ ਰੂਪ ਸੰਤਾਂਕ ਜੋ ਸੇਵੇਗਾ ਸੋ ਮੁਕਤਿ ਹੋਵੇਗਾ॥ ਜਾਤੀਕੇ ਬ੍ਰਹਮਣੋਂਕੇ ਵਾਕੋਂ ਕਰ ਆਜਤਕ ਕੋਈ ਮੁਕਤ ਨਹੀਂ ਹੂਆਹੈ। ਅਰ ਜੋ ਪਾਛੇ ਵਿਆਸਾਦਿ ਬ੍ਰਹਮਨ ਹੂਏ ਸੋ ਜਾਤੀਕੋ ਬ੍ਰਹਮ ਨਹੀਂ ਮਾਨਤੇ ਥੇ। ਅਰ ਨਾ ਆਪ ਜਾਤੀਕਰ ਬ੍ਰਹਮਨ ਥੇ ॥ਤਿਨਕੀ ਉਤਪਤੀ ਦੇਖ ਲਵੋ ਕਰਮਾ ਕਰ ਬ੍ਰਹਮਣ ਹੂਏਹੈਂਅਰ ਕ੍ਰਮਾਂਕੋ ਮਾਨਤੇ ਥੇ। ਤਹ ਜਾਤੀ ਅਭਿਮਾਨੀ ਆਜਕਲ ਕੇ ਬ੍ਰਹਮਣ ਲੋਭੀਓਂਕੇ ਵਾਕਾਂਕੋ ਕਥਨ ਕਰਤੇਹੈਂ। ਬਿਆਸਾਦਿ ਬ੍ਰਹਮਵੇਤਾ ਯਥਾਰਥ ਵਕਤਾ ਪੂਰਬ ਹੂਏਹੈਂ। ਕਲੀਕਾਲਮੇਂ ਐਸੇ ਸੰਤਹੈਂ ਹੋਰ ਨਹੀਂ॥ ਪੁਨਾ॥ "ਕਾਚੇ ਗੁਰ ਤੇਮੁਕਤਿਨ ਹੂਆ" ਕਾਚੇ ਗੁਰੂਜੋ ਕਰਮਾਂਕੇ ਕਰਨੇਵਾਲੇ ਤਥਾ ਕਰਾਨੇਵਾਲੇਹੈਂ ਤਿਨਸੇ ਕੋਈ ਅੱਜਤਕ ਮੁਕਤਿ ਨਹੀਂਹੂਆ ਐਸੇ ਜਾਨੀਐ ॥ ਪੂਰਬ ਕਹੇਕੀ ਪੁਨਾ ਪ੍ਰੋਢਤਾ ਕਰੇਹੈਂ ॥

**ਯਥਾ ਸੋਰਠਾ—ਕਰ ਸੰਤੋਖ ਬਿਬੇਕ ਤਜੇ ਨ ਗ੍ਰਹ ਕੇ ਉਚਿਤ ਸੁਖ। ਤਿਆਗੇਭੋਗ ਅਨੇਕ**

Sri Satguru Jagjit Singh Ji eLibrary NamdhariElibrary@gmail.com

**ਭ੍ਰਮਨ ਵਿਦੇਸ ਕਲੇਸ਼ ਕਰ॥ ੨੮॥**

ਟੀਕਾ—ਸੰਤੋਖ ਤਥਾ ਵਿਚਾਰ ਕਰਕੇ ਸ੍ਰਿਸ਼ਟ ਭੋਗਾਂ ਕੋ ਮੈਨੇ ਨਾ ਤਿਆਗਿਆ॥ਪਰਦੇਸ ਸਮੇ ਭ੍ਰਮਨ ਕਰਤਿਆਂ ਹੋਇਆਂ ਤਥਾ ਸਰੀਰ ਕੇ ਕਲੇਸ਼ ਕਰ ਅਨੇਕ ਭੋਗਾਂ ਕਾ ਤਿਆਗ ਕਰਤਾ ਭਯਾ॥ ੨੭॥

**ਦੋਹਰਾ॥ ਅਹੋ ਖਿਮਾ ਕਰ ਖਲੋਂ ਕੇ ਸਹੇ ਨ ਦੁਰ ਬਚਨਾਦਿ॥ ਸੋਢੇ ਮੋਹਿ ਕੁਵਾਕਪਰ ਕਰ ਜਾਚਨ ਸੇਵਾਦਿ ॥ ੨੯ ॥**

ਟੀਕਾ—ਅਹੋ ਬਡਾ ਅਸਚਰਜ ਹੈ ਖਿਮਾ ਕਰਕੇ ਮੈਨੇ ਮੂਰਖੋਂ ਕੇ ਬਚਨ ਨਾ ਸਹਾਰੇ।ਪਰਾਈ ਸੇਵਾ ਤਥਾ ਜਾਚਨਾ ਨਾ ਕਰ ਮੈਨੇ ਮੂਰਖੋਂ ਕੇ ਖੋਟੇ ਵਾਕ ਸਹੇ॥ ੨੯॥

**ਮੂਲ॥ ਸੀਤਵਾਤ ਆਤ ਪਦੁਸਹਿ ਪੁਨਾ ਕਲੇਸ਼ ਕਦੰਬ।ਮੈਂ ਨ ਸਹੇ ਤਪ ਧਾਰ ਕਰ ਸੋਢੇ ਬੀਚ ਕੁਟੰਬ॥ ੩੦ ॥**

ਟੀਕਾ—ਪਾਲਾ ਪੌਣ ਧੁਪਾਦਿ ਜੋ ਸਮੂਹ ਦੁਖ ਹੈਂ। ਸੋ ਮੈ ਤਪ ਧਾਰਕੇ ਨਾ ਸਹਾਰਤਾ ਭਯਾ।ਸਹਾਰੇ ਤੋ ਸਹੀ ਪ੍ਰੰਤੂ ਕੁਟੰਬ ਬੀਚ ਤਿਨ ਸਨਬੰਧੀਯੋਂ ਕੇ ਸੁਖ ਵਾਸਤੇ ਸਹਾਰੇ॥

**ਮੂਲ ॥ ਧਿਆਇਯੋ ਧਨਕੋ ਅਹਿਨਿਸੇ ਮਨੁ ਕ੍ਰਿਤ ਬਚਨ ਸਨੇਮ।ਈਸ਼ਰਕੇਪਦ ਪਦਮਕੋ**

Sri Satguru Jagjit Singh Ji eLibrary NamdhariElibrary@gmail.com

**ਧਿਆਯੋ ਤਿਓਂ ਨਸ ਪ੍ਰੇਮ ॥ ੩੧ ॥**

ਟੀਕਾ—ਸਹਤ ਨਿਯਮਕੇ ਮਨ ਬਾਨੀ ਸਰੀਰ ਕਰ ਧਨਕੋ ਸਿਮਰਤਾ ਭਯਾ। ਤਿਸੀ ਪਰਕਾਰ ਸਹਤ ਪ੍ਰੇਮਕੇ ਈਸ਼ਰ ਚਰਨ ਕਮਲੋਂ ਕੋ ਨਾ ਸਿਮਰਿਆ ॥ ੩੧ ॥

**ਮੂਲ ॥ ਏਗੁਰ ਪਸ਼ਚਾਤਾਪੁ ਉਰ ਭਯੋ ਨ ਆਤਮ ਵਿੱਤ ॥ ਬਿਨ ਬਿਚਾਰ ਮੈ ਮੂਰਖਕੋ ਲਯੋ ਵਿਖਯੋ ਭਵ ਜਿਤ ॥ ੩੨ ॥**

ਟੀਕਾ—ਏਹ ਬੜਾ ਅਫਸੋਸ ਹੈ ਮੇਰੇ ਰਿਦੇ ਮੇਂ ਜੋਮੈ ਮਨੁਖ ਸਰੀਰ ਕੋ ਪਾਕਰ ਆਤਮ ਸਰੂਪਕੇ ਜਾਨਣੇਹਾਰ ਨਾ ਭਯਾ ॥ ਸਤ ਮਿਥਜਾਕੇ ਵਿਚਾਰਸੇ ਬਿਨਾ ਮੈ ਮੂਰਖਕੋ ਵਿਸ਼ਿਆਂ ਨੇ ਸੰਸਾਰ ਮੇਂ ਜੀਤ ਲੀਆ ॥ ੩੨ ॥ ਨਨੂ ॥ ਵਿਚਾਰਮੇਂ ਡੱਕਾ ਕਿਆ ਹੈ ॥ ਉੱਤਰ ॥

**ਮੂਲ ॥ ਦੁਸ਼੍ਰ ਅਰਿਸ਼੍ਰ ਸਨੇਹਯੁਤ ਉਰਕਾ- ਗਰ ਪਰਵਰਨ। ਭੋਗਰਾਗਮੈ ਸੋਨਲੈ ਅੰਕ ਵਿਚਾਰ ਅਵਰਨ॥ ੩੩ ॥**

ਟੀਕਾ—ਛੇਦ ॥ ਖੋਟੇ ਜੋ ਪ੍ਰਾਰਬਧ ਰੂਪੀ ਅੱਖਰ ਹੈਂ ਦੁਖ ਦੇਨੇ ਹਾਰੇ ਸੋ ਰਿਦੇ ਰੂਪੀ ਕਾਗਤ ਪਰ ਲਿਖੇ ਹੈਂ ॥ ਅਰ ਭੋਗਾਂਮੈ ਜੋ ਪ੍ਰੇਮ ਹੈ ਸੋ ਤੇਲ ਰੂਪ ਹੈ ਤਿਸਕੇ ਸਹਤ ਹੂਏ ਹੂਏ ਸੋ ਪ੍ਰਾਰਬ ਧ ਰੂਪੀ ਅੱਖਰ ਨਹੀਂ ਲਹਿਤੇ। ਭਾਵ ਯਹ ਜੋ ਰਿਦੇ ਮੇਂ ਅੱਖਰ

Sri Satguru Jagjit Singh Ji eLibrary NamdhariElibrary@gmail.com

ਹੈਂ ਤਿਨਕਾ ਤੋ ਸੰਸਕਾਰੋਂਕਾ ਉਤਪੱਤ ਕਰਨੇ ਰੂਪੀਫਲਹੈ॥ ਅਰ ਕਿਸੇ ਕਰਮਕਾ ਭੋਗਕੀ ਪ੍ਰਾਪਤੀਰੂਪ ਫਲਹੈ॥ਪ੍ਰੰਤੂ ਜੋ ਭੋਗਾਂਮੇ ਪ੍ਰੇਮ ਕਰਨਾਹੈ॥ ਸੋ ਪ੍ਰਮਾਦ ਅਗਿਆਨਹੈ। ਇਸਕਰ ਸੋ ਨਹੀਂ ਲਹਿਤੇ ਤਿਨਕੇ ਨਾਸ਼ ਕਰਨੇਕਾ ਸਾਧਨਕਿਆਹੈ॥ ਉੱਤਰ॥ ਤਿਨ ਅੱਖਰੋਂਕਾਵਿਚਾਰ ਨਾਸ ਕਰੇਹੈ। ਵਰਨ ਨਾਮ ਸਰੂਪਕਾ ਹੈ ਅਨਾਮ ਨਸ਼ੇਧੀਕਾ ਹੈ ਇਸਕਰ ਅਵਰਨ ਨਾਮ ਨਾਸਕਾ ਹੈ॥ ਨਨੂ॥ ਸੋ ਵਿਚਾਰ ਕੈਸੇ ਪ੍ਰਾਪਤ ਹੋਵੇ॥ ਉੱਤਰ ਈਸ਼ਰਆਗੇਪ੍ਰਾਰਥਨਾਕਰਨੇਸੇਤਿਸਕੀਕ੍ਰਿਪਾ ਕਰ ਹੋਵੇਹੈ।

**ਯਥਾ ਸੋਰਠਾ॥ ਪ੍ਰਭੂ ਅਨਾਥਕੇ ਨਾਥ ਮੈਅਨਾ-ਥ ਕੇ ਮਾਥਪਰ। ਕ੍ਰਪਾ ਦ੍ਰਿਸ਼ਟਕੇ ਸਾਥ ਸ਼ਿਵ-ਨਾਥ ਨਿਜ ਹਾਥ ਧਰ॥ ੩੪॥**

ਟੀਕਾ—ਹੇ ਪਾਰਬਤੀ ਕੇ ਸੁਆਮੀ ਹੇ ਰਖਕ ਅਨਾਥਾਂ ਕੇ ਸੁਆਮੀ ਮੈ ਅਨਾਥਕੇ ਮਸਤਕ ਪਰ।ਕ੍ਰਿਪਾ ਦ੍ਰਿਸ਼ਟੀ ਸੇ ਆ-ਪਨਾ ਹਾਥ ਧਰੋ॥ ੩੪॥

**ਦੋਹਰਾ॥ ਬਿਨ ਬੈਰਾਗ ਬਿਬੇਕਮੈ ਤਵਪਦ ਪੰਕਜ ਟੇਕ॥ ਸ੍ਰੀ ਸ਼ੰਕਰ ਮਮ ਸ਼ੰਕਰੋ ਦੇ ਵੈਰਾਗ ਬਿਬੇਕ॥੩੫॥**

ਟੀਕਾ—ਹੇ ਸ੍ਰੀ ਸੁਭਾਇਮਾਨ ਸ਼ਿਵਜੀ। ਮੈ ਆਪਕੇ ਚਰਨ ਕਮਲਾਂ ਕੀ ਸ਼ਰਨ ਹੂੰ॥ ਵੈਰਾਗ ਵਿਵੇਕ ਸੇ ਬਿਨਾਮੇਰੇ ਕੋ

Sri Satguru Jagjit Singh Ji eLibrary NamdhariElibrary@gmail.com

ਵੈਰਾਗ ਵਿਵੇਕ ਦੇਕਰ ਮੇਰੀ ਕਲਜਾਨ ਕਰੋ ॥੩੫॥ ਨਨੂ ॥ ਪਦਾਰਥੋਂਕੋ ਤਆਗ ਕਰ ਹਰਿਸੇ ਵੈਰਾਗਵਿਵੇਕ ਕਾ ਮੰਗਨਾ ਭੋਗੋਂਸੇ ਅਧਿਕਹੈ ॥ ਉੱਤਰ ॥ ਵੈਰਾਗ ਸਹਤ ਵਿਵੇਕੀਓਂ ਕੀ ਮਹਮਾ ਹੀ ਗ੍ਰੰਥੋਂ ਮੇਂ ਕਹੀਹੈ ॥

**ਚੌਪਈ ॥ ਭਵਮੈ ਵਹੀ ਪੁਰਖ ਵਡਭਾਗੀ । ਇਤ ਉਤ ਭੋਗ ਚਾਹ ਜਿਹ ਤਿਆਗੀ । ਕਰ ਨਿਵਾਸ ਗਿਰਕੰਦਰ ਮਾਹੀਂ ॥ ਪਰਮਪ੍ਰਕਾਸ਼ ਰੂਪ ਹਰਿ ਧਜਾਹੀ ॥ ੩੬ ॥**

ਟੀਕਾ—ਸੰਸਾਰਮੇਂ ਓਹੀਪੁਰਖ ਵਡੇਆਂ ਭਾਗਾਂ ਵਾਲੇਹੈਂ । ਜਿਨਾਨੇ ਲੋਕ ਪ੍ਰਲੋਕਕੇ ਭੋਗਾਂਕੀ ਇੱਛਾ ਤਿਆਗੀਹੈ ।ਅਰ ਪਰਬਤੋਂਕੀਆਂ ਕੰਦਰਾਂਮੇਂ ਨਿਵਾਸ ਕਰੇਹੈਂ ॥ ਸਰਬਕਾਪ੍ਰਜੋ ਪ੍ਰਕਾਸ਼ ਰੂਪ ਹਰੀਹੈ ਤਿਸਕੋ ਪਨਮੇਂ ਸਿਮਰ ਰਹੇਹੈਂ ॥ ੩੬ ॥

**ਮੂਲ ॥ ਤਿਸੇ ਧਜਾਨਕੇ ਆਨੰਦ ਕਰਕੇ॥ਤਿਨ ਹਿ ਦ੍ਰਿਗਨ ਤੇ ਉਦਰੁਦ ਸਰਕੇ । ਬੈਸ ਨਿਸੰਕ ਅੰਕਕੇ ਮਾਹੀਂ । ਅਚਵਹਿ ਵਿਹੰਗ ਸਰਤ ਜਲ ਤਾਹੀਂ ॥੩੭ ॥**

ਟੀਕਾ ॥ ਤਿਸ ਹਰੀਕੇ ਧਿਆਨ ਜਨ ਆਨੰਦ ਕਰਤਿਨ ਪੁਰਸ਼ੋਂਕੇ ਨੇਤ੍ਰੋਂਸੇਜੋ ਜਲ ਵਗਤਾਹੈ ॥ ਤਿਸ ਵਗਤੇ ਜਲਕੋ ਤਿਨਕੀ ਗੋਦ ਮੇਂ ਨਿਰਭੈ ਬੈਠਕਰ ਪੰਛੀਪੀਨਾਕਰੇਹੈਂ॥੩੭॥

Sri Satguru Jagjit Singh Ji eLibrary NamdhariElibrary@gmail.com

**ਧੰਨ ਜਨੋਂ ਕੀ ਉਮਰਾ ਐਸੇ ॥ ਪਰੀ ਹੋਤ ਖੈ ਭਾਖੀ ਜੈਸੇ॥ ਹਮ ਮਤਮੰਦ ਅਧੰਨ ਕੁਭਾਗੀ ॥ ਭੁਗਤਿ ਮੁਕਤਿ ਬਿਭਤੈ ਵੈਰਾਗੀ ॥੩੮॥**

ਟੀਕਾ—ਜਿਨ ਪੁਰਸ਼ੋਂ ਕੀ ਆਯੂ ਐਸੇ ਨਾਸ਼ ਹੋਰਹੀ ਹੈ ਜੈਸੇ ਕਥਨ ਕਰੀ ਹੈ ਸੋ ਪੁਰਸ਼ ਧੰਨ ਹੈ ਉਸਤਤਿ ਕੇ ਯੋਗ ਹੈਂ ਐਸੇ, ਵੈਰਾਗ ਰਹਿਤ ਵਿਵੇਕੀਓਂ ਕੀ ਮਹਿਮਾਂ ਹੈ ਅਰ ਹਮ ਜੋ ਹੈਂ ਧੀ ਬ੍ਰਮੰਦ ਖੋਟਿਆਂ ਭਾਗਾਂ ਵਾਲੇ ਸੋ ਧੰਨਤਾ ਸੇ ਬਿਨਾ ਹੈਂ ॥ ਪੁਨਾ ਭੋਗ ਮੋਖ ਦੋਨੋਂ ਸੇ ਰਹਿਤ ਹੈਂ ॥ ੩੮ ॥

**ਕੇਵਲ ਵਿਆਰਥ ਮਨੋਰਥ ਸੰਗਾ॥ ਮਮ ਸ਼ੁਭ ਅਵਧ ਭਵਤ ਪਰਭੰਗਾ। ਬਾਪੀ ਬਾਗ ਤੜਾਗ ਕਨਾਰੇ॥ ਸੁੰਦਰ ਮੰਦਰ ਹੋਇ ਹਮਾਰੇ ॥੩੯॥**

ਟੀਕਾ—ਕੇਵਲ ਵਿਅਰਥ ਮਨੋਰਾਜ ਕਰਨੇ ਸੇ ਮੇਰੀ ਜੋ ਸ੍ਰੇਸ਼ਟ ਆਯੂ ਥੀ ਨਰ ਦੇਹੀ ਕੀ ਸੋ ਨਾਸ਼ ਹੋ ਰਹੀ ਹੈ ਵਸ਼ੇਸ਼ ਕਰ ਐਸੇ ਸੰਕਲਪਾਂ ਕੋ ਮਨ ਕਰੇ ਹੈ ॥ ਬੜੀਆਂ ਸੁੰਦਰ ਬਾਵਲੀਆਂ ਹੋਵੈਂ ਅਰ ਬਾਗ ਹੋਵੈਂ ਤਥਾ ਤਲਾਓ ਹੋਵਨ ਤਿਨਕੇ ਕਨਾਰੇ ਪਰ ਬੜੇ ਸੁੰਦਰ ਮੰਦਰ ਹੋਵੈ ॥੩੯॥

**ਸੁਭਗ ਭਾਮਨੀ ਸਹ ਤਹ ਅੰਤਰ ॥ ਕਰਹਿ ਸੁ ਕ੍ਰੀੜਾ ਕੇਲ ਨਿਰੰਤਰ॥ ਅਸ ਮਨ ਰਾਜ ਕੌ**

Sri Satguru Jagjit Singh Ji eLibrary NamdhariElibrary@gmail.com

**ਤਕਹਿ ਧਿਆਾਵਤ ॥ ਅਸੀ ਆਉਖਾ ਪਰੇ ਬਿਆਵਤ ॥ ੩੯ ॥**

ਟੀਕਾ ॥ ਤਿਨਾ ਮੰਦ੍ਾਂ ਕੇ ਅੰਦ੍ਰਿਸ੍ਰਿਸ਼ਟਇਸਤ੍ਰੀਓਂ ਕੇ ਸਹਤ ਸ੍ਰੇਸ਼ਟ ਭੋਗ ਕ੍ਰੀੜਾ ਕੋ ਕਰੂੰ ਅਰ ਹਾਸ ਵਿਲਾਸ ਰੂਪ ਕਲੋਲਾਂ ਕੋ ਕਰੂੰ। ਜੋ ਕੋਕ ..ਨੁਸਾਰ ਕ੍ਰੀੜਾ ਕਰਨੀ ਹੈ ਸੋ ਸ੍ਰੇਸ਼ਟ ਕ੍ਰੀੜਾ ਹੈ ॥ ਇਸ ਪਰਕਾਰ ਮੇਰਾ ਮਨ ਰਜੋਗੁਣੀ ਕੇ ਤਕਾਂ ਕੋ ਚਿੰਤਨ ਕਰ ਰਹਿਆਂ ਹੈ ॥ ਅਰ ਐਸੀ ਅਮੋਲਕ ਆਯੂ ਕੋ ਬਿਅਰਥ ਬਿਤਾ ਰਹਿਆ ਹੈ ॥ ੩੯ ॥

**ਕਿੰਚਤ ਸਿੰਚਤ ਭੋਗ ਮਝਾਰੀ ॥ ਪਰੀਹੋਤ ਹਤ ਵੈਸ ਹਮਾਰੀ ॥ ਤਿਨੋ ਸਮਾਨ ਸੁ ਦਿਵਸ ਹਮਾਰੇ ॥ ਕਬ ਆਵਹਿਗੇ ਹੇ ਸਮਰਾਰੇ ॥ ੪੦ ॥**

ਟੀਕਾ ॥ ਥੋੜੇ ਮਾਤ੍ਰ ਜੋ ਹਮਕੋ ਪ੍ਰਾਪਤ ਭਏ ਹੈਂ ਭੋਗ॥ ਲੂਲੀ ਲੰਗੜੀ ਜੈਸੀ ਲੜਾਕੀ ਇਸਤ੍ਰੀ॥ ਭੈੜਾ ਜੈਸਾ ਮਖੱਟੂ ਪੁਰਸ਼॥ ਤਥਾ ਨਲੈਕ ਪੁਤ੍ਰ ਇਨਕੇ ਬੀਚ ਹੀ ਆਯੂ ਨਾਸ਼ ਪਈ ਹੋਤੀ ਹੈ॥ ਹੇ ਸ਼ਿਵਜੀ ਤਿਨ ਮਹਾਤਮੋਂ ਕੇ ਸਮਾਨ ਹਮਾਰੇ ਦਿਨ ਕਬ ਆਵੇਂਗੇ ॥ ੪੦ ॥

**ਦੋਹਾ ॥ ਨਿਜਭਵ ਹਿਤ ਭਵ ਤਿਆਗ ਹਿਤ ਭੋਭਵਮੈਤਵ ਧਿਆਂਉ ॥ ਸ਼ੇਖ ਆਯੁ ਨਿਜ ਕਬ ਵਿਯੰਸੁਖਸੋ ਤਥਾ ਵਿਹਾਂਉ ॥ ੪੧ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ ॥ ਆਪਨੀ ਕਲਿਆਨ ਵਾਸਤੇ ਅਰ ਸੰਸਾਰ ਕੇ ਤਿ
ਆਗ ਵਾਸਤੇ ॥ ਹੇ ਸ਼ਿਵਜੀ ਮੈਂ ਤੇਰੇ ਕੋ ਸਿਮਰੂੰ ॥ ਬਾਕੀ ਕੀ
ਆਯੂ ਮੇਰੀ ਇਸਪ੍ਰਕਾਰ ਕਬ ਬੀਤੇਗੀ ਸੁਖਪੂਰਬਕ॥ਤਥਾ
ਤੈਸੇ ਵੈਰਾਗ ਵਵੇਕ ਕੇ ਸਹਤ ਵਾ ਵੈਰਾਗੀ ਵਿਵੇਕੀਓਂ ਕੀ
ਨਿਆਈਂ॥ ਭਾਵ ਯਹ ਕਲਯਾਨ ਹਿਤ ਕਰਨੇ ਸੇ ਵਿਵੇਕ ਕੋ
ਮਾਗੇ ॥ ਅਰ ਸੰਸਾਰ ਕਾ ਤਿਆਗ ਕਹਿਨੇ ਸੇ ਵੈਰਾਗ ਕੋ
ਮਾਂਗੂੰ॥ ੪੧ ॥

**ਭਰਥ ਸ਼ਤਕ ਵੈਰਾਗ ਕੋ ਧਯਾਯ ਚਤੁਰਥੋ ਬੱਸ ॥ ਕਰੀ ਸ਼ੁਭ ਇਛਾ ਭਰਥ ਨ੍ਰਿਪ ਤਾਂ ਬਿਨ ਜੀਵਨ ਭੱਸ ॥ ੪੨ ॥**

ਟੀਕਾ ॥ ਭਰਥਰੀ ਕੇ ਸ਼ਤਕ ਕਾ ਚੌਥਾਧਿਆਇਸਮਾਪਤ
ਭਯਾ ॥ ਇਸਮੇਂ ਭਰਥ ਨੇ ਸ਼ੁਭ ਇੱਛਾ ਕਰੀ ਹੈ ਸ਼ੁਭ ਇੱਛਾ
ਬਿਨ ਜੀਵਨਾ ਜੋ ਹੈ ਸੋ ਖੇਹ ਵਤ ਨਿਸ਼ਫਲ ਹੈ॥ ੪੨ ॥

ਇਤਿ ਚਤੁਰਥ ਧਯਾਯ ॥ ੪ ॥

**ਦੋਹਾ॥ ਅਥ ਪੰਚਮ ਅਧਯਾਏ ਮੈ ਸਾਤ ਸ਼ਲੋਕ ਅਨੂਪ ॥ ਬਿਧਕੋ ਦੇਤ ਉਲਾਹਨੇ ਬਹੁਬਿਧ ਭਰਥਰੀ ਭੂਪ ॥ ੧ ॥**

ਟੀਕਾ ॥ ਚੌਥੇ ਧਯਾਇ ਕੇ ਅਨੰਤ੍ਰ ਪੰਚਮੇਂ ਧਯਾਇਮੈ ਸੁੰਦਰ
ਸਾਤ ਸ਼ਲੋਕੋਂ ਕਰ ਰਾਜਾ ਜੀ ਬ੍ਰਹਮਾ ਕੋ ਉਦਾਰ ਪ੍ਰਕਾਰ ਸੇ

Sri Satguru Jagjit Singh Ji eLibrary NamdhariElibrary@gmail.com

ਉਲਾਂਭੇ ਦੇਵੇ ਹੈਂ॥ ੧ ॥ਨਨੂ॥ ਬਿਧਕੋ ਉਲਾਂਭਾ ਦੇ ਮੈਂ ਕਿਆ ਹੇਤੂ ਹੈ॥ ਉੱਤਰ॥ ਸਰਬਕਾ ਪ੍ਰੇਰਕ ਤਥਾ ਕਰਤਾ ਹੈ ਇਸਤੇ ਆਗੇ ਭਿੰਨ ਕਰ ਕਹੇਂਗੇ ॥ ਪਹਿਲੇ ਪ੍ਰੇਰਨਾ ਕੋ ਦਸੇਹੈਂ ॥

ਯਥਾਕਬਿੱਤ ॥ ਮੋਮਨਕੋ ਅਜ ਖਲ ਮ੍ਰਿਦੁਪਿੰਡ ਸਮ ਖਲੁ ਕਰਕੇ ਇੱਕਤ੍ਰ ਚਿੱਤਾ ਚੱਕ੍ਰ ਪਰ ਧਰੇ ਹੈਂ । ਦੁਖ ਮਾਝ ਦੁਖ ਹੋਰੇ ਲਾਭ ਹੇਤਸਾਂਝ ਭੋਰ ਦੰਡ ਜੋਰ ਕਰ ਜੋਰ ਕਰ ਚਲ ਕਰੇ ਹੈਂ ॥ ਅੱਤ੍ਰ ਮਿੱਤ੍ਰ ਬਲਭ ਪ੍ਰਗਲਭ ਕੁਲਾਲਵਤ ਕੌਨੇ ਵਿਧਿ ਕਰੇ ਵਿਦਵੈਤੋ ਘਰੇ ਘਰੇ ਹੈ ॥ ਅਹੋ ਨੈ ਨ ਜਾਨੋ ਭੋਰਾ ਦੇਵਮੋਤੋ ਮੁਖਮੋਰਾ ਚਿੰਤਾ ਚਿਤਾ ਬਿਖੇ ਮੋਰਾ ਚਿੱਤ ਨਿਤ ਜਰੇ ਹੈਂ ॥ ੨ ॥

ਟੀਕਾ ॥ ਮੇਰੇ ਮਨਕੋ ਬਿਧਾਤਾ ਮ੍ਰਿਤ ਕੇ ਪਿੰਡਵਤ ਗੁਲੇਲਾ ਕਰਕੇ ਇਕ ਪਾਸੇ ਨਿਸਚੇ ਕਰ ਚਿੰਤਾ ਰੂਪੀ ਚਕ੍ਰਪਰ ਧਰੇ ਹੈ ਪ੍ਰੇਰਕ ਹੋਨੇਤੇ ਜੈਸੇ ਕੁਮਾਰ ਚੱਕ੍ਰ ਡੰਡਾ ਜੋੜਕੇ ਚਲਾਨਾ ਕਰੇ ॥ ਤੇ ਬਹੁਤ ਚਲੇ ਹੈ ਤੈਸੇ ਦੁਖਾਂ ਵਿਚੋਂ ਜੋਹੋਰ ਦੁਖ ਕੀ ਪ੍ਰਾਪਤੀ ਹੋਨੀ ਹੈ ਦਿਨਰਾਤ ॥ ਸੋ ਦੰਡਾ ਜੋੜਨਾ ਕਰਿਆ ਹੈ ॥ ਅਰਅਪਨੇ ਬਲ ਕਰਕੇ ਚਲਾਨਾਂ ਕਰੇ ਹੈ ॥ ਸਰਬਕੋ ਸੱਤਾ ਦੇਣਹਾਰਾ ॥ ਜੈਸੇ ਕੁਮਾਰ ਘੜੇ ਤਥਾ ਹੋਰ ਅਨੰਤ ਪਾਤ੍ਰ ਕਰੇ ਹੈ ਤੈਸੇ ਏਹੁ ਮਿੱਤ੍ਰ ਹੈ ਏਹ ਪਿਆਰਾ ਹੈ ॥ ਏਹ ਚਤੁਰ ਹੈ ਇਸ ਪਰਕਰਾ

Sri Satguru Jagjit Singh Ji eLibrary NamdhariElibrary@gmail.com

ਕੁੰਭਾਰਵਤ ਬਨਾਕਰਕੌਣ ਬਿਧਿ ਕਰਤਾਭਯਾਬਿਧਾਤਾ ਭਾਵ ਯੇਹ ਹੈ ਕੁਲਾਲਕੇਕਰੇ ਘਟਿ ਆਦਿ ਪਦਾਂਰਥੋਂ ਸੇ ਜਲ ਪਾਨਾ ਦਿ ਸੁਖ ਰੂਪ ਕਾਰਯਕੀ ਉਤਪਤੀ ਹੋਵੇਹੈਅਰ ਜਿਨ ਸੰਬੰਧੀ ਓਂਕੇ ਮੋਹ ਕਰ ਪੁਰਸ਼ ਚਿੰਤਾ ਰੂਪੀ ਚਕ੍ਰਪਰ ਇਸਥਿਤ ਹੋ ਰਹਿਆ ਹੈ ਤਿਨਸੇ ਤੋ ਮੋਖ ਰੂਪੀ ਸੁਖ ਕੀ ਉਤਪਤੀ ਹੋਵੇਨਹੀਂ ਇਸਤੇ ਇਨਕਾ ਰਚਨਾ ਬਿਅਰਥ ਹੈ ਇਸ ਹੇਤੁ ਉਲਾਂਭਿਓਂ ਭਰਥਰੀ ਜੀ ਕਹੇ ਹੈਂ ਅਹੋ ਬੜਾਅਫਸੋਸ ਹੈ ਮੈਨੇ ਜ਼ਰਾਮਾਤ੍ ਭੀ ਨਾ ਜਾਨਿਆ। ਜੋ ਮੇਰੇ ਸੇ ਬਿਧਾਤਾ ਨੇ ਮੁਖ ਮੋੜਨ ਕੀਆ ਹੈ ਤੋ ਚਿੰਤਾਰੂਪੀਚਿਖਾਮੇਂਮੇਰਾਚਿੱਤਨਿੱਤਯਮਪ੍ਰਤੀ ਸੜਰਿਹਾ ਹੈ ॥ ਨਨੁ ॥ ਦੈਵਕਾ ਮੁਖ ਮੋਰਨੇ ਕਹਨਾ ਅਨੁਚਤ ਹੈ ॥ ਦੈਵ ਸਰਬ ਕੋ ਸਮ ਜਾਣੇ ਹੈ॥ ਉੱਤਰ ॥ ਦੈਵ ਕ੍ਰਿਪਾਬਿਨਾ ਇਨ ਦੁਖ ਰੂਪੀ ਸਬੰਧਿਓਂ ਸੇ ਛੁਟਨਾ ਹੋਵੇ ਨਹੀਂ ਯਾਂਤੇ ਦੈਵ ਕੋ ਮੁਖ ਮੋਰਨਾ ਕਹਿ ਉਲਾਂਭਿਓ ॥ ੨ ॥ਪੁਨਾ ਵਹੀ

ਕਬਿੱਤ॥ ਕੁਲਕੋ ਜੋ ਮਾਨ ਸੋ ਮਹਾਨ ਦ੍ਰਿਗ ਗ੍ਰੰਥ ਆਹਿ ਤਾਂਹਿ ਕੇ ਪ੍ਰਭੇਦਨਕੋ ਮਾਹਿ ਸਿਆ ਨੀ ਭਾਰੀਹੈ॥ ਗੁਣਗਣਕਵੀਵਾਰੀਵਾਰੀਕੋ ਖ੍ਰਿਆਨਿਵਾਰੀਸੁਭ੍ਰਸੋਮਉਜਿਆਰੀ ਲਾਜਲਤਾ ਕੋ ਕੁਹਾਰੀ ਹੈ॥ ਮੋਖ ਭੋਗ ਸੁਖਆਰੀਦੀਨਤਾ ਕਲੇਸ਼ ਕਿਆਰੀ ਧੀਰਜ ਕੇ ਦੀਪਕੋ ਸਮਾਨ

Sri Satguru Jagjit Singh Ji eLibrary NamdhariElibrary@gmail.com

**ਬਜਾਰੀ ਹਾਰੀ ਹੈ ॥ ਐਸੀ ਪੇਟਕੀ ਪਿਟਾਰੀ ਲਾਈ ਕੂਰ ਮੁਖਚਾਰੀ ਪੂਰਪੂਰ ਸਬੀ ਹਾਰੀ ਠਾਗੀਵਿਸੂੰ ਸਾਰੀ ਹੈ ॥ ੩ ॥**

ਟੀਕਾ ॥ ਛੱਤ੍ਰੀ ਆਦਿ ਕੁਲਕਾ ਜੋ ਮਾਨ ਹੈ ਬਹੁਤਾ ਹੀ ਤਿਸ ਕੀ ਜੋ ਬੜੀ ਪੱਕੀ ਗੰਢ ਹੈ ਮਨ ਮੇ ਹੋਈ ੨ ਤਿਸਕੇਨਾਸ਼ ਕਰਨੇ ਮੇਂ ਬੜੀ ਨਿਆਨੀ ਹੈ ਅਰ ਪੰਡਤਾਦਿ ਸਮੂਹਗੁਣਾ ਰੂਪੀ ਕਵੀਆਂ ਕੀ ਜੋ ਵਾੜੀ ਹੈ ਤਿਸਕੇ ਖਿਡਾਨਵਾਲੀ ਸ੍ਰੇਸ਼੍ਰ ਚੰਦ੍ਰਮਾਂ ਕੀ ਚਾਂਦਨੀ ਹੈ ਅਰ ਲੱਜਾ ਰੂਪੀ ਬੇਲ ਕੇ ਨਾਸ਼ ਕਰਨੇ ਕੋ ਕੁਹਾੜੀ ਹੈ॥ਮੋਖ ਤਥਾ ਭੋਗਕੇ ਸੁਖਕੋ ਨਾਸ਼ ਕਰਨੇ ਕੋ ਆਰੀ ਵਤ ਹੈ ॥ ਦੀਨਤਾਦਿ ਦੁਖੋਂ ਕੀ ਖੇਤੀ ਹੈ॥ ਪੁਨਾ ਧੀਰਜ ਰੂਪੀ ਦੀਵੇ ਕੇ ਨਾਸ਼ ਕਰਨੇ ਕੋ ਪੌਨ ਕੇ ਸਮਾਨ ਹੈ॥ ਚਾਰਮੁਖੀ ਜੋ ਬ੍ਰਹਮਾ ਹੈ ਭਿਆਨਕ ਤਿਸਨੇ ਐਸੀ ਪੇਟ ਕੀ ਪਿਟਾਰੀ ਲਾਈ ਹੈ ਤਿਸਕੋ ਪੂਰਨ ਕਰਕਰ ਪੂਰਨਗੁਣੋ ਯੁਤ ਸਭੀ ਸ੍ਰਿਸ਼ਟੀ ਹਾਰ ਰਹੀ ਹੈ ॥ ਅਰ ਪੂਰਨ ਹੋਤੀ ਨਹੀਂ ਹੈ ਇਸ ਪ੍ਰਕਾਰ ਬ੍ਰਹਮਾ ਨੇਂ ਠੱਗ ਰੂਪ ਹੋਕਰ ਠਗ ਲਈ ਹੈ ਸਾਰੀ ਸ੍ਰਿਸ਼ਟੀ ॥ ਐਸਾ ਪੇਟ ਬ੍ਰਹਮਾ ਨੇ ਲਾਯਾ ਹੈ ਜਿਸਕੀ ਖਾਤਰ ਸੰਪੂਰਣ ਗੁਣੋਂ ਕੋ ਪੁਰਸ਼ ਪ੍ਰਗਟ ਕਰੇ ਹੈ ॥ ਤਥਾ ਅਪਮਾਨ ਆਦਿ ਸਹਾਰੇ ਹੈ ॥ ਸੋ ਐਸੇ ਅਭਰ ਪੇਟ ਕਿਉਂ ਲਾਨਾ ਥਾ ਯਾਤੇ ਉਲਾਭਿਓਂ ॥ ੩ ॥

**ਨਾਗੋਂ ਕੋ ਅਹਾਰੁ ਬਿਯਾਰ ਮਾਟੀ ਕੀਨੋ ਮੁਖ**

Sri Satguru Jagjit Singh Ji eLibrary NamdhariElibrary@gmail.com

ਚਾਰ ਉੱਥਮ ਨ ਹਿੰਸਾਵਾਰ ਸੁਖ ਲਾਭ ਹੋਇ
ਹੈ ॥ ਅੰਕੁਰ ਤ੍ਰਿਣਾਦਿ ਸ੍ਵਾਦੀ ਸੁਧਾਸੋਪ੍ਰਸਾਦਿ
ਪਾਇਪਸ਼ੂ ਬ੍ਰਿੰਦ ਅਹਿਲਾਦ ਧਾਰਧਰਾਸੋਇਹੈ
॥ਰਚੀਨਰੋਂਕੀ ਕੁਬ੍ਰਿਤ ਸਿਧਜੋਨਾ ਬਿਨਾਬਿਤ
ਧਨ ਸਿੱਧਤਾ ਨਮਿੱਤ ਗੁਣ ਨਿੱਤਨਿੱਤਖੋਇਹੈ
॥ ਜਨੌਂਸੋ ਵਿਰੋਧ ਵਿਧਕਰਿ ਕਹਾ ਕੋਨੋਸਿੱਧ
ਰੰਡੀ ਪੂਤ ਸਮ ਤਾਹਿੰਡੰਡੀਨਾਹਿਕੋਇਹੈ ॥੪

ਟੀਕਾ ॥ ਦੇਖੋ ਜੀ ਬ੍ਰਹਮਾ ਨੇ ਸਰਪੋਂ ਕਾ ਖਾਨਾ ਪੌਨ ਤਥਾ ਮਾਟੀ ਕੀਨੋ॥ਸੋ ਤਿਨਕੋ ਉੱਦਮ ਕਰਨਾ ਪੜੇ ਨਹੀਂ ਹੈਅਹਿੰਸਾ ਕਾ ਭੀ ਇਸ ਅਹਾਰਮੈ ਨਾਸ਼ ਹੈ ਕਿਉਂ ਮਾਟੀ ਅਰ ਪਵਨ ਸਾਰੇ ਹੈਂ ਇਸਤੇ ਨਾ ਇਸਮੇਂ ਹਿੰਸਾ ਹੈ ਨਾ ਉੱਦਮ ਕਰਨਾ ਲਗਤਾ ਹੈ ॥ ਅਰ ਸੁਖ ਸਰਬਦਾ ਪ੍ਰਾਪਤੀ ਹੈ ॥ ਪੁਨਾ ॥ ਪਸ਼ੂ ਜੋ ਹੈਂ ਸਮੂਹ ਸੋ ਘਾਸਾਦਿ ਕੱਖੋਂ ਕਾ ਅੰਮ੍ਰਤ ਸਦ੍ਰਸ਼ਸ੍ਵਾਦ ਜਾਨਕਰ ਤਿਨਕੋ ਖਾਇ ਕਰ ਮਨਮੇ ਆਨੰਦ ਧਾਰ ਕਰ ਪ੍ਰਿਥਵੀ ਪਰ ਸੋਵੇ ਹੈਂ॥ ਅਰ ਪੁਰਸ਼ੋ ਕੀ ਖੋਟੀ ਉਪਜੀਵਕਾ ਰਚੀ ਜੋ ਧਨ ਬਿਨਾ ਪ੍ਰਾਪਤ ਨਹੀਂ ਕਿਆ ਧਨ ਬਿਨਾ ਚਲ ਨਹੀਂ ਸਕਤੀ ॥ ਅਰ ਧਨ ਕੀ ਪ੍ਰਾਪਤੀ ਵਾਸਤੇ ਨਿਤਜਪ੍ਰਤੀ ਸ੍ਰੇਸ਼ਟ ਗੁਣਾਂ ਕੋ ਪੁਰਸ਼ ਨਾਸ ਕਰ ਰਹਿਆ ਹੈ ਪਰੰਤੂ ਧਨ ਸਿੱਧ ਮੁਸ਼ਕਲ ਹੋਵੇ ਹੈ॥ ਪੁਰਸ਼ਾਂ ਨਾਲ ਵੈਰ ਕਰਕੇ ਬ੍ਰਹਮਾ

Sri Satguru Jagjit Singh Ji eLibrary NamdhariElibrary@gmail.com

ਨੇ ਕਿਆ ਸਿੱਧ ਕੀਆ ਹੈ॥ ਜੈਸੇ ਰੰਡੀ ਕੇ ਪੁਤ੍ਰਕੋਦੰਡ ਦੇਨੇ ਵਾਲਾ ਕੋਈ ਨਹੀਂ ਹੋਵੇ ਹੈ ਤੈਸੇ ਬ੍ਰਹਮਾ ਕੋ ਦੰਡ ਦੇਨੇ ਵਾਲਾ ਕੋਈ ਹੈ ਨਹੀਂ॥ ਜੋ ਪੁਰਸ਼ ਮੋਖ ਕੋ ਸਿੱਧਕਰਨੇਹਾਰਾਹੈਤਿਸ ਕੋ ਪੇਟ ਲਾਇਆ ਸੀ ਤੌ ਆਹਾਰ ਤੇ ਨਾਗਾਂ ਵਾਲਾਕਰਤਾ॥ ਸੋ ਕਰਿਆ ਨਹੀਂ ਹੈ ਇਸਤੇ ਉਲਾਂਭਉਂ॥੪॥

**ਸੋਰਠਾ॥ ਭਵਨਿਧ ਤਰੁਨ ਮਝਾਰਬਲੀਨਰ ਨਿ ਕੀ ਤਰਨਧੀ। ਬਿਧਨਾਤਾਹਿਅਹਾਰਕਤ ਉਲਟੀ ਬਿਧਿ ਨਾ ਕਿਯੋ॥੫॥**

ਟੀਕਾ॥ ਸੰਸਾਰ ਸਮੁਦ੍ਰ ਕੇ ਤਰਨੇ ਮੇਂ ਪੁਰਸ਼ੋਂਕੀਯੁਬਾਅ-ਵਸਥਾ ਕੀ ਬੁਧੀ ਬਲ ਵਾਲੀ ਥੀ ਪਰੰਤੂ ਬ੍ਰਹਮਾ ਨੇ ਤਿਨਾ ਪਸ਼ੂਆਦਿਕਾ ਵਾਲਾ ਹਾਰ ਨਾ ਰਚਿਆ ਕਿਆ ਬਾਰਤਾਉਲ-ਟੀ ਬ੍ਰਹਮਾ ਨਹੀ ਕਰੀ ਕਿੰਤੂ ਸਭੀ ਉਲਟੀ ਕਰੀ ਹੈ॥੫॥

**ਕ:॥ਆਧਿਬਿਆਧਿਬ੍ਰਿਧਰੋਗਤਾਹਿਕੇਸੰਜੋਗ ਕਰ ਆਉ ਮੈ ਅਰੋਗਕੇ ਵਿਯੋਗ ਭਯੋਅੰਤਹੈ। ਪੁਨਾਰਮਾਜਹਾਂਵਸੇ ਤਾਂਤੇ ਖਗਵਤ ਨਸੇ ਖੁਲੇ ਦੁਆਰੇ ਵਤ ਧਸੇ ਬਿਪਤਾ ਮਹਤ ਹੈ॥ ਜੋਜੋਨਿ ਰਮਯੋ ਭਯੋ ਪਰਵਸ ਤਾਹਿ ਕਾਲ ਤਾਤਕਾਲ ਨਿਜਵਸ ਅਵਸ ਕਰਤ ਹੈ॥ ਅਜ ਜੋ ਅਕ੍ਰਿਤੇ**

ਕੀਨੇ ਕਾਂਕੀ ਸੁਭ ਥਿਤ ਚੀਨੋ ਬੈਦ ਲੋਕ ਮਤ
ਸੋਨ ਸੁਖੀ ਨ ਕੋ ਸਤਹੈ ॥ ੬ ॥

ਟੀਕਾ ॥ ਮੇਰੀ ਅਰੋਗ ਆਯੂ ਕਾਆਦਿਵਿਆਧਿਤਥਾਉ-
ਪਾਦਾਦਿ ਰੋਗੋਂ ਕਰ ਵਿਛੋੜਾ ਹੋਤਾ ਭਯਾ ॥ ਭਾਵ ਯਹ ਇਨ
ਰੋਗੋਂਕੋ ਕਿਉਂਕਰਨਾ ਥਾ ॥ ਇਨਕੀ ਉਤਪਤੀਕਰਆਯੂਕੇ
ਸੁਖ ਕਾ ਅਭਾਵਕੀਆ ਯਾਤੇ ਉਲਾਂਭਜੋ॥ਪੁਨਾਜਹਾਂਮਾਯਾਕਾ
ਨਿਵਾਸ ਹੋ ਤਿਸ ਜਾਗਾਂ ਸੇ ਜਬ ਪੰਛੀ ਵਤਮਾਯਾਉਡਜਾਵੇ ਤੋ
ਜੈਸੇ ਖੁਲੇ ਬੂਹੇ ਪੁਰਸ਼ਾ ਨਿਰਯਤਨ ਵੜਜਾਤਾਹੈ।ਤੈਸੇਹੀਅਨੇ-
ਕ ਪ੍ਰਕਾਰ ਕੀ ਬਿਪਤਾ ਨਿਰਧਨੋਂ ਕੋ ਆਇ ਪ੍ਰਾਪਤਹੋਵੇਹੈਂ॥
ਜੋ ਬਿਪਤਾ ਕੋ ਦੂਰ ਨਹੀਂ ਕਰ ਸਕਤੇ ॥ ਐਸੇ ਨਿਰਧਨੋਂ ਕੋ
ਬਿਪਤਾ ਕੀ ਪ੍ਰਾਪਤੀ ਕਰਨੀ ਵਿਧਾਤਾ ਨੇਸੋਅਨੀਤਯਾਤੇਉ-
ਲਾਂਭਜੋ ॥ ਪੁਨਾ ॥ ਜੋ ਜੋ ਪੁਰਸ਼ ਉਤਪਤਿ ਭਏ ਹੈਂ ॥ ਸੋ ਸੋ
ਤਿਸ ਕਾਲ ਮੇਂ ਹੀ ਪਰ ਵਸ ਹੋ ਰਹੇ ਹੈਂ ਜਿਸਕਾਲਮੇਂਜਨ-
ਮਿਆ ਹੈ ॥ ਤਿਸ ਪੁਰਸ਼ ਕੋ ਕਾਲ ਆਪਨੇ ਵਸ ਅਵਸ਼ਮੇਵ
ਕਰੇ ਹੈ ॥ ਭਾਵ ਯੇਹ ਜੋ ਉਤਪਤ ਕਰਕੇ ਨਾਸ਼ ਕਰਨਾ ਥਾ॥
ਤੋ ਉਤਪਤ ਕਰਨੇ ਕੀ ਕਿਆ ਲੋੜ ਥੀ ਯਾਤੇ ਉਲਾਂਭਜੋ ॥
ਪੁਨਾ ॥ ਨ੍ਰਿਕਸ ਬ੍ਰਹਮਾ ਨੇ ਜੋ ਸੰਸਾਰ ਉਤਪਤਿਕਰਿਆਹੈ
ਤਿਸ ਸੰਸਾਰ ਮੇਂ ਕਿਸਕੀਸੁਖ ਪੂਰਬਇਸਥਤੀਦੇਖੀਐਕਿਉਂ-
ਕੋਈ ਸੁਖੀਨਹੀਂਹੈ। ਬ੍ਰਹਮਾਕੇ ਕੀਏ ਦੋ ਮਤਹੈਂ।ਏਕਤੋ ਬੈਦਿ-
ਕ ਮਤ ਹੈ ॥ ਦੂਸਰਾ ਲੌਕਿਕ ਮਤਹੈ ਸੋ ਬੇਦ ਮਤ ਕਰਕੇ ਤੋ

Sri Satguru Jagjit Singh Ji eLibrary NamdhariElibrary@gmail.com

ਕੋਈ ਸਤ ਨਹੀਹੈ ਈਹਾਂ ਬੇਦਕੇ ਪੂਰਬ ਭਾਗ ਕਾ ਗ੍ਰਹਣ ਹੈ ਜਿਸਮੇ ਸ੍ਵਰਗਾਦਿ ਫਲ ਦਿਖਾ ਕਰ ਸਕਾਂਮਤਾ ਨਿਰੂਪਣ ਕਰੀ ਹੈ ॥ ਸੋ ਇਸਕਰ ਕੋਈ ਸਤ ਨਹੀਂ ਹੂਆ॥ ਅਰ ਲੋਕਕਮਤ ਕਰ ਕੋਈਸੁਖੀ ਨਹੀਂ ਹੈ ਯਾਤੇ ਉਲਾਂਭਤੇ ॥ ਲੋਕ-ਕਮਤ ਨਾਮ ਸੰਸਾਰ ਕੀਆਂ ਰੀਤੀਆਂ ਕਾ ਹੈ ॥ ੫ ॥

**ਪੁਨਾ ਕਬਿੱਤ ॥ ਬਾਂਸਰੀ ਕੀ ਧੂਨਾ ਕਹੂੰ ਹਾਹਾ ਇਤਰੋ ਨਾ ਕਹੂੰ ਸ੍ਰੇਸ਼ਟਨ ਕੀ ਗੋਸ਼ਟ ਕਹੂੰ ਦੁਸ਼ਟਤਾ ਹਰਤ ਹੈ ॥ ਕਹੂੰ ਅੰਧ ਧੀਸੁਰਾਚੀ ਮਹਾਂ ਕਟਵਾਚੀ ਕਹੂੰ ਰਾਮਾ ਅਭਿਰਾਮਾਰਮਾ ਮਨ ਹਰੇ ਅਤਿ ਹੈ ॥ ਕਹੂੰ ਦੁਸ਼ਟ ਕੁਸ਼ਟ ਸੰਗ ਗਰੇ ਅੰਗ ਕਸ਼ਟ ਸਹੇ ਸਦਾ ਜਲ ਪਤ ਰਹੇ ਜੈਸੇ ਜਲ ਪਤਿ ਹੈ ॥ ਰਚਨਾ ਨਿਰੰਕਸ਼ ਬਿਰੰਚ ਕੀ ਨ ਜਾਨੇ ਹਮ ਸੁਧਾਰੂਪ ਹੈ ਕੇ ਵਿਖਰੂਪ ਏ ਜਗਤ ਹੈ ॥ ੬ ॥**

ਟੀਕਾ-ਕਿਸੇ ਸਥਾਨ ਮੇਂ ਬਾਂਸਰੀਆਦਿ ਅਨੇਕ ਪ੍ਰਕਾਰ ਕੇ ਵਾਜਿਆਂ ਕੀ ਧੁਨੀ ਹੋਰਹੀਹੈ॥ ਅਰ ਕਿਸੇ ਅਸਥਾਨ ਮੇਂ ਹਾਏ ਹਾ ਸ਼ੋਰਾ ਕਰ ਰੋਣਾ ਹੋ ਰਹਿਆ ਹੈ । ਕਿਧਰੇ ਸਰੇਸ਼ਟ ਪੁਰਸ਼ੋਂ ਕੀ ਗੋਸ਼ਟ ਹੋਰਹੀਹੈਦੁਸ਼ਟਤਾਂਈਆਂ ਕਾ ਨਾਸ਼ ਕਰਰਹੇ ਹੈਂ ॥ ਕਹੂੰ ਅੰਧੇ ਬੁਧੀ ਵਾਲੇ ਸ਼ਰਾਬ ਪਾਨ ਕਰਰਹੇ ਹੈਂ ਅਤੀ


Sri Satguru Jagjit Singh Ji eLibrary NamdhariElibrary@gmail.com

ਕੌੜੇ ਵਚਨੋ ਕੋ ਕਹਨੇ ਹਾਰੇ ਹੈਂ। ਅਰ ਕਿਧਰੇ ਸੁੰਦਰ ਇਸਤ੍ਰੀਆਂ ਹੈਂ ਸਹਤ ਵਿਭੂਤੀ ਕੇ ਅਰ ਮਨਕੋ ਮੋਹ ਰਹੀਆ ਹੈਂ। ਕਹੂੰ ਦੁਸ਼ਟ ਪੁਰਸ਼ ਹੈਂ ਜਿਨਕੇ ਅੰਗ ਕੁਸ਼ਟ ਰੋਗ ਕਰ ਗਲੇ ਹੈਂ ਅਰ ਬੜੇ ਕਸ਼ਟ ਕੋ ਸਹਾਰ ਰਹੇ ਹੈਂ ॥ ਅਰ ਸਦਾ ਸੜਤੇ ਰਹਤੇ ਹੈਂ ਜੈਸੇ ਸਮੁਦ੍ਰ ਬੜਵਾ ਅਗਨੀ ਕਰ ਜਲ ਰਹਿਆ ਹੈ॥ ਅਕੂੰਡੇ ਬ੍ਰਹਮਾ ਕੀ ਰਚਨਾ ਕੋ ਹਮ ਨਹੀਂ ਜਾਨਤੇ ਵਿਖਰੂਪ ਹੈ ਅਥਵਾ ਅੰਮ੍ਰਿਤ ਰੂਪ ਏਹ ਸੰਸਾਰ ਹੈ ਜੋ ਕੁਸ਼ਟੀਆਦਿਕਾਂ ਕੋ ਦੇਖੇਂ ਤੋ ਵਿਖ ਪਰਤੀਤ ਹੋਵੇ ਹੈ ਅਰ ਜੋ ਸੰਤਾਂ ਕੋ ਦੇਖੇਂ ਤੋ ਅੰਮ੍ਰਿਤ ਪਰਤੀਤ ਹੋਵੇ ਹੈ॥ ਏਕ ਰੂਪ ਕਰਨੀ ਤੋ ਹਛੀ ਥੀ ਸੋ ਨਾ ਕਰੀ ਯਾ ਤੇ ਉਲਾਂਭਜੇ ॥ ੬ ॥

ਰੁਚਿਤ ਸੁਮੇਰ ਮੋਨਾ ਆਵੈ ਕਹੂ ਕਾਮ ਜੋ ਨਾ
ਨਿਜ ਗੌਰ ਤਾਂਮੇ ਸੋਨਾ ਸਦਾ ਗਲਤਾਨ ਹੈ॥
ਜੀਵ ਸੇ ਸੰਤੋਖ ਕਰ ਤ੍ਰਿਪਤ ਸਦੀਵ ਤਰ ਤਾਕੇ
ਸੇਖ ਨਾ ਅਨੰਦ ਰਹਜੋ ਕਛੁ ਆਨ ਹੈ। ਪੁਨਾ ਜੇ
ਈ ਆਂਨ ਜਨ ਧਨ ਲੋਭ ਕਰ ਮਨ ਵਿਆਕੁਲ
ਹੈ ਜਾਂਕੇ ਤਾਂਕੀ ਤ੍ਰਿਸ਼ਨਾ ਨ ਹਾਨ ਹੈ॥ ਕੌਨਕੇ
ਨਮਿੱਤ ਐਸੀ ਸੰਮਤਾ ਅਮਿਤ ਰਚੀ ਇਤ
ਬਿਧਿ ਕਰਕੇ ਨ ਬਿਧਿ ਬੁਧਿਮਾਨ ਹੈ॥ ੭॥

ਟੀਕਾ—ਭਰਥਰੀ ਜੀ ਕਹੇ ਹੈਂ ਸੁਮੇਰ ਮੈ ਮੇਰੀ ਰੁਚੀਂ ਨਹੀਂ

Sri Satguru Jagjit Singh Ji eLibrary NamdhariElibrary@gmail.com

ਹੈ ਜੋ ਕਿਸੇ ਖਾਨ ਪਹਿਰਾਨ ਕੇ ਕਾਮ ਨਹੀਂ ਆਵੇ ਹੈ ॥ ਅਰ ਅਪਨੀ ਵਡਿਆਈ ਮੈ ਸੋ ਸੁਮੇਰ ਸਦਾਗਲਤ ਹੋਰਹਿਆਹੈ॥ ਆਪਕੋ ਬੜਾ ਨਿਧੀ ਰੂਪ ਮਾਨੇ ਹੈ॥ਅਰਜੋਪੁਰਸ਼ ਸੰਤੋਖ ਕਰ ਸਦਾ ਤ੍ਰਿਪਤ ਹੈਂ ਅਤਸੇ ਕਰਕੇ ਤਿਨਾਪੁਰਸ਼ਾਂਕੋਸੰਤੋਖਸੇਪਰੇ ਹੋਰ ਆਨੰਦ ਗ੍ਰਹਣ ਕਰਨੇ ਯੋਗ ਰਹਿਓ ਨਹੀਂ ਹੈ॥ ਪ੍ਰਮਾਣ ॥ ਸੰਤੋਖਾਪ੍ਰੰਸੁਖੰ॥ ਪੁਨਾ ਸੰਤੋਖ ਨਾਮ ਨੰਦਨ ਬਨ ਜਾਨੋਂ॥ ਸੰਤੋਖ ਸੇ ਪਰੇ ਹੋਰ ਸੁਖ ਨਹੀਂ ਹੈ॥ ਅਰ ਸੰਤੋਖ ਹੀ ਨੰਦਨ ਬਨ ਹੈ॥ ਹੋਰ ਨੰਦਨ ਬਨ ਨਹੀਂ ਹੈ॥ ਪੁਨਾ ਸੰਤੋਖੀਆਂ ਸੇ ਭਿੰਨ ਜੋ ਤ੍ਰਿਸ਼ਨਾਲੂ ਜੀਵ ਹੈਂ ਧਨਕੇ ਲੋਭ ਕਰ ਜਿਨਕੇ ਮਨ ਸਰਬਦਾ ਕਾਲ ਵਿਆਕੁਲ ਹੋ ਰਹੇਹੈਂ ਤਿਨਕੀ ਤ੍ਰਿਸ਼ਨਾਦੂਰ ਨਹੀਂ ਹੋਤੀ ਭਾਵੇਂ ਲਾਖ ਸੁਮੇਰਹੋਵੇ॥ਐਸੀ ਸੁਮੇਰਾਦਿਬਹੁਤੀ ਸੰਪਦਾ ਕਿਸ ਵਾਸਤੇ ਬ੍ਰਹਮਾ ਨੇ ਰਚੀ ਹੈਇਸਰੀਤੀਕਰ ਬ੍ਰਹਮਾ ਬੁਧੀਵਾਨ ਨਹੀਂ ਹੈ॥ ਸੰਤੋਖੀ ਕੋ ਜਿਸਕੀ ਲੋੜਨਹੀਂ ਹੈ ਅਰ ਤ੍ਰਿਸ਼ਨਾਲੂ ਕੀ ਭੁਖ ਦੂਰ ਹੋਵੇ ਨਹੀਂ ਹੈ ਯਾਤੇ ਬਿਅਰਥ ਸੰਪਤਾ ਰਚੀ ਹੈ ਇਸਤੇ ਉਲਾਂਭਜੋ ॥ ੭ ॥

ਪੁਨਾ ਕ॥ ਪੁਰਖਰਤਨ ਗੁਣ ਗਣਕੋ ਸਦਨ ਪੁਨਾ ਪੌਰਖ ਕੋ ਆਇਤਨ ਪਰਮਪ੍ਰਬੀਨਾ ਹੈ ॥ ਸਾਰੀ ਸਰਾ ਕੋ ਸਿੰਗਾਰ ਜੜ੍ਹਾਜਰਕੋ ਸਿਰਦਾ ਰ ਮੋਖ ਭੋਗ ਕੋ ਭੰਡਾਰ ਚਾਰੁਲਖਲੀਨਾ ਹੈ॥ ਚਤਰ ਬਦਨਕੋ ਚਤਰ ਹਮ ਚੀਨੋ ਤਬ ਪ੍ਰਿਥਮੇ

**ਜੋ ਐਸੋ ਨਰਕੋਤਪਤਿ ਕੀਨਾ ਹੈ ॥ਤਾਂ ਕੇ ਪਾ-ਛੇ ਤਤਖਿਨ ਨਸ਼ਟ ਕਰੇ ਹਾ ਹਾ ਕਸ਼ਟ ਇਤ ਬਿਧ ਬਿਧਨਾ ਕੋ ਪੰਡਿਤ ਨ ਚੀਨਾ ਹੈ ॥ ੮ ॥**

ਟੀਕਾ—ਰਤਨ ਰੂਪ ਜੋ ਪੁਰਖਕਾ ਸਰੀਰ ਹੈ ਸੰਪੂਰਨ ਗੁਣੋਂ ਕਾ ਮੰਦਰ ਅਰ ਬਲ ਕਾ ਘਰ ਪੁਨਾ ਸਰਬ ਜੀਵੋਂ ਮੈ ਚਤੁਰ ਅਰ ਸਾਰੀ ਧਰਤੀ ਕਾ ਸ਼ਿੰਗਾਰ ਭੂਖਨ ਰੂਪ॥ ਅਰ ਜੜ ਬ੍ਰਿਛਾਦਿ ਪੁਨਾ ਚੇਤਨ ਸ਼ੇਰਾਦਿ ਸਰਬ ਕਾ ਸਰਦਾਰ ਹੈ ॥ ਅਰ ਸੁੰਦਰ ਹੈ ਮੋਖ ਪੁਨਾ ਭੋਗ ਕਾ ਖਜ਼ਾਨਾ ਜਾਨਿਆ ਹੈ ॥ਆਦਿਕਾਲ ਸ੍ਰਿਸ਼-ਟੀ ਕੇ ਜਬ ਐਸੇ ਨਰ ਸਰੀਰ ਕੋ ਉਤਪਤਿ ਕਰਿਆ ਹੈ ਬ੍ਰਹ-ਮਾ ਨੇ ਇਸ ਬਾਤ ਮੇ ਤੋ ਹਮਨੇ ਬ੍ਰਹਮਾ ਕੋ ਬੜਾ ਚਤੁਰ ਜਾਨ ਨਾ ਕਰਿਆ ॥ ਅਰ ਤਾਂ ਉਤਪਤੀ ਸੇ ਪਾਛੇ ਸ਼ੀਘ੍ਰ ਨਾਸ਼ ਕਰੇ ਹੈ ਏਹ ਬੜਾ ਕਲੇਸ਼ ਹੈ ਇਸ ਪ੍ਰਕਾਰ ਬ੍ਰਹਮਾ ਕੋ ਹਮਨੇ ਸਿ-ਆਨਾ ਨਹੀਂ ਜਾਣਿਆ॥ ਹੋਰ ਪਸ਼ੂਆਦਿ ਜੂਨਾ ਕਾ ਨਾਸ਼ ਹੋਨਾ ਤੋ ਰਚਾ ਥਾ ਪਰੰਤੂ ਸੰਪੂਰਨ ਧਰਤੀ ਕਾ ਸ਼ਿੰਗਾਰ ਜੋ ਨਰ ਸਰੀਰ ਇਸਕਾ ਨਾਸ਼ ਕਿਸ ਨਮਿੱਤ ਰਚਾ ਯਾਤੇ ਓਲਾਂਭ ਜੋ॥ ੮ ॥

**ਦੋਹਾ ॥ ਭਰਤ ਸ਼ਤਕ ਵੈਰਾਗ ਕੋ ਧਨਾਇ ਪੰਜ਼ ਮੋ ਅੰਤ ॥ ਦੋਸ਼ ਅਰੋਪ ਬਿਰੰਚ ਕੋ ਹਰਿ ਦਿਆਲ ਵਰਨੰਤ ॥ ੯ ॥**

ਟੀਕਾ—ਭਰਥ ਕੇ ਵੈਰਾਗ ਸ਼ਤਕ ਕਾ ਪੰ..ਮਾਂ ਧਜਾ ਇਵਿਸ਼

ਰਾਮ ਕੋ ਕਰਤਾ ਭਯਾ ਇਸਮੇਂ ਜੋ ਦੋਸ਼ ਬ੍ਰਹਮਾ ਮੇਂ ਕਹੇ ਹੈਂ ਭ-
ਰਥ ਨੇ ਸੋ ਹਰਿਦਿਆਲ ਜੀ ਭਾਸ਼ਾ ਮੇਂ ਵਰਨਣ ਕਰਤੇ ਭਏ ॥੯

ਇਤਿ ਪੰਚਮੋ ਧਯਾਯ ॥ ੫ ॥

ਟੀਕਾ ਕਾਰ ਕੋ ਦੋਹਾ ॥ ਕਵਿ ਉੱਤਮ ਨਿੰਦਾ ਨਹੀਂ ਰੁਦ੍ਰ ਦੋਸ਼ ਵਖਿਯਾਨ॥ ਪ੍ਰੇਰਕ ਕਰਤਾ ਜਗਤਕੋ ਉਸਤਤਿ ਸਮ ਪਹਿਚਾਨ॥ ੧ ॥

ਟੀਕਾ—ਉੱਤਮਸਿੰਘ ਨਾਮ ਕਵੀ ਟੀਕਾ ਕਾਰ ਕਹੇ ਹੈਂ ਭਰਥ ਜੀ ਨੇ ਯਾਰਾਂ ਦੋਸ਼ ਬ੍ਰਹਮਾ ਕੇ ਕਥਨ ਕਰੇ ਹੈਂ ਸੋ ਨਿੰਦਾ ਨਹੀਂ ਹੈ ਕਿੰਤੂ ਨਿੰਦਾ ਬਿਆਜ ਉਸਤਤਿ ਹੈ ਜੋ ਪ੍ਰੇਰਕ ਕਥਨ ਕੀਆ ਹੈ ਇਸਮੇਂ ਵਿਆਪਕਤਾ ਜਣਾਈ ਹੈ ਭਾਵ ਯਹ ਜੋ ਵਿਆਪਕ ਬਿਨਾ ਏਕ ਦੇਸ਼ੀ ਪੁਰਸ਼ ਸੇ ਸੰਪੂਰਣ ਬ੍ਰਹਮਾਂਡ ਕੇ ਜੀਵੋਂ ਕੀ ਪਰੇਰਨਾ ਹੋਵੇ ਨਹੀਂ ਯਾਤੇ ਵਿਆਪਕ ਜਨਾਯੋ ॥ ਪੁਨਾ ਅਸਮਰਥ ਪੁਰਸ਼ ਕਿਸੀ ਕਾਮ ਕਾ ਕਰਤਾ ਹੋਵੇ ਨਹੀ ਹੈ ਅ ਬ੍ਰਹਮਾ ਕੋ ਉਤਪਤਿ ਆਦਿ ਅਨੰਤ ਜੀਵੋਂ ਕੇ ਖਾਨਾਦਿ ਵਿ ਰਕੋ ਕਰਤਾ ਕਹਿਯੋ ਯਾਂਤੇ ਸਰਬ ਸ਼ਕਤੀਮਾਨ ਸਮਰਥ ਨਾਯੋ॥ ਇਸ ਬਹਾਨੇ ਉਸਤਤਿ ਕਰਕੇ ਸਰਬ ਸ਼ਕਤੀ ਮਾਨ ਅਕਾਲ ਪੁਰਖ ਕੀ ਉਪਾਸ਼ਨਾ ਕੇ ਉਪਦੇਸ਼ਿਓ ਯਾਤੇ ਨਿੰਦਾ ਨਹੀਂ ॥ ੧ ॥

ਖਸ੍ਰੇ ਸ੍ਰੇਸ਼ਟ ਜਨਾਨਕੀ ਵਰਨਨ ਕਰੇ ਦੋਹਾ ॥

ਪ੍ਰਸੰਸ ॥ ਸ਼ੁਭ ਸ਼ਲੋਕ ਸੱਤ੍ਰਾਤਿਸੇ ਹ੍ਰਿਦਯਕਮ ਲ ਕੋ ਹੰਸ ॥ ੧ ॥

ਟੀਕਾ—ਛੇਵੇਂ ਧਜਾਇ ਮੈ ਸ੍ਰੇਸ਼ਟ ਪੁਰਸ਼ੋਂ ਕੀ ਉਸਤਤੀ ਕਰੇ ...ਂ ॥ ਸ਼੍ਰੇਸ਼ਟ ਸਤਾਰਾਂ ਸ਼ਲੋਕ ਕਹਿਕੇ । ਸੋ ਸ਼ਲੋਕ ਹ੍ਰਿਦੇ ਕਮ ... ਕੇ ਖਿੜਾਨ ਕੋ ਕਿਆ ਆਨੰਦ ਦੇਨਕੋ ਸੂਰਜਰੂਪ ਹੈਂ ॥ ਨਨੂ॥ ...ਤਨਮੇਂ ਕੌਨ ਗੁਣ ਹੈਂ ਜਿਨ ਸੰਤੋਂ ਕੀ ਮਹਮਾ ਕਰਤੇ ਹੋ॥ ਉੱਤ੍ਰ॥

...ਪਯਛੰਦ॥ ਗਏ ਸੰਤ ਬਨ ਮਾਹਿੰ ਨਾਹਿੰ ਕੋ ਜੰਤ ਜਾਹਿੰ ਮਾਹਿੰ ॥ ਬਸਨ ਹੇਤੁ ਕਿਯ ਧਾਮ ਤਲੋ ਅਭਿਰਾਮ ਹੁਤੋ ਨਾਹਿੰ॥ ਸ੍ਰਵਣ ਯੋਗ ਗੀਤਾਦਿ ਕਹਾ ਥੋਤਾਂ ਵਿਯੋਗ ਦੁਖ ॥ ਕੈਨ ਅਧਿਕ ਰੁਚਿ ਹੇਤੁ ਪ੍ਰਾਣ ਸਮ ਮਿਤ੍ਰ ਸੰਗ ਸੁਖ॥ ਤੇ ਹੁਤੇ ਸਰਬ ...ਰਤਿਹਤੇ ਜੇ ਦੀਪ ਸਿਖਾਵਤ ਤੁਲ ਪਿਖ॥ ਯੁ ...ਤ੍ਰਮਤ ਪਤਤ ਪਤੰਗ ਕੇ ਪੰਖ ਪਵਨ ਕਰਿ ...ਪੱਲ ਸਿਖ ॥ ੨ ॥

ਟੀਕਾ—ਜਿਸ ਬਨਮੇ ਕੋਈ ਜਨ ਨਹੀ ਹੈ ਤਿਸ ਨਿਰਜਨ ਬੰਨ ਮੇਂ ਸੰਤ ਜਾਇ ਬਰਾਜਮਾਨ ਹੂਏ ॥ ਨਨੂ ॥ ਵਸਨੇ ਯੋਗ ਸੁੰ ਦਰ ਮੰਦਰ ਚਾਦਰੀ ਛਤੋਂ ਵਾਲੇ ਨਾ ਹੋਨਗੇ ਤਥਾ ਸ੍ਰਵਨ ਕਰ- ਨੇ ਯੋਗ ਬੀਨਾਦਿ ਵਾਜੇ ਨਾ ਹੋਇੰਗੇ ਤਿਨਕੇ ਵਿਛੋੜੇ ਕੇ

Sri Satguru Jagjit Singh Ji eLibrary NamdhariElibrary@gmail.com

ਦੂਖ ਕਰ ਚਲੇ ਗਏ ਹੋਨਗੇ ਅਥਵਾ ਪ੍ਰਾਨਾਸਮ ਪਿਆਰੇ ਮ੍ਰਿਤ੍ਰਾਦਿ ਸਬੰਦੀ ਅਧਿਕ ਪ੍ਰੀਤੀ ਕਾ ਕਾਰਨ ਤਿਨਕੇ ਸੰਗ ਕਾ ਸੁਖ ਨਹੀਂ ਥਾ ॥ ਉੱਤ੍ਰ॥ ਤੇ ਸੰਪੂਰਨ ਸੰਬੰਧੀ ਆਦਿ ਥੇ ਤਿਨਕੇ ਪ੍ਰੰਤੂ ਤਿਨਾਂ ਨੇ ਸਰਬ ਸੁਖ ਤਿਨਕਾ ਤਜ ਦੀਆ ਦੀਵੇ ਕੀ ਲਾਟਵਤ ਚੰਚਲ ਖਿਨ ਭੰਗਰ ਜਾਨਕਰ॥ ਜੈਸੇ ਦੀਪਕ ਪਰ ਪਤੰਗਾ ਭਰਮਨਾ ਕਰਤਾਹੈ ਤੌ ਤਿਸ ਕੇ ਪੰਖੋਂ ਕੀ ਪਵਨ ਸਹਤ ਲਾਟ ਚੰਚਲ ਹੋਵੇ ਹੈ ॥ ਪੁਨਾ ਤਿਸ ਮੇ ਪੜ ਕਰ ਪਤੰਗਾ ਨਾਸ਼ ਹੋਵੇ ਹੈ ਤੈਸੇ ਹੀ ਤਿਨ ਸੰਤੋਂ ਨੇ ਜਾਨਿਆ ਜੋ ਇਨ ਲਾਟ ਰੂਪ ਖਿਨ ਭੰਗਰ ਪਦਾਰਥੋਂ ਮੇਂ ਪ੍ਰੀਤੀ ਰੂਪੀ ਪਵਨ ਸੰਜੁਗਤ ਪੜਕੇ ਹਮ ਪਤੰਗੇ ਵਤ ਨਾਸ਼ ਹੋਵੇਂਗੇ ਐਸੇ ਵਿਚਾਰ ਕਰ ਤਿਨੋਂ ਨੇ ਤਿਆਗੇ ਹੈਂ। ਨਨੂ ॥ ਚੰਚਲ ਤਥਾ ਖਿਨਭੰਗਰ ਜਾਨਕਰ ਤਿਆਗ ਤੋ ਦੀਏ ਪ੍ਰੰਤੂ ਦੇਖਕਰ ਚਿਤ ਕਬੀ ਲੋਭਾਇਮਾਨ ਹੋ ਜਾਤਾ ਹੋਗਾ ਤਥਾ ਕਾਮਾਦਿਕਾਂ ਕੇ ਖੋਭ ਕੋ ਪ੍ਰਾਪਤਿ ਹੋ ਜਾਤਾ ਹੋਗਾ ॥ ੨ ॥ ਉਤਰ ॥

ਸ੍ਵੈਯਾ॥ ਯਹ ਮਾਂਡਲ ਮਾਤ੍ਰ ਪ੍ਰਪੰਚ ਸਭੀਤਤ ਵੇਤਨਕੈਕਤ ਕਾਰਣ ਲੋਭਾ। ਜਿਮ ਸਾਗਰਮੇਂ ਮਛਰੀ ਮਛਰੀ ਉਛਰੇ ਮਛਰੀ ਕਛੁਹੇਤ ਸੁਛੋਭਾ। ਤਿਵ ਨੈਕੁ ਲੁਭਾਇ ਸਕੇ ਨ ਤਿਸੈ ਖਿਨ ਖੀਣ ਲਖੀ ਤਿਨ ਲੋਕ ਕੀ ਸ਼ੋਭਾ॥ ਸੁਕਤੀਗਜਭ੍ਰਮਾਤ

Sri Satguru Jagjit Singh Ji eLibrary NamdhariElibrary@gmail.com

**ਨਰੂਪਮ੍ਰਿਖਾਤਤਵੇਤਨਕੋਨਤਥਾਤਿਹਖੋਭਾੜ**

ਟੀਕਾ॥ ਏਹ ਜੋ ਮੰਡਲਮਾਤ੍ਰ ਪ੍ਰਪੰਚ ਨਜ਼ਰ ਆਵਤਾਹੈ ਸੰਪੂ੍-
ਰਣ ਸੋ ਵਿਦ੍ਵਾਨ ਸੰਤੋਂ ਕੋ ਇਸਮੇਂ ਕਿਆ ਕਾਰਣਹੈ ਲੋਭ ਕਾ
ਇਸਮੇਂ ਦ੍ਰਿਸ਼ਟਾਂਤ ॥ ਛੇਦ ॥ ਜੈਸੇ ਸਿਪੀ ਕਾ ਗਿਆਤਾ
ਸਿਪੀ ਮੈ ਰੂਪਾ ਝੂਠਾ ਜਾਨਕਰ ਭਰਮਤਾਨਹੀਂ ਹੈਤੈਸੇਹੀਰੰਚ
ਕ ਮਾਤਰ ਭੀ ਸੰਤ ਲੋਭਾਇਮਾਨ ਨਹੀਂ ਹੋਤੇ ਇਸਸੰਸਾਰ ਮੇਂ
ਜੈਸੇ ਲੋਭ ਨਹੀਂ ਹੈ ਤੈਸੇ ਖੋਭ ਭੀ ਨਹੀਂ ਹੋਤਾ ਸੰਤਾਂਕੋ ਇਸਮੇਂ
ਦ੍ਰਿਸ਼੍ਟਾਂਤ ਜੈਸੇ ਸਮੁੰਦ੍ਰਮੇਂ ਮਛੀਕੇ ਸਾਥਮਿਲਕਰ ਮੱਛੀ ਮਛ-
ਰਤੀਹੈ॥ ਅਰ ਮਛਰਕਰ ਉਛਲੇ ਹੈ ਤਿਸਕੇ ਉਛਲਨੇਕਾ
ਸਮੁੰਦ੍ਰਕੋ॥ ਕਛੁ ਭਲੀ ਪ੍ਰਕਾਰ ਕਰ ਛੋਭ ਹੋਵੇਹੈ ਕਿੰਤੂ ਨਹੀਂ
ਹੋਵੇ ਹੈ॥ ਤੈਸੇ ਹੀ ਛਿਣ ਵਿਖੈ ਨਾਸ ਹੋਤੀ ਜਾਨੀ ਹੈ ਤਿਨ
ਲੋਕੋ ਕੀ ਸ਼ੋਭਾ ਐਸੇ ਨਿਸਚੇ ਕੀਆ ਹੈ॥ ਜਿਨ ਤਤ ਵੇਤਯੋਂ
ਮਹਾਤਮੋਂਨੇ ਤਿਨਕੋ ਤਿਸ ਸਮੁੰਦ੍ਰਕੀ ਨਜਾਈਂ ਖੋਭ ਭੀ ਨਹੀਂ
ਹੈ॥ ਸਵਯੇਕੀ ਪਹਿਲੀ ਪੰਗਤੀ ਸਾਧਾਰਣ ਹੈ। ਭਾਵ ਅਰਥ
ਇਸਮੇਂ ਇਹ ਹੈ ਜੈਸੇ ਸੱਤ ਰੂਪ ਸਿਪੀਮੇਂ ਰੂਪਾ ਝੂਠਾ ਭਾਸੇ
ਹੈ॥ ਤੈਸੇ ਸਤਸਰੂਪ ਆਤਮਾਮੇ ਦੇਹ ਆਦਿ ਸੰਸਾਰਝੂਠਾਭਾਸੇ
ਹੈ॥ ਝੂਠਾ ਜਾਣੇ ਤੇ ਤਿਨ ਸੰਤੋਂ ਕੋ ਲੋਭ ਹੋਵੇ ਨਹੀਂ॥
ਪੁਨਾ ਜੈਸੇ ਸਮੁੰਦ੍ਰ ਕੋ ਮਛੀ ਕਛੂ ਖੋਭ ਕਰੇ ਨਹੀਂ॥ ਤੈਸੇ ਹੀ
ਬ੍ਰਹਮ ਸਰੂਪ ਆਤਮਾ ਮੇਂ ਕੋਈ ਮਨਾਦਿ ਇੰਦ੍ਰਾ ਖੋਭ ਕਰਸਕੇ
ਨਹੀਂ॥ ਐਸੇ ਬ੍ਰਹਮ ਸਰੂਪ ਜਾਣਕਰ ਆਪਕੇ ਮਹਾਤਮਾ ਨਿ-

Sri Satguru Jagjit Singh Ji eLibrary NamdhariElibrary@gmail.com

ਰਖੋਂਭ ਰਹੇ ਹੈਂ ਐਸੇ ਜਾਂਣੀਐ॥ ੩ ॥ ਨਨੂ ॥ ਜਿਨੋਂ ਨੇ ਆਪਕੋ ਬ੍ਰਹਮ ਰੂਪ ਜਾਨਿਆ ਹੈ ਤਿਨਕਾ ਚਿਤ ਕੈਸੇ ਰਹੇ ਹੈ ॥ ਉੱਤਰ ॥

**ਪੂਨਾ ਸ੍ਵੈਯਾ ॥ ਨਿਤ ਪੁੰਨ ਪਰਾਇਣ ਜਾਂਚਿ ਤ ਕੇਵਲ ਤਾਂ ਭਵ ਬੰਧ ਹਨਸੋ ਗਨ ਹੈ॥ ਮਨ ਪੰਨਗ ਕ੍ਰੂਰਮ ਝਾਰ ਅਹੈ ਵਿਖ ਮੂਲ ਸਨੇਜੁਤਿ ਨੇਹਨਹੈਂ ॥ ਬਰ ਸਾਰਦ ਚੰਦ੍ਰਕੀ ਚਾਂਦਨੀ ਸੋਂ ਯਹ ਬਯੋਮ ਤਲੋ ਉਜਲੋ ਬਨ ਹੈ ॥ ਬਸ ਜੋ ਬਨ ਮੈ ਅਸ ਰੈਨਾ ਬਿਤਾਵਤ ਜੋਬਨ ਮੈ ਜਨ ਸੋ ਧਨ ਹੈ॥ ੪ ॥**

ਟੀਕਾ—ਨਿਤਯੰਮ ਪ੍ਰਤੀ ਪੁੰਨ ਮੇਂ ਹੈਜਿਨਕੇ ਚਿਤਕਾ ਪਰ-ਵਾਹਿ ਜੋ ਸਰਣ ਕੋ ਆਪ੍ਰਾਪਤ ਹੋਵੇ ਤਿਸ ਕੀ ਕਲਜਾਨ ਕਰੇ ਹੈ॥ ਵਾ ਆਤਮ ਚਿੰਤਨ ਸਦ੍ਰਸ਼ ਹੋਰ ਕੋਈ ਜਪੁ ਤਪੁ ਦਾਨ ਰੂਪ ਪੁੰਨ ਨਹੀਂ ਹੈ। ਸੋ ਹਮਣੇ ਪਹਲੇ ਧਿਯਾ ਮੈ ਸ਼੍ਰੁਤੀ ਲਿਖ ਦਿਖਾਈ ਹੈ।ਭਾਵ ਯੇਹ ਕੇਵਲ ਆਤਮ ਅਭਿਆਸ ਮੇਂ ਚਿਤ ਹੈ ਜਿਨ੍ਹ ਕਾ ਐਸੇ ਜੋ ਪੁਰਸ਼ ਹੈਂ ਤਿਨਾਂਨੇ ਸੰਸਾਰਕੇ ਸੰਪੂਰਨ ਬੰਧਨ ਰੂਪ ਇੰਦ੍ਰੇਂ ਆਪੋਂ ਆਪਨਿਆਂ ਵਿਸਿਆਂ ਥੀ ਨਾਸ਼ ਕਰੇ ਹੈਂ ॥ ਵਾ ॥ ਬਾਲਾਦਿ ਸੰਸਾਰ ਕੇ ਜਨਮ ਮਰਨ ਰੂਪ ਬੰਧ ਸਮੂਹ ਨਾਸ਼ ਕਰੇਂ ਹੈਂ। ਅਰ ਮਨ ਰੂਪੀ ਜੋ ਸਰਪ ਹੈ ਬੜਾ ਭਿਆਨਕ



Sri Satguru Jagjit Singh Ji eLibrary NamdhariElibrary@gmail.com

ਤਿਸ ਮੇਂ ਜੋ ਹੰਕਾਰ ਰੂਪੀ ਵਿਖ ਥੀ ਸੋ ਤਿਸਹੰਕਾਰਕਾ ਕਾ-
ਰਣ ਜੋ ਮੋਹ ਥਾ। ਤਿਸਕਾ ਹੀ ਤਿਨਸੰਤੋਂ ਨੇ ਨਾਸ਼ ਕਰਦੀਆ
ਹੈ। ਭਾਵ ਯੇਹ ਦੇਹ ਆਦਿ ਪਦਾਰਥੋਂ ਮੈ ਮੋਹ ਧਾਰਕਰਹੰਕਾਰ
ਹੋਵੇ ਹੈ। ਮੋਹ ਕੇ ਨਾਸ਼ ਤੇ ਹੰਕਾਰ ਕਾ ਭੀ ਨਾਸ਼ ਹੋਵੇ ਹੈ। ਐਸੇ
ਹੰਕਾਰ ਕੋ ਨਾਸ਼ ਕੀਆ ਹੈ। ਅਰ ਸ੍ਰਿਸ਼ਟ ਜੋ ਅਸੂ ਕਾਤਕਕੀ
ਰੁਤ ਕੇ ਚੰਦ੍ਰਮਾਂ ਕੀ ਚਾਂਦਨੀ ਹੈ ਤਿਸਕਰਜੋਅਕਾਸ਼ਕਾ ਤਲਾ
ਬੜਾ ਉੱਜਲ ਬਨ ਰਹਿਆ ਹੈ॥ ਜੋ ਪੁਰਸ਼ ਜੋਬਨਅਵਸਥਾ
ਬਸ ਕਰ ਐਸੇ ਬਨ ਮੋ ਰਾਤ੍ਰੀ ਕੋ ਬਤੀਤ ਕਰਤਾ ਹੈ ਸੋ ਧੰਨ
ਹੈ॥ ੪ ॥ ਨਨੂ॥ ਬਨ ਮੈ ਜੋ ਰਹਿਤੇ ਹੈਂ ਮੁਨੀ ਤਿਨਕੀ ਸੇਜਾ
ਆਦਿ ਵਿਭੂਤੀ ਕਿਆ ਹੈ। ਕਬੀ ਸੋਤੇ ਭੀ ਹੋਵੇਂਗੇ॥ਉੱਤਰ॥

**ਸਵੈਯਾ॥ ਸੁਚ ਚਾਰ ਘਨੀ ਖਿਤ ਸੇਜ ਬਨੀ**
**ਮ੍ਰਿਦੁ ਦ੍ਵੈ ਭੁਜ ਬੇਲ ਬਿਲਾਸ ਸਿਰਾਨੋ॥ਸੀਅਰੋ**
**ਗਤਿ ਮੰਦ ਸੁਗੰਧ ਵਹੇ ਯੇਹਵਾਤਅਹੇਵਜੇਜਨੋ**
**ਖਵਿਤਾਨੋ॥ ਵਿਧੁ ਦੀਪਲਸੇ ਤਪਤਾਦਿਗ੍ਰਸੇ**
**ਸੁਧਿ ਬੁਧਿ ਬਧੂ ਮਿਲ ਮੋਦ ਮਹਾਨੋ॥ ਮੁਨਿ**
**ਸਾਂਤਿ ਸਰੂਪ ਅਨੂਪ ਵਿਭੂਪ ਸੋ ਭੂਪਤਿ ਕੇ**
**ਸਮਸੋਵਤ ਮਾਨੋ ॥ ੫ ॥**

ਟੀਕਾ॥ ਪਵਿਤ ਅਰ ਹਰੇ ਤ੍ਰਿਣੋਕਰ ਬਹੁਤ ਸੁੰਦਰ ਜੋ
ਪ੍ਰਿਥਵੀ ਹੈ ਸੋ ਸੇਜਾ ਹੈ ਅਰ ਕੋਮਲ ਜੋ ਵੇਲਵਤ ਦੋ ਭੁਜਾਂਹੈਂ

Sri Satguru Jagjit Singh Ji eLibrary NamdhariElibrary@gmail.com

ਹੋ ਸਰਹਾਣਾ ਹੈ ਬਹੁਤ ਸੁੰਦਰ ॥ ਅਰ ਸੀਤਲ ਜੋ ਮੰਦ ਮੰਦ ਚਲਨੇਹਾਰੀ ਪੌਣ ਹੈ ਸੁਗੰਧੀ ਵਾਲੀ ਸੋ ਪੱਖਾ ਹੈ। ਅਰ ਆ-ਕਾਸ਼ ਕੰਦੋਆ ਰੂਪ ਤਣ ਰਹਿਆ ਹੈ।ਪੁਨਾ ਚੰਦ੍ਰਮਾਂ ਰੂਪੀ ਦੀਵਾਂ ਹੈ। ਅਰ ਤਪਤ ਕਾ ਨਾਸ਼ ਕਰ ਸੀਤਲਤਾ ਕੇ ਦੇਨੇਹਾਰਾ ਹੈ॥ ਪੁਨਾ ਸ਼ੁਧ ਆਤਮ ਵਸੈਣੀ ਬੁਧੀ ਇਸਤ੍ਰੀ ਰੂਪ ਹੈ। ਤਿਸ ਕੇ ਸਾਥ ਮਿਲ ਕਰ ਆਤਮਾਨੰਦ ਮਹਾਨ ਹੋ ਰਹਿਆ ਹੈ। ਤਿਨ ਸੰਤਨ ਕੋ ਐਸੀ ਅਸਚਰਯ ਰੂਪ ਵਿਭੂਤੀ ਕੋ ਪਾਇ ਕਰ ਸਾਂਤ ਰੂਪ ਮੁਨੀ ਰਾਜਿਯੋਂ ਸਮਾਨ ਸੋਵਤ ਹੈਂ॥ ੫ ॥ ਨਨੁ ॥ ਉਸਤਤਿ ਨਿੰਦਾ ਕੇ ਵਚਨ ਹੈਂ ਸੁਨਕੇ ਕੈਸੇ ਰਹੇ ਹੈਂ ॥ਉੱਤਰ॥

ਕਬਿੱਤ॥ ਕਹਾਂ ਏ ਚੰਡਾਲ ਜਾਤ ਮਗ ਮੋ ਦ੍ਵਿਜਾਤ ਕਿਧੌਂ ਕੈਧੋ ਕੋਊ ਸ਼ੂਦ੍ਰ ਹੈ ਕਿ ਚੋਰ ਵਾ ਤਪੇਸ ਹੈ॥ ਤੱਤ੍ਵ ਕੇ ਪ੍ਰਵੇਸ਼ ਮੈ ਪ੍ਰਬੀਨਮਤਮਾਨ ਉਤ ਉਤਮ ਯੋਗੇਸ਼ ਕੌ ਨ ਚੀਨੇ ਕੋਊ ਵੇਸ ਹੈ॥ ਇਤ ਬਿਧਿ ਕਰ ਜੋ ਸੰਭਾਖਮਾਨ ਜਨਨ ਕੇ ਮੁਖੋਂ ਕਰਿ ਸੰਭਵ ਵਿਕਲਪ ਅਸੇਸ ਹੈ॥ ਸੁਨੇ ਗੁਨੋ ਮੁਨਿ ਤਾਹਿ ਵਰ ਸ਼੍ਰਾਪ ਦੇਤ ਨਾਹਿੰ ਜਾਹਿੰ ਸੁਖੀ ਪੰਥ ਮਾਹਿੰ ਜੈਸੇ ਨਿਖੇਤ੍ਰੇਸ਼ ਹੈ॥ ੬ ॥

ਟੀਕਾ—ਜਬ ਨਿਰਚਿੰਤ ਹੂਏ ਹੂਏ ਭਿਖ੍ਯਾਦਿ ਵਿਹਾਰਕੋ ਵਿਚਰਤੇ ਹੈਂ ਤਿਨ ਕੋ ਦੇਖਕਰ ਕੇਈਕ ਪੁਰਸ਼ ਐਸੇ ਕਥੇ ਹੈਂ॥

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਏ ਚੰਡਾਲ ਪੁਰਸ਼ ਜੋ ਗਲੀ ਕੇ ਰਸਤੇ ਮੇਂ ਜਾ ਰਹਿਆ ਹੈ। ਸੋ ਕਹਾਂ ਜਾਤਾ ਹੈ। ਕਿ ਅਥਵਾ ਕੋਈ ਖਤ੍ਰੀ ਵੈਸ਼ਾਦਿ ਹੈ॥ ਅਥਵਾ ਕੋਊ ਸੂਦਰ ਹੈ ਵਾ ਚੋਰ ਹੈ ਵਾ ਤਪੀਸ਼ਰ ਹੈ॥ ਇਸ ਪਰਕਾਰ ਜੋ ਜੋ ਕਿਸੇ ਕੇ ਮਨੁ ਮੇਂ ਭਾਸਿਆ ਸੋ ਸੋ ਸਭ ਨੇ ਕਹਿਆ॥ ਉਸ ਪਾਸੇ ਜੋ ਮਤੀਵਾਨ ਚਤਰ ਤੱਤ ਸਰੂਪ ਆਤਮਾ ਮੈ ਪ੍ਰਾਪਤਿ ਹੂਆ ਹੂਆ ਉੱਤਮ ਪੁਰਸ਼ ਜੋਗੀ ਜਨ ਜਾ ਰਹਿਆ ਹੈ। ਤਿਸ ਕੇ ਸਰੂਪ ਕੋ ਨਿਰਨੇ ਕਰ ਕੋਈ ਨਾ ਜਾਣਤਾ ਭਯਾ॥ ਪੂਰਬੋਕਤ ਪ੍ਰਕਾਰ ਜੋ ਕਥਨ ਕਰੇ ਹੋਏ ਵਾਕ ਪੁਰਸ਼ੋਂ ਕੇ ਮੁਖ ਤੇ ਉਤਪੱਤ ਹੂਏ ਅਨੇਕ ਪ੍ਰਕਾਰ ਕੇ ਵਿਕਲਪ ਤਿਨਕੋ ਮੁਨੀ ਪੁਰਸ਼ ਸੁਨਤਾ ਭੀ ਹੈ ਅਰ ਤਿਨ ਵਾਕੋਂ ਕੇ ਅਰਥ ਕੋ ਭੀ ਜਾਨਤਾ ਹੈ॥ ਪਰੰਤੂ ਤਿਨ ਪੁਰਸ਼ੋਂ ਕੋ ਵਰ ਤਥਾ ਸਰਾਪ ਨਹੀਂ ਦੇਤਾ ਹੈ॥ ਜੈਸੇ ਚੰਦ੍ਰਮਾਂ ਸ਼ਾਂਤ ਰੂਪ ਆਕਾਸ਼ ਮਾਰਗ ਮੇ ਜਾਵੇ ਹੈ॥ ਤੈਸੇ ਸੁਖ ਪੂਰਬ ਸ਼ਾਂਤ ਭਾਵ ਕੋ ਪ੍ਰਾਪਤ ਹੂਆ ਹੂਆ ਮੁਨੀ ਆਪਨੇ ਮਾਰਗ ਮੇ ਜਾਵੇ ਹੈ ਐਸੇ ਸੰਤ ਜਨ ਉਸਤਤਿ ਆਦਿ ਵਾਕੋਂ ਸੇ ਰਹਿਤ ਹੈਂ॥੬॥ ਜਿਨੋਂ ਗੁਣੋਂ ਕਰ ਸ੍ਰਿਸ਼ਟ ਬਨੀ ਤਾ ਹੈ ਅਬ ਤਿਨ ਗੁਣੋ ਕਾ ਉਸਤਤੀ ਕੇ ਬਹਾਨੇ ਜਨਾਨਾ ਕਰੇਂ ਹੈਂ॥

**ਯਥਾ ਕਬਿੱਤ॥ ਹਿੰਸਾ ਨਾਹਿੰ ਕਰੇ ਪਰ ਦਰਬ ਕੋ ਨਾ ਹਰੇ ਸਤ ਬਚਨ ਉਚਰੇ ਪੁੰਨ ਸਮੇ ਪੁੰਨ ਕਰੇ ਹੈ॥ ਯਥਾ ਵਿਥ ਕਤਾ ਪਰ ਨਾਰੋਂ ਕੀ ਨ ਭਨੇ ਸੁਨੇ ਤਾਂਤੇ ਗੂੰਗਾ ਬੋਲਾ ਬਨੇ ਭੋਲਾ ਸਮ**

Sri Satguru Jagjit Singh Ji eLibrary NamdhariElibrary@gmail.com

ਚਰੇ ਹੈ। ਤ੍ਰਿਸ਼ਨਾ ਕੇ ਪ੍ਰਵਾਹ ਭੰਗ ਗੁਰੋਂ ਵਿਖੇ
ਨਿੰਮ੍ਰਅੰਗ ਮਿਤ੍ਰਭਾਵਸਬਸੰਗ ਕਰੇ ਹੇਰਹਰੇ
ਹੈ॥ ਗਾਯੋ ਸਬ ਗ੍ਰੰਥਨਮੈ ਸੰਤ ਐਸੇ ਪੰਥਨ ਮੈ
ਰਾਗ ਦ੍ਵੇਖ ਮੋਖ ਚਰੇ ਜੈਸੇ ਦਿਨ ਕਰੇ ਹੈ॥੭॥

ਟੀਕਾ—ਮਨਕਰ ਭੀ ਕਿਸੇ ਕਾ ਬੁਰਾ ਨਹੀਂ ਚਿੰਤਨ ਕਰਤੇ ਇਸਤੇਮਨ ਕੀ ਹਿੰਸਾ ਸੇ ਰਹਿਤ ਹੈਂ।ਅਰ ਸਰੀਰਕਰਕਿਸੇ ਕੇ ਪਦਾਰਥ ਕੋ ਨਹੀਂ ਚੁਰਾਤੇ ਇਸ ਹਿੰਸਾਸੇਭੀ ਰਹਿਤਹੈਂ॥ ਅਰ ਬਾਨੀ ਕਰ ਭੀ ਸਚ ਬਚਨ ਉਚਾਰਤੇਹੈਂਕਿਸੇ ਕੋ ਕੌੜਾ ਨਹੀਂ ਕਹਿਤੇ ਇਸ ਹਿੰਸਾ ਥੀ ਭੀ ਰਹਿਤਹੈਂ।ਜਬਕੋਈਪੁੰਨ ਕਾਸਮਾਂਆਜਾਵੇ।ਗ੍ਰਹਿਣਕੁੰਭਾਦਿ ਤੋ ਯਥਾਸ਼ਕਤਿਅਨੁਸਾਰ ਕਰੇਂ ਹੈਂ॥ ਆਪਨੇ ਬਲ ਅਨੁਸਾਰ ਪਰ ਨਾਰੀ ਪੁਰਸ਼ਾਂ ਕੀ ਕਥਨੀ ਕੋ ਨਹੀਂ ਕਥਨ ਕਰਤੇ ਅਰਨਹੀਂਸੁਣਤੇ। ਤਿਨਕੇ ਕਥਨ ਸੇ ਤੋ ਗੁੰਗੇ ਬਨ ਰਹੇ ਹੈਂ ਅਰ ਸੁਨਨਸੇਬੋਲੇਪਨਕਰ ਬਾਵਲੇ ਪੁਰਸ਼ ਵਤ ਵਿਚਰੇਂ ਹੈਂ। ਵਾ ਭੋਲਾ ਨਾਮ ਸ਼ਿਵ ਕੋ ਭਾਵ ਸ਼ਿਵ ਰੂਪ ਹੋਕਰ ਵਿਚਰੇਂ ਹੈਂ॥ ਤ੍ਰਿਸ਼ਨਾ ਕਾ ਬੇਗ ਜਿਨਾਂ ਨੇ ਨਾਸ਼ ਕਰਿਆ ਹੈ। ਅਰ ਗੁਰ ਵੇਦ ਵਾਕਮੈ ਨਿਮ੍ਰ ਭਾਵ ਹੈ ਜਿਨਕਾ। ਅਰ ਸ਼ਿਵਰੂਪ ਦੇਖਕਰ ਸਰਬਸਾਥਮਿਤ੍ਰ ਤਾ ਕਰੇ ਹੈਂ॥ਐਸੇਪੰਥਮੇਂ ਜੋ ਸਿਥਿਤ ਸੰਤਹੈਂ ਤਿਨਕਾ ਯਸ਼ ਸਰਬ ਗ੍ਰੰਥਨ ਮੇਂ ਗਾਇਨ ਕਰਿਆ ਹੈ॥ਪੁਨਾ ਕੈਸੇਹੈਂ ਰਾਗ ਦ੍ਵੈਸ਼ ਕੋ ਤਿਆਗਕਰਵਿਚਰੇ ਹੈਂ॥ਜੈਸੇਸੂਰਜ ਹੈ ਤੈਸੇ ਸਰਬ

Sri Satguru Jagjit Singh Ji eLibrary NamdhariElibrary@gmail.com

ਕੋ ਸਮਾਨ ਜਾਨ ਵਿਚਰੇ ਹੈਂ ॥ ੭ ॥ ਸ੍ਰੇਸ਼ਟ ਪੁਰਸ਼ੋਂ ਕੀ ਉਸਤਤੀ ਕਰਤੇ ਹੋਇ ਤਿਨਕੀ ਧਾਰਨਾ ਚੋ ਦਿਖਾਵੇਂ ਹੈਂ ॥

ਯਥਾ ਕਬਿੱਤ ॥ ਪਾਣ ਪਾਤ੍ਰ ਮੈ ਪਵਿਤ੍ਰ ਭਿੱਖਯਾ ਅੰਨ ਅਖੈ ਚਿੱਤ੍ਰ ਦ੍ਵਾਰੇ ਦ੍ਵਾਰੇ ਭ੍ਰਮੇ ਮਿਲੇ ਗਿਲੇ ਨਿਰਦੋਖ ਹੈ॥ ਦਸੋਂ ਦਿਸ਼ਾ ਚੈਲ ਵਿਸਤੀਰਣ ਅਮੈਲ ਪੁਨ ਤਲਪ ਅਨੰਤਾ ਕੀ ਅਨੰਤ ਸੁਖ ਘੋਖ ਹੈ ॥ ਕਰਮਾ ਕੋ ਮੂਲ ਮੂਲਾ ਵਿੱਦਯਾ ਨਿਰਮੂਲ ਜਾਂਕੀ ਦੀਨਤਾ ਨਿਵਾਰੀ ਸਾਰੀ ਸ੍ਵਾਤਮ ਸੰਤੋਖ ਹੈ॥ ਭੇਦਾਭੇਦ ਭ੍ਰਮ ਭਾਗੋ ਬ੍ਰਹਮ ਵਿਤ ਬੀਤ ਰਾਗੋ ਮਾਨ ਅਪਮਾਨ ਤੇ ਨ ਉਦੇ ਮੋਖ ਰੋਖ ਹੈ ॥ ੯ ॥

ਟੀਕਾ–ਪਵਿਤ੍ਰ ਜੋ ਭਿਖਿਆ ਕਾ ਅੰਨ ਹੈ ਨਾਸ ਸੇ ਰਹਿਤ ਚਿਤ੍ਰ ਹੂਏ ਜੋ ਮਹਾਜਨੋਂ ਕੇ ਦੁਆਰੇ ਹੈਂ ਤਿਨਕੇ ਦੁਆਰੇ ਮੇਂ ਫਿਰ ਕਰ ਜੋ ਮਿਲ ਜਾਵੈ ਹਥਾਂ ਰੂਪੀ ਪਾਤ੍ਰ ਮੈ ਤਿਸ ਕੋ ਭੱਖਨ ਕਰੇ ਹੈਂ । ਸਰਬ ਪ੍ਰਕਾਰ ਕੀ ਹਿੰਸਾ ਰੂਪੀ ਦੋਸ਼ ਸੇ ਜੋ ਰਹਿਤ ਹੈਂ । ਵਿਸਤਾਰ ਪੂਰਬਕ ਜੋ ਦਸੋ ਦਿਸ਼ਾ ਹੈਂ ਏਹੀ ਜਿਨਕੇ ਨਿਰਮਲੇ ਬਸਤ੍ਰ ਹੈਂ ॥ ਅਨੇਕ ਸੁਖਾਂ ਕਾ ਮੰਦਰ ਪ੍ਰਿਥਵੀ ਹੀ ਸੇਜਾ ਹੈ ਜਿਨਕੀ ਅਰ ਸਰਬ ਸਕਾਮ ਨਖਿਧ ਕਰਮਾਂ ਕਾ ਕਾਰਣ ਜੋ ਮੂਲ ਅਵਿਦਿਆ ਹੈ ਸੋ ਨਾਸ਼ ਹੋ ਗਈ ਹੈ ਜਿਨਕੀ । ਅਰ

ਸਰਬ ਪਰਕਾਰ ਕੀ ਦੀਨਤਾ ਜਿਨਾਂ ਨੇ ਤਿਆਗੀ ਹੈ। ਆਤਮਾ ਨੰਦ ਕਰ ਸੰਤੋਖਮਾਨ ਹੈਂ॥ ਵਾ ਜਿਨ ਕੇ ਮਨ ਕੋ ਸ੍ਵੈ ਲਾਭ ਕਰ ਸੰਤੋਖ ਹੈ ॥ ਪੁਨਾ ਜੀਵ ਈਸ਼ਰ ਕੇ ਭੇਦ ਕੋ ਜਿਨਾਂਨੇ ਨਾਸ਼ ਕੀਆ ਹੈ॥ ਅਰ ਪੰਚ ਪ੍ਰਕਾਰ ਕਾ ਭ੍ਰਮ ਜਿਨ ਕਾ ਭਾਗ ਗਿਗਾ ਹੈ ॥ ਅਰ ਰਾਗ ਰਹਿਤ ਬ੍ਰਹਮ ਵੇਤਾ ਹੈਂ ॥ਮਾਨ ਕਰਨੇ ਤੇ ਜਿਨ ਕੋ ਆਨੰਦ ਉਤਪਤ ਹੋਵੈ ਨਹੀ ਹੈ॥ ਅਰ ਨਿਆਦਰ ਕਰਨੇ ਸੇ ਕ੍ਰੋਧ ਹੋਵੈ ਨਹੀਂ॥ ਐਸੇ ਸ੍ਰਿਸ਼ਟ ਪੁਰਸ਼ੋਂ ਕੀ ਧਾਰਨਾ ਹੈ। ਇਨ ਗੁਣੋਂ ਕਰ ਸ੍ਰਿਸ਼ਟ ਬਨਤਾ ਹੈ ॥ ੮ ॥

**ਪੁਨਾ ॥ ਗੀਆਮਾਲਤੀ ਛੰਦ॥ ਸਤ ਖੰਡ ਖੀਨ ਕੁਪੀਨ ਜਾਕੀ ਤਾਸ ਸਮ ਜਿਹ ਗੋਦਰੀ॥ ਸੁਖ ਸਾਧ ਭਿਖਸਾ ਹਾਰ ਸੇਜਾ ਦਨ ਮਸਾਨੇ ਜਿਰਦ੍ਰੀ ॥ ਪਿਖ ਸ਼ਤ੍ਰੂ ਮਿਤ੍ਰ ਸਮਾਨ ਮੁਖ ਦੁਤ ਸੂੰਨ ਸਦਨੋ ਮੈ ਸਦਾ॥ ਨਿਰਮਲ ਨਿਜਾਤਮ ਕੋ ਭਜੇ ਸੁਖ ਰੂਪ ਤੇ ਜਨ ਸਰਬਦਾ॥ ੯ ॥**

ਟੀਕਾ—ਸਉ ਟੁਕੜਾ ਜੋੜ ਕਰ ਫਟੇ ਹੋਇ ਬਸਤ੍ਰ ਕੀ ਕੁਪੀਨ ਹੈ ਜਿਨ ਕੀ। ਅਰ ਕੁਪੀਨ ਕੇ ਸਮਾਨ ਹੀ ਗੋਦੜੀ ਹੈ॥ ਸੁਖੈਨ ਹੀ ਸਾਧਨ ਵਾਲਾ ਅਹਾਰ ਹੈ ਜਿਨ ਕਾ ਭਿਖਯਾ ਕਾ। ਮਸਾਨੋਂ ਮੈ ਤਥਾ ਬਨ ਭੂਮਕਾ ਮੇਂ ਵਾ ਪਰਬਤੋਂ ਕੀ ਕੰਦਰਾ ਮੈ ਜਿਨ ਕੀ ਸੇਜਾ ਹੈ॥ ਅਰ ਜਿਨ ਕੇ ਮੁਖ ਕਾ ਪ੍ਰਕਾਸ਼ ਸ਼ਤ੍ਰੂ ਪੁਨਾ

Sri Satguru Jagjit Singh Ji eLibrary NamdhariElibrary@gmail.com

ਮਿੱਤ੍ਰ ਕੋ ਦੇਖ ਕਰ ਸਮਰਹੇ ਹੈਂ ॥ ਅਰ ਉਜੜਿਆਂ ਮੰਦ੍ਰੋਂ ਮੇਂ ਸਦਾ ਰਹੇ ਹੈਂ॥ ਸਰਬ ਕਰਤੱਬ ਰੂਪੀ ਮਲ ਥੀਰਹਿਤ ਸੁਖ ਰੂਪ ਜੋ ਆਪਨਾ ਆਤਮ ਸਰੂਪ ਹੈ ਤਿਸਕਾ ਅਭਿਆਸ॥ ਤੇ ਪੁਰਸ਼ ਸਰਬਦਾ ਕਾਲ ਕਰੇਂ ਹੈਂ ॥ ੯ ॥ ਨਨੂ ॥ ਸੰਸਾਰ ਮੇਂ ਰਾਜਾਦਿ ਦੰਡ ਸੇ ਕੈਸੇ ਵਿਚਰੇਂ ਹੈਂ ਉੱਤਰ

**ਦੋਹਰਾ ॥ ਚਰਹਿ ਸੁਤੰਤ੍ਰ ਨਿਰੰਕੁਸ਼ੇ ਸਪ੍ਰਮਾ-ਦਿ ਮਦਨਖ੍ਰ ॥ ਅਧਿਸਟਾਨ ਪਰਬੋਧ ਕਰ ਕਲਪਤ ਨਸ਼ਟ ਸਮਸ਼ਟ॥ ੧੦ ॥**

ਟੀਕਾ—ਏਕ ਰਾਜਦੰਡ ਕਿਆ ਹੈ ਚਾਰ ਪ੍ਰਕਾਰਕੇ ਦੰਡ੍ਰ ਥੀਂ ਰਹਿਤ ਹੋਕਰ ਸੰਸਾਰ ਮੈਂ ਸੁਇਛਾ ਅਨੁਸਾਰ ਵਿਚਰੇ ਹੈਂ ॥ ਭਾਵ ਯੇਹ ਦੰਡ ਚਾਰ ਪ੍ਰਕਾ ਹੈ ਏਕ ਰਾਜ ਦੰਡ ਹੈ ਸੋ ਰਾਜ਼ਾ ਕੋ ਚੱਟੀ ਮਾਂਮਲਾ ਦੇਕਰ ਉਤਰੇ ਹੈ॥ ਦੂਸਰਾ ਦੇਵਦੰਡ ਹੈ ਜੈਸੇ ਕਿਸੇ ਦੇਵਤਾ ਕੀ ਕਰੀ ਹੁਈਭੀੜਾਹੋਨੀਸੋਦੇਵ ਭੁਜਾ ਸੇ ਦਿਤਾਜਾਵੇ ਹੈ ॥ ਜੈਸੇ ਮੰਗਲ ਸ਼ਨੀ ਆਦਿਕੋਂਕੀ ਪੂਜਾ ਹੈ ਤੈਸੇ ਤੀਸਰਾ ਪਿਤ੍ਰ ਦੰਡ ਹੈ ਸੋ ਸ੍ਰਾਧ ਖਿਜਾਹ ਕੇ ਕਰਣੇ ਕਰ ਨਾਸ ਹੋਵੇ ਹੈਂ ॥ ਚੌਥਾ ਰਿਖ ਦੰਡ ਹੈਸੋ ਵਿਦਿਆ ਪੜ੍ਹਨੇਸੇਉਤ੍ਰੇ ਹੈ ॥ ਐਸਾਚਾਰ ਪ੍ਰਕਾਰ ਕਾ ਦੰਡ ਹੈ ਅਗਿਆਨੀ ਜੀਵੋਂਪਰ। ਪੂਰਬ ਕਥਨ ਕਰੇ ਹੈਂ ਗਿਨੋਂ ਕੇ ਲਖਨ ਤਿਨ ਬ੍ਰਹਮ ਵੇਤਾ ਪੁਰਸ਼ੋਂ ਪਰ ਕੋਈ ਦੰਡ ਨਹੀਂ ਹੈ॥ ਇਸਕਰ ਨ੍ਰਿੰਕੁਸ ਵਿਚਰੈ ਹੈਂ ॥ ਨਨੂ ॥ ਨ੍ਰਿੰਕੁਸਤਾ ਕਾ ਹੰਕਾਰ ਤਿਨ ਕੋ ਹੋਤਾ ਹੋਗਾ ॥

Sri Satguru Jagjit Singh Ji eLibrary NamdhariElibrary@gmail.com

ਉੱਤਰ ॥ ਪ੍ਰਮਾਦ ਜੋ ਅਗਿਆਨ ਹੈ ਤਿਸ ਕੇ ਸਹਤ ਤਿਨਕਾ ਹੰਕਾਰ ਨਾਸ ਹੂਆ ਹ ॥ ਸਰਬ ਕਾ ਆਸਰਾ ਰੂਪ ਜੋ ਅਦ੍ਵੈਤ ਚੇਤਨ ਹੈ ਤਿਸਕੇ ਗਜਾਨ ਕਰ। ਪੁਨਾ ਤਿਸ ਗਜਾਨ ਕੇ ਬਲ ਕਰ ਹੰਕਾਰਾਦਿ ਸੰਪੂਰਨ ਸੰਸਾਰ ਕੋ ਕਲਪਤ ਰੂਪ ਮਨੋਮਈ ਤਥਾ ਨਾਸਰੂਪ ਸੇ ਸਿੰਗਵਤ ਜਾਨਜਾ ਹੈ ਤਿਨ ਸੰਤੋਂ ਨੇ ॥੧੦॥ ਨਨੂ ॥ ਐਸੇ ਪੁਰਸ਼ ਬਹੁਤ ਆਪਨੇ ਦੇਖੇ ਹੋਇੰਗੇ ॥ ਉੱਤਰ

**ਲਲਤ ਛੰਦ॥ ਤੀਨ ਭਵਨ ਮਧ ਸਰਬ ਸਰਗ ਕੋ ਆਸਮੰਤ ਮੈ ਢੂਢਜੋ ਤਾਤਾ॥ ਕਹੂ ਨ ਦੇਖਾ ਸੁਨਾ ਕਹੂੰ ਨਹਿ ਐਸੋ ਜਨ ਜੋ ਜਨਜੋ ਬਿਧਾਤਾ ॥ਜਨਕੋ ਅੰਤਸ਼ਕਰਣ ਕਰੀ ਸਮ ਵਿਖੈ ਰੂਪ ਕਰਣੀ ਮਿਲਿ ਰਾਤਾ॥ ਸੰਜਮ ਸੰਗਲ ਤਿਹ ਪਗਮੈ ਜਿਨ ਡਾਰਜੋ ਲੀਲਾ ਕਰਿ ਭੋ ਭ੍ਰਾਤਾ੧੦**

ਟੀਕਾ—ਹੇ ਪ੍ਰੇਯ ਸੋਮ ਮੂਰਤੀ ਪ੍ਰਸ਼ਨ ਕਰਤਾ ਪੁਰਸ਼ ਕੀ ਜੋ ਅੰਤਹਕਰਣ ਹੈ ਸੋ ਹਸਤੀ ਵਤ ਹੈ ਅਰ ਵਿਸ਼ਿਆਂਰੂਪਾ ਹਸਤਨੀ ਸਾਥ ਮਿਲ ਕਰ ਪ੍ਰੀਤੀ ਕਰ ਰਹਿਆ ਹੈ॥ ਅਰ ਇੰਦ੍ਰਿਆਂ ਕਾ ਸੰਜਮ ਰੂਪੀ ਜੋ ਸੰਗਲ ਹੈ ਸੋ ਤਿਸ ਅੰਤਹ ਕਰਣਰੂਪੀ ਹਸਤੀ ਕੇ ਬ੍ਰਿਤੀਰੂਪੀ ਪੈਰ ਕੋ ਜਿਸਨੇ ਸਾਧਨਾ ਰੂਪੀ ਚੇਸ਼ਟਾ ਕਰਕੇ ਪਾਇਆ ਹੋਵੈ ਹੇ ਭ੍ਰਾਤਾ। ਐਸਾ ਜੋ ਜਨ



Sri Satguru Jagjit Singh Ji eLibrary NamdhariElibrary@gmail.com

ਕਹੂੰ ਨਾ ਦੇਖਾ ਹੈ ਨਹਿ ਕਹੂੰ ਸੁਣਾ ਹੈ ॥ ਪਰੰਤੂ ਬਿਧਾਤਾ ਨੇ ਭੋ ਜਨਯੋ ਹੋਵੇਗਾ ਹਮਨੇ ਨਹੀਂ ਦੇਖਾ। ਤੀਨ ਭਵਨ ਰੂਪ ਜੋ ਸਰਬ ਸੰਸਾਰ ਹੈ ਤਿਸਕੋ ਸਰਬ ਓਰ ਤੇ ਮੈਨੇ ਢੂੰਢਿਆ ਹੈ ॥ ੧੧ ॥ ਤੁਮਨੇ ਦੇਖਾ ਨਹੀਂ ਸੁਣਾ ਨਹੀਂ ਹੈ ਤੋ ਝੂਠ ਕੀ ਉਸਤਿਤੀ ਕਰ ਤੇ ਆਇ ਹੋ ॥ ਉੱਤਰ

**ਦੋਹਰਾ॥ ਸੁਖਪਤਿ ਵਤ ਜਾਗ੍ਰਤ ਬਿਖੇ ਤਜੇ ਤ੍ਰਿਧਾ ਜਿਹ ਭੋਗ ॥ ਐਸੋ ਇੰਦ੍ਰਜ ਜਿਤ ਜਨ ਕੋ ਇਕ ਇਸਥਿਤਿ ਹੋਗੁ ॥ ੧੨ ॥**

ਟੀਕਾ—ਗਿਆਨੀ ਤਥਾ ਭਗਤਿ ਹੈਂ ਤੋ ਬਹੁਤ ਪ੍ਰੰਤੂ ਸਖੋਪਤੀ ਅਵਸਥਾਵਤ ਜਾਗ੍ਰਤ ਅਵਸਥਾ ਮੈ ਮਨ ਬਾਨੀ ਸਰੀਰ ਕਰ ਜਿਸ ਪੁਰਸ਼ ਕੋ ਭੋਗਕਾ ਤਿਆਗ ਹੈ॥ਐਸੋ ਇੰਦ੍ਰੀਆਂ ਕੇ ਜਿਤਨੇਹਾਰਾ ਸਮਦਮਾਦਿ ਮਨਕੋਣੀਕ ਕਿਧਰੇਇਸਥਿਤ ਹੋਵੇਗਾ। ਬਹੁਤੇ ਨਹੀਂ ਹੈਂ ॥ ਯਥਾ ਗੁਰੂ ਸਿਮ੍ਰਿਤੀ॥ "ਹੈਨ ਵਿਰਲੇ ਨਾਹੀਂ ਘਣੇ" ਪੁਨਾ ਕਹੁ ਨਾਨਕ ਕੋਟਨਮੈ ਕੋਊ॥ ਐਸੇ ਜਾਨੀਐ ॥ ੧੨॥ ਨਨੂ ॥ ਤਿਨਕੋ ਕੌਨ ਚਿੰਨੋਂ ਕਰ ਜਾਣੇ ਕੈਸੇ ਰਹਿਤੇ ਹੈਂ ॥ ਉੱਤਰ ॥

**ਯਥਾ ਨੀਲਛੰਦ॥ ਸੈਲਸਿਲਾ ਸਿਹਜਾਂ ਗਿਰ ਕੰਦਰਮੰਦ੍ਰ ਹੈ। ਬ੍ਰਿਛਨ ਕੀ ਛਿਲਕੇ ਪਟ-ਵਾਦਿਰਗ ਅੰਬਰ ਹੈ॥ ਮਿਤ੍ਰ ਕੁਰੰਗ ਸਮੂਹ**

Sri Satguru Jagjit Singh Ji eLibrary NamdhariElibrary@gmail.com

ਸਹੀਤਿਨ ਸੰਗ ਚਰੇ ॥ ਕੋਮਲ ਪੂੰਨ ਫਲੀ ਨ ਫਲੋਂ ਕਰ ਪ੍ਰਾਨ ਧਰੇ ॥ ੧੩ ॥

ਟੀਕਾ–ਪਰਬਤੋਂ ਕੀਆਂ ਸਿਲਾਂਪਰ ਤਿਨਕੀ ਸੇਜਾ ਹੈ ਅਰ ਪਹਾੜੋਂ ਕੀਆਂ ਕੰਦ੍ਰਾਂ ਜਿਨਕੇ ਮੰਦਰਹੈਂ।ਬ੍ਰਿਛਾਂਕੀਆਂ ਛਿਲਾਂ ਜੋ ਹੈਂ ਭੋਜਪੱਤ੍ਰਾਦਿ ਏ ਜਿਨਕੇ ਬਸਤ੍ਰ ਹੈਂ ਵਾ ਦਿਸ਼ਾਹੀ ਦਸ ਜਿਨਕੇ ਬਸਤ੍ਰਹੈਂ। ਹਰਨਾਂਕਾ ਸਮੂਹ ਜਿਨਕੇ ਮਿੱਤ੍ਰਹੈਂ ਨਿਸ਼ਰੇ ਕਰ ਤਿਨਕੇ ਸਾਥ ਵਿਚਰ ਰਹੇਹੈਂ। ਪਵਿੱਤ੍ਰ ਜੋ ਕੇਲਾ ਆਦਿ ਬ੍ਰਿਛਹੈਂ ਤਿਨਕੋਕੋਮਲਫਲੋਂਕਰਪ੍ਰਾਣਾਂਕੋਧਾਰਨਕਰੇਹੈ॥੧੩

ਮੂਲ ॥ ਸੀਤਲ ਸ੍ਰੇਛਿਤ ਸ੍ਰੰਛ ਸੁਗੰਧਤ ਮਿਸ੍ਰ ਘਨਾ॥ਊਚਿਤਅੰਬੁਗਿਰੰਦਨਕੇਅਚਤੇਜੁਜਨਾ ।ਬ੍ਰਹਮ ਵਿਚਾਰਵਤੀ ਸੁਮਤੀ ਜੁਵਤੀਕੋਸਦਾ॥ ਧਾਰਿਰਿਦੇਮਹਿਮੋਦਲਹੇਨ ਤਜੇਸੁਕਦਾ॥੧੪

ਟੀਕਾ–ਪੂਨਾ ਨਿਰਯਤਨ ਨਿਰਮਲਾ ਅਰ ਸੀਤਲ ਸੁਗੰਧੀ ਵਾਲਾ ਬੜਾ ਮਿੱਠਾ ਪੂਨਾ ਸ੍ਰਿਸ਼ਟ ਜਲ ਊਚਿਆਂ ਪਰਬਤੋਂ ਤੇ ਜੋ ਗਿਰ ਰਹਿਆ ਹੈ। ਤਿਸਕੋ ਪੀਨਾ ਕਰਤੇ ਹੈਂ ਜੋ+ਨ ॥ ਅਰ ਬ੍ਰਹਮ ਵਿਚਾਰ ਵਾਲੀ ਸ੍ਰਿਸ਼ਟ ਮਤੀਰੂਪੀ ਇਸਤ੍ਰੀ ਕੋ ਸਰਬਦਾ ਕਾਲ ਧਾਰਕਰ ਹ੍ਰਿਦੇ ਮੈਂ ਅਨੰਦ ਲੈ ਰਹੇ ਹੈਂ ਨਹੀਂ ਤਿਆਗਤੇ ਕਦੇਭੀ ॥ ੧੪ ॥

ਮੂਲ ॥ ਜੋ ਨਿਜ ਪ੍ਰਾਣਨਿ ਤ੍ਰਾਨਕੇ ਕਾਰਣ

**ਪ੍ਰਾਨ ਬਿਭੇ। ਜੋਰ ਨਮੋ ਸਿਰਸੋ ਨ ਕਰੇਂਕਹੂੰ ਅਗ੍ਰਕਬੇ। ਜੇ ਇਤ ਰੀਤ ਪ੍ਰਮਾਨ ਬਿਰਾਜਤ ਲੋਕ ਬਿਖੇ। ਮਾਨਤ ਤਾ ਪਰਮੇਸ਼੍ਵਰ ਮੇਂ ਸਨ ਜੀਵ ਸਖੇ ॥ ੧੫ ॥**

ਟੀਕਾ—ਜੋ ਮਹਾਤਮਾ ਆਪਨਿਆਂ ਪ੍ਰਾਣਾਂਕੀ ਰਖਯਾ ਕੇ ਵਾਸਤੇ ਦੋਨੋਂ ਹੱਥ ਜੋੜਕਰ ਸਿਰ ਸਹਤ ਨਮੋ ਨਹੀਂ ਕਰਦੇ ਕਿਸੇਕੇ ਆਗੇ ਕਦਾਚਿਤ। ਜੋ ਪੁਰਸ਼ ਇਸ ਪੂਰਵੋਕਤਰੀਤੀ ਕਰ ਬਿਰਾਜਮਾਨ ਹੈਂ ਸੰਸਾਰਮੇਂ। ਮੈ ਉਸਕੋ ਪ੍ਰਮੇਸ਼੍ਵਰ ਰੂਪ ਕਰ ਮਾਨਤਾ ਹੂੰ ਸੋ ਜੀਵਰੂਪ ਨਹੀਂ ਹੈਂ ਹੇ ਮਿਤ੍ਰ ॥ ੧੫ ॥ ਨਨੂ ॥ ਪੂਰਬ ਕਹਨਤੇ ਏ ਜਾਨਾ ਜੋ ਜਿਸਕੇ ਪੂਰਨ ਨਵਿਰਤੀ ਹੈ ਸਰਵ ਪ੍ਰਕਾਰ ਕਰ। ਸੋ ਗਿਆਨੀ ਬ੍ਰਹਮਰੂਪ ਹੈ ਹੋਰ ਨਹੀਂ ॥ ਉੱਤਰ ॥ ਐਸਾ ਨਿਜਮਨਹੀ ਹੈ ਏਕ ਸਾਰਖਾ ਸਰਬ ਕਾ ਪ੍ਰਾਰਬਦ ਨਹੀਂ ਹੈ। ਪੁਨਾ ਏਕ ਹੀ ਸਰੀਰਪਰ ਅਨੇਕ ਪ੍ਰਕਾਰਕੀ ਬਵਸਥਾ ਹੋਵੇਹੈ। ਜੈਸੇ ਏਕ ਸੂਰਯਕੀਏਕ ਦਿਨ ਮੈ ਅਨੇਕ ਗਤੀ ਹੈ ਤੈਸੇ। ਪ੍ਰਾਰਬਧ ਪ੍ਰਤਾਪ ਤੇ ਵਿਦਵਾਨ ਕੋ ਕੋਈ ਗ੍ਰਹਣ ਤਿਆਗਕਾ ਨਿਯਮ ਨਹੀਂ ਹੈ ॥

**ਯਥਾ ਕ੦॥ ਕਬੀ ਭੂਮ ਆਸਨ ਸਿੰਘਾਸਨ ਪੈ ਬਾਸ ਕਬੀ ਕਬੀ ਭਿਸ ਗ੍ਰਾਸ ਕਬੀ ਬਿੰਜਨ ਅਹਾਰ ਹੈ॥ ਕਬੀ ਸਤਖੰਡ ਵਤੀ ਗੋਦਰੀਕੋ ਓਢੇ ਜਤੀ ਕੈ-**

Sri Satguru Jagjit Singh Ji eLibrary NamdhariElibrary@gmail.com

ਥਰ ਕੋ ਕਬਹੂੰ ਦਿਗੰਬਰ ਕੋਧਾਰ ਹੈ ॥ ਕਬੀ ਭਾਨ ਕਰ ਤਪੈ ਕਬੀਸੀਸ ਛੱਤ੍ਰਦਿਪੈਕਹੂੰਸਤ ਕਾਰਹੋਤ ਕਹੂੰ ਤ੍ਰਿਸਕਾਰ ਹੈ ॥ਤਦਪ ਨ ਸੰਤ ਜਨ ਸੁਖੀਦੁਖੀ ਹੋਤ ਮਨ ਆਤਮਾ ਅਸੰਗ ਲਖੇ ਦੇਹ ਕੋ ਵਿਹਾਰ ਹੈ ॥ ੧੪ ॥

ਟੀਕਾ—ਕਬੀ ਵਿਦਵਾਨ ਕਾ ਧਰਤੀ ਪਰ ਆਸਨ ਹੋਵੇ ਹੈ ਕਬੀ ਸੁੰਦਰ ਸਿੰਘਾਸਨ ਪਰ ਹੋਵੈਹੈ ॥ ਕਬੀ ਭੁੰਜੋਕਵਲਾਕੀ ਨਾਲੀ ਹੋਤੀਹੈ ਵਾ ਰੁੱਖਾਮਿੱਸਾ ਖਾਨਕੋ ਪ੍ਰਾਪਤ ਹੋਵੈਹੈ। ਕਬੀ ਨਾਨਾ ਪ੍ਰਕਾਰ ਕੇਖਾਨੇ ਮਿਲੇਹੈਂ ਕਬੀ ਸੌ ਟੁਕੜੇਵਾਲੀਗੋਦੜੀ ਕੋ ਪਹਿਰੇ ਹੈ। ਅਰ ਕਬੀ ਦੁਸ਼ਾਲੇ ਆਦ ਭੂਖਨਕੋ ਪਹਰੇ ਹੈ। ਕਬੀ ਨਗਨ ਹੀ ਹੋਵੈਹੈ। ਕਬੀ ਸੂਰਜਕੀ ਧੁਪਕਰ ਤਪਤ ਹੈ॥ਕਬੀ ਸਿਰਪਰ ਛਤ੍ਰ ਹੋਤਾ ਹੈ। ਕਹੂੰ ਆਦਰ ਹੋ ਰਹਿਆ ਹੈ॥ ਕਹੂੰ ਨਿਆਦਰ ਹੋਤਾ ਹੈ ॥ ਐਸੀ ਬਵਸਥਾਕੋ ਦੇਖ ਕਰ ਸੰਤ ਜਨ ਮਨ ਕਰਕੇ ਸੁਖੀ ਤਥਾ ਦੁਖੀ ਹੋਵੇ ਨਹੀਂਹੈ। ਜਾਣ ਤੇ ਹੈਂ ਆਤਮਾਤੇ ਸਰਬ ਪ੍ਰਕਾਰ ਹਾਨਲਾਭ ਸੇ ਅਸੰਗਰੂਪਹੈ ਅਰ ਹਾਨ ਤਥਾ ਲਾਭ ਸ਼ਰੀਰ ਕੇ ਕਰਮੋਂਕਾਫਲ ਸਰੀਰਕੋ ਪ੍ਰਾਪਤਿ ਹੋ ਰਹਿਆ ਹੈ। ਐਸੇ ਸਰੀਰ ਭੋਗ ਪ੍ਰਾਰਬਧਭੇਦ ਤੇ ਅਨੰਤ ਪ੍ਰਕਾਰ ਕਾ ਹੈ ਕਿਸਕੇ ਵਿਹਾਰਕੋ ਦੇਖਕਰ ਗਿਲਾਨ ਨਹੀਂ ਕਰਨੀ ॥੧੬॥ ਨਨੂ ॥ ਕਉਨ ਦ੍ਰਿਸਟਾਂਤ ਹੈ ਜਿਸਤੇ ਜਾਨਜਾਂਜਾਵੇਜੋ ਵਿਦਵਾਨ ਆਪਕੋਐਸੇਅਸੰਗਮਾਨੇਹੈ॥ ਉੱਤ

Sri Satguru Jagjit Singh Ji eLibrary NamdhariElibrary@gmail.com

**ਦੋਹਰਾ॥ ਕ੍ਰਿਆ ਸ੍ਵਪਨ ਪ੍ਰਤਿਬਿੰਬ ਤੇ ਬਿੰਬ ਪ੍ਰਬੁਧ ਅਰੰਗ। ਤਥਾ ਤ੍ਰਿਧਾਕ੍ਰਿਤ ਕਾਲ ਤ੍ਰੈ ਜੀਵਨ ਮੁਕਤਿ ਅਸੰਗ॥ ੧੭॥**

ਟੀਕਾ—ਜੈਸੇ ਕੋਈ ਪੁਰਸ਼ ਸੋਯਾ ਹੂਆ ਹੈ ਅਰ ਅਨੰਤ ਪ੍ਰਕਾਰਰਾਜਕੀ ਵਿਭੂਤਕੋ ਸੁਪਨਮੇਂ ਭੋਗਹੈ ਵਾ ਅਨੰਤਪ੍ਰਕਾਰ ਕੇ ਦੁਖਕਰ ਦੁਖੀ ਹੋਵੇਹੈ। ਤਿਸ ਪੁਰਸ਼ ਕੀ ਸੁਫਨੇਕੀ ਕ੍ਰਿਆ ਸੇ ਜਾਗ੍ਰਤ ਅਵਸਥਾ ਵਾਲਾ ਪੁਰਸ਼ ਅਸੰਗ ਹੋਵੇ ਹੈ। ਪੁਨਾ ਜੈਸੇ ਘਟਆਦਿ ਜਲ ਪਾਤ੍ਰੋਂਮੇਂਸੂਰਯਕਾ ਪ੍ਰਤਿਬਿੰਬ ਹੋਵੇਹੈ। ਜਲ ਤਥਾ ਘਟਾਦਿ ਪਾਤ੍ਰੋਂਕੀ ਉਪਾਧੀ ਕਰ ਅਨੇਕ ਪ੍ਰਕਾਰਕੀ ਚੇਸ਼ਟਾ ਤਿਸ ਪ੍ਰਤਿਬਿੰਬਕੀ ਦੀਸੇ ਹੈਪਰੰਤੂ ਤਿਸ ਚੇਸ਼ਟਾ ਸੇ ਬਿੰਬ ਰੂਪ ਸੂਰਜ ਅਰੰਗ ਹੈਅਰੰਗ ਨਾਮ ਨਿਰ-ਲੇਪ ਕਾ ਹੈ। ਤੈਸੇ ਹੀ ਮਨ ਬਾਨੀ ਸਰੀਰ ਕੀ ਚੇਸ਼ਟਾ ਸੇ ਤੀਨੋਂ ਕਾਲ ਜੀਵਨ ਮੁਕਤਿ ਆਪਕੋ ਅਸੰਗ ਮਾਨੇ ਹੈ॥ ੧੭॥ਨਨੁ॥ ਆਪਕੋ ਅਸੰਗ ਮਾਨਕੇ ਪਦਾਰਥ ਭੱਖਨਾਦਿ ਲੈਣ ਦੇਣ ਵਿਹਾਰਕੋ ਕਰਤੇ ਹੋਏਂਗੇ॥ ਉੱਤਰ॥

**ਕਬਿੱਤ॥ ਜਾਚਜਾਚ ਅੰਨ ਖਾਤੋ ਆਨ ਲੇਨ ਦੇਨ ਘਾਤੋ ਨੀਚਜਨ ਸੰਗਹਾਤੋ ਸੁਤੇ ਆਤੋ ਜਾਤੋ ਹੈ। ਵਿਚਰੇ ਅਲਗਮਗ ਮਾਹਿ ਨਾਹਿ ਜਗ ਮਾਹਿ ਕਾਹੂ ਸੋ ਵਿਰੋਧ ਨਾਤੋ ਬੋਧ ਸਿੰਧ**

Sri Satguru Jagjit Singh Ji eLibrary NamdhariElibrary@gmail.com

ਨਾਤੋਹੈ। ਗਲੀ ਗਲੀ ਮਾਹਿ ਬੀਨ ਗਲੀ ਗਲੀ ਟਲੀ ਲੀਨ ਤਾਂਕੋ।ਕਿੰਥਾ ਸੀਤ ਪੀਨ ਖੀਨ ਸੀਤ ਵਾਤੋਹੈ। ਅਹੰਕ੍ਰਿਤ ਬ੍ਰਿਤਰਾਤੇ ਨਾਹਿ ਨਿਰ ਮਾਨ ਗਾਤੇ ਜਾਂਕੋ ਮਨਮੀਨ ਬ੍ਰਹਮਾਨੰਦ ਸਿੰਧ ਮਾਤੋ ਹੈ॥ ੧੯॥

ਟੀਕਾ—ਜਾਚਨਾ ਕਾ ਅੰਨ ਜਾਚਕਰ ਖਾਤੇ ਹੈਂ॥ ਏਕਤੋ ਐਸੇ ਜਾਚਕਰ ਖਾਤੇ ਹੈਂ ਜੋ ਕਿਸੀਕਾ ਮਲਣ ਅੰਨ ਨਾ ਹੋਵੇ। ਅਰ ਦੂਸਰਾ ਜਾਦਾ ਨਾ ਖਾਧਾ ਜਾਵੇ॥ ਹੋਰ ਲੈਣੇ ਦੇਣੇਕਾ ਭੀ ਤਿਨਕੇ ਸਰਬਦਾ ਕਰ ਤਿਆਗ ਹੈ। ਅਰ ਨੀਚ ਪੁਰਸ਼ਕੀ ਸੰ-ਗਤ ਭੀ ਨਹੀਂ ਕਰਤੇ ਹੈਂ।ਅਪਨੀ ਇੱਛਾ ਅਨੁਸਾਰ ਵਿਚਰਤੇ ਹੈਂ। ਪ੍ਰੰਤੂ ਸੰਸਾਰ ਮਹਿ ਨਹੀਂ ਵਿਚਰਤੇ ਸੰਸਾਰਸੈ ਭਿੰਨ ਅ-ਲੱਗ ਸੰਤ ਮਾਰਗ ਮੇਂ ਵਿਚਰੇ ਹੈਂ। ਪੁਨਾ ਤਿਨ ਕਾ ਕਿਸੇਸਾਥ ਵਰੋਧ ਭੀ ਨਹੀਂ ਹੈ ਸਰਬਕੋ ਸਮ ਜਾਣਤੇਹੈਂ। ਅਰ ਗਿਆਨ ਰੂਪੀ ਸਮੁੰਦਮੇਂ ਨ੍ਹਾਤੇ ਹੋਏ ਹੈਂ ਨਗਰੋਂ ਕੀਆਂ ਜੋ ਗਲੀਆਂਹੈਂ ਤਿਨ ਗਲੀਓਂਸੇ ਨ੍ਰਿਦਾਵੇ ਜੋ ਗਲੀਆਂ ਹੋਈਆਂ ਲੀਰਾ ਹੈਂ ਛੇਕਾਂ ਵਾਲੀਆਂ ਤਿਨਕੋ ਚੁਗਕਰ ਤਿਨਕਾ ਗੋਦੜਾਸੀਂਵਕਰ ਪੱਕਾ ਜੈਸਾ ਓਢੇ ਹੈਂ। ਜੋ ਪਾਲੇ ਅਰ ਪਵਣ ਕੇ ਨਾਸ਼ ਕਰਨੇ ਹਾਰਾਹੈ॥ ਅਹੰ ਕਰਤਾ ਅਹੰ ਭੋਗਤਾ ਏਹ ਜੋ ਬ੍ਰਿਤੀ ਹੈ ਮੂਰਖ ਪੁਰਸ਼ੋਂਕੀ ਇਸਮੇਂਸੇ ਸੰਤ ਮਿਲੇ ਨਹੀਂ ਹੈਂ। ਅਰ ਸਰੀਰ ਕੇ ਮਾਨ ਥੀਂਭੀ ਰਹਿਤ ਹੈਂ ਸਰੀਰ ਕੋ ਆਪਨਾ ਨਹੀਂ ਜਾਨਤੇ॥

Sri Satguru Jagjit Singh Ji eLibrary NamdhariElibrary@gmail.com

ਜਿਨਕਾ ਮਨ ਰੂਪੀ ਮੱਛ ਬ੍ਰਹਮਾਨੰਦ ਰੂਪੀ ਸਮੁੰਦ੍ਰ ਮੈਂ ਮਸਤ ਹੋ ਰਹਿਆ ਹੈ ॥ ੧੮ ॥

ਦੋਹਰਾ ॥ ਚਿਤ ਸੋਂ ਮਿਲ ਚਿਤ ਸੋ ਭਯੋ ਜਿਹ ਚਿਤ ਤਜ ਨਿਜ ਬਾਨ । ਅਸ ਜੀਵਨ ਮੁਕਤੇ ਪੁਰਖ ਨਾਹਿੰ ਮੁਕਤੇ ਜਗ ਜਾਨ ॥ ੧੯ ॥

ਟੀਕਾ—ਪੁਨਾ ਸੋ ਮਹਾਤਮਾਂ ਕੈਸੇ ਹੈਂ ਜਿਨਕਾ ਚਿਤ ਆਪਨੀ ਆਸਾ ਰੂਪੀ ਖੋਟੀ ਬਾਣ ਕੋ ਤਿਆਗ ਕਰ । ਅਰ ਚੈਤਨ ਸਾਥ ਮਿਲ ਕਰ । ਚੇਤਨ ਸਾਰਖਾ ਚੇਤਨ ਰੂਪ ਹੀ ਹੋਇ ਰਹਿਆ ਹੈ ॥ ਐਸੇ ਪੁਰਖ ਜੀਵਨ ਮੁਕਤ ਆਸਾ ਰੂਪੀ ਨਦੀ ਸੇ ਪਾਰ ਹੂਏ ਹੈਂ । ਪ੍ਰੰਤੂ ਬਹੁਤੇ ਨਹੀਂ ਹੈਂ ਸੰਸਾਰ ਮੇਂ ਐਸੇ ਜਾਣ ॥ ੧੯ ॥ ਨਨੂ ਆਸਾ ਔਨਦੀ ਕੀ ਸਮਤਾ ਕਿਆ ਹੈ ॥ ਉੱਤਰ ॥

ਕਬਿੱਤ ॥ ਆਸਾ ਨਾਮ ਸਰੀ ਮਨੋਰਾਜ ਨੀਰ ਭਰੀ ਕਰੀ ਤ੍ਰਿਸ਼ਨਾ ਤ੍ਰੰਗ ਖਰੀ ਵਿਆਕੁਲੀ ਗੰਭੀਰ ਹੈ । ਧੀਰਜ ਕੋ ਤਰ ਹਾਰੀ ਬੁਧਿ ਨਾਵ ਕੋ ਨਿਵਾਰੀ ਭਵ ਸਿੰਧੁ ਗਤਿ ਵਾਰੀ ਬਿਪਤਾ ਸਮੀਰ ਹੈ ॥ ਮਦਨਾਦਿ ਖਗ ਭੀਰ ਰਾਗ ਦ੍ਵੈਖ ਗ੍ਰਾਹਿ ਗੀਰ ਮੋਹ ਚੱਕ੍ਰ ਯਾਂਕੋ ਨੀਰ ਜਾਰੇ ਵਾਂਕੋ ਸੀਰ ਹੈ ॥ ਊਚੇ ਚਿੰਤਾ ਤਟ ਜਾਂਤੇ ਤਰਣੀ ਕਠਿਨ ਤਾਂਤੇ

ਭੋਗੀ ਤਾਮੋਂ ਬਹੇ ਯੋਗੀ ਬਹੇ ਪਾਰਤੀਰ ਹੈ॥੧੯

ਟੀਕਾ—ਮਨੋਰਾਜ ਰੂਪੀ ਜਲ ਕਰ ਆਸਾ ਰੂਪੀ ਨਦੀ ਪੂਰਣ ਹੈ। ਆਸਾ ਧਾਰ ਕਰ ਪੁਰਸ਼ ਅਨੇਕ ਪ੍ਰਕਾਰ ਕੇ ਸੰਕਲਪ ਕਰੇ ਹੈ। ਅਰ ਤ੍ਰਿਸ਼ਨਾ ਰੂਪੀ ਲਹਿਰਾਂ ਕਰ ਪੂਰਨ ਹੈ। ਅਰ ਵਿਆਕਲਤਾ ਰੂਪੀ ਬੜੀ ਭਾਰੀ ਡੂੰਘ ਜਾਈ ਹੈ ॥ਪ੍ਰਲੋਕਸੁਖ ਵਾਸਤੇ ਸ੍ਰਿਸ਼ਟ ਕਰਮ ਕਰਨੇ ਕੀ ਜੋ ਅਕਲ ਤਿਸਕੇ ਨਾਸ਼ ਕਾ ਨਾਮ ਵਿਆਕੁਲਤਾ ਹੈ। ਜੈਸੇ ਨਦੀ ਸਮੀਪ ਬ੍ਰਿਛੋਂ ਕਾ ਨਾਸ਼ ਕਰੇ ਹੈ॥ ਤੈਸੇ ਧੀਰਜ ਰੂਪੀ ਬ੍ਰਿਛ ਕਾ ਆਸਾ ਰੂਪੀ ਨਦੀ ਨਾਸ ਕਰੇ ਹੈ। ਭਾਵ ਯੇਹ ਤ੍ਰਿਸ਼ਨਾਲੂ ਪੁਰਸ਼ ਮੇਂ ਧੀਰਜ ਨਹੀਂ ਰਹੇ ਹੈ। ਅਰ ਸ੍ਰਿਸ਼ਟ ਬੁਧੀ ਰੂਪੀ ਬੇੜੀ ਕੇ ਨਾਸ਼ ਕਰਨੇਹਾਰੀ ਹੈ। ਸੰਸਾਰ ਰੂਪੀ ਸਮੁੰਦ੍ਰ ਕੋ ਪ੍ਰਾਪਤਿ ਕਰਨੇ ਵਾਲੀ ਹੈ। ਪੁਨਾ ਅਨੇਕ ਪ੍ਰਕਾਰੋਂ ਕੀ ਜੋ ਬਿਪਤਾ ਰਾਜ ਦਰਬਾਰਾਂ ਦਿਕੋਂ ਕੀ ਪੜ ਜਾਣੀ ਹੈ ਸੋ ਪਵਨ ਹੈ। ਕਾਮ ਕ੍ਰੋਧਾਦਿ ਪੰਛੀਓਂ ਕੀ ਇਸ ਪਰ ਭੀੜਾ ਹੈ। ਅਰ ਰਾਗ ਦ੍ਵੈਖ ਰੂਪੀ ਤੰਦਵੇ ਹੈਂ॥ ਪੁਨਾ ਮੋਹ ਰੂਪੀ ਘੁੰਮਨ ਘੇਰ ਹੈ ਪੁਨਾ ਇਸ ਆਸਾ ਰੂਪੀ ਨਦੀ ਕਾ ਮਨੋਰਾਜ ਰੂਪੀ ਜਲ ਸਾੜ੍ਹੇ ਹੈ। ਇਤਨੀ ਇਸਮੇਂ ਅਧਕਤਾ ਹੈ ਅਰ ਦੂਸਰੀ ਬਾਹਰਲੀ ਨਦੀ ਕਾ ਜਲ ਸੀਤਲ ਹੈ। ਪੁਨਾ ਚਿੰਤਾ ਰੂਪੀ ਊਚੇ ਕਨਾਰੇ ਹੈਂ। ਇਸ ਤੇ ਏਹ ਨਦੀ ਤਰਨੀ ਕਠਨ ਹੈ ਭੋਗੀ ਪੁਰਸ਼ ਆਸਾ ਰੂਪੀ ਨਦੀ ਮੈਂ ਰੁੜੇ ਹੈਂ ਅਰ ਜੋਗੀ ਜਨ ਸੰਤ ਇਸਕੇ ਪਾਰਲੇ ਵਿਚਾਰ ਰੂਪੀ ਕਨਾਰੇ ਪਰ ਬਹੇ ਹੈਂ॥੧੯



Sri Satguru Jagjit Singh Ji eLibrary NamdhariElibrary@gmail.com

**ਸੋਰਠਾ ॥ ਸੁਖ ਸ੍ਰੂਪਤੇ ਸਾਧ ਨਿਕਲ ਗਏ ਤਿਹ ਸਿਰਤਮੋ। ਆਸਾ ਨਦੀ ਅਗਾਧ ਨਿਕਲ ਲਏ ਜਨ ਇਤ੍ਰਗਣ ॥ ੨੦ ॥**

ਟੀਕਾ—ਜਿਨ ਸੰਤੋਂ ਕਾ ਪੂਰਬ ਵਰਨਨ ਕਰਿਆ ਹੈ ਤੇ ਸੁਖ ਰੂਪ ਸੰਤ ਤਿਸ ਆਸਾ ਰੂਪੀ ਨਦੀਸੇ ਪਾਰ ਨਿਕਲ ਗਏ ਹੈਂ ॥ ਅਰ ਤਿਨ ਸੰਤੋਂ ਸੇ ਭਿੰਨ ਜੋ ਅਗਜਾਨੀ ਜੀਵ ਹੈਂ ਸੋ ਸਮੂਹ ਅਧਾਰ ਰੂਪ ਆਸਾ ਨਦੀ ਨੇ ਭੱਖਨ ਕਰ ਲਏ ਹੈ ॥੨੦॥ ਨਨੂ॥ ਕਿਆ ਵਿਚਾਰ ਕਰ ਅਗਨਿ ਰੂਪ ਆਸਾ ਨਦੀਸੇ ਨਿਕਸੇ ਹੈਂ ਖਾਨ ਪਹਰਾਨਾਦਿ ਮੰਦੋਂ ਕੀ ਆਸਾ ਤੌ ਰਹਿਤੀ ਹੈ॥ ਉੱਤਰ॥

**ਨਰਾਜ ਛੰਦ ॥ ਪਥੇ ਪਥੇ ਨ ਭੀਖ ਕਸ੍ਰ ਸਾਥ ਹਾਥ ਪੈ ਧਰੇ ॥ ਮਠੇ ਮਸਾਨ ਬਾਗ ਕਿੰ ਯੁਗਾਤ ਆਗਸੌਂ ਜਰੇ। ਸਮੂਹ ਭੂਮਪੈ ਫਲੀ ਫਲੇ ਕਹਾਂ ਨ ਵੇ ਫਲੇਂ। ਮ੍ਰਿਗਾਨ ਕੇ ਮ੍ਰਿਗਾਨ ਕਿੰਨ ਸੀਤ ਵਾਤ ਕੋ ਦਲੇਂ ॥ ੨੧ ॥**

ਟੀਕਾ—ਐਸੇ ਵਿਚਾਰ ਕਰ ਸੰਤ ਨਿਕਸਤੇ ਭਏ। ਭਿੱਖਜਾ ਕਿਸੇ ਦੁਖਕਰ ਹਾਥਮੇਂ ਪ੍ਰਾਪਤਿ ਹੋਵੇ ਨਹੀਂ ਕਿੰਤੂ ਕਿਸੇ ਰਸਤੇ ਚਲੇ ਜਾਵੇਂ ਹਰ ਰਸਤੇ ਸੁਖੈਨ ਹੀ ਮਿਲ ਜਾਤੀ ਹੈ। ਮਸਾਨ ਭੂਮੀਕੇ ਕੋਠੇ ਤਥਾ ਬਾਗੋਂ ਕੇ ਬੁਰਜ ਕਿਧੌਂ ਆਗਸੇ ਸੜ ਗਏ ਹੈਂ ॥ ਕਿੰਤੂ ਨਹੀਂ ਤਿਨਮੇਂ ਵਸੇਂਗੇ ਅਥਵਾ ਪ੍ਰਿਥੀ ਪਰ ਜੋ

Sri Satguru Jagjit Singh Ji eLibrary NamdhariElibrary@gmail.com

ਬ੍ਰਿਛ ਹੈਂ ਸਮੂਹ ਵਲੇਂਟੋਏ ਫਲਕੇ ਕਿਆ ਨਹੀਂ ਦੇਤੇ ਕਿੰਤੂ ਦੇਤੇ ਹੈਂ। ਅਰ ਹਰਨੋਂ ਕੇ ਮ੍ਰਿਗਾਨ ਪਾਲਜਾਂ ਕੋ ਨਾਸ਼ ਨਹੀਂ ਕਰਤੇ ਕਿੰਤੂ ਕਰਤੇ ਹੈਂ ॥ ੨੧ ॥

**ਮੂਲ॥ ਇਸੋਸਮਾਜਆਜਲੋਂ ਬਿਰਾਜਮਾਨ ਹੈ**
**ਸਬੀ॥ ਇਨੇਹੁਤੇਤ੍ਰਿਨੇਤ੍ਰਕੋਮਹਾਂਨਧੀਤਜੇਕਬੀ**
**।ਪੁਨਾਕਬੇਭਛੇਧਨੰਕਣੀਮਦਾਂਧਜੰਤੁਕੇ। ਬਸੇ**
**ਇਨੇਬਨੋਭਜੇ ਨਿਜਾਤਮਾ ਅਨੰਤਕੋ ॥੨੨॥**

ਟੀਕਾ—ਐਸੇ ਵਿਚਾਰ ਕੋ ਸੰਤ ਕਰਤੇ ਭਏ॥ ਇਸ ਪ੍ਰਕਾਰ ਕੀ ਸੰਪੂਰਨ ਵਿਭੂਤੀ ਆਜ ਪ੍ਰਯੰਤ ਬਿਰਾਜਮਾਨ ਹੈ ਸੁਖਕੇ ਦੇਨੇ ਹਾਰੀ ਨ੍ਰਿਯਾਚ॥ ਇਸਕੇ ਹੁੰਦਿਆਂ ਸ੍ਰਿਸ਼੍ਰਿ ਬੁਧੀ ਵਾਲਾਪੁ-ਰਸ਼ ਸ਼ਿਵਜੀ ਕੇ ਭਜਨ ਕੋ ਨਹੀਂ ਤਿਆਗਤਾ। ਪੁਨਾ ਧਨਕੀ ਕਣੀਮਾਤ੍ਰਕੇ ਮਦਕਰ ਜੋ ਅੰਧੇ ਹੋਏ ਹੋਏ ਧਨੀ ਤਿਨਾਂਕੀ ਸੇਵਾ ਕਦ ਕਰਤਾ ਹੈ ਖਾਨ ਪਾਨ ਵਸਨੇ ਹੇਤ ਬੁਧੀਵਾਨ ਸਬ ਕਰ ਇਸ ਪੂਰਬਉਕਤ ਬਨਮੇਂ ਅਨੰਤ ਸਰੂਪ ਆਪਨੇ ਆ-ਤਮਾ ਕਾ ਭਜਨ ਕਰੇਹੈ॥ ੨੨ ॥ ਨਨੂ॥ ਪਾਪ ਪੁੰਨਕੇ ਫਲ ਸੁਕ ਦੁਖਕੇ ਨੂਨ ਅਧਕ ਮਾਨਤੇ ਹੋਏਂਗੇ॥ ਉੱਤਰ॥

**ਸਮਾਨ ਪਾਪ ਪੁੰਨ ਕੇ ਵਿਪਾਕ ਸੁਖਦੁਖ ਕੋ ॥**
**ਲਖੇ ਚਰੇ ਬਨੇ ਨ ਰਾਗ ਦੋਖ ਯੌਂ ਵਿਦੱਖਕੋ ॥**
**ਇਸੇ ਪ੍ਰਮਾਨ ਲੋਕ ਮੈਂ ਅਸੋਕ ਕੇ ਇਕੇਕਹੂੰ॥**

Sri Satguru Jagjit Singh Ji eLibrary NamdhariElibrary@gmail.com

**ਵਿਲੋਕਹੋਂਅਨੇਕਕੋਜੁਬ੍ਰਹਮਰੂਪਏਕਹੂ ॥੨੩**

ਟੀਕਾ—ਪੁੰਨਾ ਕਾ ਫਲ ਸੁਖ ਤਥਾ ਪਾਪਾਂ ਕਾ ਫਲ ਦੁਖ ਇਸਕੋ ਸਮਾਨ ਜਾਣੇ ਹੈ॥ ਅਰ ਬਨਾ ਮੇਂ ਵਿਚਰ ਰਹੇ ਹੈਂ ਵਿਦਵਾਨ ਕੋ ਰਾਗ ਦ੍ਵੇਖ ਨਹੀਂ ਹੋਤਾ ਸੁਖਾਦਿਕੋਂ ਮੈ॥ਐਸਾ ਅਸ਼ੋਕ ਪੁਰਸ਼ ਸੰਸਾਰ ਮੇਂ ਕੋਈ ਇਕਕਹੂੰ ਹੋਵੇਗਾ ॥ਦੇਖੀਦਾ ਤੇ ਅਨੇਕਾਂ ਕੋ ਹੈਂ ਪਰੰਤੂ ਜੋ ਬ੍ਰਹਮ ਰੂਪ ਹੂਆ ਹੈ ਸੋ ਕੋਈ ਇਕ ਹੀ ਹੈ ॥ ੨੩ ॥ ਅਬ ਵਿਦਵਾਨੋਂ ਕੇ ਕਰਤੱਬ ਤਥਾ ਬ੍ਰੱਤ ਮਿਤ੍ਰਾਂਦਿ ਪਰਵਾਰ ਕੋ ਵਰਨਨ ਕਰੇ ਹੈਂ ॥

**ਯਥਾ ਕਃ॥ ਦੇਵ ਏਕ ਮਹਾਂਦੇਵ ਨਦੀ ਵੇਵ
ਨਦੀ ਸੇਵ ਗਿਰ ਗੁਹਾ ਧਾਮ ਏਵ ਚੀਰ ਦਿਸ਼ਾ
ਚਾਰਹੈ॥ ਏਹ ਕਾਲ ਮਿਤ੍ਰ ਨੀਕੋ ਬ੍ਰਤ ਨਿਰ
ਦੀਨਤਾ ਕੋ ਸੰਗਬੁਧਿ ਜੁਵਤੀ ਕੋ ਪ੍ਰਿਆ ਬਟ
ਡਾਰ ਹੈ॥ ਸੁਤਾਨਿਰਵੈਰਤਾ ਕੁਮਾਰ ਬ੍ਰਹਮ ਕੋ
ਬਿਚਾਰਔਰਕਹਾਂਭਨੋਜਾਕੋ ਬਨੋ ਯਾ ਅਚਾਰ
ਹੈ॥ਐਸੇ ਸਦਾਚਾਰ ਪਰਵਾਰ ਕਰ ਜੋਊ ਨਰ
ਸਦਾ ਪਰਵਾਰੋ ਸਦਾ ਤਾਹਿੰ ਕੋਜੁਹਾਰਹੈ॥੨੪**

ਟੀਕਾ—ਦੇਵਤਿਆਂ ਵਿਚੋਂ ਤਾਂ ਏਕ ਮਹਾਂਦੇਵ ਕੋ ਸੇਵਤੇ ਹੈਂ ਅਰ ਨਦੀਆਂ ਵਿਚੋਂ ਸ੍ਰੀ ਗੰਗਾ ਜੀ ਕੋ ਸੇਵਤੇ ਹੈਂ ॥ ਏਵ ਨਿਸਚੇ ਕਰ ਪਰਬਤਾਂ ਕੀਆਂ ਕੰਦ੍ਰਾਂ ਹੀ ਘਰ ਹੈਂ ਤਿਨਕੇਅਰ

Sri Satguru Jagjit Singh Ji eLibrary NamdhariElibrary@gmail.com

ਬਸਤ੍ਰ ਚਾਰੋਂ ਦਿਸਾ ਹੈਂ॥ਐਸਾ ਜੋ ਸਮਾ ਬੀਤਨਾ ਹੈ ਏਹੀ ਮਿਤ੍ਰ ਹੈ ਅਰ ਜੋ ਕਿਸੇ ਕੇ ਦੀਨ ਨਹੀਂ ਹੋਣਾ ਏਹੀ ਬ੍ਰਤ ਹੈ ਸੰਤਾਂ ਕਾ ॥ ਅਰ ਆਤਮ ਵਸ਼ੈਣੀ ਬੁਧੀ ਰੂਪੀ ਇਸਤ੍ਰੀ ਕਾ ਸਦਾ ਸੰਗ ਧਾਰਨ ਕਰੇ ਹੈ। ਅਰ ਬੋਹੜਾਦਿ ਬ੍ਰਿਛੋਂ ਕੇ ਜੋ ਟਾਹਣੇ ਹੈਂ ਤਿਨ ਕੇ ਸਾਥ ਪ੍ਰੇਮ ਕਰੇਂ ਹੈਂ ਆਪਨੇ ਪਿਆਰੇ ਜਾਣੇ ਹੈਂ ॥ ਕਿਆ ਜਿਸ ਕੇ ਨੀਚੇ ਬੈਠਤੇ ਹੈਂ ਤਿਸ ਟਾਹਣ ਕੋ ਆਪਨਾ ਸੁਖਦਾਈ ਮਾਨ ਕਰ ਹਿਤੂ ਜਾਣਤੇ ਹੈਂ ॥ਪੁਨਾ ਮਨ ਮੈ ਜੋ ਨਿਰਵੈਰਤਾ ਧਾਰਨ ਕਰੀ ਹੈ ਸੋ ਪੁਤ੍ਰੀ ਹੈ॥ ਅਰ ਬ੍ਰਹਮ ਵਿਚਾਰੁ ਪੁਤ੍ਰ ਹੈ। ਜੈਸੇ ਪੁਤ੍ਰ ਕਾ ਧਰਮ ਹੈ ਪਿਤਾ ਕੋ ਨਰਕ ਦੁਖ ਸੇ ਰਖਣਾ ਤੈਸੇ ਬ੍ਰਹਮ ਵਿਚਾਰ ਸਰਬ ਅਨਰਥ ਰੂਪ ਦੁਖ ਸੇ ਰਖੇ ਹੈਂ।ਭਰਥਰੀ ਜੀ ਕਹੇ ਹੈਂ ਹੋਰ ਕਿਆ ਕਥਨ ਕਰਨਾ ਹੈ॥ਤਿਨ ਸੰਤਨ ਕਾ ਜਿਨਕਾ ਐਸਾ ਕਰਤਬ ਬਨ ਰਹਿਆ ਹੈ॥ਐਸੇ ਪੂਰਬੋਕਤ ਸ੍ਰਿਸ਼ਟ ਪ੍ਰਵਾਰ ਕਰ ਸਰਬ ਦਾ ਕਾਲ ਜੈ ਨਰ ਸਦਾ ਹੀ ਖਚਿਤ ਹੋ ਰਹਿਆ ਹੈ ਤਿਸਕੋ ਮੇਰੀ ਸਦਾ ਨਮਸਕਾਰ ਹੈ॥ ॥੨੪॥ ਨਨੂ ॥ ਭਿਖਿਆ ਕੇ ਅੰਨ ਮੈ ਕਿਆ ਗੁਣ ਹੈ ਜੋ ਪੂਰਬ ਕਹਿਆ ਜਾਚਨਾ ਕਰ ਸੰਤ ਖਾਤੇ ਹੈਂ ਤਿਨਕੋ ਤੇ ਖੁਆਵਣੇ ਵਾਰੇ ਬਹੁਤ ਹੈਂ ॥ ਉੱਤਰ ॥

**ਯਥਾ ਕਬਿੱਤ ॥ ਭਿੱਖਿਆ ਹਰਜੋ ਅੰਨ ਗੁਣ ਗਣੋਂ ਕੇ ਸਪੰਨ ਅਖੈ ਨਿਧਿ ਅਜ ਤਨ ਲਾਭ ਦੀਨਤਾ ਅਭਾਵ ਹੈ॥ਦੁਰਮਤ ਸਰ ਤ੍ਰਾਸਮਦ**

Sri Satguru Jagjit Singh Ji eLibrary NamdhariElibrary@gmail.com

**ਅਭਿਮਾਨ ਆਸ ਹਨੇ ਦੁਖ ਰਾਸ ਸਨੇ ਜਨੇ ਸਾਂਤਿ
ਭਾਵ ਹੈ॥ ਨਾਂਹਿ ਪ੍ਰਤਿ ਹਤ ਹੈ ਸਕਲ ਕਾਲ
ਸਤ ਹੈ ਅਖਲ ਦੇਸ਼ ਗਤਿ ਹੈ ਮਹੇਸ਼ ਯਗ ਗਾਵ
ਹੈ॥ ਹਿੰਸਾ ਬਾਧ ਨਿਰੋਪਾਧਿ ਭਨਤ ਪ੍ਰਸੰਸਾ ਸਾਧੁ
ਮੁਖ ਮੋਖ ਸਾਧਨ ਮੇਂ ਸਾਧਨ ਕੋ ਭਾਵ ਹੈ॥੨੫॥**

ਟੀਕਾ—ਤਥਾਂਪੀ ਭਿਖਜਾ ਕਰ ਲਿਆਂਦਾ ਜੋ ਅੰਨ ਸੋ ਸਰਬ ਪ੍ਰਕਾਰ ਕੇ ਗੁਨੋ ਸੰਯੁਤ ਹੈ ਪ੍ਰਿਥਮ ਤੋ ਅਖੈ ਹੈ ਨਾਸ਼ ਨਹੀਂ ਹੋਤਾ ਜੋ ਕੋਈ ਖਵਾਏਗਾ ਤੌ ਏਕ ਦੋ ਦਸ ਦਿਨ ਕੋ ਓੜਕ ਬਰਸ ਦੋ ਬਰਸ ਕੋ ਹਟ ਜਾਵੇਗਾ ॥ ਏਸ ਨੇ ਹਟਨਾ ਨਹੀਂ ਹੈ। ਪੁਨਾ ਸੁਖਕੀ ਨਿਧੀ ਹੈ ਇਸ ਮੇਂ ਕੋਈ ਜਤਨ ਪਕਾਨਾਦਿਕਾ ਕਰਨਾ ਨਹੀਂ ਲਗਤਾ ਅਰ ਪ੍ਰਾਪਤਿ ਹੋਜਾ ਤਾ ਹੈ। ਪੁਨਾ ਕਿਸੇ ਕੇ ਦੀਨ ਨਹੀਂ ਹੋਣਾ ਪੜਤਾ ਦੀਨਤਾਈ ਕਾ ਇਸ ਮੇਂ ਅਭਾਵ ਹੈ ਏਹ ਸਬਸੇ ਬੜਾ ਵਧਕੇ ਗੁਣ ਹੈ ॥ ਖੋਟੀ ਮਤਿ ਕੋ ਤਥਾ ਈਰਖਾ ਕੋ ਭੈ ਕੋ ਹੰਕਾਰ ਕੋ ਹ੍ਰਿਦੇ ਕੇ ਅਭਿਮਾਨ ਕੋ ਆਸਾ ਕੋ ਜੋ ਕਿਸੇ ਕੀ ਇਛਾ ਕਰਨੀ ਹੈ ਇਨ ਸੰਪੂਰਨ ਦੁਖਨ ਕੀ ਰਾਸ ਕੋ ਨਾਸ਼ ਕਰੇ ਹੈ ॥ ਅਰ ਸ਼ਨੇਸ਼ਨੇ ਸਾਂਤਿ ਸੁਭਾਵ ਕੋ ਉਤਪਤਿ ਕਰੇ ਹੈ॥ ਕਿਸੀ ਕਾਲ ਵਿਖੇ ਭੀ ਇਸ ਕਾ ਨਾਸ਼ ਨਹੀਂ ਹੈ ਸਕਲ ਕਾਲ ਮੇਂ ਸਤ ਹੈ॥ ਕਿਸੇ ਕਾਲ ਮੈਂ ਜਾਕਰ ਯੋਗੀ ਮਾਂਗ ਲਵੇ ॥ ਅਰ ਸਰਬ ਦੇਸੋਂ ਮੈਂ ਪ੍ਰਾਪਤਿ ਹੋਜਾਤਾ ਹੈ ਇਸ ਕਾ ਨਾਮ ਹਮੇਸ਼ਾ ਕਾ ਯਗ ਹੈ ਵਾ ਸ਼ਿਵਜੀ ਕਾ ਯਗ ਹੈ ਭਾਵ ਯੇਹ ਜੋ ਏਹ

Sri Satguru Jagjit Singh Ji eLibrary NamdhariElibrary@gmail.com

ਪ੍ਰਮੇਸ਼ਰੀ ਯਗ ਹੈ ॥ ਪੁਨਾ ਸਰਬ ਪ੍ਰਕਾਰ ਕੀ ਹਿੰਸਾ ਕਾ ਇਸ ਮੈ ਨਾਸ ਹੈ ਅਰ ਕੋਈ ਕਿਸੇ ਕੀ ਸ਼ਰੀਕਤਾਦਿ ਉਪਾਧੀ ਭੀ ਇਸ ਮੇਂ ਨਹੀਂ ਹੈ॥ਪੁਨਾ ਸੰਤਜਨ ਇਸਅੰਨਕੀਮਹਮਾ ਕਥਨ ਕਟੇ: ਹੈਂ ॥ ਸਰਬ ਸੰਤ ਏਹ ਕਹਿਤੇ ਹੈਂ ਕਿ ਮੋਖਕੇਸਾਧਨੋਂ ਮੈਂ ਮੁਖ ਸਾਧਨ ਯੰਗਿਆਸੂਕੇ ਏਹੀ ਕਰਤੱਵਹੈ॥ਅਰਸੰਤ ਜਨਾ ਕੋ ਹੀ ਭਾਵਤਾ ਹੈ ਸੋਹਣਾ ਲਗਤਾ ਹੈ ਹੋਰ ਕੋ ਨਹੀਂ ॥ਨਨੂ॥ ਪੂਰਬ ਕਹਿਆ ਜੋ ਕਿਸੀ ਕਾਲਮੇਂ ਜੋਗੀ ਮਾਂਗਲਵੇ ਸੋ ਅਨੁਚਤ ॥ ਸੁਮਾ ਜਾਤਾ ਹੈ ਜੋ ਭਿਖੂਕੋ ਏਕ ਵਕਤ ਮਾਂਗਨਾ ਚਾਹੀਏ ਦੋਪਹਰ ਕੇ ਸਮੇਨਗਰ ਕੋ ਨਿਰਧੂਮ ਹੂਆ ਦੇਖਕੈ ॥ ਉੱਤ੍ਰ ॥ ਪ੍ਰਥਮਤੋ ਐਸਾ ਸਨਾ ਨਹੀਂ ਦੇਖਾ ਜਾਤਾ ਜਿਸਸਮੇਮੈ ਸਾਰਾ ਨਗਰ ਨਿਰਧੂਮ ਹੋਵੈ ਕਹੀਂ ਨਾ ਕਹੀਂ ਧੂਮ ਨਿਕਸਤਾ ਹੀ ਰਹੇ ਹੈ ॥ ਦੂਸਰਾ ਭੁਖੇ ਪੁਰਸ਼ ਕੋ ਮਾਂਗਨਕਾ ਵੇਲਾ ਕੋਈਨਹੀਂ ਬਾਲ ਵਤ । ਯਥਾ ਗੁਰੂ ਸਿਮ੍ਰਤੀ ਪ੍ਰਮਾਣੇ॥"ਖੁਧਿਆ ਵੰਤਨਾ ਜਾਣਹੀਲਾਜੁਕੁਲਾਜਕੁ ਬੋਲ"॥ਈਂਆ ਲਾਜ ਕੁਲਾਜ ਕੁ ਬੋਲ ਕਹਿਣੇ ਪਰ ਵਕਤ ਕਾ ਭੀ ਅਧਿਯਾਹਾਰ ਹੈ । ਜੈਸੇ ਲਾਜ ਕੁਲਾਜ ਕੋ ਖੁਦਿਆਰਥੀ ਨਹੀਂ ਜਾਣੇ ਹੈ ਤੈਸੇ ਸਮੇਕੋ ਭੀ ਨਾ ਜਾਣੇ ॥ ਜਬ ਸਮੇ ਕੋ ਘੁਸਾ ਜਾਨਕੇਸਾਧੂ ਨਗਰ ਮੇਂ ਨਹੀਂ ਜਾਵੇਗਾ ਤੋ ਅੰਨ ਕੇ ਦੁਖ ਸੇ ਮਨੁ ਹਰੀ ਪਾਸੇ ਨਹੀਂ ਹੋਵੇਗਾ । ਇਸ ਤੇ ਭਿਖੂ ਕੋ ਸਮਾ ਨਹੀਂ ਹੈ ॥ ੨੫ ॥

**ਦੋਹਰਾ ॥ ਸਮਦਮਾਦਿਕੇ ਪੁਸ਼੍ਰ ਹਿਤੁ ਗਰਬ**

Sri Satguru Jagjit Singh Ji eLibrary NamdhariElibrary@gmail.com

ਹਿਤਾਰਥ ਸਪ੍ਰੀਤਿ ॥ ਗਹੇ ਸਿੱਧ ਪ੍ਰਮਾਰਥ ਹਿਤ ਭਿਖਿਆ ਅੰਨ ਅਤੀਤ ॥ ੨੬ ॥

ਟੀਕਾ—ਸਮ ਮਨ ਕਾ ਰੋਕਣਾ ਦਮ ਇੰਦ੍ਰਿਆਂ ਕਾ ਰੋਕਣਾ ਹੋਰਸਰਧਾ ਆਦਿਕਾਂਕੇ ਵਧਾਨੇ ਵਾਸਤੇ॥ ਤਥਾ ਅਹੰਕਾਰਾ-ਦਿਕਾਂ ਕੇ ਨਾਸ ਵਾਸਤੇ ਸਹਤ ਪ੍ਰੀਤੀ ਕੇ। ਭਿਖਜਾ ਕੇ ਅੰਨਕੋ ਅਤੀਤ ਪੁਰਸ਼ ਗ੍ਰਹਿਣ ਕਰੈ ਪਰਮ ਅਤਸੇ ਕਰ ਮੋਖ ਕੀ ਪ੍ਰਾਪਤੀ ਵਾਸਤੇ ॥ ੨੬ ॥ ਨਨੂ ॥ ਵਕਤ ਕਾ ਤੌ ਨੇਮ ਨਹੀਂ ਹੈ ਪਰੰਤੂ ਮਾਂਗੇ ਕੌਣ ਰੀਤ ਸੋਂ ਅਥਵਾ ਭਿਖਜਾ ਖਾਕੇ ਕਿਆ ਕ੍ਰਤੱਵਕਰੈ ॥ ਉੱਤਰ ॥

ਕਬਿੱਤ॥ ਪਰੇਪ੍ਰਾਣ ਪਾਤ੍ਰ ਪੈ ਸ੍ਵਭਾਵਕ ਪਵਿੱਤ੍ਰ ਭਿੱਖਜਾ ਤਾਸੋਂ ਪ੍ਰਾਨ ਰੱਖਜਾ ਕਰੇ ਜਹਾਂਚਹੇਬਹੇ ਹੈ॥ ਵਾਰੰਵਾਰ ਵਿਸਕੋ ਨਿਹਾਰ ਤ੍ਰਿਣ ਭਾਰਵਤ ਕਰੇ ਤ੍ਰਿਸਕਾਰ ਸਦਾ ਚਾਰ ਮਾਂਹੀ ਰਹੇਹੈ॥ ਤਨ ਕੇ ਪੀਆਗ ਲਗਸ਼ੁਭ ਮਗਲਾਗ ਰਹੇਦੇਹਜੀ ਵ ਭਾਂਵ ਕੋ ਸੁਭਾਵ ਬ੍ਰਹਮ ਗਹੇ ਹੈ॥ ਐਸੀ ਦੈਵੀ ਸੰਪਦਾ ਨ ਲਹੇ ਦੈਵ ਦਯਾਬਿਨ ਈਸ ਕ੍ਰੀਪਾ ਤੇ ਅਨੀਸ ਨਿਜ ਰੂਪ ਲਹੇਹੈ ॥ ੨੭ ॥

ਟੀਕਾ ॥ ਜੋ ਭਿਖਯਾ ਨ੍ਰਿਛਿਤ ਹਥਾਂ ਰੂਪੀ ਪਾਤ੍ਰ ਮੋ ਪੜ

Sri Satguru Jagjit Singh Ji eLibrary NamdhariElibrary@gmail.com

ਜਾਵੈ ਸੋ ਪਵਿਤ੍ਰ ਹੈ ਕਿਆ ਉੱਤਮ ਹੈ ਤਿਸ ਪਵਿਤ੍ਰਭਿਖਯਾਸੇ ਪ੍ਰਾਣਾ ਕੀ ਰਖਯਾ ਕਰਕੈ ਜਹਾਂ ਇਛਾ ਹੋ ਤਹਾਂ ਬੈਠੇ॥ ਨਨੂ॥ ਜਬ ਜਾਇਕਰ ਮਾਗਾਂ ਤੋ ਨ੍ਰਿਛਿਤਾ ਕਿਆ ਹੋਈ॥ ਉੱਤਰ॥ ਨ੍ਰਿਛਤਾ ਕਾ ਅਰਥ ਏਹ ਹੈ ਜੋ ਜੋਗੀ ਜਨ ਏਹ ਇਛਾ ਧਾਰ ਕਰ ਨਹੀਂ ਜਾਣੈ ਜੋ ਕੱਲ ਅਮਕੇ ਘਰ ਸੇ ਮਿਲਾ ਥਾ ਆਜਭੀ ਉਹਾਂ ਚਲੈ॥ ਐਸੀ ਇਛਾਸੇ ਰਹਿਤ ਕਾ ਨਾਮ ਨ੍ਰਿਛਤ ਹੈ ਵਾ ਹੋਰ ਕਿਸੇ ਗਲੀ ਆਦਿ ਅਸਥਾਨ ਮੇ ਜਾਵੈ।ਜਿਸਪਾਸੇਆਜ ਜਾਵੈਉਸੀਪਾਸਿਕਲਕੋਨਾਜਾਵੈ।ਯਾਕਾਨਾਮਸੁਭਾਵਕਹੈਪੁਨਾ ਏਠਕਰ ਐਸੇ ਕਰਤੱਵ ਕੋ ਕਰੈ। ਵਾਰੰ ਵਾਰ ਸੰਸਾਰ ਕੋ ਅਰੁ ਜ਼ੋਕ ਕੱਖਕੀ ਨਿਜਾਈ ਅਪਵਿਤ੍ਰ ਦੇਖਕਰ ਇਸਕਾਤਿਆਗ ਕਰੈ। ਅਰ ਸਦਾ ਸ੍ਰਿਸ਼ਟਾਚਾਰ ਮੈ ਰਹੇ॥ ਸਰੀਰ ਕੇ ਤਿਆਗ ਪ੍ਰਯੰਤ ਸ੍ਰਿਸ਼ਰ ਕਰਮ ਮੇਂ ਲਗਾ ਰਹੇ॥ ਜੀਵ ਭਾਵ ਕਾ ਨਾਸ਼ ਕਰਕੇ ਬ੍ਰਹਮ ਸੁਭਾਵ ਕੋ ਧਾਰਨ ਕਰੈ॥ ਅਰਥ ਆਪਕੋਜੀਵ ਨਾ ਮਾਨੇ ਬ੍ਰਹਮ ਸਰੂਪ ਆਪਕੋ ਜਾਣੈ॥ ਨਨੂ॥ ਜਬ ਬ੍ਰਹਮ ਭਾਵ ਕੋ ਪ੍ਰਾਪਤਿ ਭਯਾ ਤੋ ਪੁਨਾ ਸ੍ਰਿਸ਼ਟਾਚਾਰਕਰਨੇਮੈਕਿਆ ਪ੍ਰਮਾਣ॥ਉੱਤਰ॥ ਯਥਾ ਗੁਰੂ ਸਿਮ੍ਰਤੀ ਪ੍ਰਮਾਣੇ॥ "ਬ੍ਰਹਮ ਗਿਆਨੀ ਕੇ ਕਿਛੁ ਬੁਰਾਨਭਾਇਆ" ਵਾਬ੍ਰਹਮਗਿਆਨੀਪਰ ਉਕਾਰਉਮਾਹਾ॥ਪੁਨਾਸਿਮ੍ਰਿਤੀਪ੍ਰਮਾਣ॥ ਕਰਤ੍ਰਮੇਵਕਰਤ੍ਰਮ ਪ੍ਰਾਣਰੁਕੰਠ ਗਤੇਰਪੀ। ਜੋ ਕਰੱਤਬ ਕਰਨੇ ਜੋਗ ਹੈਂ ਸੋ ਕਰੈ ਪ੍ਰਾਨ ਹੈਂ॥ਪਰੰਤੂ ਐਸੇ ਜੋ ਦੈਵੀ ਪੁਰਸ਼ ਜਿਨਾਂ ਚਿਰ ਕੰਠਮੇਂ ਪਰਾਣ ਹੈਂ॥ਪਰੰਤੂ ਐਸੇ ਜੋ ਦੈਵੀ ਸੰਪਤਾ ਕੇ ਗੁਣ ਹੈਂ ਸੋ ਈਸ਼੍ਵਰ ਕ੍ਰਿਪਾ ਬਿਨਾ ਨਹੀਂ ਪ੍ਰਾਪਤਿ



Sri Satguru Jagjit Singh Ji eLibrary NamdhariElibrary@gmail.com

ਹੋਤੇ। ਪਰਮੇਸ਼ਰ ਕੀ ਕ੍ਰਿਪਾ ਕਰਹੀ ਅਨੀਸ ਜੋ ਈਸ਼ਰ ਭਾਵ ਕੋ ਨਹੀਂ ਪ੍ਰਾਪਤਿ ਹੂਆ ਜੀਵ ਜਗਿਆਸੀ ਸੋ ਆਪਨੇ ਬ੍ਰਹਮ ਸਰੂਪ ਆਤਮਾ ਕੋ ਜਾਣੇ ਹੈ॥੨੭॥ ਪੁਨਾ ਸੰਤਨ ਕੀ ਮਹਮਾਂ ਕਹੇ ਹੈ॥

ਕ:॥ ਸੁਚ ਬਨ ਕੋ ਨਿਵਾਸੀ ਮ੍ਰਿਗੋਂ ਸੰਗ ਖੇਲ
ਹਾਸੀ ਮੇਲ ਦਾਸ ਦਾਸੀ ਕੋ ਨ ਮੇਧ ਫਨ ਆਸੀ
ਹੈ॥ ਕਦੀ ਪੂਤ ਨਦੀ ਤਟ ਕਬੀ ਸਮਸਾਨੇ ਮਟ
ਕਬਹੂੰ ਪਖਾਨ ਬਟ ਤਟ ਤਰੇ ਬਾਸੀ ਹੈ॥
ਕੇਵਲ ਪ੍ਰਸਾਂਤ ਮਨ ਤੁਲ ਆਇ ਤਨ ਬਨ ਤੱਦ
ਪਿ ਏਕਾਂਤਿ ਘਨ ਬਾਸੀ ਸੁਖ ਰਾਸੀ ਹੈ॥ ਈਸ਼
ਕੇ ਉਪਾਸੀ ਕੀ ਪ੍ਰਕਾਸ਼ੀ ਯਾ ਬਿਭੂਤ ਤਾਹਿੰ ਗਾ
ਵੈ ਸੁਨੇ ਧਜਾਵੈ ਨਾਹਿੰ ਪਾਵੈ ਜਮ ਫਾਸੀ ਹੈ੨੮॥

ਟੀਕਾ॥ ਕੈਸੇ ਹੈਂ ਅਤੀਤ ਪਵਿਤ੍ਰ ਬਨੋ ਮੈਂ ਨਿਵਾਸ ਕਰਨੇ ਹਾਰੇ ਹੈਂ ਅਰ ਹਾਸਾ ਮਖੌਲ ਖੇਲਨਾ ਜਿਨਕਾ ਹਰਨਾਦਿ ਬਨ ਕੇ ਜੀਵੋਂ ਸਾਥ ਹੈ॥ ਅਰ ਸਿਖ ਸਿਖਣੀਆਂ ਕੇ ਸਾਥ ਮੇਲ ਨਹੀਂ ਕਰਤੇ ਇਨਕੋ ਆਤਮਾਨੰਦ ਮੈ ਡਕਾ ਜਾਣਤੇ ਹੈਂ॥ ਯਥਾ ਗੁਰੂ ਸਿਮ੍ਰਿਤੀ॥ "ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨਮੀਤ। ਚਾਲੇ ਥੇ ਹਰ ਮਿਲਨ ਕੋ ਬੀਚੇ ਅਟਕਿਅ ਚੀਤ॥" ਮਿੱਠੇ ਜੋ ਫਲ ਹੈਂ ਤਿਨਕੀ ਆਸਾ ਕਰੇ ਹੈ ਖੁਧਿਆ ਕੇ ਵਕਤ। ਕਬੀ ਨਦੀ ਕੇ

Sri Satguru Jagjit Singh Ji eLibrary NamdhariElibrary@gmail.com

ਕਨਾਰੇ ਕੀ ਤਰਫ ਜਾਇ ਬੈਠੇ ਹੈਂ। ਕਬੀ ਮਸਾਨੋਂ ਕੇ ਮਕਾਨੋ ਮੇਂ ਜਾਇ ਬੈਠੇ ਹੈਂ। ਕਦੀ ਸਿਲਾ ਪਰ ਬੈਠੇਹੈਂ ਕਬੀ ਬੋਹੜਾਦਿ ਬ੍ਰਿਛੋਂ ਤਲੇ ਵਸਨਾ ਕਰੇਂ ਹੈ॥ ਪਰਵਸੇਸ਼ ਕਰਕੈ ਸ਼ਾਂਤ ਹੈ ਮਨ ਜਿਨਕਾ ਅਰ ਸਮਜਾਣ ਤੇ ਹੈਂ ਮੰਦਰਾਂ ਕੋ ਅਰ ਬਨ ਕੋ ਤੌਭੀ ਏਕਾਂਤ ਹੀ ਰਹੇਹੈਂ। ਏਕਾਂਤ ਕਾ ਜੋ ਬਸਨਾ ਹੈ ਸੋ ਬਹੁਤ ਸੁਖ ਕੀ ਰਾਸ ਹੈ। ਭਰਥਰੀ ਜੀ ਕਹੇ ਹੈਂ ਇਸ ਧਿਆਇ ਮੈ ਜੋ ਈਸ਼ਰ ਕੇ ਉਪਾਸ਼ਕ ਸੰਤ ਹੈਂ ਤਿਨਕੀ ਵਿਭੂਤੀ ਅਰਥ ਏਹ ਲਖਨ ਕਥਨ ਕਰੇਹੈਂ॥ ਜੋ ਏਸ ਕੋ ਗਾਵੈਗਾ ਤਥਾ ਸੁਣੇਗਾ ਤਥਾ ਚਿੰਤਨ ਕਰੇਗਾ ਸੋ ਜਮ ਫਾਸੀ ਮੈਨਹੀ ਪੜੇਗਾ॥ਨਨੂ॥ ਕੇਵਲ ਸੰਤਨ ਕੀ ਉਸਤਤੀ ਸ੍ਰਵਣ ਤਥਾ ਕਹਣੇਚਿੰਤਨਕਰ ਮੁਕਤੀ ਕੈਸੇ ਹੈ॥ਉੱਤਰ॥ ਸੰਤ ਅਰ ਪ੍ਰਮੇਸ਼ਰ ਏਕ ਰੂਪ ਹੈਂ ਪਰੰਤੂ ਪਰਮੇਸਰ ਸੇ ਬੜਕੇ ਸੰਤ ਹੈਂ ਪਰਮੇਸ਼ਰ ਕੀ ਸੇਵਾ ਪ੍ਰਤੱਖ ਫਲ ਕਾ ਹੇਤੂ ਨਹੀਂ ਹੈ ਅਰ ਸੰਤਨ ਕੀ ਸੇਵਾ ਪ੍ਰਤੱਖ ਬੋਧ ਕਾ ਹੇਤੂ ਹੈ॥ ਅਰ ਸੰਤਨ ਕੀ ਜੋ ਸੇਵਾ ਹੈ ਸੋ ਹਰੀ ਕੀ ਸੇਵਾ ਸੇ ਭਿੰਨ ਨਹੀਂ॥ ਯਥਾ ਗੁਰੂ ਸਿਮ੍ਰਿਤੀ॥ "ਸੰਤ ਅਨੰਤ ਹਿ ਅੰਤਰਨਾਹੀ॥ਵਾ॥ ਸੰਤਨ ਬਿਨ ਅਵਰ ਨਾ ਦਾਤਾਬੀਆ॥ ਜੋ ਜੋ ਸਰਨ ਪੜੇ ਸੰਤਨ ਕੀ ਸੋ ਪਾਰਗ੍ਰਾਮੀ ਕੀਆ।ਵਾਸੇਵਾ ਕੇ ਦੋਨੋ ਭਲੇ ਏਕਸੰਤ ਇਕਰਾਮ"॥ ਇਸਤੇ ਸੰਤਨ ਕਾਯਸ਼ ਕੇ ਸੁਣਨੇ ਤਥਾ ਕਹਿਨੇ ਚਿੰਤਨ ਕਰ ਪਾਪਾਂ ਕਾ ਨਾਸ ਹੋਇ ਕੇ ਗਿਆਨ ਦੁਆਰਾ ਮੋਖ ਹੋਵੈ ਹੈ॥ਇਸਤੇ ਸੰਤਨਕਾਜਸਸਰਬ ਕੋ ਕਰਤੱਬ ਹੈ॥ਗੁਰੂ ਗ੍ਰੰਥ ਸਾਹਿਬ ਜੀ ਮੇਂ ਸੰਤਨਕੀ ਮਹਮਾ

ਅਧਕ ਕਹ ਕਰ ਦਸੀ ਹੈ॥ ੨੮॥

ਦੋਹਰਾ॥ਭਰਤ ਸ਼ਤਕ ਵੈਰਾਗਕੋਇਤਿਖਸ਼ਟਮੋਂ ਧਜਾਇ॥ ਸੁਜਨੋਂ ਕੇਗੁਨਗਨਭਨੇਹਰ ਦਿਆਲ ਸਿਰਨਾਇ॥੨੯॥

ਟੀਕਾ॥ਛੀਂਵਾਂ ਧਿਜਾਯ ਭਰਤ ਸ਼ਤਕ ਕਾ ਸਮਾਤ ਭਯਾ ਹਰਦਿਆਲ ਜੀ ਕਹੰ ਹੈਂ ਇਸ ਮੇਂ ਭਰਤ੍ਰ ਸਿਰ ਨਿਵਾਇ ਕਰ ਸੰਤੋਂ ਕੇ ਸਮੂਹ ਗੁਣ ਕਥੇ ਹੈਂ ॥ ੨੯ ॥

ਇਤੀ ਖਸ਼ਟਮੋਂ ਧਜਾਇ ॥ ੬ ॥

ਦੋਹਰਾ॥ ਸਤੇ ਤੀਨ ਭੂਪਾਨ ਸੋ ਭਯੋ ਪ੍ਰਥਕ ਸੰਬਾਦ॥ ਤਿਨੇ ਸਲੋਕ ਭਨੇ ਤਿਨੇ ਹਨੇ ਮੋਹ ਗਰਬਾਦਿ ॥ ੧ ॥

ਟੀਕਾ॥ ਹਰਦਿਆਲ ਜੀ ਕਹੇਹੈਂ ਤੀਨ ਰਾਜਿਆਂ ਸਾਥ ਜੋ ਭਿੰਨ ਭਿੰਨ ਭਰਥਰੀ ਜੀ ਕਾ ਸੰਬਾਦ ਹੂਆ ਹੈ ਅਰ ਤਿਨ ਰਾਜਯੋਂ ਪ੍ਰਤੀ ਤਿਨ ਭਰਥਰੀ ਜੀ ਨੇ ਜੋ ਸ਼ਲੋਕ ਕਹੇ ਹੈਂ ਸੋ ਸਤਵੇਂ ਧਿਜਾਯ ਮੇਂ ਕਥਤੇ ਹੈਂ ਭਾਸ਼ਾਕਰ॥ ੧॥

ਸੋਰਠਾ॥ ਬਿਨ ਰੁਚਿ ਕਹੂੰ ਨਿਰੇਂਦ੍ਰਨ ਭਰਤ ਪ੍ਰਤਿ ਭੋਗ ਕਹੁ। ਤਤ ਅਲੀਨ ਯੋਗੇਂਦ੍ਰ ਤੀਨ ਹੇਤ ਕਰਿ ਚੀਨ ਅਪ॥ ੨ ॥

ਟੀਕ–ਕਿਸੇ ਰਾਜਾਨੇ ਪ੍ਰੀਤੀ ਸੇ ਬਿਨਾ ਕੁਛਕੁ ਪਦਾਰਥ

Sri Satguru Jagjit Singh Ji eLibrary NamdhariElibrary@gmail.com

ਭੁਰਥਰੀ ਜੀ ਕੇ ਆਗੇ ਰਖਜਾ ਤੌ ਯੋਗੀਯੋਂ ਮੈ ਰਾਜਾ ਰੂਪ ਜੋ ਭੁਰਥਰੀ ਜੀਥੇ ਸੋ ਨਾ ਲੇਤੇ ਭਏ। ਅਤਿ ਨਿਸਚੈ ਕਰ ਤੀਨ ਹੇਤੂ ਨਾ ਲੈਣੇ ਮੇਂ ਵਿਚਾਰਕਰ ਜਬ ਪਦਾਰਥ ਕੋ ਤਿਆਗਦਿਆ ਤੌ ਰਾਜਾ ਬੋਲਾ ਨਾਥ ਜੀ ਕਿਉਂ ਨਹੀਂ ਲੇਤੇ॥ ਉੱਤਰ

**ਸੋਃ॥ ਰਾਜ ਅੰਸ਼ ਸਮਰਕਤ ਭੋਗ ਯੋਗ ਨ ਵਿਰ-ਕਤ ਕੋ॥ ਦਾਨ ਕਰਤ ਬਿਨੁ ਭਗਤ ਤਵ ਮਮ ਸਮ ਪਦ ਹੇਤ ਤ੍ਰੈ॥ ੩ ॥**

ਟੀਃ॥ ਤੌ ਭਰਥਰੀ ਜੀ ਬੋਲੇ ਹੇ ਰਾਜਨ ਵਿਰਕਤ ਪੁਰਸ਼ ਕੋ ਰਾਜਾ ਕੀ ਅੰਸ਼ ਰਕਤ ਸਮਾਨ ਹੈ ਭੋਗਨੇ ਯੋਗ ਨਹੀਂ ਦੂਸਰਾ ਪ੍ਰੀਤੀ ਸੇ ਬਿਨਾ ਜੋ ਦੇਨਾ ਲੈਣਾ ਹੈ ਸੋ ਭੀ ਰਕਤ ਤੁਲ ਹੈ। ਤੀਸਰਾ ਸਮਾਨ ਪੁਰਸ਼ ਸੇ ਭੀ ਲੈਣਾ ਯੋਗ ਨਹੀਂ ਤੁਮ ਹਮ ਸਮਾਨ ਰਾਜੇ ਹੈਂ ਇਨ ਤੀਨ ਹੇਤੂਯੋਂ ਕਰ ਹਮਨੇ ਨਹੀਂ ਲੀਆ ॥ ਨਨੂ॥ ਤੁਮ ਸੰਤ, ਹਮ ਰਾਜੇ ਚਤੁਰੰਗਨੀ ਸੈਨਾ ਸਹਤ ਤੁਮਾਰੀ ਹਮਾਰੇ ਸਾਥ ਸਮਤਾ ਕੈਸੇ ਹੈ॥ ਉੱਤਰ

**ਦੋਹਰਾ॥ ਤੂੰ ਰਾਜਾ ਰਾਜਾ ਅਹੰ ਅਧਿਕ ਭੇਦ ਕਛੁ ਨਾਹਿੰ॥ ਤੁਮੂੰ ਚਤੁਰ ਬਿਧਿ ਚਮੂੰ ਕਰਿਕਰੋ ਗਰਬ ਮਨ ਨਾਹਿੰ॥ ੪ ॥**

ਟੀਕਾ॥ ਜੈਸੇ ਤੁਮ ਰਾਜੇ ਹੋ ਤੈਸੇ ਹਮ ਰਾਜੇ ਹੈਂ। ਤੁਮਾਰਾ ਹਮਾਰਾ ਕਛ ਬੜਾ ਭੇਦ ਨਹੀਂ ਹੈ। ਜੈਸੇ ਤੁਮ ਚਾਰ ਪ੍ਰਕਾਰ ਕੀ

Sri Satguru Jagjit Singh Ji eLibrary NamdhariElibrary@gmail.com

ਸੈਨਾ ਸੰਯੁਗਤ ਹੋਕਰ ਮਨ ਮੈ ਗਰਬ ਕਰੋਂ ਹੈਂ ਤੈਸੇ ਹਮ ਭੀ ਸੈਨਾ ਯੁਗਤ ਹੈਂ ॥ ੪ ॥

**ਦੋਃ॥ ਮਨ ਬੁਧਿ ਚਿੱਤ ਅਹੰ ਚਤੁਰ ਸੈਨਾ ਪ੍ਰਬਲ ਪ੍ਰਬੀਨ॥ ਲਬਧ ਗੁਰੋਂ ਕੀ ਸੇਵ ਕਰ ਹਮ ਉਨ ਤਿ ਇਤ ਪੀਨ ॥ ੫ ॥**

ਟੀਕਾ ॥ ਮਨ ਅਰ ਬੁਦਿ ਚਿਤ ਹੰਕਾਰ ਏਹ ਚਾਰ ਪ੍ਰਕਾਰ ਕੀ ਹਮਾਰੀ ਸੈਨਾ ਭੀ ਬਲ ਵਾਲੀ ਬੜੀ ਚਤਰ ਹੈ । ਪਰੰਤੂ ਇਸਕੀ ਪਰਾਪਤੀ ਗੁਰੂ ਕੀ ਕ੍ਰਿਪਾ ਕਰ ਤਥਾ ਸੇਵਾ ਕਰ ਹੋਵੇ ਹੈ॥ ਸੋ ਹਮ ਕੋ ਪਰਾਪਤਿ ਹੈ ਇਸ ਕਰ ਹਮ ਭੀ ਹੰਕਾਰ ਸਹਤ ਕਰੜੇ ਹੈਂ ਕਿਆ ਆਕੀ ਹੈਂ ਕਿਸੇ ਕਰ ਜੀਤੇ ਨਹੀਂ ਜਾਤੇ ਭਾਵ ਯਹ ਜੋ ਧਨਾਦਿ ਪਦਾਰਥ ਮੈ ਲੋਭਾਇਮਾਨ ਹੋਨੇ ਹਾਰੇ ਤਥਾ ਤਿਨ ਮੇਂ ਹੰਤਾ ਕੋ ਧਾਰਨ ਹਾਰੇ ਮਨਾਦਿ ਹਮਾਰੇ ਵਸ ਹੈਂ ॥੫॥

**ਬਹੁ ਪ੍ਰਕਾਰ ਕੇ ਧਨੋ ਕਰ ਤੁਮ ਪ੍ਰਸਿਧ ਜਗ ਮਾਹਿੰ॥ ਹਮ ਨਿਜ ਨਿਰਮਲ ਗੁਣੋਂ ਕਰ ਪ੍ਰਗਟ ਦਸੋਂ ਦਿਸ ਆਹਿੰ ॥ ੬ ॥**

ਟੀਃ ॥ ਹੇ ਰਾਜਨ ਜੈਸੇ ਬਹੁਤ ਪਰਕਾਰ ਕੇ ਧਨ ਕਰ ਤੂੰ ਜਗਤ ਮੈ ਪਰਗਟ ਹੈਂ । ਤੈਸੇ ਹਮ ਭੀ ਆਪਨੇ ਉਤਮ ਗੁਣੋ ਕਰ ਦਸੋ ਦਿਸ਼ਾ ਮੈ ਪਰਗਟ ਹੈਂ॥ ਨਨੁ ॥ ਦਸੋ ਦਿਸ਼ਾ ਮੇਂ ਏਕ ਥਾਂ ਬੈਠ ਕੇ ਤੁਮ ਕੈਸੇ ਪਰਗਟ ਹੋ ॥ ਉੱਤਰ ॥ ੬ ॥

Sri Satguru Jagjit Singh Ji eLibrary NamdhariElibrary@gmail.com

ਬੀਰ ਪੁਸਤਕੋਂ ਕਵਿ ਜਨੋ ਗਾਯੋ ਹਮਰੋ ਗੀਤ ॥ ਭੋ ਭੂਪਤਿ ਸੰਸਾਰ ਮਹਿ ਮੈ ਪ੍ਰਸਿੱਧ ਇਤਿ ਗੀਤਿ ॥ ੭ ॥

ਟੀਕਾ ॥ ਪੁਸਤਕੋਂ ਕੇ ਵਿਖੈ ਕਵੀਯੋਂ ਪੁਰਸ਼ੋਂ ਨੇ ਹਮ ਲੋਕੋਂ ਵਰੱਕਤਾ ਕੇ ਯਸ਼ ਕੋ ਗਾਯਨ ਕਰਿਆ ਹੈ॥ ਇਸ ਕਰ ਹਮ ਦਸੋ ਦਿਸ਼ਾ ਮੈ ਪਰਗਟ ਹੈਂ ਗ੍ਰੰਥੋਂ ਕੇ ਪਰਚਾਰ ਦੁਆਰੇ ॥ ੭ ॥

ਭੂ ਕੇ ਕੋਟ ਵਿਭਾਗ ਕਰ ਕਣਿਲ ਵਾਸ ਤਿਹ ਪਾਇ ॥ ਤਾਂ ਕਰ ਤੂੰ ਉੱਨਤ ਭਯੋ ਰੁਚਿ ਵਿਹੀਨ ਦਰਸਾਇ ॥ ੮ ॥

ਟੀਕਾ ॥ ਜੈਸੇ ਪ੍ਰਿਥਵੀ ਕਾ ਕ੍ਰੋੜ ਹਿਸਾ ਕਰੀਯੇ ਤਿਸ ਕਰੋੜਵੇਂ ਹਿਸੇ ਵਿਚੋਂ ਕਣ ਮਾਤ੍ਰ ਨਿਕਾਸੀਏ ਤਿਸ ਕਣ ਕੀ ਲਵ ਮਾਤ੍ਰ ਧਰਤੀ ਕੇ ਰਾਜ ਕੋ ਪਾਕਰ। ਹੇ ਰਾਜਨ ਤੂੰ ਹੰਕਾਰੀ ਹੋਇ ਰਹਿਆ ਹੈਂ ਅਰ ਪ੍ਰੀਤੀ ਸੇ ਬਿਨਾ ਨਜ਼ਰ ਆਤਾ ਹੈਂ॥ ੮ ॥

ਮੂਲ ॥ ਬੋਧ ਨਿਜਾਤਮ ਰਾਜ ਕਰ ਹਮ ਗਰਬਤ ਉਰ ਮਾ ਹਿੰ॥ ਨਾਹਿੰ ਕਰੇ ਹਮ ਚਾਹਿ ਤਵ ਹੇ ਮਾਨਦ ਨਰ ਨਾਹਿ ॥ ੯ ॥

ਟੀਕਾ—ਆਪਨੈ ਆਤਮ ਗਿਆਨ ਰੂਪੀ ਰਾਜ ਕਰ ਹੇ ਰਾਜਨ ਹਮ ਭੀ ਗਰਬਵੰਤ ਹੈਂ ਅਰ ਤੇਰੀ ਇੱਛਾ ਨਹੀਂ ਰਖਤੇ ਹੈਂ ਮਾਨ ਦੇਨੇ ਯੋਗ॥ ਨਨੂ ॥ ਮੈਂ ਆਪ ਕਰਕੇ ਮਾਨ ਦੇਨੇ

Sri Satguru Jagjit Singh Ji eLibrary NamdhariElibrary@gmail.com

ਯੋਗ ਕੈਸੇ ਹੂੰ ॥ ੯ ॥ ਉੱਤਰ

**ਮੂਲ ॥ ਈਸ੍ਵਰ ਅੰਸ ਅਥਿਤ ਲਖ ਮਾਨ ਹਾ ਨ ਅਘਹੋਗ ॥ ਹਮਕਰਿ ਤੁਮ ਸਿਉਂ ਤ੍ਰਿਬਿਧਿ ਹੋ ਮਾਨ ਦਾਨ ਕੇ ਯੋਗ ॥ ੧੦ ॥**

ਟੀਕਾ—ਹੇ ਰਾਜਨ ਏਕ ਤੋ ਤੁਮ ਈਸ੍ਵਰ ਅੰਸ਼ ਹੋ ਜੈਸੇ ਨਰ ਪਤੀ ਨਾਰਾਇਣ ਕਹਿਆ ਹੈ ਤੈਸੇ ਦੂਸਰਾ ਜੋ ਆਸਨ ਪਰ ਚਲ ਕਰ ਆਵੇ ਸੋ ਅਤਿਥੀ ਹੋਤਾ ਹੈ ਵਾ ਕੈਸਾ ਹੀ ਹੋਵੈ॥ ਤੀਸਰਾ ਤੁਮ ਮਾਨੀ ਹੋ ਮਾਂਨੀ ਪੁਰਸ਼ ਕੇ ਮਾਨ ਕਾ ਹਤਕਰਨਾ ਹਛਾ ਨਹੀਂ ਹੈ ਇਸ ਕਰ ਪਾਪ ਹੋਤਾ ਹੈ ॥ ਆਸਨੀ ਪੁਰਸ਼ਕੋ ਇਸ ਪ੍ਰਕਾਰ ਹਮਾਰੇ ਕਹੇ ਰਾਜਨ ਤੁਮ ਮਾਨ ਦੇਨੇ ਯਗ ਹੋ ਨਹੀਂ ॥ ੧੦ ॥

**ਸੋਰਠਾਂ ॥ ਜਾਂਚਿਕਾਦਿ ਕਰ ਭੂਪ ਮਾਨ ਦਾਨ ਕੇ ਯੋਗ ਤੁਮ॥ ਤਿਉਂ ਹਮਤੇ ਤਵਊਪ ਹੋਤਨ ਸਮਤਾ ਭਾਵ ਤੇ ॥ ੧੧ ॥**

ਟੀਕਾ—ਹੇ ਰਾਜਨ ਜੈਸੇ ਤੁਮ ਟਹਲੂਏ ਤਥਾ ਮੰਗਤਜਨੋਂ ਕਰ ਮਾਨ ਦੇਨੇ ਯੋਗ ਹੋ ਤੈਸੇ ਹਮ ਸੇ ਤੁਮ ਯੋਗ ਨਹੀਂ ਹੋ ਤੁ-ਮਾਰਾ ਹਮਾਰਾ ਸਮਾਨ ਭਾਵ ਹੈ ॥ ਹਮ ਤੁਮਰੀ ਵੈਸੇ ਉਪਮਾ ਨਹੀਂ ਕਰ ਸਕਤੇ ਹੈਂ ॥ ਨਨੂ ॥ ਤੋ ਭੀ ਤੁਮਾਰੀ ਹਮਾਰੀ ਸ-ਮਤਾ ਤੋ ਹੈ ॥ ੧੧ ॥ ਉੱਤਰ ॥

Sri Satguru Jagjit Singh Ji eLibrary NamdhariElibrary@gmail.com

**ਦੋਹਾ ॥ ਕਿੰਚਿਤ ਤਵ ਮਮ ਸਾਮਤਾ ਬਾਹਜ ਗੁਣੋਂ ਕਰਿ ਚੀਨ ॥ ਰਾਜਾਂਤਰ ਮੋਂ ਅੰਤਰੋ ਹਮ ਅਦੀਨ ਤੁਮ ਦੀਨ ॥ ੧੨ ॥**

ਟੀਕਾ—ਹੇ ਰਾਜਨ ਜ਼ਰਾ ਮਾਤਰ ਬਾਹਰਲੇ ਰਾਜ ਕਰ ਤੇਰੀ ਮੇਰੀ ਸਮਤਾ ਹੈ ॥ ਅਰ ਅੰਤਰ ਕੇ ਰਾਜ ਮੈ ਭੇਦ ਹੈ ॥ ਕੈਸੇ ਤੁਮ ਤੋ ਅਪ੍ਰਾਪਤ ਪਦਾਰਥ ਕੀ ਇੱਛਾ ਕਰ ਦੀਨ ਹੋ ॥ ਅਰ ਹਮ ਨਰਿੱਛਤਾ ਕਰ ਅਦੀਨ ਹੈਂ ਐਸੇ ਜਾਣ ॥ ਨਨੂ ॥ ਤੁਮ ਦੀਨਤਾ ਸੇ ਬਿਨਾ ਕੈਸੇ ਹੋ ਖਾਂਨਾਦਿ ਕੀ ਇੱਛਾ ਤੋ ਹੋਵੇ ਗੀ ॥ ਉੱਤਰ ॥ ੧੨ ॥

**ਯਥਾ ਲਾਭ ਸੰਤੁਸ਼ਟ ਹਮ ਨਿਜਾਨੰਦ ਮੇਂ ਲੀਨ ॥ ਇਤ ਉਤ ਕੇ ਸੁਖ ਸੋ ਅਹਿਤ ਯਾ ਬਿਧਿ ਅਹੰ ਅਦੀਨ ॥ ੧੩ ॥**

ਟੀਕਾ—ਹੇ ਰਾਜਨ ਹਮ ਆਤਮਾਨੰਦ ਮੇਂ ਲੀਨ ਹੈ ਕੁਛ ਇੱਛਾ ਨਹੀਂ ਹੈ ਅਰ ਜੋ ਹਮਕੋ ਪ੍ਰਾਰਭਧ ਅਨੁਸਾਰ ਭਖਨਕਰਨੇ ਕੋ ਪ੍ਰਾਪਤਿ ਹੋਜਾਵੇ ਤਿਸ ਪਰ ਹਮ ਪ੍ਰਸਨ ਹੈਂ ॥ ਲੋਕ ਪਰਲੋਕ ਕੇ ਸੁਖ ਮੇਂ ਹਮਾਰਾ ਪ੍ਰੇਮ ਨਹੀਂ ਹੈ ਇਸਪ੍ਰਕਾਰ ਹਮ ਦੀਨਤਾ ਸੇ ਬਿਨਾ ਹੈਂ ॥ ਨਨੂ ॥ ਹਮਕੋ ਕਿਆ ਦੀਨਤਾ ਕਿਸੇ ਕੀ ॥ ਉੱਤਰ ॥ ੧੩ ॥

**ਸੋਰਠਾ ॥ ਮਦਨ ਮਦਾਦਿ ਕਲੇਸ਼ ਸ਼ੋਕ ਲੋਕ**



Sri Satguru Jagjit Singh Ji eLibrary NamdhariElibrary@gmail.com

**ਪਰਲੋਕ ਕੇ ॥ ਤਾਂ ਕਰ ਦੁਖੀ ਹਮੇਸ਼ ਤੂੰ ਨਰੇਸ਼ ਹੈਂ ਦੀਨ ਇਉਂ॥ ੧੪ ॥**

ਟੀਕਾ—ਪ੍ਰਥਮ ਤੋਂ ਹੇ ਰਾਜਨ ਕਾਮ ਤਥਾ ਕ੍ਰੋਧਾਦਿਕੋਂ ਕਾ ਤੁਮਕੋ ਕਲੇਸ਼ ਹੈ ॥ਦੂਸਰਾ ਇਸ ਲੋਕ ਕਾ ਕਲੇਸ਼ ਹੈ ਜੋ ਮੇਰਾ ਰਾਜ ਕੋਈ ਬਲੀ ਪੈ ਕਰਨਾ ਖੋਸ ਲਵੇ ॥ਅਥਵਾ ਸਰੀਰ ਨਾਂ ਨਾਸ਼ ਹੋ ਜਾਏ॥ ਪੁਨਾ ਪਰਲੋਕ ਕਾ ਸ਼ੋਕ ਹੈ ਖਬਰੇ ਹਮਕੋ ਕੈਸੇ ਨਰਕ ਮਿਲੈਂਗੇ ਵਾ ਯਗਾਦਿ ਕਰਮੋਂ ਕੇ ਕਰਨੇ ਮੈਂ ਜੋ ਪ੍ਰਤਬੰਧ ਕੋਂ ਕੇ ਪੜਨੇ ਕੀ ਚਿੰਤਾ ਸੋ ਭੀ ਪਰਲੋਕ ਕਾ ਹੀ ਸ਼ੋਕ ਹੈ ॥ ਤਿਨਾ ਕਰਕੇ ਤੁਮ ਸਦਾ ਦੁਖੀ ਹੋ ॥ ਇਸਪ੍ਰਕਾਰ ਹੇ ਰਾਜਨ ਤੁਮ ਦੀਨ ਹੋ ॥ ਐਸੇ ਵਚਨ ਸੁਣਕਰ ਰਾਜਾ ਨਰਕਾਂ ਕਾ ਭੈ ਧਾਰ ਕਰ ਸਹਤ ਨਿਮ੍ਰਤਾ ਕੋ ਕਹਿਤਾ ਭਯਾ ॥ ਮੇਰੇ ਪਰ ਕ੍ਰਿਪਾਕਰ ਕੇ ਕਹੁ ਜੋ ਮੈਂ ਸੰਸਾਰ ਮੇਂ ਕੈਸੇ ਰਹੂੰ ਅਰ ਸੰਸਾਰ ਕੋ ਕਿਆ ਸਮਜੂੰ॥ ਉੱਤਰ ॥ ੧੪ ॥

**ਜਗ ਜੀਵਣ ਦਿਨ ਚਾਰ ਤਜਿ ਮਤ ਸ੍ਰੇਛਿਤ ਸੰਚਰੋ ॥ ਸਭ ਜਨ ਹਰਿਅਵਤਾਰਕਰੋ ਮਿਤ੍ਰਤਾ ਸਰਬ ਸਹ॥ ੧੫ ॥**

ਟੀਕਾ—ਹੇ ਰਾਜਨ ਸੰਸਾਰ ਮੇਂ ਜੀਵਣਾ ਚਾਰ ਰੋਜ਼ ਕਾ ਹੈ ਕਿਆ ਥੋੜਾ ਕਾਲ ਏਥੇ ਰਹਿਣਾ ਹੈ ॥ ਐਸੇ ਸਿਰਪਰਮਰਨਾ ਜਾਣਕੇ ਰਾਜਾਦਿ ਅਭਿਮਾਨ ਕੋ ਤਿਆਗ ॥ ਅਰ ਲੋਕ ਪਰ-

ਲੋਕ ਕੇ ਪਦਾਰਥੋਂ ਕੀ ਇੱਛਾ ਤਿਆਗ ਕੇ॥ ਨ੍ਰਿਇੱਛਤਵਿਚਰ ॥ ਅਰ ਸਰਬ ਜੀਵੋਂ ਕੋ ਹਰੀ ਰੂਪ ਜਾਣਕਰ ਸਰਬ ਸਾਥ ਮਿੱਤ੍ਰਤਾ ਕਰੋ ॥ ੧੬ ॥

**ਦੋਹਾ ॥ ਗਹੇਪਾਂਇ ਯੋਗੀਸ਼ ਕੇ ਨਮੋ ਦੰਡ ਇਵ ਕੀਨ॥ ਆਇਸ ਪਾਇ ਸ੍ਵਦੇਸ਼ ਨ੍ਰਿਪਗ ਯੋ ਮੁਦਿਤ ਮਦ ਹੀਨ ॥੧੬॥**

ਟੀਕਾ—ਪੂਰਬੋਕਤ ਪ੍ਰਕਾਰ ਉਪਦੇਸ਼ ਕੋ ਸੁਣਕਰ ਦੰਡਵਤ ਨਮਸਕਾਰ ਕਰ ਭਰਤ ਕੇ ਚਰਨੋਂ ਕੋ ਫੜ ਲੇਤਾਭਯਾ॥ ਪੁਨਾ ਨਾਥ ਜੀ ਕੀ ਆਗਿਆ ਪਾਕਰ ਆਪਨੇ ਦੇਸ਼ਕੋ ਜਾਤਾ ਭਯਾ ਅਹੰਕਾਰ ਸੇ ਰਹਿਤ ਤਥਾ ਪ੍ਰਸੰਨਤਾ ਕੇ ਸਹਤਹੋਕਰ॥੧੬॥

**ਦੋਃ ॥ ਬਚਨ ਨਾਥਕੇ ਧਾਰ ਉਰ ਡਾਲ ਗਰਬ ਸੰਤਾਪ ॥ ਭੂਪ ਅਭਯ ਵਿਚਰਤ ਭਯੋਬ੍ਰਿਥਾ ਨ ਸਾਧ ਮਿਲਾਪ॥੧੭॥**

ਟੀਕਾ—ਭ੍ਰਥ ਜੀ ਕੇ ਵਚਨਾ ਕੋ ਹ੍ਰਿਦੈ ਮੇਂ ਧਾਰਕਰ ਅਹੰ- ਕਾਰ ਕੇ ਤਾਪ ਕੋ ਤਿਆਗਕਰ ॥ ਅਰ ਜਨਮ ਮਰਨਕੇਭੈਥੀਂ ਰਹਿਤ ਹੋਕਰ ਆਪਨੇ ਦੇਸ਼ ਮੈ ਵਿਚਰਤਾ ਭਯਾਰਾਜਾ॥ਸਾਧੂ ਕਾ ਸੰਗ ਹੂਆ ਨਿਅਰਥਨਹੀਂ ਜਾਵੇ ਹੈ॥ ਯਥਾ ਗੁਰੂ ਸਿਮ੍ਰਤੀ ॥"ਸੰਤ ਸਰਣ ਜੋ ਜਨ ਪਰੈ ਸੋ ਜਨ ਉਧਰਨ ਹਾਰ" ॥ ੧੭॥

**ਦੋਹਰਾ ॥ ਅੰਮ੍ਰਿਤ ਬਚਨ ਕੀ ਬ੍ਰਿਸ਼੍ਟ ਕਰ**

Sri Satguru Jagjit Singh Ji eLibrary NamdhariElibrary@gmail.com

ਕ੍ਰਿਪਾ ਦ੍ਰਿਸ਼ਟ ਕੇ ਸਾਥ। ਗਰਬ ਤਾਪ੍ਰ ਨਰ ਨਾ ਥਕੋ ਹਰਜੋ ਨਾਥਕੇ ਨਾਥ ॥ ੧੮ ॥

ਟੀਕਾ—ਔਸ਼ਦੀ ਰੂਪੀ ਬਦਨਾ ਕੀ ਬਰਖਾ ਕਰਕੇ ਕ੍ਰਿਪਾ ਦ੍ਰਿਸ਼ਟੀ ਰੂਪੀ ਬਦਲ ਦੁਆਰੇ ਯੋਗੀਯੋਂ ਮੇਂ ਸ਼ਿਰੋਮਨੀਯੋਗੀ ਜੋ ਭਰਥ ਜੀ ਹੈਂ ਸੋ ਰਾਜਾ ਕੇ ਹੰਕਾਰ ਰੂਪੀ ਤਾਪਕੋਨਾਸ਼ਕਰ ਤੇ ਭਏ ॥ ੧੮ ॥

ਦੋਹਰਾ ॥ ਸ੍ਰੀ ਹਰ ਭਰਥ ਯੋਗੇਦ੍ਰ ਪ੍ਰਤਿ ਅਮਕਖਿਤੀ ਸੋ ਵਾਚ॥ ਚਿੰਤਾਮਨਿ ਸਮ ਰਾਜ ਤਜ ਕਤ ਦਰਿਦ੍ਰ ਮੋਂ ਰਾਚ ॥੧੯॥

ਟੀਕਾ—ਐਸੇ ਪੂਰਬ ਰਾਜਾ ਸੇ ਪਸ਼ਚਾਤ ਮਾਇਆਕੇ ਤਿਆਗਨੇ ਹਾਰੇ ਭਰਥ ਜੀ ਜੋ ਹੈਂ ਯੋਗੀਯੋਂ ਕੇ ਰਾਜਾ ਤਿਨਕੇ ਤਾਈਂ ਹੋਰ ਕੋਈ ਰਾਜਾ ਆਇਕਰ ਐਸੇ ਕਹਿਤਾ ਭਯਾ ॥ ਹੇ ਭਰਥ ਜੀ ਤੇਰਾ ਰਾਜ ਚਿੰਤਾ ਮਣੀ ਸਮ ਚਕ੍ਰ ਵਰਤੀ ਥਾ ॥ ਤਿਸਕੋ ਤਿਆਗ ਕਰ ਕਿਆ ਤੂੰ ਦਲ਼ਿਦ੍ਰ ਮੈ ਪੜ ਰਹਿਆ ਹੈਂ ॥ ਉੱਤਰ ॥ ੧੯ ॥

ਸਮ ਮੁਦਤਾ ਨਿਰਦੀਨਤਾ ਨਿਰ ਭੈ ਸਹਤ ਵਿ-ਚਾਰ॥ ਕੀਰਤਿ ਕਰਤ ਦਰਿਦ੍ਰ ਕੀ ਤਾਂ ਪ੍ਰਤਿਭ ਰਤ ਉਚਾਰ ॥ ੨੦ ॥

ਟੀਕਾ—ਸਮਤਾ ਕੇ ਸਹਤ ਪ੍ਰਸੰਨਤਾ ਕੋ ਧਾਰ ਕਰ ਦੀਨਤਾ

Sri Satguru Jagjit Singh Ji eLibrary NamdhariElibrary@gmail.com

ਈ ਸੇ ਰਹਿਤ ਜੋ ਭਰਥ ਜੀ ਹੈਂ ਸੋ ਨਿਰ ਭੈ ਹੋਇਕਰ ਸਹਤ ਵਿਚਾਰ ਕੋ ਰਾਜਾ ਕੇ ਤਾਈਂ ਉਚਾਰਨ ਕਰਤੇ ਭਏ॥੨੦॥

**ਚੌਪਈ॥ ਵਲਕਲ ਕਰ ਹੁਲਾਸ ਹੈ ਹਮਕੋ॥ ਬਹੁ ਲਖਮੀ ਕਰ ਮੋਦ ਸੁ ਤੁਮਕੋ॥ਮੈ ਪ੍ਰਸੰਨ ਸੱਤੂ ਸਾਗਾਦਿਹਿ॥ਤੂੰ ਪ੍ਰਸੀਦ ਬਹੂਬਿੰਜਨਸ੍ਵਾਦ ਹਿ॥੨੧॥ਵਿਅੰਹਰਖਖਿਤ ਸਿਲਾ ਸੈਨਕਰਿ॥ ਯੁਯੰਤੁਸ੍ਵਦੂਹਦਰਦੁਖਾਟਪਰ ਸ਼ਾਂਤਿਤਿਯਾਯੁਤਿ ਮਮਸੰਤੋਖਾ॥ਸੁੰਦਰ ਨਾਰਿਨ ਕਰਤਵ ਪੋਖਾ੨੨**

ਟੀਕਾ—ਹੇ ਰਾਜਨ ਹਮਕੋ ਬਲਕਲਕੇ ਬਸਤ੍ਰ ਪਹਿਰਨੇ ਸੇ ਹੀ ਅਨੰਦ ਹੈ॥ ਅਰ ਤੇਰੇ ਕੋ ਬਹੁਤ ਪ੍ਰਕਾਰ ਕੀ ਵਿਭੂਤੀ ਕਰ ਅਨੰਦ ਹੈ॥ ਹਮ ਸੱਤੂ ਸਾਗਾਦਿ ਖਾਇਕਰ ਅਨੰਦ ਹੈਂ॥ ਤੁਮ ਨਾਨਾਪ੍ਰਕਾਰ ਕੇ ਜੋ ਪ੍ਰਸਾਦ ਹੈਂ ਸਲੂਨੇਂ ਆਦਿ ਤਿਨਕੇ ਬਹੁਤੇ ਰਸੋਂ ਕਰ ਅਨੰਦ ਹੈਂ॥ ਮੇਰੇਕੋ ਖੁਸ਼ੀ ਹੈ ਧਰਤੀ ਤਥਾ ਸਿਲਾਪਰ ਸੌਂ ਕਰਕੇ॥ ਤੇਰੇ ਕੋ ਅਨੰਦ ਹੈ ਦੰਦ ਖੰਡ ਕੇ ਰੇਸ਼-ਮੀ ਪਲੰਘੋਂ ਪਰ ਸੈਨ ਕਰਨੇਸੇ॥ਸ਼ਾਂਤੀ ਰੂਪੀ ਇਸਤ੍ਰੀ ਸਹਤ ਹਮਕੋ ਆਨੰਦ ਹੈ॥ ਅਰ ਅਨੰਤ ਪ੍ਰਕਾਰ ਕੀਆਂ ਸੁੰਦਰ ਇਸ ਤ੍ਰੀਆਂ ਕਰ ਤੇਰੇ ਕੋ ਅਨੰਦ ਹੈ॥੨੧॥੨੨॥

**ਕਿੰਚਿਤ ਤਾ ਨ੍ਰਿਪਤਤ੍ਰਿਪ੍ਰਤਿਤਾ ਜੋਜਨ ਗ੍ਰਾਮੈ॥ ਪੂਨਾਵਰਿਦ੍ਰੀਭਵਤਵਹੀਨ ਰੁਤੰਮਨਹੀਂ ਤਾਂਮੈ॥**

**ਰੁ॥ ਹ੍ਰਿਦੈ ਸੁਜਾਨ ਪ੍ਰਕਾਸ਼ ਆਸ ਤਰੁ॥੨੩॥**

ਟੀਕਾ—ਹੇ ਰਾਜਨ ਜੋ ਤ੍ਰਿਪਤੀ ਹੈ ਸੋ ਸਮੂਹ ਜਨਾ ਮੈ ਏਕ ਸਾਰਖੀ ਹੈ ਕਿੰਚਤ ਮਾਤਰ ਭੀ ਤ੍ਰਿਪਤੀ ਮੈ ਨੂੰਨ ਅਧਕਤਾ ਨਹੀਂ ਹੈ ਕੂਕਰ ਸੇ ਲੈਕਰ ਇੰਦ੍ਰ ਪ੍ਰਯੰਤ॥ ਜੈਸੇ ਕੁਤੀ ਸੇ ਕੁਤੇ ਕੋ ਆਨੰਦ ਹੈ ਤੈਸੇ ਇੰਦ੍ਰਕੋ ਇੰਦ੍ਰਾਣੀ ਸਾਥ ਮਿਲਕੇ ਅਨੰਦ ਹੈ॥ ਪੁਨਾ ਹੇ ਰਾਜਨ ਦਰਿਦ੍ਰੀ ਸੋਈ ਹੈ ਵਾ ਸੋਈ ਹੋਤਾ ਹੈ ਜਿਸਕੇ ਹਿਰਦੈ ਮੈ ਆਸਾ ਰੂਪੀ ਬ੍ਰਿਛ ਹੈ॥੨੩॥

**ਭੂਪਤ ਚਿਤ ਪ੍ਰਤੁਸ੍ਰੈ ਜਬਹੀ॥ ਕੋਧਨਵੰਤ ਰੰਕ ਕੋ ਤਬ ਹੀ॥ ਮੋਮਨ ਅਬ ਸੰਤੁਸ਼ਟ ਭਯੋਅਤਿ॥ ਨਾਹਿ ਦਰਿਦ੍ਰੀ ਧਨੀ ਨਿਹਾਰਤ॥੨੪॥**

ਟੀਕਾ—ਹੇ ਰਾਜਨ ਜਿਸ ਪੁਰਸ਼ ਕਾ ਆਪਨਾ ਮਨੁ ਅਨੰਦ ਮੈ ਹੋਵੇ ਤਿੰਸ ਪੁਰਸ਼ ਕੋ ਧਨੀ ਕੌਨ ਅਰ ਕੰਗਾਲ ਕੌਨ ਤਿਸੀ ਪ੍ਰਕਾਰ ਮੇਰਾ ਮਨ ਅਬ ਪ੍ਰਸੰਨ ਭਯੋਹੈ॥ ਕਿਸੀਕੋ ਧਨੀ ਨਹੀਂ ਜਾਣਤਾ ਅਰ ਕੰਗਾਲ ਨਹੀਂ ਜਾਣਤਾ ਅਪਨੇ ਆਨੰਦ ਕਰ ਆਨੰਦ ਹੈ॥ ਯਥਾ ਗੁਰੂ ਸਿਮ੍ਰਿਤੀ॥ "ਮਨੁ ਅਪੰਨੇ ਤੇ ਬੁਰਾ ਮਿਟਾਂਨਾ॥ ਪੇਖੈ ਸਗਲ ਸ੍ਰਿਸ਼ਟ ਸਾਜਨਾ"॥੨੪॥

**ਭੇਦਭਾਵ ਸਗਰੇ ਅਬ ਨਾਸਿਓ॥ ਏਕ ਬ੍ਰਹਮ ਉਰਮਾਹਿਪ੍ਰਕਾਸ਼ਿਓ। ਪਰਮਾਨੰਦ ਬ੍ਰਹਮ ਮੈ ਜੋਰਾ॥ ਪਰਮਾਨੰਦ ਭਯੋ ਮਨ ਮੋਰਾ॥੨੫॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਹੇ ਰਾਜਨ ਹਮਾਰੇ ਮਨ ਸੇ ਭੇਦ ਭਾਵ ਨਾਸ਼ ਹੂਆ ਹੈ ॥ ਏਕ ਬ੍ਰਹਮ ਰੂਪ ਸਾਰੇ ਨਜ਼ਰ ਆਤਾ ਹੈ ॥ ਨਨੂ ॥ ਤੁਮਾਰੇ ਮਨਕੇ ਸਾਰੇ ਬ੍ਰਹਮ ਕੈਸੇ ਨਜ਼ਰ ਆਨੇਲ ਗਗਿਆ ॥ ਉੱਤਰ ॥ ਸਰਬ ਕਾ ਪਰਾ ਅਰ ਵਿਆਪਕ ਆਨੰਦ ਸਰੂਪ ਜੋ ਅਤਮਾ ਹੈ ਤਿਸਕੇ ਵਿਖੈ ਜਬ ਮਨਕੋ ਜੋੜਿਆ ॥ ਤੋ ਮੇਰਾ ਮਨ ਆਪ ਹੀ ਪਰਮਾਨੰਦ ਰੂਪ ਹੋ ਜਾਤਾ ਭਯਾ ॥ ੧੫ ॥

**ਬ੍ਰਹਮਾਕਾਰ ਭਯੋ ਮਨ ਜਾਂਤੇ ॥ ਬ੍ਰਹਮਾ ਕਾਰ ਲਖੋ ਭਵ ਤਾਂਤੇ ॥ ਤੁਮ ਜੁ ਕਹਿਯੋ ਨ੍ਰਿਪ ਮੋਹਿ ਦਰਿਦ੍ਰੀ ॥ ਕਵਨ ਜੁਗਤਿ ਤੁਮ ਇਨ ਮੈ ਅੱਦ੍ਰੀ ॥੨੬।**

ਟੀਕਾ—ਜਿਸ ਕਾਲ ਥੀਂ ਲੈਕਰ ਮਨ ਬ੍ਰਹਮਾਕਾਰ ਹੂਆ ਹੈ ਤਿਸੀ ਕਾਲ ਕਾ ਸੰਸਾਰ ਕੋ ਬ੍ਰਹਮ ਰੂਪਹੀ ਜਾਣਤਾ ਹੈ ਅਰ ਹੇ ਰਾਜਨ ਤੁਮਨੇ ਹਮਕੋ ਦਰਿਦ੍ਰੀ ਕਹਿਆ ਹੈ ਇਸਮੇ ਕੌਨ ਯੁਕਤੀ ਤੁਮ ਦੇਖੀ ॥੨੬ ॥

**ਦੇਖ ਦਿਗੰਬਰ ਕਾਇ ਵਿਵਰਨਾ ॥ ਮੋਹਿ ਦਰਿਦ੍ਰ ਤੋਹਿ ਜੁ ਵਰਨਾ । ਜੇਕਰ ਤੁਮਤੇ ਅਧਿਕ ਸਮਾਜਾ । ਲਯੋ ਦਲਿੱਦ੍ਰ ਮੋਲ ਮੈ ਰਾਜਾ ॥੨੭॥**

ਟੀਕਾ—ਹੇ ਰਾਜਨ ਜੋ ਮੇਰੇਕੋ ਨਗਨ ਤਥਾ ਸਿਲਾ ਸਰੀਰ ਦੇਖਕਰ ਤੈਨੇ ਦਰਿਦ੍ਰੀ ਕਹਿਆ ਹੈ ਸੋ ਏਹ ਦਲਿੱਦ੍ਰ ਤੌ ਮੈਨੇ ਆਪ ਤੇਰੇ ਕੋਲੋਂ ਬਹੁਤ ਰਾਜ ਦੇਕੇ ਮੁਲ ਲੀਤਾ ਹੈ ॥ ਨਨੂ ॥

Sri Satguru Jagjit Singh Ji eLibrary NamdhariElibrary@gmail.com

ਇਸਮੇਂ ਕਿਆ ਗੁਣ ਹੈ ॥ ਉੱਤਰ ॥ ੨੭ ॥

**ਜਾਸ ਪ੍ਰਤਾਪ ਨਿਜਾਤਮ ਸੋਧਾ । ਭਇ ਨਿਰਸ ਸਮਸਤ ਵਿਰੋਧਾ । ਜਾਸਮਧਾਕਰਰਹੇਨਰਰਾਈ ॥ ਮੈਂ ਅਬਸਿਧਿ ਅਵਸਥਾ ਪਾਈ ॥ ੨੯ ॥**

ਟੀਕਾ—ਹੇ ਰਾਜਨ ਇਸ ਕੇ ਪ੍ਰਤਾਪ ਕਰ ਮੈਨੇ ਆਪਨੈਆਤ, ਮਾ ਕੋ ਵਿਚਾਰਿਆ ਹੈ ॥ ਅਰ ਇਸ ਦਲਿੱਦ੍ਰ ਕੇ ਪਰਤਾਪਕਰ ਰਾਗਾਦਿ ਵਿਰੋਧਾਂ ਕਾ ਕਾਰਣ ਸੰਸਾਰ ਕੇ ਪਦਾਰਥ ਨਿਰਸ ਪਰਤੀਤ ਹੋਵੇ ਹੈਂ ॥ ਅਰਥ ਏਹ ਜੋ ਆਤਮਾਨੰਦ ਬਿਨਾਕੋਈ ਪਦਾਰਥ ਆਨੰਦ ਦੇਨ ਵਾਲਾ ਨਹੀ ਹੈ ॥ ਯਾ ਮੈ ਸ਼੍ਰੁਤੀ ਯਥਾ ਜੋਵਈ ਭੂਮਾਤੱਤ੍ਰੁਸੁਖੰਃ॥ ਨ ਅਲਪੇ ਸੁਖਮਸਤੀ ਹੈ॥ ਭੂਮਾ ਬ੍ਰਹਮ ਆਤਮਾ ਹੀ ਸੁਖ ਰੂਪ ਹੈ ਤਿਸਥੀ ਬਿਨਾ ਅਲਪਕਾਲ ਇਸਥਿਤੀ ਰੂਪ ਪਦਾਰਥਾਂ ਮੈ ਸੁਖ ਨਹੀਂ ਹੈ ਜਿਸ ਦਲਿੱਦ੍ਰ ਕੀ ਕ੍ਰਿਪਾ ਕਰ ਹੇ ਰਾਜਨ ਮੈ ਸਿੱਧ ਅਵਸਥਾ ਕੋਪ੍ਰਾਪਤ ਭਯਾ ਹੂੰ॥ ਨਨੂ ॥ ਨਗਨ ਹੋਨਾ ਅਰ ਸਰੀਰ ਕੋ ਕ੍ਰਿਸ਼ ਕਰਨਾ ਇਸਕਾ ਨਾਮ ਸਿੱਧੀ ਹੈ॥ ਉੱਤਰ ॥ ਸਾਧਨਾ ਸੇ ਜੋ ਸਿੱਧ ਹੋਵੇ ਸੋ ਸਿੱਧੀ ਕਹੀਐ ਹੈ ਅਰ ਸਿੱਧੀ ਵਾਲਾ ਜੋ ਪੁਰਸ਼ ਹੋਵੇ ਸੋ ਸਿਧ ਕਹੀਏ ਹੈ॥ ਸੋ ਵੈਰਾਗਾਦਿ ਸਾਧਨੋਂ ਕਰ ਸਿਧ ਭਈ ਜੋਆਤਮ ਵਸਤੂ ਰੂਪੀ ਸਿੱਧੀ ਤਿਸਕੀ ਪ੍ਰਾਪਤੀ ਵਾਲੇ ਪੁਰਸ਼ ਕਾ ਨਾਮ ਸਿਧ ਹੈ॥ ਹੋਰ ਜੋ ਲੋਕ ਮੰਤ੍ਰ ਤੰਤ੍ਰਾਦਿ ਕਰ ਵਰ ਸ਼ਰਾਪ ਕੋ ਦੇਕਰ ਤਥਾ ਦਿਖਾਕਰ ਸੰਸਾਰਮੇਂ ਸਿੱਧ ਅਖਵਾਵੇ

ਹੈਂ ਤਥਾ ਲੋਕ ਤਿਨਕੋ ਸਿੱਧ ਆਖੇ ਹੈਂ ਸੋ ਠੀਕ ਨਹੀਂ ਹੈ ॥ ਭਾਵ ਐਹਆਤਮਵੇਤਾ ਪੁਰਸ਼ ਸਿੱਧ ਹੈ ਹੋਰ ਨਹੀਂ ॥੨੮॥ ਨਨੂ॥ ਸਿਧੋਂ ਮੇਂ ਐਸੀ ਸ਼ਕਤੀ ਭੀ ਹੋਵੇ ਹੈ ਜੋ ਲੋਕਾਂ ਕੋ ਦੇਖੇਂ ਅਰ ਆਪ ਨਜ਼ਰ ਨਹੀਂ ਆਵੇ ਹੈਂ ॥ ਸੋ ਤੁਮਾਰੇ ਮੇਂ ਭੀ ਹੈ॥ ਉਤਰ

**ਅਵਿਲੋਕੋਂ ਮੈ ਲੋਕ ਸਬਾਇਆ ॥ ਮੋਹਿ ਨ ਹੇਰਤ ਕੋ ਖਿਤਰਾਇਆ ॥ ਦੁਧਾ ਪ੍ਰਕਾਰ ਦਰਿਦ੍ਰ ਬਖਾਨਾ॥ ਏਕ ਸਤੋ ਮੈ ਤਮ ਮੈ ਆਨਾ॥੨੯॥**

ਟੀਕਾ—ਹੇ ਰਾਜਨ ਸੰਸਾਰੀ ਸਿਧੋਂ ਕੀ ਨਿਆਈਂ ਤੱਤਵੇਤਾ ਲੋਕਾਂ ਕੋ ਦੇਖੇ ਹੈ। ਅਰ ਤਿਨਕੋ ਏਹ ਲੋਕ ਦੇਖ ਨਹੀਂ ਸਕੇਂ ਹੈਂ। ਜੈਸੇ ਮੈਂ ਸਰਬ ਕੋ ਅਗਿਆਨ ਕਰ ਦੁਖੀ ਤਥਾ ਜਨਮ ਮਰਨ ਕੇ ਸਹਿਤ ਦੇਖੂੰਹੂੰ ॥ ਅਰ ਮੇਰੇ ਕੋ ਕੋਈ ਜਾਣੇ ਨਹੀਂ ਹੈ ਜੋ ਏਹ ਸੁਖ ਸਰੂਪ ਹੈ। ਅਰ ਦੁਖ ਸੇ ਪਰੇ ਹੈ ਜੈਸੇ ਤੁਮਨੇ ਦਰਿੱਦ੍ਰੀ ਕਹਿਆ ਹੈ ਅਰ ਜਾਣਿਆਂ ਨਹੀਂ ਹੈ ਮੇਰੇ ਕੋ ਤੈਸੇ॥ ਨਨੂ॥ ਹਮ ਤੋ ਮੈਲੇ ਤਥਾ ਲਿਸੇ ਨਗਨ ਕੋ ਦਰਿੱਦ੍ਰੀ ਕਹੇ ਹੈਂ ਤੁਮ ਕਿਸ ਕੋ ਕਹਤੇ ਹੋ ॥ਉਤਰ॥ ਹੇ ਰਾਜਨ ਦਲਿੱਦ੍ਰ ਦੋ ਪ੍ਰਕਾਰ ਕਾ ਹੈ ਏਕ ਸਤੋ ਗੁਣ ਰੂਪ ਹੈ ਅਰ ਦੂਸਰਾ ਤਮੋਗੁਣ ਰੂਪ ਹੈ ਸੋ ਦਸੇ ਹੈਂ॥ ਯਥਾ ਮੂਲ ॥

**ਮਨ ਕਰ ਤਨ ਕਰ ਭੋਗ ਅਸੰਗ੍ਰਹ। ਯਾਹਿ ਵਰਿਸ਼ਟ ਦਾਰਿਦ੍ਰ ਮੋਰ ਗ੍ਰਹ। ਹਰਿ ਗੁਰ ਭਗਤਿ ਕ੍ਰਿਪਾਦਿ ਤਿਆਗ ਜਹਿਂ॥ ਸੋ ਕਨਿਸ਼੍ਰ**



Sri Satguru Jagjit Singh Ji eLibrary NamdhariElibrary@gmail.com

ਦਾਰਿੱਦ੍ ਤੋਰ ਮਹਿੰ ॥ ੩੦ ॥

ਟੀਕਾ—ਹੇ ਰਾਜਨ ਅੰਤ੍ਰੇਮਨਕਰ ਅਰ ਬਾਹਰੋਂ ਸਰੀਰਕਰ ਜੋਪਦਾਰਤਾਂਕਾਤਿਆਗਹੈ ਤਮੋਗੁਣਰੂਪ ਸ੍ਰਿਸ਼੍ਰਦਰਿਦ੍ਰ ਹੈਜੈਸੇ ਮੇਰੇ ਮਨ ਮੇ ਹੈ। ਅਰ ਹਰੀ ਕੀ ਤਥਾ ਗੁਰੋਂ ਕੀ ਭਗਤੀ ਸੇ ਰਹਿਤ ਹੋਣਾ ਤਥਾ ਕ੍ਰਿਪ ਮੈਤ੍ਰੀ ਉਪਿਖਜਾ ਪ੍ਰਸੰਨਤਾ ॥ ਇਨ ਸੇ ਬਿਨਾ ਹੋਨਾ ਸੋ ਤਮੋਗੁਣਰੂਪ ਕਨਿਸ੍ਰ ਦਰਿੱਦ੍ਰ ਹੈ ਯਦਪੀਧਨ ਭੀ ਹੋਵੇ ਜੋ ਤੁਮਾਰੇ ਸਾਰਖਿਆਂ ਮੇਂ ਹੈ ਤੋ ਭੀ ਦਰਿੱਦ੍ਰ ਹੈ॥੩੦॥

ਮੂਲ॥ ਚਾਹਿ ਆਹਿ ਮਨ ਜਾਹਿ ਮਾਹਿ ਅਤਿ। ਸੋਪਿ ਦਰਿੱਦ੍ਰੀ ਤੁਮਵਤ ਨਰਪਤਿ। ਤੁਛਸ ਦੂਖ ਨਿਵਾਸੀ ਸੰਪਤਿ। ਪਾਇ ਬ੍ਰਿਥਾ ਨ੍ਰਿਪ ਤੁਮ ਕਤ ਗਰਬਤਿ ॥ ੩੧ ॥

ਟੀਕਾ—ਹੇ ਰਾਜਨ ਜਿਨਕੇ ਮਨਮੇਂਅਤਸੇ ਕਰਕੇ ਇੱਛਾ ਹੈ ਸਿਧੀਆਂਕੀ ਤਥਾ ਜਗਤਕੇ ਪ੍ਰਸੰਨ ਕਰਨੇ ਕੀ। ਯਦਪੀ ਸੇ ਨਗਨ ਤਥਾ ਹੋਰ ਜਲ ਧਾਰਾਦਿ ਧੂਣੀਕੇ ਸਹਿਤ ਭੀ ਹੈਂ॥ ਤਥਾਪੀ ਸੋ ਤੁਮਾਰੇ ਸਮਾਨ ਦਰਿੱਦ੍ਰੀ ਹੈਂ।ਤੁਛ ਕਾਲ ਇਸਥਿਤੀ ਹੈ ਜਿਸ ਕੀ ਤਥਾ ਸਹਿਤ ਦੁਖਕੇ ਜੋ ਸੰਪ੍ਰਦਾ ਹੈ। ਤਿਸ ਕੋ ਪਾਕਰ ਤੁਮ ਬਿਅਰਥ ਹੰਕਾਰ ਧਾਰ ਰਹੇ ਹੋ। ਐਸੇ ਪੂਰਬੋਕਤ ਵਚਨ ਸੁਨਕਰ ਰਾਜਾ ਭਰਥ ਜੀ ਕੇ ਆਗੇ ਬੇਨਤੀ ਪੂਰਬ ਕਹਿਤਾ ਭਯਾ ਮੇਰੇ ਪਰ ਕ੍ਰਿਪਾ ਕਰੋ ਜੋ ਮੇਰੇ ਕੋ ਕਰਤੱਬ ਹੈ ਸੋ ਕਹੋ ॥ ਉੱਤਰ॥ ੩੧ ॥

Sri Satguru Jagjit Singh Ji eLibrary NamdhariElibrary@gmail.com

**ਦੋਹਰਾ ॥ ਮੌਨ ਧਰੋ ਨਿਜ ਭੌਨਕੋ ਕਰੋਗੌਨ ਭੂਪਾਲ ॥ ਤ੍ਰਿਸ਼ਨਾ ਚਿਤ ਵਿਸ਼ਾਲ ਜਹਿ ਵਹੀ ਪਰਮ ਕੰਗਾਲ ॥ ੩੨ ॥**

ਟੀਕਾ—ਐਸੇ,ਰਾਜਾਕੀ ਬੇਨਤੀਕੋ ਸੁਣਕਰ ਭਰਥਰੀਜੀ ਕਹਿਤੇ ਭਏ ਹੇ ਰਾਜਨ ਅਪਨੇ ਦੇਸਕੋ ਜਾਹਿ ਅਰ ਜਾਇਕਰ ਮੌਨਕੋ ਧਾਰਨ ਕਰ। ਭਾਵ ਯੇਹ ਜੋ ਮਨਕੇ ਸੰਕਲਪੋਂਕੋ ਰੋਕ ਮੈਂ ਮੇਰੀ ਦੂਰ ਕਰ। ਅਰ ਬਾਨੀਕਰ ਕਿਸੇ ਕੇ ਚਿਤ ਕੋ ਨਾ ਦੁਖਾਇ। ਅਰ ਸਰੀਰ ਕਰ ਭੀ ਸ਼ਾਂਤ ਹੋ ਬਹੁਤੇ ਵਿਸ਼ਿਆਂ ਕਰ ਕੋਈ ਤ੍ਰਿਪਤੁ ਹੂਆ ਨਹੀਂ ਹੈ ਬਿਨਾ ਗਿਆਨ ਸੇ। ਏਹ ਮੌਨ ਪਦ ਮੈਂ ਕਹਿਓ ਅਰ ਹੇ ਰਾਜਨ ਜਿਨਕੇ ਮਨ ਮੇਂ ਤ੍ਰਿਸ਼ਨਾ ਹੈ ਵਹੀ ਅਤਸੇ ਕਰ ਕੰਗਾਲ ਹੈਂ ॥ ੩੨ ॥

**ਮੂਲ ॥ ਜਿਉਂ ਰਵਿਮਾਸ ਨਿਸ਼ਾਂਤ ਸ਼ਾਤਮੇਂ ਅਵਸ ਉਤਪੰਨ। ਤਿਉਂ ਨ੍ਰਿਪ ਉਰ ਧਰ ਭਰਥ ਰਵਿਭਯੋ ਗਿਆਨ ਸੰਪੰਨ ॥ ੩੩ ॥**

ਟੀਕਾ—ਜੈਸੇ ਬਾਰਾਂ ਹੀ ਮਹੀਨਯੋਂ ਮੇਂ ਰਾਤ੍ਰੀਕੇ ਅੰਤ ਕੋ ਭਾਵ·ਪਿਛਲੀ ਰਾਤਮੇਂ ਅਵਸਮੇਵ ਸ਼ਾਂਤੀਹੋ ਜਾਵੇਹੈ। ਭਾਵੇਂ ਜੇਠਦੀ ਗਰਮੀ ਭੀ ਹੋਵੇ। ਤੈਸੇ ਹੀ ਰਾਜਾ ਭਰਥਰੀਬਾਣੀਕੋ ਹ੍ਰਿਦੇਮੇਂ ਧਾਰਕਰ ਗਿਆਨ ਸਹਤ ਭਯਾ। ਭਾਵਯਹਜੋ ਸਰਬ ਵਾਸ਼ਨਾਂ ਕੋ ਤਯਾਗ ਕਰ ਸ਼ਾਂਤ ਹੂਆ ਮਨੋਵਾਸ਼ਨਾ ਨਾਸ਼ ਭੈਗੀ

Sri Satguru Jagjit Singh Ji eLibrary NamdhariElibrary@gmail.com

ਗਿਆਨਹੈ ਤਿਸਕੇ ਸਹਤ ਰਾਜਾ ਹੂਆ ॥ ਨਨੂ ॥ ਐਸੇ ਅਨ ਅਧਿਕਾਰੀ ਹੰਕਾਰੀ ਰਾਜਾ ਕੇ ਹ੍ਰਿਦੇ ਮੇਂ ਗਿਆਨ ਕੈਸੇ ਹੋਇ ਗਇਆ ਉੱਤਰ ॥ ੩੩ ॥

**ਦੋਹਰਾ ॥ ਅਤਿ ਬਰਖਾ ਜਲ ਭਰਤ ਰਵਿ ਨ੍ਰਿਪ ਉਰ ਊਖਰਗਾਇ ॥ ਤਾਹਿ ਧੁਤ ਤਹਿ ਵਿਤ ਜਲਜ ਭਵ ਗਯੋ ਨਮੋਕਰਰਾਇ॥੩੪**

ਟੀਕਾ—ਜੈਸੇ ਕੱਲਰ ਭੂਮੀ ਹੋਵੇ ਅਰ ਤਿਸਭੂਮੀਮੇਂ ਅਤਿ ਕਰਕੇ ਬਰਖਾ ਹੋਵੇ ਤਿਸ ਬਰਖਾ ਕਾ ਜਲ ਤਿਸਭੂਮੀਮੇਖੜੇ ਜਾਵੇ ਤੌ ਤਿਸਕੀ ਖਾਰਤਾ ਕੋ ਨਾਸ਼ ਕਰ ਤਿਸਮੇਂ ਕਵਲਾਦਿ ਹਰਿਯਾਵਲੀ ਰੂਪੀ ਧਨਕੋ ਉਤਪੱਤ ਕਰੇਹੈ॥ ਤੈਸੇਹੀ ਯਦਪੀ ਰਾਜਾ ਕਾ ਹ੍ਰਿਦਾ ਕੱਲਰ ਭੂਮੀਵਤ ਹੰਕਾਰਾਦਿ ਖਾਰਤਾ ਕੇ ਸਹਤ ਥਾ ਪਰੰਤੂ ਭਰਥਜੀਕੇ ਮੁਖਰੂਪੀ ਬਦਲਦੁਆਰਾ ਜੋ ਵਚਨਾ ਰੂਪੀ ਭਈ ਹੈ ਬਰਖਾ। ਤਿਸਕੇ ਉਪਦੇਸ਼ਰੂਪੀ ਜਲ ਨੇ ਰਾਜਾ ਕੇ ਹ੍ਰਿਦੇਮੇਂ ਇਸਿਥਿਤ ਹੋਕੇ ਕਵਲ ਕੀ ਨਿਆਈਂ ਗਿਆਨਰੂਪੀ ਧਨਕੋ ਉਤਪੰਨ ਕੀਆ ॥ ਤਿਸ ਗਿਆਨ ਕੋ ਪਾਕਰ ਰਾਜਾ ਨਮਸਕਾਰ ਕਰਤਾ ਭਯਾ ॥ ੩੪ ॥

**ਦੋਹਰਾ ॥ ਮਮ ਆਇਨ ਪਾਵਨ ਕਰੋਪਾਂਵਨ ਪਾਇਨ ਪਾਇ। ਵਕਤਾ ਨ੍ਰਿਪਵਤ ਰਾਜ ਨਿਜ ਨਿਰਭੈ ਤਾਂ ਪ੍ਰਤਿਗਾਇ ॥ ੩੫ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਤਿਸ ਰਾਜਾ ਕੇ ਜਾਣੇ ਸੇ ਪਿਛੇ ਕੋਈ ਹੋਰ ਰਾਜਾ ਭ੍ਰਗਤ ਭਰਥਰੀ ਕੋ ਆਕਰ ਕਹਿਤਾ ਭਯਾ ਹੇ ਸੁਆਮੀ ਜੀ ਮੇਰਾ ਘਰ ਚਲਕੇ ਪਵਿੱਤ੍ਰ ਕਰੋ। ਆਪਨੇ ਪਵਿੱਤ੍ਰਚਰਨਪਾਇ ਕਰ॥ਐਸੇ ਕਹਨੇ ਵਾਲੇ ਰਾਜਾਕੋ ਨਿਆਈਂ ਤਿਸਕੇ ਪ੍ਰਤੀ ਆਪਨੇ ਨ੍ਰਿਭੈ ਰਾਜਕੋ ਕਥਨ ਕਰ ਸੁਨਾਤੇ ਭਏ ॥ ੩੫ ॥

**ਕਬਿੱਤ ॥ ਵਿਭਵੌਂ ਕੇਈਸ਼ ਤੁਮ ਵਾਗਮ ਕੇ ਈਸ਼ ਹਮ ਭੂਪਤਿ ਭਵਾਨ ਸੂਰਬੀਰ ਹਮ ਅਤਿ ਹੈਂ ॥ ਪਰਪ੍ਰਾਣੀ ਮਹਿ ਮਦ ਤਾਪ ਤਾਸ ਨਾਸਬੇ ਕੋ ਮਮ ਗਿਰਾਚਲ ਚਤਰਾਈ ਕੋ ਧਰਤ ਹੈ। ਸੇਵਤ ਧਨਾਂਧੇ ਤੋ ਕੋ ਪੂਜਤ ਹੈ ਸ੍ਰੋਤੇ ਮੋ ਕੌ ਮਤਮਲ ਹੇਤ ਹੇਤ ਲੇਤ ਮੈਂ ਤੇ ਮਤ ਹੈ॥ ਰਾਵਰੋ ਹਮਾਰੋ ਰਾਜ ਗੁਣ ਕੋ ਸੰਮਾਜ ਸਮ ਅੰਤ੍ਰ ਕੇ ਰਾਜ ਮਾਂਹਿ ਅੰਤਰੋ ਮਹਤ ਹੈ॥੩੬॥**

ਟੀਕਾ—ਹੇ ਰਾਜਨ ਜੈਸੇ ਤੁਮ ਅਨੰਤ ਪ੍ਰਕਾਰ ਕੀ ਵਿਭੂਤੀ ਕੇ ਸੁਆਮੀ ਹੋ। ਤੈਸੇ ਹਮ ਭੀ ਅਨੇਕ ਪ੍ਰਕਾਰ ਕੇ ਵਾਕੋਂ ਯੁਤ ਜੋ ਸ੍ਰੈ ਬਾਨੀਹੈ ਤਿਸਕੇ ਸੁਆਮੀ ਹੈਂ। ਹੇ ਰਾਜਨ ਤੁਮ ਤੋ ਸੂਰਮੇ ਹੋ ਹਮ ਬੀ ਰਹੈਂ ਅਤੀ ਕਰਕੇ। ਜੋ ਦਸਾਂ ਕੋ ਮਾਰੇ ਇਕਲਾ ਸੋ ਸੂਰਮਾ ਹੈ ਅਰ ਜੋ ਸੂਰਮੇਕੋ ਮਾਰੇ ਸੋ ਬੀਰ ਹੈ। ਵਾ ਜੋ ਸਰੀਰ ਕੋ ਵ੍ਸਕਰੇ ਸੋ ਸੂਰ ਜੋ ਸਰੀਰ ਸਹਿਤ ਇੰਦ੍ਰੇ ਵਸਕਰੇ ਸੋਬੀਰ

Sri Satguru Jagjit Singh Ji eLibrary NamdhariElibrary@gmail.com

ਜੈਸੇ ਤੁਮਾਰੀ ਫਉਜਾਦੀ ਵਿਭੂਤੀ ਚੋਰਾਦਿ ਸ਼ੱਤ੍ਰੂਆਂ ਕੇ ਨਾਸ ਕਰਨ ਮੈ ਚਤ੍ਰ ਹੈ। ਤੈਸੇ ਪਟਵੇਸ਼ ਕਰਕੇ ਜੋ ਜੀਵਾਂ ਕੇ ਹਿਰਦੇ ਮੇਂ ਅਨੇਕ ਪ੍ਰਕਾਰ ਕੇ ਕਾਮਾਦਿ ਵਿਕਾਰ ਚੋਰ ਰੂਪ ਆਕੇ ਹੈਂ॥ ਤਿਨ ਕੇ ਨਾਸ ਕਰਨੇ ਕੋ ਮੇਰੀ ਬਾਣੀ ਰੂਪੀ ਵਿਭੂਤੀ ਭੀ ਚੱਕਰਵਤ ਚੰਚਲ ਚਤ੍ਰਤਾ ਕੋ ਧਾਰਨ ਕਰੇ ਹੈ। ਜੈਸੇ ਧਨ ਕੀ ਇੱਛਾ ਵਾਲੇ ਅੰਧੇ ਪੁਰਸ਼ ਤੇਰੇ ਕੋ ਸੇਵੇ ਹੈਂ ਪਦਾਰਥੋਂ ਕੀ ਤ੍ਰਿਸ਼ਨਾ ਕੀ ਨਵਿਰੀ ਵਾਸਤੇ॥ ਤੈਸੇ ਸ੍ਰੋਤਾ ਜੋ ਅਧਿਕਾਰੀ ਪੁਰਸ਼ ਹੈਂ ਸੋ ਹਮ ਕੋ ਸੇਵਤੇ ਹੈਂ ਬੁਧੀ ਕੀ ਮਲਨਤਾ ਕੀ ਨਵਿਰਤੀ ਵਾਸਤੇ ਮੇਰੇ ਸੈ ਸਿਖ੍ਯਾ ਲਵੇ ਹੈਂ॥ ਹੇ ਰਾਜਨ ਹਮਾਰਾ ਤੁਮਾਰਾ ਰਾਜ ਬਾਹਰਲੇ ਗੁਣੋਂ ਕਰ ਤੋ ਸਮਾਨਿ ਹੈ। ਪ੍ਰੰਤੂ ਅੰਤਰ ਕਾ ਜੋ ਰਾਜ ਹੈ ਤਿਸ ਮੈ ਬੜਾ ਭੇਦ ਹੈ॥ ਯਥਾ ੩੬॥

**ਚੌਪਈ॥ ਰਾਜਨ ਤੁਮ ਪ੍ਰਿਥਵੀ ਪਤਿ ਰਾਜੇ॥ ਹਮ ਰਾਜੇ ਤ੍ਰਿਭਵਣ ਕੇ ਸਾਜੇ। ਲਾਜੇ ਤੁਮਰੇ ਧਾਮ ਬਿਰਾਜੇ। ਦੇਖ ਦੋਖ ਬਹੁ ਤਾਂ ਤੇ ਭਾਜੇ॥ ੩੭**

ਟੀਕਾ—ਹੇ ਰਾਜਨ ਤੁਮ ਤੋ ਥੋੜੀ ਸੀ ਪ੍ਰਿਥਵੀ ਕੇ ਪਤੀ ਹੋ ਕਰ ਰਾਜੇ ਬਨ ਰਹੇ ਹੋ। ਹਮ ਤਿੰਨਾਂ ਭਵਨਾਂ ਕੇ ਪਤੀ ਹੋਕਰ ਰਾਜਿਯੋਂ ਵਤ ਸੋਭ ਰਹੇ ਹੈਂ। ਤੁਮਰੇ ਘਰ ਮੇਂ ਬਿਰਾਜਮਾਨ ਹੋਤੇ ਲੱਜਾ ਪਾਤੇ ਹੈਂ। ਬੜੇ ਪੁਰਸ਼ ਕੋ ਆਪ ਸੇ ਛੋਟੇ ਕੇ ਘਰ ਜਾ ਕਰ [illegible]ਣਾ ਯੋਗ ਨਹੀਂ। ਦੂਸਰਾ ਤੁਮ ਲੋਕੋਂ ਕੇ ਘਰ ਮੇਂ ਅਨੰਤ ਦੋਸ਼ ਹੈਂ। ਤਿਨ ਕੋ ਦੇਖ ਕਰ ਹਮ ਲੋਕ ਭਾਜ ਜਾਤੇ ਹੈਂ॥

Sri Satguru Jagjit Singh Ji eLibrary NamdhariElibrary@gmail.com

ਨਨੂ ॥ ਤ੍ਰਿਨ ਭਵਨ ਕੇ ਰਾਜੇ ਤੁਮ ਕੈਸੇ ਹੋ ॥ ਉੱਤਰ ॥ ਨਰਿ-ਛਤ੍ਰ ਪੁਰਸ਼ ਇੰਦ੍ਰਾਦਿ ਬ੍ਰਹਮਾਸੇ ਭੀ ਬੜਾ ਕਹਿਆ ਹੈ। ਅਰ ਬ੍ਰਹਮਵੇਤਾ ਬ੍ਰਹਮਰੂਪ ॥ ਬ੍ਰਹਮ ਸੇ ਬੜਾ ਕੋਈ ਭੀ ਨਹੀਂ ਹੈ ਇਸਤੇ ਭੀ ਹਮ ਤ੍ਰਯਲੋਕੀ ਕੇ ਸਾਥ ਹੈਂ ॥ ਨਨੂ ॥ ਹਮਰੇ ਘਰ ਮੈਂ ਦੂਸ਼ਨ ਕਿਆ ਹੈ ॥ ਉੱਤਰ ॥ ੩੭ ॥

**ਬੁਧਿ ਬੇਲ ਕੇ ਹਰਨੇ ਹਾਰੀ । ਅੰਸ ਤੁਮਾਰੀ ਕਠਨ ਕੁਠਾਰੀ । ਛਰਦ ਮੈਲ ਮੂਤ੍ਰਾਦਿ ਤ੍ਯਾਗਸਮ । ਤਜੇ ਪਦਾਰਥ ਨਾਹਿ ਗਹੇਂ ਹਮ ।**

ਟੀਕਾ—ਬੁਧੀ ਰੂਪੀ ਲਤਾ ਕੇ ਨਾਸ਼ ਕਰਨੇ ਕੋ ਤੁਮਾਰੀ ਅੰਸ਼ ਬੜੀ ਕਠਨ ਕੁਹਾੜੀ ਵਤ ਹੈ ॥ ਨਨੂ ॥ ਸਾਦਕ ਪੁਰਸ ਕੀ ਬੁਧੀ ਕੋ ਤੋ ਯਦਪੀ ਰਾਜ ਅੰਸ ਨਾਸ ਕਰੇ ਹੈ । ਪ੍ਰੰਤੂ ਤਤਵੇਤਾ ਕੀ ਬੁਧੀ ਤੌ ਬੜਵਾਅਗਨਿ ਰੂਪ ਹੈ। ਸੋ ਤੋ ਸਰਬ ਕਾ ਹਮਨ ਕਰੇ ਹੈ ਅਰ ਆਪ ਨਾਸ ਹੋਵੇ ਨਹੀਂ ਅਰ ਤੁਮ ਤੱਤ-ਵੇਤਾ ਹੋ ਤੁਮਕੋ ਦੋਸ ਨਹੀਂ ਹੈ ਚਲੋ ਕ੍ਰਿਪਾ ਕਰ ਘਰ ਪਵਿਤ੍ਰ ਕਰੋ ॥ ਉੱਤਰ॥ ਹੇ ਰਾਜਨ ਤੁਮਾਰਾ ਕਹਿਨਾ ਸਤ ਹੈ। ਤੋ ਭੀ ਹਮਨੇ ਤ੍ਰਿਆਗ ਕੀਆ ਹੂਆ ਹੈ ਪਦਾਰਥੋਂ ਕਾ । ਜੈਸੇ ਡਾਕੀ ਤਥਾ ਵਿਸ਼੍ਟਾ ਮੂਤ੍ਰਾਦਿ ਮਲ਼ ਕਾ ਤਿਆਗ ਕਰ ਤਿਸਕੋ ਕੋਈ ਗ੍ਰਹਿਣ ਕਰੇ ਨਹੀ ਹੈ ਤੈਹੈ ਹੀ ਹਮਨੇ ਪਦਾਰਥ ਤਜੇ ਹੈਂ ਇਸਕ੍ਰ ਹਮ ਗ੍ਰਹਿਨ ਕਰੇ ਨਹੀਂ ਕਰਤੇ ਪਦਾਰਥੋਂ ਕੇ ਤਿਆਗ ਰੂਪ ਪ੍ਰਤੱਗਜਾ ਕੇ ਗ੍ਰਹਿਨ ਨਹੀਂ ਕਰਤੇ ਪਦਾਰਥੋਂ ਕੇ ਤਿਆਗ ਰੂਪ ਪ੍ਰਤੱਗਜਾ ਕੋ ਤਿਆਗਨੇ ਕਰ ਹਮ ਪਤਿਤ ਹੋਤੇ ਹੈਂ ਜੋ ਅਪਨੀ ਪ੍ਰਤੱਗਜਾ ਕੋ ਤਿਆਗਨੇ ਕਰ ਹਮ ਪਤਿਤ ਹੋਤੇ ਹੈਂ

Sri Satguru Jagjit Singh Ji eLibrary NamdhariElibrary@gmail.com

ਤਿਆਗੇ ਸੋ ਪਤਤ ਹੋਤਾਹੈ ਅਰ ਤਿਆਗਕੇ ਗ੍ਰਹਿਣ ਕਰਨਾ ਮਲਵਤ ਹੈ॥ ਪਦਾਰਥੋਂਕੇ ਤਿਆਗ ਮੇਂ ਤਥਾ ਰਾਜ ਦਰ-ਬਾਰ ਕੇ ਨਾ ਜਾਣ ਮੇਂ ਹੋਰ ਹੇਤੂ ਦਸੇ ਹੈਂ ॥ ਯਥਾ ॥ ੩੯ ॥

**ਮੂਲ ॥ ਹਮ ਨਿਸਪ੍ਰੇਹੀ ਚਰਹਿ ਸੁਤੰਤ੍ਰ। ਤੁਸਹਿ ਦੁਖ ਮਮ ਸੁਖ ਪ੍ਰਤੰਤਰ ॥ ਹਮ ਆਨੰਦੀ ਨਿਜਾ ਨੰਦ ਕਰ। ਵਿਖੈ ਭੋਗ ਸੁਖ ਕੇ ਤੁਮ ਕਿੰਕਰ ॥ ੩੯ ॥**

ਟੀਕਾ—ਹੇ ਰਾਜਨ ਪਦਾਰਥਾਂਮੇਂ ਤਥਾ ਰਾਜ ਦਰਬਾਰ ਮੈਂ ਰਾਗੀ ਪੁਰਸ਼ ਪ੍ਰੇਮ ਕਰੇ ਹੈ। ਅਰ ਹਮ ਪ੍ਰੀਤ ਸੇ ਰਹਿਤ ਹੈਂ॥ ਪੁਨਾ ਆਪਨੀ ਇੱਛਾ ਅਨੁਸਾਰ ਵਰਤਨੇ ਹਾਰੇ ਹੈਂ। ਪਰਾ-ਦੀਨਤਾ ਕਾ ਦੁਖ ਹਮ ਕੋ ਸਹਾਰਨਾ ਕਠਨ ॥ ਆਪ ਨੇ ਆਤਮਾਨੰਦ ਕਰੰ ਹਮ ਅਨੰਦ ਵਾਲੇ ਹੈਂ। ਅਰ ਸੰਸਾਰ ਕੇ ਜੋ ਸਬਦਾਦਿ ਵਿਸ਼ੇ ਹੈਂ ਭੋਗ ਰੂਪ ਤਿਸਕੇ ਤੁਮ ਕੀੜੇ ਹੋ॥੩੯।

**ਮੂਲ ॥ ਕਰੋ ਦੰਡ ਤੁਮ ਦੁਸ਼ਟ ਜਨਾਂ ਕੋ ॥ ਸਹ ਨ ਸਕੋਂ ਮੈ ਦੁਖ ਸੁਤਾਂ ਕੋ। ਤੁਮ ਡਾਰੋ ਤਿਹੰ ਮੁਕਤਿ ਚਹੇਂ ਹਮ॥ ਤੁਵ ਮਮ ਸੰਗਤ ਤੁਲ ਤੇਜ ਤਮ ॥ ੪੦ ॥**

ਟੀਕਾ—ਹੇ ਰਾਜਨ ਚੋਰਾਦਿ ਦੁਸ਼ਟ ਪੁਰਸ਼ਾਂਕੇ ਜੋ ਤੁਮ ਨੇ ਦੰਡ ਦੇਨਾਹੈ। ਤਿਸ ਦੰਡ ਕਾ ਜੋ ਦੁਖ ਹੈ ਤਿਨ ਪੁਰਸਾਂ ਕੋ ਸੋਭੀ

Sri Satguru Jagjit Singh Ji eLibrary NamdhariElibrary@gmail.com

ਹਮਾਰੇਸੇਸਹਾਰਿਆ ਨਹੀਂ ਜਾਤਾ ਹੈ। ਤੁਮਤੋ ਤਾੜਤੇਹੋ ਅਰ ਹਮ ਤਿਨਕੋ ਛੁਡਾਇਆ ਚਾਹਤੇ ਹੈਂ।ਤੁਮਾਰੀ ਹਮਾਰੀਸੰਗਤ ਐਸੇ ਹੈ ਜੈਸੇ ਸੂਰਜ ਅਰ ਅੰਧਕਾਰ ਕੀ ਸੰਗਤ ਹੈ॥੪੦॥

**ਮੂਲ॥ਮਹਤਰਾਜ ਵਾਰੇ ਹਮ ਰਾਜਨ।ਸੂਲਪ ਰਾਜਤਵਸੋ ਮਮਕਾਜਨ।ਤੁਮਰੇਸਦਨ ਸਦੋਰ ਪਪੌਰੇ॥ ਸਹਨ ਸਕੌਂ ਮੈ ਬਾਇਕ ਕੌਰੇ॥੪੧**

ਟੀਕਾ—ਹੇ ਰਾਜਨ ਹਮ ਬੜੇ ਰਾਜ ਵਾਲੇ ਹੈਂ। ਤੁਮਾਰਾ ਥੋੜਾ ਸਾ ਰਾਜ ਹਮਾਰੇ ਕਾਮ ਨਹੀਂ ਹੈ। ਤੁਮਾਰੇ ਮੰਦ੍ਰੋਂ ਕੇ ਦਰਵਾਜ਼ੇ ਦੁਆਰਪਾਲ ਛੜੀਦਾਰੋਂ ਕੇ ਸਹਤ ਹੈਂ। ਸੋ ਚੋਪਦਾਰ ਕਉੜੇ ਬਚਨ ਬੋਲਤੇ ਹੈਂ ਹਮ ਤਿਨਕੇ ਕਉੜੇ ਬਚਨ ਸਹਿ ਨਹੀਂ ਸਕਤੇ ॥੪੧॥

**ਮੂਲ॥ ਤਵਨਿਕੇਤ ਇਤਜਾਦਿਕ ਦੂਖਨ॥ ਸੋਮਮ ਜੋਗਨ ਭੌਭੂ ਭੂਖਨ।ਨਮੋਮਾਤ੍ਰਜੋਭੂਪਤਿ ਹਾਰੀ। ਹਮਤਾਂਕੇ ਭੀ ਨਹੀਂ ਅਧਿਕਾਰੀ॥੪੨**

ਟੀਕਾ—ਤੇਰੇ ਮੰਦ੍ਰੋਂ ਮੇਂ ਇਸਸੇ ਆਦ ਲੇਕਰ ਹੋਰ ਦੂਖਨ ਭੀ ਬਹੁਤ ਹੈਂ। ਹੇ ਰਾਜਨ ਸੋ ਹਮਰੇ ਜੋਗ ਨਹੀਂ ਹੈਂ।ਤੁਮਾਰੋ ਨਮਸਕਾਰ ਮਾਤ੍ਰਕੇ ਭੀ ਹਮ ਅਧਿਕਾਰੀ ਨਹੀਂ ਹੈਂ॥੪੨॥

**ਮੂਲ॥ ਤਵ ਆਲੈਤਨ ਪਾਲੈ ਲਾਜੇ। ਜਾਤੇ ਹਮ ਤੁਮ ਦੋਨੋਂ ਰਾਜੇ॥ਤਾਂਤੇਹਮਰੇਤੁਮਰੇਮਾਹੀਂ**



Sri Satguru Jagjit Singh Ji eLibrary NamdhariElibrary@gmail.com

। ਹੇ ਨ੍ਰਿਪ ਅਧਿਕ ਅੰਤਰੋ ਨਾਹੀਂ ॥ ੪੩ ॥

ਟੀਕ—ਹੇ ਰਾਜਨ ਤੇਰੇ ਘਰ ਮੇਂ ਹਮ ਸਰੀਰ ਕੋ ਪਾਲਤੇ ਲਜਾਕੋ ਪ੍ਰਾਪਤਿ ਹੋਤੇ ਹੈਂ । ਹਮ ਤੁਮ ਦੋਨੋਂ ਰਾਜੇ ਸਮਹੈਂ॥ ਇਸਤੇ ਹੇ ਰਾਜਨ ਹਮਾਰੇ ਤੁਮਾਰੇ ਮੇਂ ਕੁਛ ਬੜਾ ਭੇਦ ਨਹੀਂ ਹੈ ॥ ੪੩ ॥

ਮੂਲ ॥ ਰਾਜਾਂਤੁਮੋ ਆਹਿ ਵਿਖਮਤਾ। ਵਾਹਯ ਰਾਜਗੁਣਕੀਕਛੁ ਸਮਤਾ। ਅਸੁਰ ਸੰਪਤਾ ਕੇ ਪਤਿ ਤੁਮਹੂੰ। ਸੁਰੀਸੰਪਦਾਕੇ ਪ੍ਰਭਹਮਹੂੰ॥੪੪

ਟੀਕਾ—ਹੇ ਰਾਜਨ ਤੁਮਾਰੇ ਹਮਾਰੇ ਅੰਤਰ ਕੇ ਰਾਗ ਮੇਂ ਭੇਦ ਹੈ ॥ ਅਰ ਬਾਹਰਲੇ ਰਾਜਕੇ ਗੁਣੋਂ ਕੀ ਕੁਛਕ ਸਮਤਾ ਹੈ। ਕਾਮਾਦਿ ਆਸਰੀ ਸੰਪਤਾ ਕੇ ਪਤੀ ਤੁਮ ਹੋ। ਮੋਹ ਰੂਪ ਭਾਵ ਯੇਹ ਮੋਹ ਕਰ ਗ੍ਰਸੇ ਹੂਏ ॥ਸੰਤੋਖਾਦਿਦੇਵੀ ਸੰਪਤਾ ਕੇ ਸੁਆਮੀ ਹਮ ਹੈਂ ॥ ਭਾਵ ਯਹ ਜੋ ਵਿਵੇਕ ਸਹਿਤ ਹੋਨੇ ਤੇ ਵਿਵੇਕ ਰੂਪ ਹੈਂ ॥ ੪੪ ॥

ਤੁਮ ਸ੍ਵਦੇਸ਼ ਕੇ ਅਰਥਹੁ ਕੇ ਪਤਿ ॥ ਰੰਕ ਧਨੀ ਕੀ ਕਰਹੁ ਵਿਖਮਗਤਿ। ਹਮ ਬਾਨੀ ਪਤਿ ਨਿਜ ਬਾਨੀ ਕਰਿ॥ ਕਰਹਿ ਤਾਰਤਮ ਤੁਮ ਸਮ ਨਰ ਵਰ ॥ ੪੫ ॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਹੇ ਰਾਜਨ ਜੈਸੇ ਤੁਮਆਪਨੇ ਦੇਸ਼ਕੇ ਪਤੀ ਹੋ ਅਰ ਦੇਸ ਵਾਸੀ ਜੀਵੋਂਕੇ ਧਨੀ ਅਰ ਕੰਗਾਲ ਜਾਨਕਰ ਤਿਨਕੀ ਭਿੰਨਭਿੰਨਰੀਤੀ ਕਰੋ ਹੋ। ਕਿਸੀਕੋ ਲੰਬੜਦਾਰ ਕਰ ਦੇਨਾ ਕਿਸੀਕੋਰਪਟੀਕਰਦੇਣਾਏਹ ਭੇਦ ਹੈ। ਤੈਸੇ ਹੀ ਹਮ ਬਾਨੀ ਕੇ ਪਤੀ ਹੈਂ ਬਾਣੀ ਕਰਹੀ ਤੁਮਰੇ ਵਤ ਹਮਭੀ ਬੜਾਛੋਟਾ ਕਰੇ ਹੈਂ ਕਿਸੇਕੋ ਗਜਾਨਦੇਵੇਂ ਹੈਂ ਕਿਸੇਕੋ ਉਪਾਸ਼ਨਾਮੇਂਲਾਵੇਂ ਹੈਂ ਕਿਸੀ ਕੋ ਸਕਾਮ ਕਿਸੇਕੋ ਨਿਹਕਾਮ ਕਰਮੋਂ ਮੇਂ ਲਾਕਰ ॥੪੫॥

**ਨਿਜ ਪਰਜਾ ਕੇ ਅਰ ਤੁਮ ਬੀਰਾ। ਬਲ ਵਿਖਯਾਤ ਰਾਵਰੋ ਬੀਰਾ। ਨਿਜ ਵਿਭਾਗ ਕੈ ਹਰਨੇ ਕਾਜਾ। ਰੱਖਨ ਤੁਮ ਲੋਕਨ ਕੇ ਰਾਜਾ ॥ ੪੬ ॥**

ਟੀਕਾ—ਤੁਮਾਰੀ ਪਰਜਾ ਕੇ ਜੋ ਸ਼ਤਰੂ ਹੈਂ ਤਿਨਕੇ ਨਾਸ਼ ਕਰਨੇ ਕੋ ਤੋ ਤੁਮ ਬੀਰ ਹੋ। ਹੇ ਭ੍ਰਾਤਾ ਐਸੇ ਤੁਮਾਰਾ ਬਲ ਪ੍ਰਗਟ ਹੈ ਪਰੰਤੂ ਆਪਣਾ ਮਾਮਲਾ ਲੈਣੇ ਹੇਤ ਤੁਮ ਲੋਕਾਂ ਕੇ ਰਖਕ ਬਣੇ ਹੋਏ ਹੋ ॥ ੪੬ ॥

**ਬਾਂਹਰ ਧਨਕੇ ਹਰਤਾ ਤਸਕਰ। ਤਾਂਕੇ ਦੰਡਕ ਤੁਮ ਭੂਪਤਿਬਰ। ਅਰ ਤਵ ਮਨ ਦੁਸ਼ਮਨ ਤਵ ਅੰਤਰ। ਤੁਮਰੇ ਬਲਕੋ ਹਰਤ ਨਿਰੰਤਰ ॥ ੪੭ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਬਾਹਰਲੇ ਰੁਪੈ ਆਦਿ ਧਨ ਕੇ ਚੋਰਾਣੇਹਾਰੇ ਜੋ ਚੋਰ ਹੈਂ ਤਿਨਕੋ ਦੰਡ ਦੇਨੇ ਕੋ ਤਾਂ ਤੁਮ ਬੜੇ ਸ੍ਰੇਸ਼ਟ ਸੂਰਮੇ ਹੋ ॥ ਪਰੰਤੂ ਤੁਮਾਰਾ ਜੋ ਦੁਸ਼ਮਨ ਮਨ ਤੁਮਾਂਰੇ ਅੰਤਰ ਇਸਥਿਤ ਹੋਕਰ ਤੁਮਾਰੇ ਬਲ ਕਾ ਨਾਸ਼ ਕਰ ਰਹਿਆ ਹੈ ਤਿਸਕੇ ਮਾਰਨੇ ਕੋ ਤੁਮ ਸਮਰਥ ਨਹੀਂ ਹੋਤੇ। ਤਾਂਤੇ ਕਾਇਰ ਹੋ ॥ ਨਨੂ ॥ ਹਮਰੇ ਬਲਕੋ ਕੈਸੇ ਮਨ ਹਰ ਰਹਿਆ ਹੈ ॥ ੪੭ ॥ ਉੱਤਰ ॥

**ਬ੍ਰਹਮ ਸਚਿਦਾਨੰਦ ਰੂਪ ਤਵ। ਢਾਂਪ ਲਿਓ ਤਿਹ ਯਥਾ ਅਭ੍ਰ ਰਵਿ ॥ ਮ੍ਰਿਖਾ ਅਚੇਤਨ ਦੁਖ ਰੂਪ ਤਨ। ਅਰ ਪਰਣਾਮੀ ਬਿਪਤਾ ਬਾਸਨ ॥੪੮**

ਟੀਕਾ—ਹੇ ਰਾਜਨ ਜੈਸੇ ਸੂਰਯ ਕੇ ਤੇਜ ਕੋ ਬਦਲ ਰੋਕੇ ਹੈ ਤੈਸੇ ਤੇਰੇ ਬ੍ਰਹਮ ਸਚਿਦਾਨੰਦ ਰੂਪ ਕੋ ਮਨ ਨੇ ਰੋਕਾ ਹੈ ॥ ਅਰ ਆਪਨਾ ਬਲ ਪਾਕਰ ਝੂਠਾ ਦੁਖ ਰੂਪ ਜੜ ਜੋ ਸਰੀਰ ਹੈ ਪੁਨਾ ਵਧਨੇ ਘਟਨੇ ਵਾਲਾ ਦੁਖਾਂ ਕਾ ਪਾਤ੍ਰ ਹੈ ॥ ੪੮ ॥

**ਤਾਂ ਮੈ ਅਹੰਭਾਵ ਤੁਮ ਕੀਨੋਂ। ਨਖ ਸਿਖਾਗ੍ਰ ਲੌ ਨਿਜ ਬਪੁ ਚੀਨੋਂ। ਅਜ ਅਸੰਗ ਲੌਂ ਧਰਮ ਤੁਮਾਰੇ। ਚਿੱਤ ਸੱਤ੍ਰ ਤੇ ਢਾਂਪੇ ਸਾਰੇ ॥ ੪੯ ॥**

ਟੀਕਾ—ਤਿਸ ਸਰੀਰ ਮੈ ਤਿਸ ਮਨੁ ਕੇ ਬਲ ਕਰ ਤੁਮਨੇ ਹੰਭਾਵ ਕੋ ਕੀਨਾ ਹੈ ਅਰ ਪੈਰਾਂ ਦੇ ਨਵਾਂ ਥੀਂ ਲੈਕਰ ਸਿਰਕੇ ਰੋਮਾਂ ਕੇ ਆਗੇ ਪ੍ਰਯੰਤ ਆਪਨਾ ਸਰੂਪ ਜਾਨਿਆ ਹੈ। ਅਰ

Sri Satguru Jagjit Singh Ji eLibrary NamdhariElibrary@gmail.com

ਅਪਨੇ ਜੋ ਤੁਮਾਰੇ ਧਰਮ ਥੇ ਮੈਂ ਅਸੰਗ ਅਕ੍ਰੋਂ ਅਬਿਨਾਸ਼ੀ ਹੂੰ ਇਤਜਾਦਿ ਸੰਪੂਰਣ ਧਰਮ ਚਿੰਤ ਰੂਪੀ ਤੁਮਾਰੇ ਸ਼ਤਰੂ ਨੇ ਦਬਾ ਦੀਏ॥ ਨਨੂ॥ ਹਮ ਕੈਸੇ ਜਾਣੇ ਜੋ ਹਮਾਰੇ ਧਰਮ ਮਨ ਨੇ ਦਬਾਏ ਹੈਂ॥ ਉੱਤਰ॥ ੪੯॥

**ਜਨਮ ਮਰਨ ਲੌ ਤਨ ਕੇ ਕਰਮਾ। ਚੀਨੇਤੁਮ ਅਪਨੇ ਪਰ ਧਰਮਾ। ਨਿਜਾਨੰਦ ਤੇ ਤੁਮ ਕੋ ਤੋਰੇ। ਨੀਚ ਬਿਖੈ ਸੁਖ ਬੀਚ ਮੁ ਜੋਰੇ॥ ੫੦॥**

ਟੀਕਾ—ਜਨਮ ਮਰਨ ਥੀਂ ਲੈਕਰ ਖਟ ਵਿਕਾਰ ਸਰੀਰ ਕੇ ਕਰਮ ਹੈਂ ਅਰ ਪਰਾਏ ਧਰਮ ਸਰੀਰ ਕੇ ਤੁਮਨੇ ਅਪਨੇ ਜਾਨੇ ਹੈਂ ਜੋ ਮੈਂ ਮੂਆ ਹੂੰ ਮੈਂ ਜੰਮੂਗਾ ਮੈਂ ਖੁਸ਼ੀ ਮੈਂ ਦੁਖੀ ਐਸੇ ਪਰ ਧਰਮ ਤੇਰੇ ਮੇਂ ਅਰੋਪ ਕਰ॥ ਆਤਮਾਨੰਦ ਸੇ ਤੇਰੇ ਕੋ ਹਟਾ ਦੀਆ ਮਨ ਨੇ ਅਰ ਨੀਚ ਕਹੀਐ ਨਰਕ ਦੁਖ ਕਾ ਕਾਰਣ ਜੋ ਵਿਸ਼ੇ ਸੁਖ ਹੈਂ ਤਿਸ ਵਿਖੇ ਤੇਟੇ ਕੋ ਜੋੜਾ ਹੈ॥ ੫੦॥

**ਕਾਮ ਕ੍ਰੋਧ ਲੋਭਾਦਿ ਰੂਪ ਧਰਿ। ਨਟ ਵਤ ਮੋਹੇ ਤੁਮਕੋ ਮਨ ਅਰਿ। ਤੁਮਰੇ ਸੁਖ ਕੋ ਅਹਿ ਨਿਸਕਾਟੇ। ਸਤ ਪਥਤੇ ਤੁਮਕੋ ਨਿਤ ਡਾਟੇ। ੫੧**

ਟੀਕਾ—ਕਾਮ ਕ੍ਰੋਧਾਦਿ ਬ੍ਰਿਤੀਆਂ ਕੇ ਸਰੂਪ ਧਾਰ ਕਰ ਨਟੂਏ ਕੀ ਨਿਆਈਂ ਮੋਹ ਰਹਿਆ ਹੈ ਤੁਮਕੋ ਮਨ ਰੂਪੀ ਸ਼ਤ੍ਰੂ ਅਰ ਤੁਮਾਰੇ ਕੋ ਆਤਮ ਸੁਖ ਵਲੋਂ ਹਟਾ ਰਹਿਆ ਹੈ ਸਰਿਸ਼੍ਟ

Sri Satguru Jagjit Singh Ji eLibrary NamdhariElibrary@gmail.com

ਰਸਤਾ ਜੋ ਹੈ ਸਤਸੰਗ ਕਥਾ ਕੀਰਤਨਾਦਿ ਸੰਤੋਂ ਕੀ ਸੇਵਾ ਤਿਸ ਕੀ ਤਰਫੋਂ ਤੁਮਕੋ ਨਿੱਤਨੇਮ ਪ੍ਰਤੀ ਤਾੜਨਾ ਕਰਤਾ ਹੈ। ਜਬ ਕਬੀ ਸੰਕਲਪ ਸਤਸੰਗ ਕਾ ਹੋਵੇ ਭੀ ਤੋ ਮਨ ਨੇ ਵਿਸ਼ਿਆਂ ਕੀ ਤਰਫ ਲਗਾ ਲੈਣਾ ॥ ੫੧ ॥

**ਕੀਨ ਦੀਨ ਤੇ ਦੀਨ ਤੁਮੇ ਮਨ। ਜਨਮ ਜਨਮ ਕੋ ਮਨ ਤਵ ਦੁਸ਼ਮਨ । ਤਵ ਆਸ਼੍ਰੇ ਬਲ ਪਾਇ ਤਿਹਾਰੇ । ਹਰਜੋ ਸਰਬ ਮਨ ਤੇਜ ਤੁਮਾਰੋ ॥ ੫੨ ॥**

ਟੀਕਾ—ਸਦਾ ਪਰਾਧੀਨ ਰਹਿਨੇ ਹਾਰੇ ਜੋ ਵਿਸ਼ੇ ਹੈਂ ਤਿਨਕੇ ਦੀਨ ਤੇਰੇ ਕੋ ਮਨਨੇ ਕਰਾ ਹੈ॥ ਅਨੰਤ ਜਨਮਾ ਕਾ ਮਨ ਤੁਮਾਰਾ ਦੁਸ਼ਮਨ ਹੈ ॥ ਤੁਮਾਰੇ ਆਸਰੇ ਹੈ ਅਰ ਤੇਰੇ ਹੀ ਬਲ ਕੋ ਪਾਇਕਰ ਤੇਰੇ ਸਰਬ ਤੇਜ ਕੋ ਮਨ ਨੇ ਖੋਸ ਲੀਆ ਹੈ॥੫੨

**ਤੁਮਰੇ ਬਲ ਕੋ ਜਬ ਮਨ ਧਾਰੇ।ਤਬੇ ਸੁਭਾ ਸੁਭ ਪੰਥ ਪਧਾਰੇ।ਤਵ ਬਲ ਰਿਤੇ ਕਿਤੇ ਨ ਸਿਧਾਰੇ । ਜੜ ਸੁਭਾਵ ਤੇ ਬਾਨ ਪ੍ਰਕਾਰੇ ॥ ੫੩ ॥**

ਟੀਕਾ—ਜਬ ਤੁਮਰੇ ਬਲੋਂ ਕੋ ਧਾਰਨ ਕਰਤਾ ਹੈ ਤਬ ਚੰਗੇ ਮੰਦੇ ਰਸਤੇ ਮੈਂ ਪ੍ਰਵਿਰਤ ਹੋਤਾ ਹੈ ਤੁਮਾਰੇ ਬਲ ਸੇ ਬਿਨਾ ਕਿਤੇ ਨਹੀ ਜਾ ਸਕਦਾ।ਜੈਸੇ ਬਾਣ ਮਾਰੇ ਸੇ ਬਿਨਾ ਨਹੀਂ ਜਾਤਾ ਹੈ॥ ਤੈਸੇ ਬਾਣ ਕੀ ਨਿਆਈਂ ਸਰੂਪ ਸੇ ਮਨ ਜੜ ਹੈ॥ ਯਥਾ

Sri Satguru Jagjit Singh Ji eLibrary NamdhariElibrary@gmail.com

ਸ੍ਰੁਤੀ ॥ ਆਤਮਾ ਮਨ ਸਾਯੁਜਤੇ ਮਨ ਇੰਦ੍ਰੇ ਇੰਦ੍ਰੇ ਅਰਥਃ ਤੱਤੋ ਪ੍ਰਤੱਖਜੇ ਭਵੰਤੀ ॥ ਆਤਮ ਸਬੰਧੀ ਮਨ ਸਾਥ ਇੰਦ੍ਰੇ ਕਾ ਸੰਯੋਗ ਹੋਵੇ ਅਰ ਮਨ ਸਬੰਧੀ ਇੰਦ੍ਰੇ ਕਾ ਸੰਯੋਗ ਘਟਾਦਿ ਪਦਾਰਥ ਸਾਥ ਹੋਵੇ ਤੋ ਵਸਤੂ ਕਾ ਗਿਆਨ ਹੋਵੇ ਹੈ ਇਸ ਤੇ ਆਤਮਾ ਕਰ ਮਨ ਚੇਤਨ ਰੂਪ ਹੋ ਭਾਸਤਾ ਹੈ ਆਤਮ ਸਬੰਧ ਬਿਨਾ ਜੜ ਹੈ ॥ ੫੩ ॥

**ਜਬਲਗ ਤੁਮਰੋ ਮਨ ਅਰਜੀਤਾ। ਤਬਲਗ ਲਵ ਸੁਖ ਲਹੋ ਨ ਮੀਤਾ। ਜਬ ਤੁਮ ਚਿਤ ਸ਼ਤ੍ਰ ਵਸ ਕੀਤਾ। ਤਬ ਮੋ ਸਮ ਤੁਮ ਚਰਹੁ ਅਭੀਤਾ ॥ ੫੪ ॥**

ਟੀਕਾ–ਜਿਨਾ ਪ੍ਰਯੰਤ ਤੁਮਾਰਾ ਮਨ ਰੂਪੀ ਦੁਸ਼ਮਨ ਜੀਵ-ਤਾ ਹੈ ਤਿਨਾ ਪ੍ਰਯੰਤ ਹੇ ਮਿਤ੍ਰ ਤੇਰੇ ਕੋ ਰੰਚਕ ਮਾਤਰ ਸੁਖ ਨਹੀਂ ਹੋਵੇ ਹੈ॥ਜਬ ਤੁਮ ਅਪਨੇ ਚਿਤ ਰੂਪੀ ਦੁਸ਼ਮਨਕੋ ਜੀਤ ਲਵੋਗੇ ਤਬ ਹਮਾਰੇ ਸਮਾਨ ਨਿਰਭੈ ਹੋਕੇ ਵਿਚਰੋਗੇ ॥ ੫੪॥

**ਮਨੁਰਿਪੁਜੀਤਾਸਭਰਿਪੁਜੀਤੇ॥ ਮਨਰਿਪੁਜੀਤਾ ਸਭ ਰਿਪੁਜੀਤੇ॥ ਇਤਰਤਨੋ ਮੇਂ ਹੋਇ ਨ ਨਿਗ੍ਰਹ॥ਮਾਨਸਕੋਬਿਨਮਾਨਸਵਿਗ੍ਰਹ॥੫੫**

ਟੀਕਾ–ਜਿਨਾ ਪ੍ਰਯੰਤ ਮਨਰੂਪੀ ਦੁਸ਼ਮਨ ਜੀਵਤਾਹੈ ਤਿਨਾ ਪ੍ਰਯੰਤ ਸਭ ਦੁਸ਼ਮਨ ਕਾਮਾਦਿ ਜੀਵਤੇ ਹੈਂ ਜਬ ਮਨ ਕੋ ਜੀਤ

www.archive.org/details/namdhari



ਲੀਆ ਤੋ ਸਭੀ ਦੁਸ਼ਮਨ ਜੀਤ ਲੀਏ ॥ ਹੇ ਰਾਜਨ ਮਨੁਖ ਸਰੀਰ ਬਿਨਾ ਹੋਰ ਸਰੀਰੋਂ ਮੇਂ ਮਨ ਕਾ ਰੋਕਨਾ ਹੋਵੇ ਨਹੀਂ ॥੫੫

**ਤਾਂਤੇ ਸ੍ਵਾਂਤਰ ਮਨ ਵਸਿ ਕੀਜੈ ॥ ਨਿਰਭੈ ਪਦ ਸੂਰਨ ਕੋ ਲੀਜੈ ॥ ਮਦਨ ਮਦਾਦਿ ਸੱਤ੍ਰ ਭਗਤਾਂ ਕੇ ॥ ਹਰਹਿਂ ਮੋਖ ਸੁਖ ਅਰਿ ਹਮ ਤਾਂਕੇ ॥੫੬॥**

ਟੀਕਾ—ਜਿਸ ਤੇ ਮਨੁਖ ਸਰੀਰ ਬਿਨਾ ਮਨ ਵਸ ਹੋਵੇ ਨਹੀਂ ॥ ਤਾਂਤੇ ਨਰ ਸਰੀਰ ਕੋ ਪਾਕਰ ਆਪਨੇ ਅੰਤਰ ਮਨ ਕੋ ਵਸ ਕਰ । ਮਨ ਵਸ ਕਰਕੇ ਨਿਰਭੈ ਪਦ ਜੋ ਹੈ ਸੰਤਨ ਕਾ ਤਿਸਕੋ ਲੈ ॥ ਕਾਮ ਤਥਾ ਹੰਕਾਰਾਦਿ ਭਗਤਾਂ ਕੇ ਦੁਸ਼ਮਨ ਹੈਂ ਭਗਤੀ ਨਹੀਂ ਕਰਨ ਦੇਤੇ ਅਰ ਮੋਖ ਰੂਪੀ ਸੁਖ ਕੋ ਖੋਸ ਲੇਤੇ ਹੈਂ ਅਰ ਹਮ ਤਿਨਕੇ ਨਾਸ਼ ਕਰਨੇ ਹਾਰੇ ਤਿਨਕੇ ਦੁਸ਼ਮਨ ਹੈਂ ॥ ਭਾਵ ਯੇਹ ਜੋ ਸੰਤਾਂ ਕੀ ਸਰਨ ਪੜਨੇ ਕਰ ਲਚਨਾ ਹੈ ਕਾਮਾਦਿਕੋਂ ਸੇ ॥ ੫੬ ॥

**ਬਾਯਕ ਸਾਯਕ ਕਰ ਤਿਹ ਹਨਕੇ। ਸ਼ਮਦਮਾਦਿ ਜਨਕੇ ਮਨ ਜਨਕੇ । ਤ੍ਰਿਧਾ ਤਾਪ ਤੇ ਤਾਂਕੋ ਰਾਖਹਿ । ਤੇ ਨਿਜ ਗਜਾਨ ਪਾਇ ਭੈ ਨਾਖਹਿ ॥੫੭॥**

ਟੀਕਾ—ਬਚਨਾ ਰੂਪੀ ਬਾਣਾਂ ਕਰ ਤਿਨ ਕਾਮਾਦਿਕਾਂ ਕੋ ਨਾਸ਼ ਕਰਕੇ ॥ ਅਰ ਸਮ ਦਮ ਸੰਤੋਖਾਦਿ ਜਗਜਾਂਸੂ ਪੁਰਸ਼ਾਂ ਕੇ ਹਿਰਦੇ ਮੇਂ ਉਤਪਤ ਕਰਕੇ ॥ ਤਿਨ ਜਗਜਾਸੀਆਂ ਕੀ ਰਖਿ

Sri Satguru Jagjit Singh Ji eLibrary NamdhariElibrary@gmail.com

ਆ ਤੀਨੋਂ ਤਾਪੋਂ ਸੇ ਕਰੇ ਹੈਂ ॥ ਤੇ ਸਿਖ ਆਤਮ ਗਿਆਨ ਕੋ ਪਾਕਰ ਜਨਮ ਮਰਨ ਕੇ ਭੈ ਕੋ ਦੂਰ ਕਰੇ ਹੈਂ ॥ ੫੭ ॥

**ਭੂਪ ਪੂਨਾ ਸਮ ਸੂਰ ਸੂਰ ਹਮ । ਗਿਰਾ ਕਿਰਨ ਕਰ ਹਰਹਿ ਭ੍ਰਮ ਤਮ ॥ ਰਾਗ ਦ੍ਵੈਸ਼ ਕੋ ਮਦ ਜ੍ਵਰ ਭਾਰੀ । ਤਾ ਕਰ ਜਰਤ ਸਰਬ ਤਨੁਧਾਰੀ । ੫੮**

ਟੀਕਾ—ਹੇ ਰਾਜਨ ਜੈਸੇ ਸੂਰਜ ਆਪਨੀਆਂ ਕ੍ਰਿਣਾਂ ਕਰ ਅੰਧਕਾਰ ਕੋ ਨਾਸ਼ ਕਰੇ ਹੈ ਤੈਸੇ ਹਮ ਭੀ ਸੂਰਯ ਰੂਪ ਹੈਂ ਬਾਣੀ ਰੂਪੀ ਕ੍ਰਿਣਾ ਕਰਕੇ ਪਾਂਚ ਪਰਕਾਰ ਕੇ ਭ੍ਰਮ ਰੂਪੀ ਅੰਧਕਾਰ ਕੋ ਨਾਸ਼ ਕਰੇ ਹੈਂ ਅਰ ਰਾਗ ਦ੍ਵੈਸ਼ ਰੂਪ ਹੰਕਾਰ ਕਾ ਜੋ ਤਾਪ ਹੈ ਤਿਸ ਕਰ ਸਰਬ ਸਰੀਰ ਧਾਰੀ ਅਗਜਾਨੀ ਜੀਵ ਸੜ ਰਹੇ ਹੈਂ ॥ ੫੮ ॥

**ਮਮ ਬਚਨੌਖਦ ਕੋ ਜਨ ਜਬ ਹੀ ॥ ਸੰਜਮ ਸੰਜੁਤ ਸੇਵਹਿ ਕਬ ਹੀ । ਹੇਤੁ ਸਮੇਤ ਪ੍ਰਹਾਰ ਤਾਪ ਸਭ ॥ ਲਹਤ ਨਿਰਤ ਸਹ ਨਿਜਾਨੰਦ ਤਬ ॥ ੫੯ ॥**

ਟੀਕਾ—ਤਿਸ ਮਦਾਦਿ ਤਾਪ ਕੀ ਨਵਿਰਤੀ ਵਾਸਤੇ ਜਬ ਪੁਰਸ਼ ਮੇਰੇ ਵਚਨਾਂ ਰੂਪੀ ਔਖਧੀ ਕੋ ਸੰਜਮ ਕੇ ਸਹਤ ਸੇਵਨਾ ਕਰੇ ਤੋ ਮੋਹ ਕੇ ਸਹਤ ਨਾਸ਼ ਕਰਕੇ ਸਰਬ ਤਾਪ ਕੋ ਅਰ ਆਤਮਾਨੰਦ ਜੋ ਹੈ ਅਤ ਸਹਤਾ ਸੇ ਬਿਨਾ ਤਿਸ



Sri Satguru Jagjit Singh Ji eLibrary NamdhariElibrary@gmail.com

ਕੋ ਪ੍ਰਾਪਤਿ ਹੋਤਾ ਹੈ ਅਰਥ ਏਹ ॥ ਅਨਰਥ ਦੁਖ ਕੀ ਨਵਿਰਤੀ ਕਰ ਪਰਮਾਨੰਦ ਸਰੂਪ ਕੋ ਪ੍ਰਾਪਤਿ ਹੋਤਾ ਹੈ ॥ ਸੰਤਾਂ ਕੇ ਬਚਨ ਸ੍ਰਵਣ ਮਨਨ ਕਰਨੇ ਸੇ ॥ ੫੯ ॥

**ਅਤਿ ਤ੍ਰਿਸ਼ਨਾ ਕਰ ਬੌਰੇ ਜੇ ਨਰ॥ ਗਹੇਮਾਨ ਬਿਨ ਧਨ ਕਿਨਕਾਖਰ ॥ ਤਨ ਪੋਖਤ ਯੋਖਤ ਭੋਗਾਰਥ ॥ ਤੇ ਨ ਲਖਹਿ ਪਸ਼ੁਵਤ ਪਰਮਾਰਥ ॥ ੬੦ ॥**

ਟੀਕਾ—ਜੋ ਪੁਰਸ਼ ਸੰਤਨਸੇ ਬੇਮੁਖਹੈਂ । ਅਰ ਤ੍ਰਿਸ਼ਨਾ ਕਰ ਝੱਲੇ ਹੋ ਰਹੇਹੈਂ ਸੋ ਰਾਜ ਦਰਬਾਰ ਜਾਣਾਦਿ ਅਨੇਕ ਕਰਮੋਂ ਕੋ ਕਰਕੇ ਮਾਨ ਥੀਂ ਰਹਿਤ ਹੋਕਰ ਏਕ ਕਣ ਮਾਤ੍ਰ ਥੋੜਾ ਸਾਧਨ ਲੈਕਰ ਛਲ ਬਲਸੇ ਇਸਤ੍ਰੀਆਂ ਭੋਗਨਕੇ ਵਾਸਤੇ ਸਰੀਰਕੀ ਪੁਸ਼ਟੀ ਕਰੇਂਹੈਂ ਅਰ ਪਸ਼ੂਆਂਵਤ ਅਪਨੇ ਮੋਖ ਕੇ ਸਾਧਨਾ ਕੋ ਨਹੀਂ ਜਾਣੇ ਹੈ ਸੋ ਪੁਰਸ਼ ਪਸ਼ੂਵਤ ਹੈਂ ॥੬੦

**ਅਸਪਾਂਮਰ ਤਵ ਸੇਵਤ ਰਾਜਨ। ਸੇਵਤ ਮੋਹਿ ਮੋਖ ਕੇ ਭਾਜਨ। ਨਿਜਮਤਿ ਕੀ ਮਲਹ ਤਬੇ ਕਾਜਾ॥ਸੁਨਤੇ ਵਚਨ ਸਰੁਚਿਮਮ ਰਾਜਾਂ॥੬੧॥**

ਟੀਕਾ—ਐਸੇ ਜੋ ਪਾਂਮਰ ਪੁਰਸ਼ ਹੈਂ ਸੋ ਤੇਰੇ ਕੋ ਸੇਵਤੇਹੈਂ ਹੇ ਰਾਜਨ। ਅਰ ਮੋਖਕੇ ਜੋ ਪਾਤ੍ਰ ਹੈਂ ਅਧਿਕਾਰੀ ਪੁਰਸ਼ ਸੋ ਮੇਰੇ ਕੋ ਸੇਵਤੇ ਹੈਂ ॥ ਅਪਨੀ ਬੁਧੀ ਕੀ ਮੈਲ ਨਾਸ਼ ਕਰਨੇ ਹੇਤ

Sri Satguru Jagjit Singh Ji eLibrary NamdhariElibrary@gmail.com

ਸੁਣਤੇ ਹੈਂ ਮੇਰੇ ਬਚਨ ਸਹਤ ਪ੍ਰੀਤਾ ਕੇ॥ ਤਿਨਕੋ ਸੁਣ ਕਰ ਮੋਖ ਕੋ ਪ੍ਰਾਪਤ ਹੋਤੇ ਹੈਂ ॥ ੬੧ ॥

**ਅਰੁਸਹ ਕਾਮੀ ਭੋਗ ਨਮਿੱਤਾ।ਅਰਚਹਿਮੋਹਿ ਜਬੈ ਇਕ ਚਿੱਤਾ। ਪ੍ਰਗਟੈ ਜੋ ਤਿਹ ਪੁੰਨ ਵਸ਼ੇਸਾ। ਤੇਪਿਤਜੈਨਿਜਨਿਖਲਕਲੇਸ਼ਾ॥ ੬੨**

ਟੀਕਾ—ਹੇ ਰਾਜਨ ਜੋਸਹਤ ਕਾਮਨਾਕੇ ਪੁਰਸ਼ ਹੈਂਸੋਭੀ ਜੇਕਰ ਭੋਗਾਂ ਕੀ ਕਾਮਨਾ ਧਰ ਕਰ ਮੇਰੇਕੋ ਪੂਜਨਾ ਕਰੇਂ ਤੋ ਤਿਨਕੋ ਭੋਗਾਂਕੀ ਪ੍ਰਾਪਤੀ ਭੀ ਹੋਜਾਤੀ ਹੈ ਪਰੰਤੂ ਜੇਕਰ ਤਿਨਕਾਕੋਈ ਸ਼ੇਸ਼ ਕਰਮ ਸ੍ਰੇਸ਼ਟ ਕਰਮ ਉਤਪਤ ਹੋ ਪਵੇ ਤੌ ਸੋ ਪੁਰਸ਼ ਭੀ ਜਨਮਾਦਿ ਸੰਪੂਰਨ ਦੁਖਾਂ ਸੇ ਰਹਿਤ ਹੋਵੇ ਹੈਂ ॥ਯਥਾ ॥੬੨॥

**ਸੁਖਦ ਸੁਖੇਨ ਸ਼ੀਘ੍ਰ ਬਹੁਭੋਗਾ। ਕਰੇ ਗਿਰਾਮ ਮਤਾ ਜਨ ਜੋਗਾ। ਚਪਲ ਚਿਤ ਮਹਿ ਬਚਨ ਬਸਹ ਮਮ। ਕਰਹਿ ਤਿਸੇ ਤਬ ਅਚਲ ਅਚਲ ਸਮ ॥ ੬੩ ॥**

ਟੀਕਾ—ਸੁਖਕੇ ਦੇਨੇ ਹਾਰੇ ਨਿਰਜਤਨਹੀ ਜਲਦੀਹੀਪ੍ਰਾਪਤਿ ਹੋਨੇ ਵਾਲੇ ਜੋ ਭੋਗ ਹੈਂ ਤਿਨਾ ਭੋਗਾਂ ਕੇ ਲਾਇਕ ਤਿਨਾਪੁਰਸ਼ਾਂ ਕੋ ਮੇਰੀ ਬਾਣੀ ਕਰੇਹੈ। ਜੋ ਸਕਾਮੀਹੈਂ। ਅਰ ਜੇਕਰ ਚਪਲ ਚਿਤ ਵਾਲਿਆਂ ਸਕਾਮੀ ਪੁਰਸ਼ਾਂਕੇ ਹਿਰਦੇ ਮੈ ਮੇਰੇ ਵੈਰਾਗ ਵਿਵੇਕ ਰੂਪੀ ਬਚਨ ਬਸ ਜਾਏਂ ਤੋ ਤਿਨ ਪੁਰਸ਼ੋਂ ਕੋ ਜਨਮ

Sri Satguru Jagjit Singh Ji eLibrary NamdhariElibrary@gmail.com

ਮਰਨ ਸੇ ਇਸਥਿਤ ਕਰ ਦੇਵੇਂ ਸੁਮੇਰਕੀ ਨਜਾਈਂ ॥੬੩॥

**ਪੂਰਬ ਚਪਲ ਰੂਪ ਨਿਜ ਖੋਯੋ। ਚਿਤ ਸੋ ਮਿਲ ਚਿਤ ਚਿਤ ਸੇ ਹੋਯੋ। ਚਿਤ ਚਿਤ ਨਾਮ ਸਜਾਤੀ ਜਾਂਤੇ। ਭਵਤ ਅਭੇਦ ਉਭੈ ਚਿਤ ਤਾਂਤੇ ॥੬੪॥**

ਟੀਕਾ--ਜਿਨਕੇ ਹਿਰਦੇ ਮੇਂ ਹਮਾਰੀ ਬਾਣੀ ਵਸੀ ਹੈ। ਤਿਨ ਪੁਰਸ਼ੋਂਕੇ ਮਨਨੇ ਪਹਲਾ ਜੋ ਚੰਚਲ ਰੂਪ ਸੁਭਾਵ ਥਾ ਅਪਨਾ ਸੋ ਦੂਰ ਕਰ ਦੀਆ। ਤਿਸ ਸੁਭਾਵਕੋ ਦੂਰ ਕਰਕੇ ਚੇਤਨ ਸਰੂਪ ਆਤਮਾ ਸਾਥ ਮਿਲਕਰ ਚਿਤ ਚੇਤਨ ਸਰੂਪ ਹੀ ਹੋਇ ਗਯੋ। ਚੇਤਨ ਸਰੂਪ ਆਤਮਾ ਸਾਥ ਮਿਲਨਾ ਏਹੀ ਹੈ ਆਤਮ ਅਭਯਾਸ ਕਰਨਾ ਤਿਸ ਅਭਯਾਸ ਕਰ ਆਤਮ ਸਰੂਪ ਭਯੋ। ਚਿਤੁ ਅਰ ਚੇਤਨ ਏਹ ਦੋਨੋਂ ਚੇਤਨਤ੍ਵਤੇ ਸਜਾਤੀ ਹੈਂ ਸੋ ਸਜਾਤੀ ਹੋਣੇਤੇ ਅਭੇਦ ਹੋਤੇ ਭਏ ਦੋਨੋਂ ਹੀ। ਜੈਸੇ ਘਟ ਮੈਂ ਜੋ ਸੂਰਜ ਕਾ ਪ੍ਰਤਿਬਿੰਬ ਹੈ ਸੋ ਸੂਰਜ ਰੂਪ ਹੈ। ਉਪਾਧੀ ਕਰ ਬਿੰਬ ਤਥਾ ਪ੍ਰਤਿਬਿੰਬ ਨਾਮ ਕਹਾਵੇ ਹੈ। ਘਟਾਦਿ ਉਪਾਧ ਕੋ ਤਯਾਗ ਕਰ ਬਿੰਬ ਸੂਰਜ ਰੂਪ ਹੀ ਪ੍ਰਤਿਬਿੰਬ ਹੈ॥ ਤੈਸੇ ਅੰਤਾਕਰਣਕੀ ਚਿੰਤਨ ਰੂਪ ਬ੍ਰਿਤੀ ਉਪਹਿਤ ਹੂਆ ਹੂਆ ਚੇਤਨ ਆਤਮਾ ਚਿਤ ਰੂਪ ਕਹਾਤਾ ਭਯਾ। ਤਿਸ ਬ੍ਰਿਤੀ ਕੋ ਤਿਆਗ ਕਰ ਅਹੰਬ੍ਰਹਮਾਸਮੀ ਸਜਾਤੀ ਬ੍ਰਿਤੀ ਕੇ ਪ੍ਰਵਾਹ ਕਰ ਚੇਤਨ ਆਤਮ ਰੂਪ ਭਯਾ ॥ ੬੪ ॥

Sri Satguru Jagjit Singh Ji eLibrary NamdhariElibrary@gmail.com

ਮੂਲ ॥ ਅਚਲ ਨਿਜਾਤਮ ਸੁਖ ਕੀ ਦਾਨੀ॥ ਤਾਂਤੇ ਅਚਲਿ ਚਤੁਰ ਮਮ ਬਾਨੀ। ਜਹਾਂ ਸੰਚਰੇ ਗਿਰਾ ਹਮਾਰੀ । ਕਰੇ ਤਿਸੇ ਤਬ ਨਿਜ ਅਨੁਸਾਰੀ ॥ ੯੬ ॥

ਟੀਕਾ-ਅਚਲੁ ਰੂਪ ਜੋ ਆ !ਨਾ ਆਤਮਾ ਹੈ ਤਿਸ ਆਤਮ ਸੁਖਕੇ ਦੇਨੇਹਾਰੀ ਜੋ ਮੇਰੀ ਬਾਣੀਹੈ ਸੋ ਭੀ ਅਚਲੁ।ਅਰਚਤੁ ਹੈ ਭੇਦ ਆਦਿ ਵਿਕਾਰਾਂਕੋ ਨਾਸ਼ ਕਰਨੇ ਮੇਂ। ਜਿਸ ਪੁਰਸ਼ ਕੇ ਹਿਰਦੇ ਮੇਂ ਹਮਾਰੀ ਬਾਣੀ ਇਸਥਿਤ ਹੋਜਾਵੇ ਤਿਸਪੁਰਸ਼ਕੋ ਤਿਸੀ ਕਾਲ ਮੇਂ ਅਪਨੇ ਅਨੁਸਾਰ ਕਰ ਲਵੇਹੈ ਭਾਵਯੇਹ ਜੋ ਸੰਸਾਰ ਜਨਮ ਮਰਨ ਸੇ ਰਹਿਤ ਕਰ ਦੇਵੇਹੈ ॥ ੯੬ ॥

ਮੂਲ ॥ ਤਾਂਤੇ ਵਾਕ ਹਮਾਰੇ ਰਾਜਨ। ਜਨ ਸਰਧਾਲੂ ਕੇ ਅਤਿ ਸਾਜਨ। ਮਮ ਬਚਨੋਂ ਪਰ ਤਵ ਸਰਧਾ ਜਬ॥ ਧਰੋ ਤਬੈ ਉਰਤਾਪ ਹਰੋ ਸਬ॥ ੯੭ ॥

ਟੀਕਾ-ਇਸਤੇ ਹੀ ਹਮਾਰੇ ਜੋ ਵਾਕਹੈਂ ਸੋ ਸਰਧਾਲੂਪੁਰਸ਼ਕੇ ਅਤੀ ਕਰ ਸੱਜਨ ਹੈਂ ਸੁਖਕੇ ਦੇਨੇਹਾਰੇ। ਹੇ ਰਾਜਨ ਜਬਤੇਰੀ ਸਰਧਾ ਹਮਾਰੇ ਵਾਕੋਂਪਰ ਹੈ ਤੌ ਹਿਰਦੇਮੇਂਧਾਰਕਰ ਸੰਪੂਰਨ ਤਾਪਾਂ ਕੋ ਤਜਾਗ।ਅਰਥ ਏਹ ਜੋ ਵਚਨ ਧਾਣਨੇਸੇਸਰਬਤਾਪ ਦੂਰ ਹੋ ਜਾਵਨਗੇ ॥ ਨਨੂ ॥ ਆਪਕੇ ਵਚਨ ਧਾਰਕਰ ਮੈਂ

Sri Satguru Jagjit Singh Ji eLibrary NamdhariElibrary@gmail.com

ਕਿਆ ਕਰਤੱਬ ਕਰੂੰ ॥ ੬੭ ॥ ਉੱਤਰ ॥

ਮੂਲ॥ਸਰਬਜਨੋਂ ਕੇਹਿਤਕੀਕੀਜੈ॥ ਨਿਰਭੈ ਦਾਨਸਗਲਕੋਦੀਜੈ ॥ ਜਸਕੋ ਤਿਲਕ ਧਾਰ ਜਗਜੀਜੈ। ਮਾਨਸਦੇਹਸਫਲਕਰਲੀਜੈ।੬੮

ਟੀਕਾ—ਹੇ ਰਾਜਨ ਸਰਬ ਜੀਵੋਂ ਕੇ ਭਲੇਕੀ ਬਾਤਕਰਨੀ। ਅਰ ਸਰਬ ਭੈ ਥੀਂ ਰਹਿਤ ਜੋ ਆਤਮ ਗਿਆਨ ਤਿਸਕਾ ਦਾਨ ਸਰਬ ਕੋ ਦੇਨਾ। ਵਾ ਹੋਰ ਕਿਸੀ ਪ੍ਰਕਾਰਕਾ ਭੈ ਨਾ ਦੇਣਾ। ਯਸ਼ ਕਾ ਤਿਲਕ ਲੈਕਰ ਜੀਵਣਾ ਕਰ। ਆਪਨੇ ਨਰ ਸਰੀਰ ਕੋ ਸਫਲ ਕਰਲੈ ॥੬੮ ॥

ਦੋਹਰਾ॥ ਹਰਹੁ ਦੁਖੀ ਕੇ ਦੁੱਖ ਕੋ ਸੁਖੀਏ ਕੋ ਸੁਖ ਦੇਹ॥ ਧਰੋ ਸਿਰੋਮਣ ਬਚਨ ਮਮ ਰਮੋ ਨਰੋਮਨਿ ਗੇਹ॥ ੬੯ ॥

ਟੀਕਾ-ਹੇ ਰਾਜਨ ਦੁਖੀ ਪੁਰਸ਼ਕੇ ਦੁਖਕੋ ਜਿਸਤਰਾਂ ਹੋਵੇ ਦੂਰ ਕਰੋ।ਅਰਸੁਖੀ ਪੁਰਸ਼ਕੋ ਸੁਖਦੇਹ ਵਾ ਦੁਖੀਜੋਅੰਗਜਾਨੀਜੀਵ ਤਿਨਕੇ ਅਗਜਾਨ ਦੁਖਕੋ ਦੂਰ ਕਰਨਾ ਗਜਾਨ ਦੇਕੇ। ਅਰ ਸੁਖੀ ਜੋ ਸੰਤ ਮਹਾਤਮਾ ਹੈਂ ਆਤਮਾਨੰਦ ਕਰ ਤਿਸਕੋ ਸੁਖ ਦੇਣਾ ਸੇਵਾ ਕਰਕੇ ਖਾਨ ਪਹਿਰਾਨ ਕੇ ਸਹਤ। ਏਹ ਹਮਰਾ ਸਿਰੋਮਣੀ ਵਚਨ ਹੈ ਇਸਕੋ ਸਿਰਪਰ ਧਾਰਕਰ। ਹੇ ਨਰੋਂ ਵਿਖੇ ਮਣੀਰੂਪ ਰਾਜਾ ਘਰਕੋ ਜਾਵਹੁ।ਐਸੇ ਭਰਥਜੀਸੇਮ੍ਰਟ

Sri Satguru Jagjit Singh Ji eLibrary NamdhariElibrary@gmail.com

ਕਰ ਸਤਵੇਂ ਧਜਾਇ ਕੇ ਸਹਤ ਰਾਜਾ ਘਰ ਕੋ ਜਾਤਾ ਭਯਾ।੬੯

**ਦੋਹਰਾ ॥ ਮਾਨ ਹਾਨ ਭੂਪਾਨ ਕੋ ਕੀਨ ਸਪਤ ਮੇਂ ਧਿਆਇ। ਅਨੁਜ ਬ੍ਰਿਧ ਭ੍ਰਾਤਾਨ ਕੇ ਧਸਜੋ ਮੱਧ ਮੇਂ ਆਇ ॥ ੭੦ ॥**

ਟੀਕਾ—ਤਿੰਨਾ ਰਾਜਿਆਂ ਕਾ ਮਾਨ ਨਾਸ਼ ਕਰਕੇ ਸਤਵਾਂ ਧਜਾਇ ਛੋਟੇ ਜੋ ਭ੍ਰਾਤਾ ਹੈਂ ਆਪਨੇ ਥੀਂ ਅਗੇ ਅਰ ਬੱਡੇ ਜੋ ਹੈਂ ਆਪਨੇ ਥੀਂ ਪਹਿਲੇ ਤਿਨਕੇ ਬੀਚ ਦਉੜ ਕਰ ਆਇ ਵੜਤਾ ਭਯਾ ॥ ੭੦ ॥

ਇਤਿ ਸਪਤਮ ਧਜਾਇ ॥ ੭ ॥

**ਦੋਹਰਾ ॥ ਅਸ਼੍ਰੈ ਅਸ਼੍ਰ ਸ਼ਲੋਕ ਕਰ ਨ੍ਰਿਪਨ ਗਰਬ ਸੰਤਾਪ। ਅੰਮ੍ਰਿਤ ਬਚਨ ਚੂਰਣ ਸਹਤ ਚੂਰਣ ਕਰਹਿ ਕਲਾਪ ॥ ੧ ॥**

ਟੀਕਾ—ਪੂਰਬ ਤੀਨ ਨ੍ਰਿਪਨ ਕੇ ਮਾਨ ਕੋ ਹਤ ਕਰਕੇ ॥ ਪੁਨਾ ਅਸ਼ਟਮੇਂ ਧਿਯਾ ਮੇਂ ਕ੍ਰਿਪਾ ਦ੍ਰਿਸ਼ਟੀ ਸੇ ਆਠ ਸ਼ਲੋਕੋਂ ਕਰ ਸਰਬ ਨ੍ਰਿਪਾਦਿ ਧਨਜੋਂ ਕੇ ਮਨ ਮੇਂ ਪਾਪ ਰੂਪ ਦੁਖਦਾਈ ਜੋ ਮਾਨ ਹੈ ਤਿਸਕੇ ਹਤਬੇ ਹੇਤ ਸਧਾਰਣ ਉਪਦੇਸ਼ ਸੇ ਚੂਰਣ ਰੂਪੀ ਅੰਮ੍ਰਿਤ ਬਚਨ ਕਹਿ ਕਰ ॥ ਸਮੂਹ ਕੇ ਗਰਬ ਕੋ ਨਾਸ਼ ਕਰੇ ਹੈਂ ॥ ੧ ॥

ਯਥਾ **ਚੌਪਈ ॥ ਕੁਛਕ ਪੂਰਨ ਕੋ ਹੋਇਕਰ**

Sri Satguru Jagjit Singh Ji eLibrary NamdhariElibrary@gmail.com

ਰਾਜਾ। ਯਾ ਮਦ ਜ੍ਵਰ ਨਰ ਕਰਤ ਅਕਾਜਾ। ਵਿਮਲੇ ਚਿਤ ਜਨਕੇ ਚਿਤ ਧੰਨੇ। ਪੂਰਬ ਜਗਤ ਜਿਨਹੁ ਨੇ ਜੰਨੇ॥ ੨ ॥

ਟੀਕਾ—ਬੜਾ ਅਫਸੋਸ ਹੈ ਜੋ ਦੋ ਚਾਰ ਦਸ ਬੀਸ ਗ੍ਰਾਮ ਕਾ ਰਾਜਾ ਹੋਕਰ ਪੁਰਸ਼ ਇਸ ਮਦਰੂਪੀ ਤਾਪਕਰ ਖੋਟੇ ਕਾਰਜਾਂ ਕੋ ਕਰਤੇ ਹੈਂ ਅਰ ਮਾਨੀ ਹੋ ਰਹੇ ਹੈਂ ॥ਨਨੂ ॥ ਐਸਾ ਕੌਨ ਹੈ ਜੋ ਰਾਜਾਦਿ ਪ੍ਰਤਾਪ ਕੋ ਪਾਇਕਰ ਤਥਾ ਹੋਰ ਕੋਈ ਉਤਕ੍ਰਿਸ਼ਟ ਕਰਮ ਕੋ ਕਰਕੇ ਹੰਕਾਰ ਨਹੀਂ ਕਰੇ ਹੈ ॥ ਉਤਰ ਛੰਦ ॥ ਕੇਈਕ ਜਨ ਉਜਲ ਚਿਤ ਵਾਲੇ ਪੂਰਬ ਕਾਲ ਜਗਤ ਮੇਂ ਉਤਪੱਤ ਭਏ ਹੈਂ ॥ ਜਿਨਹੋਂ ਨੇ ਤ੍ਰਿਲੋਕੀ ਕਾ ਰਾਜ ਪਾਇਕਰ ਤਥਾ ਹੋਰ ਉਤਕ੍ਰਿਸ਼੍ਰ ਉੱਗਰ ਕਰਮ ਕਰਕੇ ਮਾਨ ਨਹੀਂ ਕੀਆ ਹੈ ਸੋ ਧੰਨ ਹੈਂ॥ ੨ ॥ ਯਥਾ ॥

ਮੂਲ ॥ ਕਮਲਾਸਨ ਤੇ ਆਦਿ ਮਹਾਂ ਬਰ॥ ਗਰਭ ਕਰਹਿ ਬਨ ਹੈ ਨ ਕਰਜੋ ਪਰ॥ ਜਗਤ ਅਨੰਤ ਅਨੰਤ ਫਨੋਂ ਪੈ। ਧਰਜੋ ਅਨੰਤ ਨ ਗਰਬ ਕਰਜੌ ਪੈ॥ ੩ ॥

ਟੀਕਾ—ਬ੍ਰਹਮਾ ਸੇ ਆਦਿ ਲੈਕਰ ਬਲ ਰਾਜਾ ਤਥਾ ਪ੍ਰਿਥੂ ਆਦਿ ਬਹੁਤ ਰਾਜੇ ਤ੍ਰਿਲੋਕੀ ਕੇ ਰਾਜੇ ਭਏ ਹੈਂ ਅਰ ਬੜੇ ਯਗਾਦਿ ਸ੍ਰਿਸ਼੍ਰ ਕਰਮ ਤਿਨੋਂ ਨੇ ਕੀਏ ਹੈਂ। ਸਰੀਰਥੀ ਲੈਕਰ

Sri Satguru Jagjit Singh Ji eLibrary NamdhariElibrary@gmail.com

ਸਰਬੰਸ ਦਾਨ ਭੀ ਕੀਆ ਹੈ। ਹਰੀਚੰਦ ਤਥਾ ਬਲਾਦਿ ਰਾਜਾ ਨੇ। ਜੇਕਰ ਹੰਕਾਰ ਕਰੇਂ ਤੋ ਤਿਨਕਾ ਕੀਆ ਬਨ ਸਕਤਾ ਹੈ। ਪ੍ਰੰਤੂ ਤਿਨਾਨੇ ਨਹੀਂ ਕੀਆ। ਨਖਿਧ ਜਾਣਕਰ। ਅਨੰਤ ਪ੍ਰਕਾਰ ਕਾ ਜਗਤ ਪਹਾੜ ਬਨਾਸਪਤੀ ਸਮੁੰਦ੍ਰੋਂ ਕੇ ਸਹਤ ਸ਼ੇਸ਼ਨਾਗ ਕੇ ਫਣੋਂ ਪਰ ਹੈ ਤਿਸਕੋ ਚੁਕ ਕਰ ਸ਼ੇਸ਼ਨਾਗ ਨੇ ਹੰਕਾਰ ਨਹੀਂ ਕੀਆ। ਬਹੁੜ ਜੋ ਕਰ ਸਕਤਾ ਹੈ ॥ ੩ ॥

**ਮੂਲ ॥ ਪਰਸਰਾਮ ਤੇ ਆਦਿ ਪ੍ਰਬੀਨੋ॥ ਜਿਤ ਭੁਵਕੋ ਤ੍ਰਿਣਵਤ ਤਜ ਦੀਨੋ॥ ਇੰਦ੍ਰਾਦਿਕ ਪੁਨ ਅਪ੍ਰਜੋ ਧੀਧਰ। ਯਾ ਜਨ ਲੋਕ ਬਿਖੈ ਅਤਸੈਵਰ॥ ੪॥**

ਟੀਕਾ—ਪਰਸਰਾਮ ਸੇ ਲੈਕਰ ਜੋ ਸਨਕਾਦਕਾਦਿ ਹੂਏ ਹੈਂ। ਜਿਨੋਂ ਨੇ ਤ੍ਰਿਣ ਸਮਾਨ ਜਾਣਕਰ ਸੰਸਾਰ ਕਾ ਤਯਾਗ ਕਰ ਦੀਆ ਹੈ। ਜੈਸੇ ਪਰਸਰਾਮ ਨੇ ਤੋ ਪ੍ਰਤੱਖਤੇ ਇਕੀ ਵਾਰੀ ਜੀਤ ਕਰ ਸੰਪੂਰਨ ਧਰਤੀ ਕਸ਼ਪ ਕੋ ਦਾਨ ਕਰ ਦਈ ਅਰ ਬਨ ਮੇਂ ਚਲਾ ਗਿਆ। ਅਰ ਸਨਕਾਦਿਕਾਂ ਕੋ ਬ੍ਰਹਮਾਂ ਤ੍ਰੈਲੋਕੀ ਕਾ ਰਾਜ ਦੇਨੇ ਲਗਾ ਤੋ ਤਿਆਗ ਗਏ॥ ਇਤਨੇ ਮੈ ਸੂਰਮੱਤਤਾ ਅਰ ਤਿਆਗ ਦਸਿਆ। ਪੁਨਾ ਇੰਦ੍ਰ ਸੇ ਲੈਕਰ ਹੋਰ ਜੋ ਕੁਬੇਰਾਦਿ ਰਾਜਾ ਹੈਂ ਬੁਧੀਮਾਨ। ਏਸ ਸੰਸਾਰ ਮੈਂ ਜੋ ਜਨ ਅਤੀ ਸ੍ਰਿਸ਼ਟ ਪ੍ਰਗਟ ਹੈਂ ॥੪॥



Sri Satguru Jagjit Singh Ji eLibrary NamdhariElibrary@gmail.com

**ਮੂਲ ॥ ਚੌਦਸ ਭਵਨ ਰਾਜਕਿਲ ਭੁੰਜਤ । ਸੂਪਨੇ ਹੂ ਮਦਿ ਜੂਰਨਹਿ ਰੰਜੁਤ । ਮੰਦਭਾਗ ਜ਼ੇ ਆਦਿ ਰੰਕਨਰ । ਤੇਜੜ ਨਵਧਨ ਸੁਰਾ ਪਾਨ ਕਰ ॥ ੫ ॥**

ਟੀਕਾ—ਚਉਦਹਿ ਭਵਨੋਂ ਕਾ ਰਾਜ ਜਿਨ ਸ਼ੰਭੂਮੁਨ ਤਥਾ ਪ੍ਰਿਥੂਆਦਿਕੋਂ ਨੇ ਨਿਸਚੇ ਕਰ ਭਲੀ ਪ੍ਰਕਾਰ ਸੇ ਭੋਗਨਾਂ ਕੀਆ ਹੈ। ਤਿਨਕੋ ਸੂਪਨ ਮੇਂ ਭੀ ਕਭੀ ਰੰਚਕ ਮਾਤ੍ਰ ਹੰਕਾਰ ਰੂਪੀ ਤਾਪਕੀ ਲੇਸ਼ ਨਹੀਂ ਹੂਈ । ਖੋਟਿਆਂਭਾਗਾਂ ਵਾਲੇ ਜੋ ਜਨਮ ਥੀਂ ਕੰਗਾਲ ਹੈਂ ਇਸਕਾਲ ਕੇ ਧਨੀ ਨਰ ਸੋ ਜੜ ਪੁਰਸ਼ ਨਵੀਨ ਧਨਕੋ ਥੋੜਾ ਮਾਤ੍ਰ ਪਾਇਕਰ। ਮਦਰਾ ਆਦਿ ਪਦਾਰਥਾਂ ਕੋ ਪੀਨਾ ਖਾਣਾ ਕਰੇ ਹੈਂ ਅਰ ਭਗਲੰਪਟ ਹੋਕਰ ਨਾਰੀਆਂ ਦੀਨ ਰਹੇ ਹੈਂ ॥ ੫ ॥

**ਮੂਲ ॥ ਬੰਧ ਮੁਕਤਿ ਬਿਧਿ ਲਖੇ ਨ ਅੰਧੇ॥ ਕਨਕ ਬਧੂਕੇ ਸੁਖ ਮੋਂ ਬੰਧੇ ॥ ਅਵਿਨੈਵਾਨ ਪਰਮ ਅਭਿਮਾਨੀ॥ ਵਿਆਕੁਲ ਇੰਦ੍ਰੇਬੁਧਿ ਵਿਹਾਨੀ ॥ ੬ ॥**

ਟੀਕਾ—ਇਸਤ੍ਰੀ ਧਨਾਦਿਕੇ ਸੁਖਮੋ ਬੰਧੇ ਹੂਏਹੈਂ ਅਰ ਜਨਮ ਮਰਨ ਰੂਪ ਬੰਧਨ ਸੇ ਛੁਟਨੇਕੀ ਜੋ ਰੀਤੀ ਹੈ ਤਿਸਕੋ ਨਹੀ

Sri Satguru Jagjit Singh Ji eLibrary NamdhariElibrary@gmail.com

ਜਾਨਤੇਥੋੜੇ ਪੂਤਾ ਪਕੋ ਪਾਇਕਰ ਅੰਧੇ ਹੋ ਰਹੇਹੈਂ ਅਗਜਾਨੀ ਜੀਵ। ਪੁਨਾ ਨ੍ਰਿਦਈ ਹੈਂ ਨਿੰਮ੍ਰਤਾ ਸੇ ਰਹਿਤ ਕਠੋਰਤਾ ਵਾਲੇ ਪਰਮ ਅਭਿਮਾਨੀ ਹੈਂ।ਇੰਦ੍ਰਿਆਂ ਕੇ ਵਿਸ਼ਿਆਂ ਮੈ ਵਜਾਰੁਲ ਹੈਂ ਸ੍ਰਿਸ਼ਟ ਬੁਧੀਨਾਸ ਹੋਇ ਗਈ ਹੈ ਇਨਕੀ ॥ ੬ ॥

**ਮੂਲ ॥ ਕਿੰਚਤ ਸੰਪਤ ਪਾਇ ਦੁਸ਼ਟ ਜਨ।**
**ਕਰਹਿ ਗਰਬ ਅਤਿ ਤੁਛ ਕ੍ਰਿਪਨ ਮਨ ॥**
**ਖਾਨ ਪਾਨ ਗ੍ਰਹ ਬਸਨਨ ਕੇ ਹਿਤ। ਚਹੌਂ**
**ਖਲੌਂ ਤੇ ਮੈ ਨ ਕਦਾਚਿਤ ॥ ੭ ॥**

ਟੀਕਾ—ਖੋਟੇ ਜੋ ਪੁਰਸ਼ ਹੈਂ ਥੋੜੀ ਸੀ ਵਿਭੂਤੀ ਪ੍ਰਤਾਪ ਕੋ ਪਾਇਕਰ ਅਤੀ ਹੰਕਾਰ ਕਰਤੇਹੈਂ ਤੁਛ ਹੌਲੇ ਸੁਭਾਵ ਵਾਲਾਹੈ ਮਨ ਜਿਨਕਾ ਅਰ ਸੂਮ ਬੜੇ ਹੈਂ। ਐਸੇ ਮਾਨੀ ਪੁਰਸ਼ਧਨਯੋਂ ਸੇ ਛਾਦਨ ਭੋਜਨਾਦਿ ਗ੍ਰਹਣ ਕਰਨ ਸੇ ਅਤੀਤ ਪੁਰਸ਼ਕੋ ਅਤੀਤ ਹੀ ਰਹਿਣਾ ਚਾਹੀਏ॥ ਸੋ ਆਪਕੋ ਮੁਖਕਰ ਸਰਬ ਕੋ ਉਪਦੇਸੇ ਹੈਂ। ਯਾ ਕਥਨ ਤੇ ਅਤੀਤ ਮਹਾਂਤਮੋਂ ਕਰ ਧ੍ਰਿਗ-ਕਾਰੇ ਹੂਏ ਧਨ ਕੇ ਮਾਨੀ ਪੁਰਸ਼ ਦਸੇ ਹੈਂ। ਐਸੇ ਜਾਨੀਐ॥ ਯਥਾ ॥ ਖਾਣੇਕੇ ਤਥਾ ਦੁਗਦਾਦਿਕਾਂ ਕੇ ਪੀਣ ਵਾਸਤੇ ਤਥਾ ਮੰਦ੍ਰੋਂ ਮੇਂ ਵਸਨੇ ਹੇਤ। ਇਨ ਮੂਰਖ ਧਨੀਯੋਂ ਸੇ ਮੈਂ ਕਦਾਚਿਤ ਨਹੀਂ ਇੱਛਾ ਕਰੂੰ ਹੂੰ ॥ ੭ ॥

**ਮੂਲ ॥ ਭਿਸਵਰ ਕੇ ਭੋਜਨ ਕਰ ਹਮ ਅਲ।**

Sri Satguru Jagjit Singh Ji eLibrary NamdhariElibrary@gmail.com

ਅਚਨ ਅਰਥ ਅਲਮਧੁਰ ਗੰਗਜਲ ॥ ਸੈਨ
ਹੇਤ ਮਮ ਬਸ ਬਸੁਧਾ ਤਲ। ਚੀਰ ਦਿਗੰਬਰ
ਵਲਕਲ ਕਰ ਅਲ ॥ ੮ ॥

ਟੀਕਾ—ਭੈਸਾਗਾਦਿ ਜੋ ਸ੍ਰਿਸ਼ਟ ਭੋਜਨ ਹੈਂ ਹਮ ਤਿਸ ਕਰ ਤ੍ਰਿਪਤ ਹੈਂ। ਅਰ ਗੰਗਾਦਿ ਨਦੀਓਂ ਕਾ ਜਲ ਪੀਨੇ ਕਰ ਮੈਂ ਤ੍ਰਪਤ ਹੂੰ। ਅਰ ਧਰਤੀ ਉਪਰ ਸੈਨਕਰ ਮੈਂ ਆਨੰਦ ਹੂੰ। ਬਸਤ੍ਰਾਂ ਕੀ ਤਰਵੋਂ ਨਗਨ ਰਹਿਕਰ ਤਥਾ ਭੋਜਪਤ੍ਰਾਦਿ ਪਹਰ ਕਰ ਮੇਰੇ ਕੋ ਤ੍ਰਿਪਤੀ ਹੈ ॥ ੮ ॥

ਮੂਲ ॥ ਕੁਛ ਪੁਰਪਤਿ ਅਰ ਨਵ ਧਨੁ ਪਾਏ ॥
ਅਧਪਤਿ ਧਨਪਤਿ ਜੇ ਗਰ ਬਾਏ। ਤਾਂਤੇ ਜਾਚਨ
ਕੋ ਦੁਖ ਜੋਊ। ਮੈ ਨ ਸਹਾਰ ਸਕੋਂ ਅਬ ਸੋਊ ॥ ੯

ਟੀਕਾ—ਪ੍ਰੰਤੂ ਥੋੜਾ ਮਾਤ੍ਰ ਜੋ ਨਵੀਨ ਧਨ ਪ੍ਰਾਪਤਿ ਭਯਾ ਹੈ ਜਿਨ ਰਾਜਜੋਂ ਕੋ। ਤਿਸਕੋ ਪਾਇਕਰ ਜੋ ਧਨੀ ਤਥਾ ਰਾਜੇ ਹੰਕਾਰ ਕਰ ਰਹੇ ਹੈਂ। ਤਿਨਸੇ ਜਾਚਨਾ ਕਰਨੇ ਕਾ ਜੋ ਦੁਖ ਹੈ। ਸੋ ਮੈਂ ਨਹੀਂ ਸਹ ਸਕਤਾ ॥ ਨਨੁ ॥ ਜੋ ਤੁਮ ਜਾਚਨਾ ਨਹੀਂ ਕਰੋਗੇ ਤੋ ਕੈਸੇ ਕਰੋਗੇ ॥ ਉੱਤਰ ॥ ੯ ॥

ਦੋਹਰਾ ॥ ਮੁਕਤਿ ਭੁਗਤਿ ਸੰਜੁਗਤ ਹਰ ਭਜੋ
ਪਰਨ ਫਲ ਖਾਇ ॥ ਪਰ ਨ ਦੁਰਜਨੋਂ ਕੇ

Sri Satguru Jagjit Singh Ji eLibrary NamdhariElibrary@gmail.com

ਘਰਨ ਦੇਹ ਸ਼ਬਦ ਕਹੋਂ ਜਾਇ॥ ੧੦ ॥

ਟੀਕਾ—ਮੁਕਤੀ ਅਰ ਭੁਗਤੀਕੇ ਦੇਨੇ ਹਾਰੇ ਜੋ ਸ਼ਿਵ ਹੈਂ ਤਿਨਕਾ ਭਜਨ ਕਰੂੰਗਾ। ਪੱਤੇ ਤਥਾ ਬ੍ਰਿਛਨ ਕੇ ਫਲ ਖਾਇ ਕਰ ਪ੍ਰੰਤੂ ਖੋਟੇ ਪੁਰਸ਼ੋਂ ਕੇ ਘਰ ਜਾਇਕਰ ਦੇਹ ਸ਼ਬਦ ਨਾ ਕਹੂੰਗਾ। ਅਰਥ ਏਹ ਭੋਜਨ ਕੇ ਦਾਤਾ ਪਰਮੇਸ਼ਰ ਹੈਂ ਮੁਕਤੀ ਦੇਨ ਹਾਰੇ ॥ ੧੦ ॥

ਚੌਪਈ ॥ ਫਲ ਫੂਲਾਦਿ ਸਾਗ ਸਤਵਾ ਬਰ ॥ ਯਹ ਜੋ ਲਿਆਵੇਂ ਹਮ ਭਿੱਖਯਾ ਕਰ। ਅਚਵੇਂ ਤਹਿ ਸੁਰਸਰ ਜਲ ਪੀਕੇ। ਸ਼ਾਂਤਿ ਕਰੋਂ ਜਠ ਰਾਗਨਿ ਨੀਕੇ॥ ੧੧ ॥

ਟੀਕਾ—ਫਲਾਦਿ ਜੋ ਫਲੋਹਾਰ ਹੈਂ ਤਥਾ ਸਤੂ ਆਦਿ ਜੋ ਅੰਨ ਹੈਂ ਏਹ ਜੋ ਹਮ ਭਿਖਯਾਕਰ ਲਿਆਵੇਂਗੇ । ਤਿਸਕੋ ਖਾਨਾ ਕਰੇਂਗੇ ਅਰ ਗੰਗਾ ਕਾ ਜਲ ਪੀਕਰ ਪੇਟਕੀ ਖੁਧਯਾ ਅਗਨਿ ਕੋ ਸ਼ਾਂਤ ਕਰੂੰਗਾ ਭਲੀ ਪ੍ਰਕਾਰ ਕਰ ॥੧੧॥

ਮੂਲ ॥ ਤਾਪ੍ਰ ਚਿਤਕੋ ਹਰੇ ਜਾਪ ਹਰਿ। ਲਹੌਂ ਨਿਜਾਤਮ ਸਾਧ ਸੰਗ ਕਰ। ਸੁਧਾ ਸਰੂਪ ਬ੍ਰਹਮ ਵਿਤਵੇਦੀ। ਚਿੱਤ ਜੜ੍ਹ ਗ੍ਰੰਥ ਸਮੂਲ ਪ੍ਰਭੇਦੀ॥ ੧੨ ॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਇਸ ਪ੍ਰਕਾਰ ਭਿਖਯਾ ਖਾਇਕਰ ਪ੍ਰਮੇਸ਼ਰ ਕਾ ਜਪਨਾ ਕਰੇਂਗੇ ਸੋ ਪ੍ਰਮੇਸ਼ਰ ਕਾ ਭਜਨ ਚਿਤ ਕੇ ਕਾਮਾਦਿ ਦੁਖੋ ਕਾ ਨਾਸ ਕਰੇ ਹੈ। ਤਿਨਕੇ ਨਾਸ ਭਏ ਤੇ ਅਨੰਤ੍ਰ ਸੰਤਾਂ ਕਾ ਸੰਗ ਕਰ ਆਪਨੇ ਆਤਮ ਸਰੂਪ ਕੋ ਪ੍ਰਾਪਤਿ ਹੋਊਂਗਾ। ਕੈਸੇ ਸੋ ਮਹਾਤਮਾ ਹੈਂ ਜਿਨਕੇ ਸੰਗਕਰ ਆਤਮਾਕੋ ਜਾਨਨਾ ਹੈ ਵਾ ਜਾਣਦਾ ਹੈ ਪੁਰਸ਼ ਅੰਮ੍ਰਿਤਸਰੂਪ ਹੈਂ ਭਾਵ ਕਾਲ ਸੇ ਰਹਿਤ ਹੂਏ ਹੂਏ ਹੈਂ ਵਾ ਸੋਮ ਮੂਰਤੀ ਸ਼ਾਂਤ ਦਰਸ਼ਨ ਹੈ ਜਿਨਕਾ। ਅਰਥ ਏਹ ਜਿਨਕੇ ਦੇਖ਼ਨ ਸੇ ਤਥਾ ਵਚਨਸੁਨਨੇ ਸੇ ਸ਼ਾਂਤੀ ਪ੍ਰਾਪਤਿ ਹੋਤੀ ਹੈ। ਅਰ ਬ੍ਰਹਮ ਕੇ ਜਾਨਣੇ ਹਾਰੇ ਹੈਂ ਪੁਨਾ ਵੇਦ ਵਕਤਾ ਹੈਂ ਭਾਵ ਏਹ ਬ੍ਰਹਮਨੇਸ਼੍ਰੀ ਬ੍ਰਹਮ ਸਰੋਤ੍ਰੀ ਹੈਂ ਅਰਚਿਤ ਜੜ ਗ੍ਰੰਥੀ ਜਿਨਕੀ ਸਹਤਅਵਿਦਯਾ ਕੇ ਨਾਸ ਹੋਗਈ ਹੈ। ਚੇਤਨ ਆਤਮਾ ਤਥਾ ਜੜ ਅਗਯਾਨ ਕੇ ਸੰਬੰਧ ਕਾ ਨਾਮ ਚਿੱਤ ਜੜ ਗ੍ਰੰਥੀ ਹੈ। ਸੋ ਸੰਬੰਧ ਅਵਿਦਯਾ ਕਰ ਐਸੇ ਪ੍ਰਤੀਤ ਹੋਵੇ ਹੈ ਮੈਂ ਕਰਤਾ ਮੈਂ ਭੋਗਤਾ ਜੀਵ ਭਿੰਨ ਈਸ਼੍ਵਰ ਭਿੰਨ ਐਸੀ ਪ੍ਰਤੀਤੀ ਕਾ ਕਾਰਣ ਜੋ ਅਵਿਦਯਾ ਹੈ ਸੋ ਨਾਸ਼ ਹੋਗਈ ਹੈ ਤਿਨ ਕੀ॥ ੧੨॥

**ਬਾਨੀ ਜਾਹਿ ਭਵਾਨੀ ਕੇ ਸਮ। ਸ਼੍ਰਵਤ ਮੁਧਾਂਕ ਅਹਿਬ੍ਰਹਮ ਸਮ। ਸਰਬ ਗਿਰਾ ਤੇ ਉੱਤਮ ਬਾਨੀ। ਜਾਂਕੇ ਗਹੇ ਸਰਬ ਦੁਖ ਹਾਨੀ॥੧੩॥**

ਟੀਕਾ—ਜਿਨਕੀ ਬਾਣੀ ਸਾਰਸ੍ਵਤੀ ਸਮਾਨ ਹੈ ਅਰ ਹੈਂ ਬ੍ਰਹ-

Sri Satguru Jagjit Singh Ji eLibrary NamdhariElibrary@gmail.com

ਮਾਸਮਈ ਜੋ ਕਹਨਾ ਹੈ ਏਹ ਅੰਮ੍ਰਿਤ ਚੋ ਰਹਿਆ ਹੈ ਮੁਖ ਰੂਪੀ ਚੰਦ੍ਰਮਾਂ ਸੇ। ਅਰ ਕੈਸੇ ਹੈਂ ਨ੍ਰਿਮਾਸਮੀ ਬਾਣੀ ਹੈ ਜੋ ਸਰਬ ਬਾਣੀ ਸੇ ਉੱਤਮ ਹੈ ਜਿਸ ਕੇ ਧਾਰਨ ਕਰਨੇ ਕਰ ਸਰਬ ਜਨਮ ਮਰਨ ਦੁਖ ਨਾਸ਼ ਹੋ ਜਾਤੇ ਹੈਂ ॥

**ਮਧੁ ਤੇ ਖੀਰ ਖਾਂਡ ਘ੍ਰਿਤ ਰਸ ਜਿਉਂ। ਸ੍ਵਾਦ ਵੰਤ ਅਤਿ ਸੰਤ ਸ਼ਬਦ ਤਿਉਂ। ਗਿਰਾਂ ਤਿਨਹੁ ਕੀ ਸ਼੍ਰਵਣ ਮਨਨ ਕਰਿ। ਤ੍ਰਿਪਤ ਭਵਤ ਮਮ ਚਿਤ ਨਿਰੰਤਰ॥ ੧੪ ॥**

ਟੀਕਾ—ਜੈਸੇ ਦੁਗਧ ਸਹਿਤ ਘ੍ਰਿਤ ਖੰਡਾਦਿ ਪਦਾਰਥ ਰਸ ਵਾਲੇ ਹੈਂ ਤੈਸੇ ਹੀ ਅਤੀ ਕਰ ਸੰਤਾਂ ਕੇ ਵਚਨ ਸੁਆਦ ਵਾਲੇ ਹੈਂ ਜਗਿਆਸੀ ਪੁਰਸ਼ਾਂ ਕੋ। ਤਿਨ ਸੰਤੋਂ ਕੀ ਬਾਣੀ ਸ਼੍ਰਵਨ ਮਨਨ ਕਰਨੇ ਕਰ ਇਕ ਰਸ ਮਨ ਤ੍ਰਿਪਤੀ ਕੋ ਪ੍ਰਾਪਤਿ ਹੋਤਾ ਹੈ ॥ ੧੪ ॥

**ਜਬ ਲੌਗ ਇੰਵ ਮਮ ਸਤਗੁਣ ਵਰਤਣ। ਤਬ ਲਗ ਧਨ ਹਿਤ ਭਜੋ ਨ ਭੂਪਣ। ਭ੍ਰਿਕੁਟੀ ਨੈਨ ਬੈਨ ਮੁਖ ਉਰ ਕਰ। ਭ੍ਰਮਤ ਸਰਬਦਾ ਦਰਬ ਗਰਬ ਕਰ ॥ ੧੫ ॥**

ਟੀਕਾ—ਪੂਰਬੋਕਤ ਪ੍ਰਕਾਰ ਕੇ ਸ੍ਰੇਸ਼ਟ ਗੁਣ ਜਬ ਪ੍ਰਯੰਤ

Sri Satguru Jagjit Singh Ji eLibrary NamdhariElibrary@gmail.com

ਮੇਰੇ ਮੇਂ ਵਰਤਤੇ ਹੈਂ ਤਬ ਪਰਯੰਤ ਧਨ ਵਾਸਤੇ ਮੈਂ ਧਨੀ-ਆਦਿ ਰਾਜਜੈਂਕਾ ਸੇਵਨ ਨਹੀਂ ਕਰਤਾ। ਜੋ ਧਨੀ ਸਰਬਦਾ ਕਾਲ ਧਨ ਕੇ ਹੰਕਾਰ ਕਰ ਭਰਮ ਰਹੇ ਹੈਂ ਭਰਵੱਟੇ ਟੇਡੇਕਰ ਦੇਖਤੇ ਹੈਂ ਨੇਤ੍ਰ ਕਿਸੇ ਨਾਲ ਮੇਲਦੇ ਨਹੀਂ ਹੈਂ ਬਾਣੀ ਮਿਠੀ ਬੋਲਦੇ ਨਹੀਂ ਹੈਂ ਮੁਖ ਜਿਨਕਾ ਸਦਾ ਮਲੀਨ ਹੈ ਹਿਰਦੇ ਮੇਂ ਕਾਮਾਦਿ ਕਾਂ ਕਾ ਖੜਬੜਾਹਟ ਹੋ ਰਹਿਆ ਹੈ। ਵਾ ਸਰਬ ਅੰਗ ਜਿਨਕੇ ਹੰਕਾਰ ਕਰ ਪੂਰਨ ਹੈਂ ਜਿਨਕਾ ਸਾਰੇ ਆਦਿ ਬੋਲਨਾ ਹੰਕਾਰ ਬਿਨਾ ਨਹੀਂ ਹੈ ॥ ੧੫ ॥

**ਸਿਸਨੋਦਰ ਪਰ ਧਰਮ ਵਿਹੀਨੇ। ਪਥਪਰ ਮਾਰਥ ਪ੍ਰਾਰਥ ਨਹਿਚੀਨੇ। ਤਾਂਪਦਾਂਤਹੋਇਤਾਂ ਤੇ ਵਿਤ। ਕਰੋਂ ਨ ਸੰਗ੍ਰਹਿਭੋਗਨਮਿੱਤ॥੧੬।**

ਟੀਕਾ—ਪੂਨਾ ਸੋਧਨੀ ਕੈਸੇ ਹੈ। ਭੋਗਨ ਅਰ ਖਾਣ ਕੇ ਪਰਾਇਣ ਹੋ ਰਹੇ ਹੈਂ ਅਰ ਧਰਮ ਥੀਂ ਰਹਿਤ ਹੈਂ। ਅਪਣੀ ਕਲਜਾਣ ਕਾ ਤਥਾ ਦੂਸਰੇ ਕੇ ਭਲੇ ਕਾ ਤੋ ਰੁਸਤਾ ਹੀ ਨਹੀਂ ਦੇਖਤੇ ਤਿਨਾਂ ਕਾ ਦਾਸ ਹੋਕਰ ਭੋਗਾਂ ਵਾਸਤੇ ਮੈਂ ਧਨ ਨਹੀਂ ਇਕੱਠਾ ਕਰਤਾ ਤਿਨਸੇ ॥ ੧੬ ॥

**ਤਾਹਿੰ ਪਾਂਮਰੋਂ ਤੇ ਜਨ ਪਾਂਮਰ ਚਾਹਤ ਦ੍ਰਵਣ ਜੋ ਸਹਿਤ ਅਨਾਦਰ। ਮਣੀ ਫਣੀ ਕੇ ਸਿਰ ਕੀ ਜੈਸੇ। ਜੋ ਬਾਂਛੇ ਸੋ ਬਾਚੇ ਕੈਸੇ॥੧੭॥**

ਟੀਕਾ—ਤਿਨਾਂ ਨੀਚਾਂ ਸੇ ਭੀ ਸੋ ਪੁਰਸ਼ ਨੀਚ ਹੈਂ ਜੋ ਤਿਨਾ ਪਾਸੋਂ ਧਨ ਚਾਹਤੇ ਹੈਂ ਅਰ ਧਨ ਕੀ ਖਾਤਰ ਨਿਆਦਰ ਸਹਾਰਤੇ ਹੈਂ। ਜੈਸੇ ਕੋਈ ਪੁਰਸ਼ ਸ਼ੇਸ਼ਨਾਗ ਕੇ ਸਿਰ ਕੀ ਮਣੀ ਲਈ ਚਾਹੇ ਤੋ ਸੇ ਪੁਰਸ਼ ਕੈਸੇ ਬਚ ਸਕਤਾ ਹੈ ਤਿਸਕੋ ਸ਼ੇਸ਼ ਨਾਗ ਨਾਸ਼ ਕਰ ਦੇਵੇ ਹੈ ਤੈਸੇ ਸ਼ੇਸ਼ਵਤ ਧਨੀ ਧਨਰੂਪੀ ਮਣੀ ਤੋ ਦੇਵੇ ਨਹੀਂ ਹੈ ਪ੍ਰੰਤੂ ਮਾਨ ਕਾ ਨਾਸ਼ ਕਰ ਦੇਤੇ ਹੈਂ ॥੧੭॥

**ਵਿਖੈ ਭੋਗ ਕੇ ਹਿਤ ਬਾਂਛੇ ਵਿਤ। ਧਨ ਕੇ ਹੇਤ ਧਨਾਢਹਿ ਬਾਂਛਿਤ। ਤਾਂਤੇ ਵਿਖੈ ਮੋਹ ਮੋਹਿ ਛੋਰਾ। ਧਨ ਧਨਾਢ ਸੋਂ ਕਾਮ ਨ ਮੋਰਾ॥ ੧੮ ॥**

ਟੀਕਾ—ਜੋ ਪੁਰਸ਼ ਵਿਸ਼ੇ ਭੋਗਨ ਕੇ ਸੁਖ ਵਾਸਤੇ ਧਨ ਕੀ ਇੱਛਾ ਕਰਤੇ ਹੈਂ। ਸੋ ਧਨ ਕੇ ਵਾਸਤੇ ਧਨੀਯੋਂ ਲੋਕੋਂ ਕੇ ਸੇਵਨ ਕੀ ਇੱਛਾ ਕਰੇ ਹੈਂ। ਜਾਂਤੇ ਧਨਕੀ ਇੱਛਾ ਹੀ ਸਰਬ ਸੇਵਾ ਕਾ ਹੇਤੂ ਹੈ। ਤਾਂਤੇ ਵਿਸ਼ਿਆਂ ਕਾ ਮੋਹ ਮੈਨੇ ਤਜਾਗਿਆ ਹੈ ਇਸ ਤੇ ਧਨ ਸਾਥ ਤਥਾ ਧਨੀ ਸਾਥ ਮੇਰਾ ਕੁਛ ਕਾਮ ਨਹੀਂ ਹੈ॥੧੮॥

**ਦੋਹਿਰਾ ॥ ਤਨੁ ਰਖਜਾ ਭਿਖਜਾ ਕਰੇ ਗੁਰ ਸਿਖਜਾ ਉਰਪੋਖ। ਭੋਗ ਭੂਪ ਧਨ ਮੋਖ ਰਿਪੁ ਮੋਖ ਕਰੇ ਹਿਤ ਮੋਖ ॥ ੧੯ ॥**

ਟੀਕਾ—ਛੇਦ ॥ ਮੋਖ ਕੇ ਵਾਸਤੇ ਮੁਮੁਖੀ ਪੁਰਸ਼ ਮੋਖ ਕੇ ਜੋ ਸ਼ਤ੍ਰੁ ਹੈਂ ਭੋਗ ਤਥਾ ਰਾਜੇ ਅਰ ਧਨ ਇਨਕਾ ਤਜਾਗ ਨਾ



Sri Satguru Jagjit Singh Ji eLibrary NamdhariElibrary@gmail.com

ਕਰੇ । ਵਾ ਹਮ ਨੇ ਕਰਿਆ ਹੈ ਇਨ ਕਾ ਤਯਾਗ ॥ ਅਰ ਸਰੀਰ ਕੀ ਪਾਲਣਾ ਭਿੱਖਜਾ ਕੇ ਅੰਨ ਕਰ ਕਰੇ । ਅਰ ਗੁਰਾਂ ਕੀ ਸਿਖਜਾ ਕਰ ਹਿਰਦੇ ਮੇਂ ਸੰਤੋਖਾਦਿਕਾਂ ਕੀ ਪੁਸ਼ਟੀ ਕਰੇ ॥ ਵਾ ਹਮ ਨੇ ਐਸੇ ਕਰਿਆ ਹੈ ॥ ੧੯ ॥

**ਕਬਿੱਤ ॥ ਤਜੇ ਦੁਰਾਰਾਧ ਸ੍ਵਾਮੀ ਕ੍ਰਿਪਣ ਕੁਮੱਗੁ ਗਾਮੀ ਬਾਜਵਤ ਚਲ ਚਿਤ ਭੂਪਨ ਕੇ ਭਾਨੀਐ। ਤਾਂਤੇ ਮੇਂ ਸਥੂਲ ਚਾਹਿੰ ਪੂਰੀ ਹੋਤ ਤਾਂਹਿ ਨਾਹਿੰ ਲਾਯੋ ਮਨ ਤਾਂਹਿ ਮਾਂਹਿ ਪਦ ਜੋ ਮਹਾਨੀਐ ॥ ਜਰਾ ਹਰੈ ਕਾਇ ਹਰੇ ਕਾਲ ਸਮੁਦਾਇ ਪ੍ਰਾਣ ਤਾਂਤੇ ਤਪੁ ਕਰੋਂ ਸਖੇ ਵਿਦੁਖੋਂ ਬਖਾਨੀਐ। ਤਪੁ ਬਿਨਾ ਆਨੁਮਗ ਸ਼੍ਰੇਯ ਕੋ ਨ ਮੱਧ ਜਗਿ ਤਪੁ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਐ ॥ ੨੦ ॥**

ਟੀਕਾ—ਜਿਨ ਕਾ ਸੇਵਨਾ ਕਠਨ ਹੈ ਸੋ ਰਾਜੇ ਮੈਨੇ ਤਿਆਗੇ ਹੈਂ। ਕੈਸੇ ਹੈਂ ਸੋ ਧਨੀ ਕ੍ਰਿਪਣ ਹੈਂ ਅਰ ਖੋਟੇ ਰਸਤੇ ਮੇਂ ਪ੍ਰਵਿਰਤੀ ਹੈ ਤਿਨਕੀ।ਪੁਨਾ ਬਾਜ ਪੰਖੀ ਵਤ ਚੰਚਲਹੈਂ ਤਿਨਕੇਚਿਤ ।ਸੂਮ ਅਰ ਕੁਰਸਤੇ ਜਾਣੇ ਵਾਲੇ ਹੈਂ ਜਿਸਤੇ ਤਿਸਤੇ ਹੀ ਮੇਰੀ ਮੋਟੀਜੈਸੀ ਜੋ ਇੱਛਾ ਹੈ ਪੰਜ ਸਤ ਹਜ਼ਾਰ ਕੀ ਏਹਭੀ ਤਿਨਸੇ

Sri Satguru Jagjit Singh Ji eLibrary NamdhariElibrary@gmail.com

ਪੂਰੀ ਨਹੀਂ ਹੋਤੀ ॥ ਇਸਤੇ ਹੀ ਮੈਨੇ ਆਪਨਾ ਮਨ ਮਹਾਨ ਪਦ ਜੋ ਆਤਮ ਪਦ ਹੈ ਤਿਸਮੇਂ ਲਾਇਆ ਹੈ ॥ ਸਰੀਰ ਕੇ ਬਨ ਕੋ ਤਾਂ ਬ੍ਰਿਧਤਾ ਨਾਸ਼ ਕਰੇ ਹੈ ਅਰ ਪ੍ਰਾਣਾਂ ਕੇ ਸਮਦਾ ਕੋ ਕਾਲ ਨਾਸ ਕਰ ਰਹਿਆ ਹੈ ॥ ਤਾਂਤੇ ਹੇ ਮਿਤ੍ਰ ਤਪੁ ਧਾਰਨ ਕਰੋ ਐਸੇ ਤਤੁ ਵੇਤਾ ਪੁਰਸ਼ ਕਥਨ ਕਰਤੇ ਹੈਂ । ਤਪ ਥੀਂ ਬਿਨਾ ਹੋਰ ਕੋਈ ਰਸਤਾ ਕਲਜਾਨ ਕਾ ਸੰਸਾਰ ਮੇਂ ਨਹੀਂ ਹੈ ॥ ਨਨੂ ॥ ਕੌਨ ਤਪ ਕਰੀਐ ॥ ਉੱਤਰ ॥ ਚਿਤ ਕੀ ਇਕਾਗਰਤਾ ਕਾ ਨਾਮ ਹੀ ਤਪੁ ਹੈ ਇਸਥੀਂ ਬਿਨਾ ਹੋਰ ਸਰਬ ਫੋਟਕ ਕਰਮ ਹੈਂ ॥੨੦॥ ਨਨੂ ॥ ਪੂਰਬ ਜੋ ਕਥਨ ਕੀਆ ਹੈ ਧਨੀਯੋਂ ਕੋ ਮਾਨ ਸੋ ਐਸਾ ਮਾਨ ਕਿਉਂ ਭਯਾ ਹੈ ਤਿਨਕੋ ॥ ਉੱਤਰ ॥ ਸ਼ਾਸਤ੍ਰ ਕੇ ਪਠਨੇ ਸੁਣਨੇ ਸੇ ਅਸ਼ੁਧਕ ਹੋਨੇ ਕਰ ਭਯਾ ਹੈ ਸੋ ਦਸੇ ਹੈਂ ॥

ਯਥਾ ਸ੍ਵੈਯਾ॥ ਸ੍ਰੁਤਿ ਬੋਧ ਵਿਰੋਧ ਨਿਵਾਰਨ ਕਾਰਨ ਪ੍ਰਾਕ ਹੁਤੇ ਸੁ ਸਖਾ ਸੁ ਜਨਾ ਕੋ। ਕੁਛ ਕਾਲ ਗਏ ਰਸਿ ਆਨ ਦਏ ਸੁਖ ਭੋਗ ਕੇ ਭਾਲ ਨਮਿਤ ਧਨਾਂ ਕੋ। ਅਤਿ ਖੇਦ ਸੁ ਵਿਦਯਾ ਅਵਿੱਦਯਾ ਭਈ ਅਬ ਮੋਖਨ ਭੋਗ ਜਨੇ ਪੁਰਸ਼ਾ ਕੋ। ਪ੍ਰਤਿ ਬਾਸਰ ਜਾਤ ਅਧੇ ਕੋ ਅਧੇ ਖਲ ਵੇਦ ਵਿਰੁਧ ਵਿਲੋਕ ਨ੍ਰਿਪਾ ਕੋ॥ ੨੧ ॥

ਟੀਕਾ—ਪੂਰਬ ਕਾਲ ਮੇਂ ਸ਼ਾਸਤ੍ਰ ਗਜਾਨ ਦ੍ਵੈਸ਼ ਕੇ

ਨਿਵਰਤ ਕਰਨੇ ਕਾ ਕਾਰਣ ਹੋਤਾ ਭਯਾ । ਪੁਨਾ ਸ੍ਰਿਸ਼ਟ ਮਿਤ੍ਰ ਹੋਤਾ ਭਯਾ ਸ੍ਰਿਸ਼ਟ ਜਨੋਂ ਕਾ ਪੂਰਬ ਜੋ ਰਾਜਾਦਿ ਪੁਰਸ਼ ਥੇ ਸੋ ਵੇਦਾਧੇਨ ਹੋਤੇ ਥੇ ਅਰ ਸ੍ਰਿਸ਼ਟਾਚਾਰੀ ਥੇ। ਉਸ ਥੀਂ ਬਾਦ ਥੋੜਾ ਕਾਲ ਬੀਤੇ ਸੇ ਪਿਛੇ ਰਸੀਆਂ ਪੁਰਸ਼ਾਂ ਕੋ। ਭੋਗ ਸੁਖ ਕੀ ਪ੍ਰਾਪਤੀ ਵਾਸਤੇ ਧਨ ਕੋ ਦਤਾ ਭਯਾ। ਬੜਾ ਖੇਦ ਹੈ ਅਬ ਸੋ ਵਿਦਯਾ ਅਵਿਦਯਾ ਹੋਗਈ ਹੈ। ਨਾ ਮੋਖਕੋ ਉਤਪਤਿ ਕਰੇ ਹੈ। ਦਿਨ ਦਿਨ ਪ੍ਰਤੀ ਨਿਤਯਮ ਪ੍ਰਤੀ ਨੀਚੇ ਸੇ ਨੀਚੇ ਚਲੀ ਜਾਵੇ ਹੈ। ਰਾਜੇ ਆਦਿ ਧਨੀਯੋਂ ਕੋ ਮੂਰਖ ਜਾਣਕਰ ਤਥਾ ਵੇਦ ਸੇ ਵਿਰੁੱਧ ਮਾਰਗ ਮੇਂ ਪੜੇ ਦੇਖ ਕਰ॥ ੨੧॥

**ਚੌਪਈ॥ ਪੁਰਾਮਾਤ ਵਤ ਥੀਂ ਵਿਦ ਵਿੱਤਾ। ਪੁਰਖੋਂ ਕੇ ਕਲਯਾਨ ਨਮਿੱਤਾ॥ ਸੁਜਨੋ ਪਢੇ ਮੁਕਤਿ ਹਿਤ ਵੇਦਾ। ਤਿਨਹੁ ਜਨਸੋਂ ਤਿਹ ਉਰ ਨਿਰਵੇਦਾ ॥ ੨੨ ॥**

ਟੀਕਾ—ਪੂਰਬ ਕਾਲ ਤੇ ਵੇਦ ਵਿਦਯਾ ਮਾਤਾ ਵਤ ਥੀ ਪੁਰਸ਼ਾਂ ਕੇ ਕਲਯਾਨ ਕਾ ਕਾਰਣ ਥੀ। ਸ੍ਰਿਸ਼ਟ ਪੁਰਸ਼ ਮੁਕਤੀ ਕੇ ਵਾਸਤੇ ਪੜਤੇ ਸੁਣਤੇ ਥੇ ਵੇਦਾਦਿ ਗ੍ਰੰਥਨ ਕੋ॥ਅਰ ਤਿਨਕੇ ਹਿਰਦੇ ਮੇਂ ਸੁਨ ਪੜਕੇ ਵੈਰਾਗ ਉਤਪੱਤਿ ਹੋਤਾ ਭਯਾ॥੨੨॥

**ਸ੍ਵਾਰਥ ਸਿਧਾਰਥ ਵੈਰਾਗਹਿ।**
**ਜਸੋਂ ਵਿਵੇਕ ਸਖਾ ਤਿਹ ਜਾਗਹਿ॥**

**ਯੁਗਲ ਸਖੇ ਮਿਲ ਹਰਜੋ ਯੁਗਮ ਭ੍ਰਮ।**
**ਜਿਉਂ ਰਵਿ ਦ੍ਰਿਗ ਤਮ ਹਰਤ ਬਿਨਾਸ਼੍ਰਮ॥੨੩**

ਟੀਕਾ—ਵੈਰਾਗ ਆਪਨੇ ਸ੍ਵਾਰਥ ਕੀ ਸਿਧੀ ਵਾਸਤੇ ਭਾਵ ਏਹ ਅਪਨੀ ਸਫਲਤਾ ਵਾਸਤੇ। ਤਿਸ ਅੰਤਹਕਰਣ ਰੂਪੀ ਜਾਗਾ ਮੇਂ ਵਿਵੇਕ ਰੂਪੀ ਮਿਤ੍ਰ ਕੋ ਉਤਪੰਤ ਕਰਤਾ ਭਯਾ॥ ਵਿਵੇਕ ਬਿਨਾ ਵੈਰਾਗ ਨਿਸਫਲ ਹੋਤਾਹੈ ਇਸਹੇਤੂਕਰ। ਦੋਨੋਂ ਮਿੱਤ੍ਰਾਂਨੇ ਮਿਲਕਰ ਜੀਵ ਅਰ ਈਸ਼੍ਵਰ ਇਨ ਦੋਨੋਂ ਕੀ ਏਕਤਾ ਮੇਂ ਜੋ ਭ੍ਰਮ ਥਾ ਸੋ ਨਾਸ ਕਰ ਦੀਆ॥ ਜੈਸੇ ਸੂਰਯ ਅਰ ਨੇਤ੍ਰ ਦੋਨੋਂ ਅੰਧਕਾਰ ਕਾ ਨਾਸ਼ ਕਰੇਹੈਂ ਜਤਨ ਸੇ ਬਿਨਾ ਤੈਸੇ॥੨੩

**ਸ਼ਾਸਤ੍ਰ ਗਿਯਾਨ ਇਉਂ ਬੰਧਨ ਹਰਤਾ।**
**ਪੂਰਬ ਭਯੋ ਮੁਕਤਿ ਕੋ ਕਰਤਾ। ਕਿੰਚਤ**
**ਕਾਲ ਬਿਤੀਤ ਭਯੋ ਜਬ। ਵਹੀ ਬੋਧ ਜਨ**
**ਮੂਰਧਨ ਕੋ ਤਬ॥ ੨੪॥**

ਟੀਕਾ—ਐਸੇ ਸੂਰਜ ਅਰ ਨੇਤ੍ਰਾਂਵਤ ਪੂਰਬ ਕਾਲ ਸ਼ਾਸਤ੍ਰ ਗਯਾਨ ਬੰਧਨ ਨਾਸ਼ਕਰਤਾ ਹੋਤਾਭਯਾ। ਜਬ ਥੋੜਾ ਸਾ ਕਾਲ ਬੀਤਿਆਂ ਤੌਂ ਸੋਈ ਸ਼ਾਸਤ੍ਰ ਗਯਾਨ ਮੂਰਖ ਪੁਰਸ਼ੋਂ ਕੋ ਹੋਤਾ ਭਯਾ। ਜੋ ਵਸ਼ਈ ਪੰਡਤ ਥੇ ਸੋ ਵਿਸ਼ ਸੁਖ ਹੇਤ ਪੜਤੇ ਭਏ੨੪

**ਵਿਖਯ ਸੁਖੋਂ ਕੇ ਸਿਧਿ ਨਮਿੱਤਾ। ਹੋਤ ਭਯੋ**
**ਤਿਨੋ ਜਨੋਂ ਜਬ ਤੰਤ੍ਰ**
**ਭ੍ਰਮ ਕਰਤਤ ਵਿੱਤਾ॥**

**ਅਧੀਤੇ। ਕਰਤ ਭੈ ਨ੍ਰਿਪ ਸਰਬਸ ਪ੍ਰੀਤੇ॥੨੫**

ਟੀਕਾ ਛੇਦ—ਤਿਨੋਂ ਵਸ਼ਈ ਪੁਰਸ਼ੋਂ ਨੇ ਜਬ ਸ਼ਾਸਤ੍ਰ ਪੜੇ ਵਿਖੇ ਸੁਖ ਕੀ ਸਿਧੀ ਵਾਸਤੇ ਤੋ ਸੋ ਵਿਦਯਾ ਕਾ ਗਯਾਨ ਸ਼ਨੇ ਸ਼ਨੇ ਕਰੂ ਧਨ ਰੂਪ ਹੋਤਾ ਭਯੋ। ਤਿਨ ਮੂਰਖ ਲਾਲਚੀ ਪੰਡਤੋਂ ਸੇ। ਸਹਤ ਪ੍ਰੀਤੀ ਕੇ ਰਾਜੇ ਤਥਾ ਧਨੀ ਲੋਕ ਸ੍ਰਵਣਕਰਤੇ ਭਏ। ਅਰ ਸੋ ਰਾਜਾ ਧਨੀ ਐਸੇ ਥੇ॥ ੨੫॥

**ਗੁਰ ਗੋ ਬਿੱਪ੍ਰਨ ਦਰਸ਼ਨ ਮਾਹੀਂ। ਤ੍ਰਧਾ ਅਨਨਯਾ ਭਗਤਿ ਉਰਜਾਂਹੀ। ਧਰਮੀ ਸਤ ਵਾਦੀ ਮਨ ਦਾਯਾ। ਸ਼ੁਭ ਗੁਣ ਮੰਦਰ ਅਸਰਨ ਰਾਯਾ॥ ੨੬॥**

ਟੀਕਾ—ਗੁਰੂ ਅਰ ਗਊਆਂ ਪੁਨਾ ਬ੍ਰਹਮਣ ਸ਼ਾਸਤ੍ਰ ਮੇਂ ਮਨ ਬਾਨੀ ਸਰੀਰ ਕਰ ਜਿਨਕੇ ਹਿਰਦੇ ਮੇਂ ਏਕ ਰਸ ਭਗਤੀ ਥੀ। ਪੁਨਾ ਧਰਮੀ ਥੇ ਅਰ ਸਤ ਬੋਲਨ ਹਾਰੇ ਥੇ ਅਰ ਜਿਨ ਕੇ ਮਨ ਮੇਂ ਦਯਾ ਥੀ। ਮਾਨੋ ਸ਼ੁਭ ਗੁਣਾਂ ਕੇ ਮੰਦਰ ਐਸੇ ਨਰਾਂ ਕੇ ਰਾਜਾ ਸੇ॥ ੨੬॥

**ਤਾਂਤੇ ਆਮਨਾਯ ਸੁਣ ਸਾਦਰ। ਦੇਤ ਦਰਬ ਬਹੁ ਜਿਉਂ ਜਲ ਬਾਦਰ॥ ਇਵ ਭੋਗਨ ਕੋ ਕਾਰਨ ਹੋਈ। ਅਹੋ ਖੇਦ ਅਬ ਵਿਦਯਾ ਸੋਈ॥ ੨੭॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਤਿਨ ਪੰਡਤੋਂ ਸੇ ਸ਼ਾਸਤ੍ਰ ਸਹਿਤ ਆਦਰ ਕੇ ਸੁਣਤੇ ਭਏ। ਅਰ ਸੁਣ ਕਰ ਬਹੁਤ ਧਨ ਦੇਤੇ ਭਏ। ਜੈਸੇ ਬਾਦਲ ਬਰਖਾ ਕੋ ਦੇਵੇ ਹੈ ਤੈਸੇ। ਇਸ ਪਰਕਾਰ ਮੂਰਖੋਂ ਪੁਰਸ਼ੋਂ ਕੇ ਪੜ੍ਹਨੇ ਦੁਆਰਾ ਭੋਗਾਂ ਕਾ ਕਾਰਨ ਹੋਤੀ ਭਈ। ਬੜਾ ਅਫਸੋਸ ਹੈ ਅਬ ਭੀ ਵਿਦਿਆ ਤੂ ਸੋਈ ਹੈ ਪ੍ਰੰਤੂ ॥ ੨੭ ॥

**॥ ਦਿਨ ਦਿਨ ਅਧੇ ਅਧੇ ਕੋ ਧਾਵੇ ॥ ਮੁਕਤਿ ਭੁਗਤਿ ਨਹਿੰ ਉਭੈ ਉਪਾਵੇ॥ ਯਾਂਮੈ ਅਵਰ ਨਕਾਰ ਨ ਕੋਊ। ਖਿਤ ਤਲ ਭੁਗਤਾ ਨ੍ਰਿਪ ਗਣ ਜੋਊ ॥ ੨੮ ॥**

ਟੀਕਾ—ਦਿਨ ਦਿਨ ਪ੍ਰਤੀ ਤਲੇ ਸੇ ਤਲੇ ਚਲੀ ਜਾਵੇ ਹੈ॥ ਨਾ ਮੁਕਤੀ ਕੋ ਦੇਤੀ ਹੈ ਨਾ ਭੋਗ ਹੀ ਭੋਗਾਵਤੀ ਹੈ। ਕਿਛ ਉਤ-ਪਤ ਨਹੀਂ ਕਰਤੀ॥ ਇਸਮੇਂ ਹੋਰ ਤਾਂ ਕਾਰਨ ਕੋਈ ਹੈ ਨਹੀਂ ਪ੍ਰਥਵੀ ਕੇ ਭੋਗਣੇ ਹਾਰੇ ਜੋ ਰਾਜਾ ਹੈਂ ਸਮੂਹ ਸੋ॥ ੨੮ ॥

**॥ ਕ੍ਰਿਪਣ ਅਭਗਤ ਮੂਗਧ ਅਤਿ ਪਾਪੀ॥ ਦੂਰਗਮ ਗਾਮੀ ਮ੍ਰਿਖਾ ਅਲਾਪੀ। ਸ਼ਾਸਤ੍ਰੋਂ ਮਾਹਿੰ ਨਾਹਿੰ ਰਤਿਰਾਈ। ਅਗੁਣ ਅਜਸ ਨਿਧ ਅਸ ਨਰ ਰਾਈ ॥ ੨੯ ॥**

ਟੀਕਾ–ਕ੍ਰਿਪਨ ਹੈਂ ਅਰ ਪ੍ਰਮੇਸ਼੍ਵਰਾਦਿ ਸਤਸੰਗ ਭਗਤੀ ਸੇ ਰਹਿਤ ਹੈਂ। ਪੁਨਾ ਸ਼ਾਸਤ੍ਰ ਸੰਸਕਾਰੋਂ ਸੇ ਰਹਿਤ ਮੂਰਖ ਹੈਂ ਅਤੀਕਰ ਪਾਪੋਂ ਮੇਂ ਤਿਨ ਕੀ ਪ੍ਰੀਤੀ ਹੈ। ਵੇਦ ਵਿਰੁਧ ਖੋਟੇ ਰਸਤੇ ਮੇਂ ਜਾਣੇਹਾਰੇ ਹੈਂ। ਅਰ ਝੂਠ ਬਚਨ ਕਹਿਣੇ ਹਾਰੇ ਹੈਂ ਸ਼ਾਸਤ੍ਰੋਂ ਮੇਂ ਤਿਨਕੀ ਪ੍ਰੀਤੀ ਰਤੀ ਮਾਤਰ ਨਹੀਂ ਹੈਂ। ਔਗੁਣਾਂ ਕੇ ਤਥਾ ਅਪਯਸ਼ ਕੀ ਖਾਣ ਹੈਂ। ਐਸੇ ਰਾਜਾਦਿ ਹੈਂ ਜੈਸੇ ਰਾਜਾ ਹੈਂ ਤੈਸੇ ਹੀ ਪ੍ਰਜਾ ਹੋ ਰਹੀ ਹੈ॥੨੯

॥ ਸੋ ਅਬ ਬਿਦ੍ਯਾ ਦੇਖ ਤਿਨਾਂ ਕੋ ॥ ਨਾਹਿ ਭੁਗਤਿ ਭੀ ਦੇਤ ਜਨਾਂ ਕੋ। ਸ਼੍ਰਵਨ ਕਰਤ ਨਹਿੰ ਪੜ੍ਹਤ ਨ ਆਪਹਿ। ਕਬਹੂੰ ਕਹੂੰ ਪੁੰਨ ਪਰਤਾਪਹਿ ॥ ੩੦ ॥

ਟੀਕਾ–ਤਿਨ੍ਹਾਂ ਰਾਜਿਆਂ ਕੋ ਦੇਖ ਕਰ ਸੋ ਵਿਦਿਆ ਭੀ ਨਹੀਂ ਦੇਤੇ ਹੈਂ ਨਰੋਂ ਕੋ। ਨਾ ਤੋ ਰਾਜਾ ਧਨੀ ਲੋਕ ਆਪ ਪੜ੍ਹਤੇ ਹੈਂ ਨਾ ਸ਼੍ਰਵਣ ਕਰਤੇ ਹੈਂ। ਕਦੀ ਕਿਸੇ ਪੁੰਨ ਕੇ ਫਲ ਕਰਕੇ ॥ ੩੦ ॥

॥ ਕਿੰਚਤ ਕਥਾ ਸਮਾਗਮ ਬਨਹੈ॥ ਸੁਨਤ ਅਰੁਚ ਨਹਿ ਤਾਮਹਿ ਮਨ ਹੈ। ਚਿੱਤ ਭ੍ਰਮਤ ਭਵ ਅਰਥਨ ਮਾਹੀਂ। ਕਥਾ ਅਰਥ ਕਿਛ ਬੂਝਤ ਨਾਹੀਂ ॥ ੩੧ ॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਥੋੜ੍ਹਾ ਕਾਲ ਮਾਤ੍ਰ ਕਥਾ ਆਦਿ ਸ੍ਰਿਸ਼ਟ ਪੁਰਸ਼ੋਂ ਕਾ ਸਤਸੰਗ ਹੋ ਭੀ ਜਾਵੇ ਤੌ ਪ੍ਰੀਤੀ ਸੇ ਬਿਨਾ ਸੁਣਨ ਤੇ ਬੈਠ ਜਾਣ। ਪ੍ਰੰਤੂ ਮਨ ਸਤਸੰਗ ਕੇ ਕਥਨ ਸੇ ਰਹਿਤ ਹੋਨ। ਮਨ ਕਰਕੇ ਸੰਸਾਰ ਕੇ ਧੰਦਿਆਂ ਕਾ ਚਿੰਤਨ ਹੀ ਕਰੇਹੈਂ। ਅਰ ਕਥਾ ਕੇ ਅਰਥ ਕੀ ਕੁਛ ਸਮਝ ਪੜਤੀ ਨਹੀਂ ਹੈ। ਤੇ ਨਾ ਕੁਛ ਪੂਛਤੇ ਹੀ ਹੈਂ ਸਮਝਨ ਵਾਸਤੇ ॥ ੩੧ ॥

**ਅਰੁ ਸਰਧਾ ਬਿਨ ਜਬ ਕਛੁ ਦਰਬ ਹਿ। ਦੇਹ ਤਾਂ-ਹਿ ਕੋ ਤਬ ਅਤਿ ਗਰਬ ਹਿ। ਵਕਤਾ ਕੋ ਅਨੁਚਰ ਵਤ ਜਾਨੇ। ਤਾਂ ਤੇ ਕਰਤ ਨ ਅਤਿ ਸਨਮਾਨੇ ੩੨**

ਟੀਕਾ—ਜਬ ਕਥਾ ਕਾ ਭੋਗ ਪਵੇ ਸ਼ਰਧਾ ਸੇ ਬਿਨਾ ਹੋ ਕਰ ਕੁਛ ਧਨ ਦੇਣਾ ਅਰ ਦੇ ਕਰ ਅਤੀ ਹੰਕਾਰ ਕਰਨਾ। ਅਰ ਕਥਾ ਕਰਤਾ ਪੁਰਸ਼ ਕੋ ਦਾਸ ਕੀ ਨਿਆਈਂ ਜਾਣ ਤਿਸਕਾ ਮਾਣ ਭੀ ਨਾ ਕਰਨਾ ॥ ਉਪਕਾਰ ਜਾਨਣਾ ਤੋ ਕਹੀਂ ਰਹਿਆ ਕਥਨ ਕਰਤਾ ਕਾ ਉਪਕਾਰ ਸਮਝਨਾ ਚਾਹੀਏ। ਅਰ ਤਿਸ ਕੋ ਉਪਕਾਰੀ ਜਾਣ ਕਰ ਤਿਸਕੀ ਸੇਵਾ ਕਰਨੀ ਚਾਹੀਏ ਸੋ ਨਾ ਕਰਤੇ ਭਏ ॥ ੩੨ ॥

**ਅਰ ਵਕਤਾ ਕੀ ਇੱਛਾ ਜੋ ਹੈ। ਤਾਂ ਤੇ ਤ੍ਰਿਪਤ ਕਦਾਪਿ ਨ ਹੋ ਹੈ॥ ਤਾਂ ਤੇ ਜੋ ਬੁਧਿਮਾਨ ਅਹੇ ਜਨ। ਭੂਪਨ ਭਵਨ ਗਵਨ ਕਰੇ ਜਿਨ ॥ ੩੩**



Sri Satguru Jagjit Singh Ji eLibrary NamdhariElibrary@gmail.com

ਟੀਕਾ–ਪੁਨਾ ਕਥਨ ਕਰਤਾ ਪੰਡਤ ਕੋ ਜੋ ਇੱਛਾ ਹੈ ਏਹ ਭੀ ਨਹੀਂ ਇਨ ਸੇ ਪੂਰੀ ਹੋ ਸਕਤੀ ਤੌ ਹੰਕਾਰ ਕਿਸ ਬਾਤ ਕਾ ਕਰੇਹੈਂ। ਐਸੇ ਅਬਕੇ ਧਨੀ ਤਥਾ ਰਾਜੇ ਅਭਗਤ ਅਸ਼੍ਰਧਕ ਵੇਦ ਅਬੂਝ ਹੋਤੇ ਭਏ ਇਸ ਤੇ ਜੋ ਬੁਧੀ-ਵਾਨ ਪੁਰਸ਼ ਹੈਂ ਸੋ ਇਨਕੇ ਘਰ ਮੇਂ ਮਤ ਜਾਨਾ ਕਰੇਂ ਜਿਸਕੋ ਮੋਖ ਕੀ ਇੱਛਾ ਹੋਵੇ ਸੋ ਐਸੇ ਕਰੇ ॥ ਯਥਾ ॥੩੩॥

**ਦੋਹਿਰਾ ॥ ਨਿਰਦੂਖਨ ਭੂਖਨ ਮਹਾਂ ਰੂਖਨ ਸੇਵਹਿ ਸੋਇ। ਤਬੈ ਤਨੈ ਵਿਦਿਆ ਜਨੈ ਭੁਗਤਿ ਮੁਕਤਿ ਸ਼ੁਭ ਦੋਇ ॥ ੩੪ ॥**

ਟੀਕਾ–ਮਾਨ ਭੰਗਾਦਿ ਦੂਸ਼ਨੋਂ ਸੇ ਰਹਿਤ ਜੋ ਬ੍ਰਿਛ ਹੈ ਮਾਨੀ ਪੁਰਸ਼ ਕਾ ਭੂਖਨ ਰੂਪ। ਅਰਥ ਏਹ ਜਿਨ ਬ੍ਰਿਛੋਂ ਕੀ ਜਾਚਨਾ ਕਰਨੇ ਸੇ ਫਲ ਕੀ ਪ੍ਰਾਪਤੀ ਹੋਵੇ ਹੈ। ਪ੍ਰੰਤੂ ਮਾਨ ਨਾਸ਼ ਹੋਵੇ ਨਹੀਂ। ਤਿਨ ਸਫਲ ਬ੍ਰਿਛੋਂ ਕੋ ਮੁਮੁਖ੍ਰ ਪੁਰਸ਼ ਸੇਵੇ ॥ ਕਿਉਂਕਿ ਵਿਦ੍ਯਾ ਮੁਕਤਿ ਅਰ ਭੁਗਤਿ ਦੋਨੋਂ ਪੁਤ੍ਰੋਂ ਕੋ ਉਤਪੱਤਿ ਕਰਣੇਹਾਰੀ ਹੈ। ਜਬ ਸ਼ਾਸਤ੍ਰ ਪੜ੍ਹਨੇ ਸੇ ਸੰਤੋਖ ਕੀ ਉਤਪਤੀ ਭਈ ਤਬ ਪੁਰਸ਼ ਰਾਜਾ ਆਦਿਕੋਂ ਕੇ ਦਰ ਪਰ ਜਾਣੇ ਸੇ ਹਟ ਕਰ ਸਰੀਰ ਨਿਰਬਾਹ ਹੇਤ ਫਲਾ-ਦਿਕੋਂ ਕਾ ਭੱਖਣ ਕਰੇ ਹੈ। ਯਾਂ ਤੇ ਭੁਗਤਿ ਕੀ ਉਤਪੱਤੀ ਭਈ ਜਬ ਐਸੇ ਭੁਗਤਿ ਰੂਪੀ ਪੁੱਤ੍ਰ ਹੂਆ ਤੌ ਮੁਕਤਿ ਰੂਪੀ ਦੂਸਰੇ ਸ੍ਰਿਸ਼ਟ ਪੁਤ੍ਰ ਕੋ ਭੀ ਵਿਦ੍ਯਾ ਉਤਪੱਤ ਕਰੇ ਹੈ ॥ ੩੪ ॥

Sri Satguru Jagjit Singh Ji eLibrary NamdhariElibrary@gmail.com

**ਸੋਰਠਾ ॥ ਵਿੱਦਯਾ ਬਧੂ ਪ੍ਰਸੂਤ ਸ਼ਾਂਤਿ ਧ੍ਰਨੀ ਭੂਮੇ ਭਵਤਿ। ਜਨੇ ਪ੍ਰਬੋਧ ਸੁਪੂਤ ਹਨੇ ਕਲੇਸ਼ ਅਸ਼ੇਸ਼ ਤਬ ॥ ੩੫ ॥**

ਟੀਕਾ—ਨਹੀਂ ਹੈ ਸ਼ਬਦ ਕਿਸੇ ਪ੍ਰਕਾਰ ਕਾ ਜਿਸ ਭੂਮੀ ਮੇਂ ਇਕਾਂਤ ਜੋ ਦੇਸ਼ ਹੈ ਤਿਸ ਇਕਾਂਤ ਦੇਸ਼ ਮੇਂ ਵਿਚਾਰ ਕਰਨੇ ਸੇ ਵਿਦਜਾ ਰੂਪੀ ਇਸਤ੍ਰੀ ਪ੍ਰਸੂਤ ਹੋਤੀ ਹੈ ਅਰ ਉਤਪਤ ਕਰਤੀ ਹੈ ਪਰ ਵਸ਼ੇਸ਼ ਕਰਕੇ ਆਤਮ ਬੋਧ ਰੂਪੀ ਸ੍ਰੇਸ਼੍ਟ ਪੁਤ੍ਰ ਕੋ ਸੋ ਆਤਮ ਬੋਧ ਰੂਪੀ ਪੁਤ੍ਰ ਜਬ ਉਤਪਤਿ ਹੋਵੈਹੈ ਤਬ ਸੰਪੂਰਣ ਕਲੇਸ਼ੋਂ ਕਾ ਨਾਸ਼ ਕਰੇ ਹੈ। ਇਸ ਪ੍ਰਕਾਰ ਮੁਕਤੀ ਭੁਗਤਿ ਰੂਪੀ ਦੋ ਪੁਤ੍ਰ ਵਿਦਜਾ ਜਣੇਹੈ ਇਨਕੀ ਇਛਜਾ ਵਾਲਾ ਪੁਰਸ਼ ਹੰਕਾਰੀ ਧਨੀ ਆਦਿਕੋਂ ਕੇ ਸਮੀਪ ਨਹੀਂ ਜਾਵੇ॥੩੫॥ਨਨੂ॥ ਨ੍ਰਿਪੋਂ ਕਾ ਅਹੰਕਾਰ ਕਿਸ ਕੇ ਸਮਾਨ ਹੈ ॥ ਉੱਤਰ ॥

**ਦੋਹਾ॥ ਭਯੋ ਗਰਬ ਬਹੁ ਨ੍ਰਿਪਨ ਕੋ ਬਰਨੋ ਕਿੰਸਮ ਸੋਇ। ਕੇਵਲ ਬ੍ਰਿਥਾ ਨਮਿੱਤ ਬਿਨ ਜੜਤਾ ਸੂਚਕ ਹੋਇ ॥ ੩੬ ॥**

ਟੀਕਾ—ਬਹੁਤਾ ਜੋ ਅਹੰਕਾਰ ਰਾਜਿਆਂ ਕੇ ਮਨ ਮੇਂ ਭਯਾ ਹੈ ਸੋ ਏਹ ਹੰਕਾਰੁ ਕਿਸ ਕੇ ਸਮਾਨ ਵਰਨਨ ਕਰੇਂ ॥ ਜੈਸੇ ਨਹੁਖ ਰਾਜਾ ਕੋ ਹੰਕਾਰ ਹੂਆ ਹੈ ਸੋ ਤੋ ਪੁੰਨ ਯਗਾਦਿਕੋਂ ਕੇ ਕਰਨੇ ਕਰ ਹੂਆ ਹੈ ਕਿਸ ਕੇ ਸਮਾਨ ਭੀ ਏਹ ਨਹੀਂ ਹੈ ਜੈਸੇ ਰਾਵਣ

Sri Satguru Jagjit Singh Ji eLibrary NamdhariElibrary@gmail.com

ਕੋ ਹੰਕਾਰ ਹੂਆ ਹੈ ਸੋ ਭੀ ਤ੍ਰੈਈਲੋਕੀ ਕਾ ਰਾਜਾ ਹੂਆ ਹੈ ਤੋ ਤਿਸਕੋ ਹੂਆ ਹੈ ਤਿਸਕੇ ਸਮਾਨ ਭੀ ਏਹ ਧਨੀਲੋਕ ਨਹੀਂ ਹੈਂ ਇਸਤੇ ਕਿਸਕੇ ਸਮਾਨ ਕਹੇਂ ਕੇਵਲ ਬਿਅਰਥ ਹੈਂ ਅਰ ਪੁੰਨ ਤਥਾ ਸੂਰਮਤਤਾ ਆਦਿ ਕਾਰਣ ਸੇ ਬਿਨਾ ਹੈਂ॥ ਮੂਰਖਤਾਈ ਕੇ ਜਨਾਵਨੇ ਵਾਲਾ ਸੋ ਹੰਕਾਰ ਹੈ ਇਨਕਾ॥ ਨਨੂ॥ ਧਰਤੀ ਕੋ ਭੋਗਕਰ ਗਰਭ ਕਰੇ ਹੈਂ ਵਿਅਰਥ ਕਿਉਂ ਹੈਂ॥ ਉੱਤਰ॥੩੬

**ਭਈ ਅਭੁਕਤਿ ਨ ਨਿਮਖ ਅਪਿ ਭੂਪਗਨੌਂ ਕਰ ਗਾਇ॥ ਚਗਲ ਸਗਲ ਭੂਪਾਨ ਕੀ ਤਾਂਹਿ ਪਾਇ ਗਰਬਾਇ॥ ੩੭॥**

ਟੀਕਾ—ਇਕ ਨਿਮਖ ਕਾਲ ਭੀ ਭੋਗਨੇ ਮੇ ਬਿਨਾ ਖਾਲੀ ਧਰਤੀ ਨਾ ਹੋਤੀ ਭਈ ਸੰਪੂਰਨ ਰਾਜਿਓਂ ਕਰ ਅਪੀ ਨਿਸਚੇ ਕਰਕੇ ਅਰਥ ਏਹੁ ਸਰਬ ਰਾਜਾ ਪੂਰਬ ਪੂਰਬ ਸੇ ਉੱਤਰ ਉਤਰ ਭੋਗਤੇ ਚਲੇ ਆਏ॥ ਪ੍ਰੰਤੂ ਕਿਸੀ ਕਰ ਨਾ ਭੋਗੀ ਗਈ ਉਸੀ ਤੌਰ ਹੈ॥ ਅਬ ਕਿਸੇ ਨੇ ਕਿਆ ਭੋਗਨੀ ਹੈ ਯਾਂ ਤੇ ਇਨ ਕਾ ਹੰਕਾਰ ਵਿਅਰਥ ਹੈ॥ ਪੁਨਾ ਪੂਰਬਲੇ ਸਗਲੇ ਰਾਜਿਓਂ ਕੀ ਜੂਠ ਹੈ ਤਿਸ ਚਗਲ ਕੋ ਪਾਇਕਰ ਹੰਕਾਰ ਕਰੇਂ ਹੈਂ॥੩੭

**ਤਾਸੁ ਅੰਸ ਪੁਨ ਅੰਸ ਤਿਹ ਤਾ ਅਵੈਵ ਲਵਲੇਸ਼॥ ਤਿਹ ਉਚਿਸ਼ਟ ਕੇ ਪਤਿ ਭਏ ਗਰਬਹਿ ਹਮ ਦੁਹਨੇਸ਼॥ ੩੯॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਜਿਸ ਪ੍ਰਿਥਵੀ ਕੋ ਪੂਰਬ ਸੰਪੂਰਨਰਾਜੇ ਭੋਗਤੇ ਰਹੇ ਹੈਂ ਤਿਸਕੀ ਅੰਸ਼ ਸੇ ਭੀ ਜੋ ਅੰਸ਼ਹੈ ਤਿਸ ਅੰਸ਼ ਵਿਚੋਂ ਭੀ ਜ਼ਰਾ ਮਾਤ੍ਰ ਤਿਸ ਜ਼ਰਾ ਮਾਤ੍ਰ ਵਿਚੋਂ ਭੀ ਲਵ ਮਾਤ੍ਰ। ਅਰ ਲਵ ਸੇ ਭੀ ਲੇਸ਼ ਮਾਤ੍ਰ ਤਿਸ ਲੇਸ਼ ਮਾਤ੍ਰ ਕੇ ਜੂਠ ਕੇ ਪਤੀ ਹੋਕਰ ਹੰਕਾਰ ਕਰਤੇ ਹੈਂ ਜੋ ਹਮ ਪ੍ਰਿਥਵੀ ਕੇ ਰਾਜਾ ਹੈਂ ॥ ਲੇਸ਼ ਕਾ ਅਰਥ ਏਹ ਹੈ ਜੈਸੇ ਪੁਰਸ਼ ਕੇ ਮੁਖਸੇ ਥੁਕ ਸੁਟੇ ਹੈ ਅਰ ਸੁਟਨੇ ਸੇ ਪਸਚਾਤ ਜ਼ਰਾ ਸੀ ਲੇਸ਼ ਤਾਰ ਜੈਸੀ ਥੁਕ ਹੋਠ ਕੇ ਸਾਥ ਲਗ ਜਾਵੇਹੈ ਤਿਸ ਸਮਾਨ ਲੇਸ਼ ਭਰ ਧਰਤੀ ਕਾ ਰਾਜ ਪਾਇ ਕਰ ਗਰਬੇ ਹੈਂ ॥ ੩੮ ॥

**ਗਨਕਾ ਸਮਖਿਤ ਬਹੁਮਤੀ ਪੁਨਾ ਸਰਬ ਕੀ ਜੂਠ। ਤਾਂਹਿ ਭੋਗਕਰ ਭੂਪਸਠ ਮੁਦਤਾ ਧਰੇ ਅਨੂਠ ॥ ੩੯ ॥**

ਟੀਕਾ—ਵੇਸਵਾ ਕੇ ਸਮਾਨ ਧਰਤੀ ਬਹੁਤਿਆਂ ਪਤੀਆਂ ਵਾਲੀ ਹੈ॥ ਜੈਸੇ ਵੇਸਵਾ ਕਾ ਏਕ ਪਤੀ ਨਹੀਂ ਹੋਵੇ ਹੈ ਤੈਸੇ ਏਸ ਕਾ ਏਕਪਤੀ ਨਹੀਂ ਹੈ॥ ਪੁਨਾ ਜੂਠੇ [illegible] ਲਿਓਂ ਸਰਬ ਰਾਜਿਓਂ ਕੀ ਜੂਠ ਹੈ ਬਹੁਤਿਓਂ ਕੀ ਭੋਗੀ ਹੋਈ ਹੈ। ਤਿਸ ਜੂਠ ਕੇ ਪਾਇ ਕਰ ਮੂਰਖ ਰਾਜੇ ਮਨ ਮੇਂ ਪ੍ਰਸੰਨਤਾ ਧਾਰਨ ਕਰੇਂ ਹੈਂ ਪ੍ਰਗਟ ਹੀ ਉਲਟਾ ਸ਼ਰਮਿੰਦਗੀ ਕੋ ਨਹੀਂ ਧਾਰਤੇ॥ ੩੯ ॥

**ਪਰਮ ਨਿੰਦਯਹਿ ਕਰਮ ਕਰ ਪਸਚਾਤਾਪ**

Sri Satguru Jagjit Singh Ji eLibrary NamdhariElibrary@gmail.com

ਕਰੇ ਨਿ। ਉਲਟੇ ਮਧ ਮੁਧਤਾ ਧਰੇਂ ਧਿਕ
ਪੁਰਖਾਂ ਧਾਮ ਤੇਨ ॥ ੪੦ ॥

ਟੀਕਾ—ਪਰਮ ਅਤਸੇ ਕਰ ਨਿੰਦਨੇ ਯੋਗ ਹੰਕਾਰਾਦਿ ਕਰਮੋਂ ਕੋ ਕਰਕੇ ਪਸਚਾਤਾਪ ਨਹੀਂ ਕਰੇ ਹੈਂ ਉਲਟਾ ਸਗੋਂ ਹੰਕਾਰ ਅਰ ਪ੍ਰਸੰਤਾ ਕੋ ਧਾਰਨ ਕਰਤੇ ਹੈਂ ਐਸੇ ਨੀਚ ਪੁਰਸ਼ੋਂ ਕੋ ਧ੍ਰਿਗਕਾਰ ਹੈ ॥ ੪੦ ॥

ਪੁਨ ਧਿਕ ਧਿਕ ਤਹਿੰ ਨਰਨ ਕੋ ਤਿਨੇ ਘਰਨ
ਜੇ ਭਾਗ। ਨਮੋ ਕਰਨ ਤਨ ਭਰਨ ਹਿਤ ਸ਼ਰਨ
ਵਿਸ਼੍ਵੰਭਰ ਤਿਆਗ ॥ ੪੧ ॥

ਟੀਕਾ—ਬਹੁੜੋ ਤਿਨ ਪੁਰਸ਼ਾਂ ਕੋ ਭੀ ਧ੍ਰਿਕਾਰ ਹੈ ਧ੍ਰਿਕਾਰ ਹੈ ਜੋ ਤਿਨ ਰਾਜਿਆਂ ਕੇ ਘਰਾਂ ਕੋ ਭਾਗ ਕਰ ਜਾਵੇ ਹੈਂ ਵਾ ਤਿਨਕੇ ਘਰ ਸੇ ਜੋ ਜਾਕਰ ਆਪਨਾ ਖਾਨੇ ਪਹਿਰਨੇ ਕਾਛਾਂਦਾ ਲੈਣਾ ਕਰੇ ਹੈਂ ਅਰ ਵਿਸ਼੍ਵ ਕੇ ਭਰਣੇਹਾਰੇ ਪ੍ਰਮਾਤਮਾ ਕੀ ਸ਼ਰਨ ਕੋ ਤਿਆਗ ਕਰ ਰਾਜਿਓਂ ਕੋ ਜਾਕਰ ਨਮੋਂ ਕਰਤੇ ਹੈਂ ਸਰੀਰ ਕੀ ਪਾਲਨਾ ਵਾਸਤੇ ॥ ਨਨੂ ॥ ਤਨ ਕਾ ਪਾਲਨ ਹੋਰ ਕੈਸੇ ਕਰੇਂ ॥ ਉੱਤਰ ॥ ੪੧ ॥

ਸ੍ਵੈਯਾ ॥ ਸੁਚ ਗੰਗ ਤਰੰਗ ਕੀ ਬੂੰਦ ਕਣੀ
ਕਰ ਸੀਤਲ ਚਾਰੁ ਹਿਮਾਂਚਲ ਕੀ ਸਿਲ। ਜਿ
ਹ ਫੂਲ ਫਲਾਦਿ ਉਪਾਨ ਧਰੇ ਸ਼ਿਵ ਕੋ ਨਿਤ

Sri Satguru Jagjit Singh Ji eLibrary NamdhariElibrary@gmail.com

ਪੂਜਤਿ ਦੇਵ ਬਧੂ ਮਿਲ। ਪਰ ਭੋਜਨਮੇਂ ਨਿਜ
ਜੋਜਨ ਦੇਦਿਲਤਾ ਗਿਰਕੋ ਕਤਕਾਲ ਲਿਯੋ
ਗਿਲ। ਅਪਮਾਨ ਸਹੀ ਅਪਮਾਨਸਹੀਵਿਧ
ਧੀਰ ਸਹੀ ਨ੍ਰਿਪਧਾਮ ਅਹੀ ਬਿਲ ॥੪੨॥

ਟੀਕਾ–ਪਵਿੱਤ੍ਰ ਜੋ ਸ੍ਰੀ ਗੰਗਾ ਜੀ ਕੇ ਜਲ ਕੀਆਂ ਲਹਰਾਂ ਹੈਂ ਤਥਾ ਬੁਦਬੁਦੇ ਹੈਂ ਸੋ ਪਵਨ ਕੇ ਬੇਗ ਕਰ ਵਿਸੇ ਹੈਂ ਅਰ ਪਵਨ ਕੇ ਸਾਥ ਸੂਖਮ ਨਿਕੀਆਂ ਸੋ ਕਣੀਆਂ ਉਡਕਰ ਕਨਾਰੇ ਕੀਆਂ ਸਿਲਾਂ ਪਰ ਪੜੇ ਹੈਂ ਸੋ ਸਿਲਾ ਜੋ ਹਿਮੰਚਲ ਕੀ ਨਜਾਈਂ ਸੀਤਲ ਤਥਾ ਤਿਸਕੀਆਂ ਸਿਲਾ ਕੀ ਨਜਾਈ ਸੁੰਦਰ ਹੈਂ। ਪੁਨਾ ਜਿਸ ਅਸਥਾਨ ਮੇਂ ਦੇਵ ਇਸਤ੍ਰੀਆਂ ਮਿਲਕਰ ਆਪਸ ਮੇਂ ਫਲ ਫੂਲਾਦਿਕੋਂ ਕੀ ਭੇਟਾ ਰਖਕੇ ਨਿੱਤ ਜਮ ਪ੍ਰਤੀ ਸ਼ਿਵ ਕੋ ਪੂਜੇ ਹੈਂ। ਪਰ ਪੁਰਸ਼ੋਂ ਕੇ ਘਰ ਮੇਂ ਜੋ ਪੁਰਸ਼ ਭੋਜਨ ਕਰਨੇ ਕੇ ਵਾਸਤੇ ਅਪਨੇ ਦਿਲ ਕੋ ਲਗਾਵੇ ਹੈਂ। ਬੜਾ ਅਫਸੋਸ ਹੈ ਤਿਸ ਪਰਬਤ ਕੋ ਕਾਲ ਨੇ ਭਖਨ ਕਰ ਲੀਆ ਹੈ ਜਿਸ ਸੇ ਫਲ ਫੂਲੋਂ ਕੋ ਲੈਕਰ ਦੇਵ ਅੰਗਨਾ ਸ਼ਿਵ ਕੋ ਪੂਜੇ ਹੈਂ। ਅਰਥ ਇਹ ਯਾਚਨਾ ਸੇ ਰਹਿਤ ਹੋਕਰ ਫਲੋਂ ਕਰ ਤਨ ਪਾਲਨਾ ਕਰੇਂ। ਅਰ ਜੋ ਪੁਰਸ਼ ਅਜਾਚ ਪਰਬਤ ਕੋ ਤਿਆਗ ਕਰ ਧਨੀਯੋਂ ਕਰਕੇ ਨਿਆਦਰ ਕੋ ਸਹਾਰਤੇ ਹੈਂ ਸੋ ਪੁਰਸ਼ ਨਿਸਚੇ ਨੀਚ ਹੈਂ ਕਿਆ ਮਨੁਖ ਨਹੀਂ ਹੈਂ ਪਸ਼ੂ ਹੈਂ ॥ ਨਨੂ ॥ ਨੀਚ ਅਰ ਪਸ਼ੂ ਕਿਉਂ ਹੈਂ ॥ਉੱਤਰ॥ ਧੀਰਜਵਾਨ ਜੋ ਪੁਰਸ਼ ਹੈ ਸੋ ਰਾਜਾਦਿ

Sri Satguru Jagjit Singh Ji eLibrary NamdhariElibrary@gmail.com

ਧਨੀਯੋਂਕੇ ਮੰਦਰੋਂ ਕੋ ਸਰਪ ਕੀ ਖੋੜ ਵਤ ਜਾਣੇ ਹੈ ਨਿਸਚੇ ਕਰ ਭਲੀ ਪ੍ਰਕਾਰ ਹੋਰ ਨਿਰਜਾਚਨਾ ਵਿਹਾਰ ਦਸੇ ਹੈਂ ॥੪੨

ਸ੍ਵੈਯਾ ॥ ਪ੍ਰਤਿਕਾਨਨ ਬ੍ਰਿਛਨ ਤੇ ਮਨ ਬਾਂਛਤ ਲਾਭ ਸੁਖੇਨ ਫਲਾਦਿ ਅਪਾਰਾ । ਸਰਤਾ ਕੇ ਸਥਾਨ ਸਥਾਨ ਵਿਖੇ ਸੁਚ ਸੀਤਲ ਮਿਸ਼ਟ ਮਿਲੇ ਬਹੁਬਾਰਾ।ਜਲ ਪਤ੍ਰਵਤੀ ਮ੍ਰਿਦੁਸਾਪ੍ਰਰ ਸੀਤਲ ਪਾਦਿਕੇ ਹੋਵਤ ਭੂਪਨ ਦੁਵਾਰਾ। ਸਟ ਕੇ ਮਤਿ ਮਾਨ ਮਹਾਂ ਭਟਕੇ ਮਤਿ ਮਾਨਤਹਾਂ ਕਤ ਹੋਵਤ ਖੁਵਾਰਾ ॥ ੪੩ ॥

ਟੀਕਾ—ਏਕ ਏਕ ਬਨ ਕੇ ਵਿਖੇ ਬ੍ਰਿਛ ਬ੍ਰਿਛ ਤੇ ਮਨ ਬਾਂਛਤ ਫਲ ਫੁਲ ਪ੍ਰਾਪਤ ਹੋਤੇ ਹੈਂ ਬਹੁਤ ਪ੍ਰਕਾਰਕੇ ਸੁਵਾਦੋਂ ਵਾਲੇ ਨਦੀਓਂ ਕੇ ਕਨਾਰੇ ਕਨਾਰੇ ਸੇ ਪਵਿਤ੍ਰ ਸੀਤਲ ਮਿਠਾ ਜਲ ਬਹੁਤ ਮਿਲੇ ਹੈ। ਅਰ ਜਲ ਕੇ ਉਪਰ ਵਾ ਸਮੀਪ ਕੀ ਜੋ ਚੋਪੱਤੀ ਹੈ ਕੋਮਲ ਬੜੀ ਜਿਸਕਾ ਸਪਰਸ਼ ਭੀ ਠੰਡਾ ਹੈ ਇਸਥੀਂ ਆਦ ਲੈਕਰ ਧਰਤੀ ਰੂਪੀ ਛੇਜਾ ਕੇ ਹੋਤਿਆਂ ਕੌਨ ਮਾਨੀ ਪੁਰਸ਼ ਧਨੀਯੋਂ ਕੇ ਦੁਆਰੇ ਪਰ ਜਾਵੇ ਹੈ । ਪਰੰਤੂ ਜੋ ਮੂਰਖ ਹੈਂ ਸੋ ਅਪਨੀ ਬੁਧੀ ਅਰ ਮਾਨਕੋ ਤਿਆਗ ਕਰ ਭਟਕੇ ਹੈਂ ਅਤਸੇਕਰ ਅਰ ਸ੍ਰਿਸ਼ਟ ਮਤੀਵਾਨ ਪੁਰਸ਼ ਤਹਾਂ ਧਨੀਯੋਂ ਕੇ ਦੁਆਰੇ ਕੇ ਦੁਖੋਂ ਸੇ ਰਹਿਤ ਹੈਂ॥ ੪੩ ॥

Sri Satguru Jagjit Singh Ji eLibrary NamdhariElibrary@gmail.com

ਪੁਨਾ ਕਬਿੱਤ॥ ਕੰਦਰਾ ਤੇ ਕੰਦ ਮੂਲ ਕਹਾਂ ਨਿਰਮੂਲ ਭਇਏ ਵਾਰਿਵਾਰੇ ਨਗ ਕਿਧੌ ਦੇਤ ਹੈਂ ਨ ਬਨਕੋ। ਮੀਠੇ ਫਲੋਂ ਵਾਰੀ ਡਾਰੀ ਤਰੋਂਕੀ ਨ ਫਲ ਦੇਤ ਕਿਧੌਂ ਤ੍ਰਮਦੇਤ ਹੈਂਨ ਵਲਕਲ ਜਨਕੋ॥ਦੁਖਸੋਂ ਮਨਾਕੋ ਧਨ ਸਾਧ ਕੈ ਮਦਾਂਧ ਭੁਏ ਮਦ ਬਿਆਰਿ ਸਾਥ ਜੋਭ੍ਰਮਾਵੈ ਭੂਲ ਤਨ ਕੋ। ਖਲੋਂਕੇ ਕੁਮੁਖੋਂਕੋ ਸਬਲ ਸੋ ਪੁਰਸ਼ ਪੇਖੇਂ ਅਹੋ ਕੈਸੇ ਤਜੇਂ ਐਸੇ ਬਨ ਚਿੰਤਾ ਮਨਕੋ॥੪੪

ਟੀਕਾ—ਪਰਬਤੋਂ ਕੀਆਂ ਜੋ ਗੁਫਾਹੈਂ ਸੋ ਤਾਂ ਵਸਨ ਕੋ ਬਹੁਤ ਹੈਂ ਜਿਮੀਂਕੰਦਾਦਿ ਜਿਮੀਂ ਮੇਂ ਹੋਨੇਹਾਰੇ ਮੂਲ ਕਿਧੋਂ ਨਾਸ ਹੋਇ ਗਏਹੈਂ॥ਅਰ ਜਲ ਵਲੇ ਜੋ ਪਰਬਤ ਹੈਂ ਜਿਨਸੇ ਛਥਲੇ ਚਲ ਰਹੇ ਹੈਂ ਸੋ ਜਲ ਨਹੀਂ ਦੇਤੇ। ਬ੍ਰਿਛੋਂ ਕੀਆਂ ਜੋ ਟਾਹਣੀਆਂ ਹੈਂ ਮੀਠੇ ਫਲੋਂ ਵਾਲੀਆਂ ਸੋ ਫਲ ਨਹੀਂ ਦੇਤੀਆਂ। ਅਰ ਬਿੱਕ ਬ੍ਰਿਛ ਜੋ ਹੈਂ ਸੋ ਪਹਰਨੇ ਕੋ ਆਪਨੀ ਤੁਚਾ ਨਹੀਂ ਦੇਤੇ ਪੁਰਸ਼ ਕੋ। ਬੜੇ ਦੁਖਦਾਇਕ ਪਾਪਾਂਕੋ ਕਰਕੇ ਵਾ ਬੜੇ ਦੁਖ ਸੋਂ ਜਪ ਤਪਾਦਿ ਸਾਧਨ ਕਰਕੇ ਪੂਰਬ ਜਨਮਮੇਂ ਜਿਨੋਂ ਧਨ ਇਕੱਤ੍ਰ ਕੀਆ ਹੈ ਜਰਾਮਾਤ੍ਰ ਅਰ ਤਿਸ ਧਨਕੇ ਹੰਕਾਰਕਰ ਅੰਧੇ ਹੋਏ ਹੋਏ। ਹੰਕਾਰ ਰੂਪੀ ਪਵਣ ਸੇ ਫੇਰਤੇ ਹੈਂ ਭਰਵਟਿਆਂ ਰੂਪੀ ਬੇਲਕੋ। ਅਮਾਤ੍ਰਿਵਚਾਰ ਤਥਾ ਸੰਤੋਖਰੂਪੀ ਬਲਕੇ ਸਹਤ ਜੋ



Sri Satguru Jagjit Singh Ji eLibrary NamdhariElibrary@gmail.com

ਪੁਰਸ਼ ਹੈਂ ਸੋ ਮੂਰਖ ਹੰਕਾਰੀ ਧਨੀਯੋਂ ਕੇ ਖੋਟੇ ਮੁਖ ਕੋ ਕੈਸੇ ਦੇਖਤਾ ਹੈ ਐਸੇ ਪੂਰਬੋਕਤ ਚਿੰਤਾਮਣੀ ਰੂਪ ਬਨਕੋ ਤਿਆਗ ਕਰ ਭਾਵ ਏਹ ਵਿਚਾਰਵਾਨ ਪੁਰਸ਼ ਤੋ ਬਨ ਮੇਂ ਗੁਜ਼ਾਰਾ ਕਰ ਲੇਵੇ ਹੈ ਪ੍ਰੰਤੂ ਕਿਸੇ ਕੇ ਦੀਨ ਹੋਵੇ ਨਹੀਂ। ਅਰ ਮੂਰਖ ਪੁਰਸ਼ ਜਾਇ ਕਰ ਦੀਨ ਹੋਵੇ ਹੈਂ॥ ੪੪॥

**ਦੋਹਰਾ॥ ਵਲਿਓ ਜਲਧ ਜਲ ਰੇਖ ਕਰ ਯਹ ਖਿਤ ਮ੍ਰਿਤ ਕਾ ਪਿੰਡ॥ ਭੋਗਤ ਤਾਂਕੋ ਭੂਪਗਣ ਕਰ ਬਹੁ ਸਮਰ ਪ੍ਰਚੰਡ॥ ੪੫॥**

ਟੀਕਾ—ਸਮੁੰਦਰ ਕੇ ਜਲ ਕੀ ਰੇਖਾ ਕਰ ਏਹ ਜੋ ਧਰਤੀ ਰੂਪੀ ਮਿਟੀ ਕਾ ਗੁਲੇਲਾ ਵਲਿਆ ਹੈ ਇਸ ਕੋ ਤਾਂਈ ਅਨੇਕਾਂ ਹੀ ਰਾਜੇ ਭੋਗਤੇ ਭਏ ਆਪਸ ਮੇਂ ਬਹੁਤ ਪ੍ਰਕਾਰ ਕੇ ਯੁਧ ਤੀਛਨ ਕਰਕੇ॥ ੪੫॥

**ਦੋਹਰਾ॥ ਖੰਡ ਖੰਡ ਕਰ ਅਰਨ ਕੇ ਪਿੰਡ ਸਰਨ ਕੇ ਸੰਗ। ਵੰਡ ਵੰਡ ਕਰ ਧਰਨ ਸਭ ਭੋਗਤ ਭੂਪ ਉਮੰਗ॥ ੪੬॥**

ਟੀਕਾ ਸ਼ਤ੍ਰੂਆਂ ਕੇ ਸਰੀਰ ਬਾਨਾਂ ਸੇ ਕਾਟ ਕਾਟ ਕਰ ਕੇ ਅਰ ਆਪੱਸ ਮੇਂ ਵੰਡ ਵੰਡ ਕੇ ਸੰਪੂਰਨ ਧਰਤੀ ਕੋ ਭੋਗਤੇ ਭਏ ਪ੍ਰਸੰਨਤਾ ਪੂਰਬ ਸੰਪੂਰਨ ਰਾਜੇ॥ ੪੬॥

**ਦੋਹਰਾ॥ ਦਰਬ ਗਰਬ ਕਰ ਅੰਧ ਮਨ ਕ੍ਰਿਪ**

Sri Satguru Jagjit Singh Ji eLibrary NamdhariElibrary@gmail.com

ਨ ਦਰਿੱਦ੍ਰੀ ਛੁੰਦ੍ਰ । ਕੁਟਲ ਕੁਮਗ ਗਾਮੀ ਅਧਮ ਕਾਮੀ ਦੁੱਖ ਸਮੁੱਦ੍ਰ ॥ ੪੭ ॥

ਟੀਕਾ—ਧਨਕੇ ਹੰਕਾਰ ਕਰ ਅੰਧੇ ਹੈਂ ਮਨ ਜਿਨਕੇ ਅਰ ਸੂਮ ਹੈਂ ਪੁਨਾ ਵਿਭੂਤੀ ਰੂਪੀ ਦਲਿੱਦ੍ਰ ਕੇ ਸਹਤ ਹੈਂ ਅਰ ਤੁਛ ਮਾਤ੍ਰ ਹੈਂ ਚਿਤ ਜਿਨਕੇ। ਪੁਨਾ ਮਨਕੇ ਕੁਟਲ ਹੈਂ ਵੇਦ ਵਿਰੁਧ ਰਸਤੇ ਮੇਂ ਜਾਣੇਹਾਰੇਹੈਂ। ਅਰ ਨੀਚ ਹੈਂ ਵੇਹਅਧਜਾਸੀ ਹੋਣੇ ਕਰ ॥ ਪੁਨਾ ਕਾਮੀ ਹੈਂ ਮਾਨੋ ਦੁਖਾਂ ਕੇ ਸਮੁੰਦ੍ਰ ਹੈਂ ॥ ਨਨੁ ॥ ਵਿਭੂਤੀ ਕੋ ਦਲਿੱਦ੍ਰ ਕੈਸੇ ਕਹਿਯੋ ॥ ਉੱਤਰ ॥ ਜਿਸ ਧਨਾਦਿ ਸੰਪਤਾ ਕਰ ਹਰੀ ਸਿਮਰਨ ਸੰਤ ਸੇਵਾ ਨਿਮ੍ਰਤਾ ਆਦਿ ਨਾ ਹੋਵੇ। ਸੋ ਵਿਭੂਤੀ ਦਲਿੱਦ ਰੂਪ ਹੈ॥ ਜੈਸੇ ਦਲਿੱਦ੍ਰੀ ਪੁਰਸ਼ ਸੇ ਕੁਛ ਹੋਵੇ ਨਹੀਂ ਹੈ ਤੈਸੇ ਜਾਨੀਐ ॥ ੪੭ ॥

ਦੋਹਰਾ ॥ ਤਜਕੇ ਨਿਜਮਤ. ਮਾਨਕੋ ਜੇ ਮਤਿਮਾਨ ਪ੍ਰਮਾਨ। ਧਨਕਾ ਕਨਕਾ ਬਾਂਛਤੇ ਤਾਂਤੇ ਧਿਕ ਧਿਕ ਤਾਨ ॥ ੪੮ ॥

ਟੀਕਾ—ਜੋ ਬੁਧੀਵਾਨ ਪੁਰਸ਼ ਹੈਂ ਅਰ ਆਪਨੇ ਮਾਨ ਅਰ ਬੁਧੀ ਕੋ ਤਯਾਗਕਰ ਤਿਨ ਸੂਮ ਧਨੀਯੋਂ ਸੇ ਧਨਕਾ ਕਿਣਕਾ ਮਾਤ੍ਰ ਚਾਹਤਾ ਹੈ ਤਿਸ ਪੁਰਸ਼ ਕੋ ਧ੍ਰਿਗ ਹੈ ਧ੍ਰਿਗ ਹੈ ॥੪੮॥

ਦੋਹਰਾ॥ ਸੂਮ ਧਨੀ ਧਨਕੀ ਕਨੀ ਦੇਹ ਕਿਧੌ ਨਹਿ ਦੇਹ॥ ਬੁਧਮਾਨ ਕੀ ਬੁਧਿ ਕੋ ਮਾਨ ਸ-

Sri Satguru Jagjit Singh Ji eLibrary NamdhariElibrary@gmail.com

ਹਿਤ ਹਰ ਲੇਹ ॥ ੪੯ ॥

ਟੀਕਾ—ਧਨ ਵਾਲਾ ਜੋ ਸੂਮ ਪੁਰਸ਼ ਹੈ ਧਨ ਕੀ ਕਣੀ ਦੇਵੇ ਅਥਵਾ ਨਾ ਦੇਵੇ। ਪ੍ਰੰਤੂ ਬੁਧੀਵਾਨ ਕੀ ਅਕਲ ਕੋ ਸਹਤ ਮਾਨ ਕੇ ਨਾਸ਼ ਕਰ ਦੇਵੇ ਹੈ ॥ ੪੯ ॥

**ਦੋਹਰਾ ॥ ਦਾਮ ਮਾਤ੍ਰ ਨਦ ਦਾਮਿ ਧਨ ਕਰਹਿ ਨਿੰਦ ਅਪਮਾਨ ॥ ਪੁਰਖ ਪ੍ਰਤਿਸ਼੍ਰ ਮਾਨ ਕੋ ਜੀਵਨ ਮ੍ਰਿਤਕ ਸਮਾਨ ॥ ੫੦ ॥**

ਟੀਕਾ—ਦਮੜੀ ਮਾਤ੍ਰ ਧਨ ਭੀ ਨਹੀਂ ਦੇਵੇ ਹੈ ਧਨੀ। ਨਿੰਦਾ ਅਰ ਨਿਆਦਰ ਤੌ ਅਵਸ ਕਰੇਹੈ। ਮਾਨੀ ਪੁਰਸ਼ ਕੋ ਨਿਆਦਰ ਕਰਾਕੇ ਜੀਵਣਾ ਮੌਤ ਕੇ ਸਮਾਨ ਹੈ ॥ ੫੦ ॥

**ਦੋਹਰਾ ॥ ਹਰ ਕੇ ਘਰ ਕੇ ਭੋਗ ਕੋ ਤ੍ਰਿਪ-ਤਹਿ ਨ੍ਰਿਪਨੰ ਨਿਕੇਤ। ਭੋਗ ਪ੍ਰੇਤ ਕਰ ਇਉਂ ਗ੍ਰਸੇ ਸਸੀ ਰਾਹੁ ਰਵਿ ਕੇਤ ॥ ੫੧ ॥**

ਟੀਕਾ—ਜੋ ਪੁਰਸ਼ ਘਰ ਕੇ ਪਦਾਰਥਾਂ ਕੋ ਤ੍ਯਾਗ ਕਰ ਅਰ ਅਤੀਤੋਂ ਕਾ ਬਾਣਾ ਧਾਰਕੇ। ਰਾਜਿਆਂ ਕੇ ਘਰ ਜਾਇ ਕਰ ਤਿਨਕੇ ਪਦਾਰਥਾਂ ਕੋ ਭੋਗੇ ਹੈ ਆਪਨੀ ਤ੍ਰਿਪਤੀ ਅਰਥ। ਸੋ ਪੁਰਸ਼ ਭੋਗਾਂ ਰੂਪੀ ਪ੍ਰੇਤੋਂ ਕਰ ਐਸੇ ਗ੍ਰਸੇਹੈਂ। ਜੈਸੇ ਚੰਦ੍ਰਮਾਂ ਕੋ ਰਾਹੂ ਗ੍ਰਸੇਹੈ ਤਥਾ ਸੂਰਜ ਕੋ ਕੇਤੂ ਭੱਖਣ ਕਰੇਹੈ॥੫੧

**ਦੋਹਰਾ ॥ ਸੰਚਤ ਅਰਥ ਅਨਰਥ ਕਰ**

Sri Satguru Jagjit Singh Ji eLibrary NamdhariElibrary@gmail.com

**ਭੋਗਤ ਸਾਧ ਜੁਤਾਸ । ਲੇਤ ਪਾਪ ਸਭਿ ਆਪ ਤਹਿ ਦੇਤ ਪੁੰਨ ਨਿਜ ਰਾਸ ॥ ੫੨ ॥**

ਟੀਕਾ—੨ ਦ੍ਵਾਂਪ੍ਰਕਾਰ ਕੇ ਅਨਰਥ ਕਰ ਜੋ ਮਾਇਆ ਇਕਠੀ ਕਰੀ ਹੈ ਧਨੀਯੋਂਨੇ ਤਿਸਕੇ ਤਾਈਂ ਜੋ ਸਾਧੂ ਭੋਗਤਾ ਹੈ ਤਿਨ ਕੇ ਘਰ ਮੇਂ ਇਸਥਿਤ ਹੋ ਕੇ ॥ ਸੋ ਸੰਤ ਤਿਸ ਕੇ ਪਾਪ ਆਪ ਲੇਤਾਹੈ ਅਰ ਆਪਨੀਰਾਸ ਜੋ ਪੁੰਨਹੈਂ ਸੋ ਤਿਸਕੋਦੇਤਾਹੈ੫੨

**ਦੋਹਰਾ ॥ ਭੂਪਨ ਸਮ ਭੂਪਾਨ ਕੇ ਭੋਗਤ ਭੋਗ ਜੋ ਸਾਧ । ਸੋ ਤਦਵਤ ਦੁਰਗਤਿ ਗਹੈਂ ਸਮ ਦਮਾਦਿ ਕਰ ਬਾਧ ॥ ੫੩ ॥**

ਟੀਕਾ—ਜੋ ਸੰਤ ਰਾਜਿਆਂ ਕੇ ਸਮਾਨ ਰਜੋਗੁਣੀ ਬ੍ਰਿਤ ਧਾਰ ਕਰ ਰਾਜਿਆਂ ਕੇ ਭੋਗਾਂ ਕੋ ਭੋਗਤਾ ਹੈ । ਸੋ ਸੰਤ ਤਿਨ ਰਾਜਿਓਂ ਵਤ ਖੋਟੀ ਗਤੀ ਨਰਕਾਂ ਕੋ ਪ੍ਰਾਪਤਿ ਹੋਵੇ ਹੈ । ਸ਼ਮ ਦਮ ਸੰਤੋਖਾਦਿਕਾਂ ਕਾ ਨਾਸ਼ ਕਰਕੇ ॥ ੫੩ ॥

**ਦੋਹਰਾ ॥ ਇਤ ਨਿੰਦਾ ਉਤਮੰਦ ਗਤ ਤਾਸ ਭ੍ਰਿਸ਼ਟ ਬਿਬਲੋਕ ॥ ਜੁਰਵਤ ਕੋ ਘ੍ਰਿਤਵਤ ਹਤੇ ਸ਼ੁਭ ਕੋ ਨ੍ਰਿਪ ਕੋ ਓਕ ॥ ੫੪ ॥**

ਟੀਕਾ—ਤਿਸ ਸਾਧੂ ਕੇ ਦੋਨੋਂ ਲੋਕ ਖਰਾਬ ਹੂਏ ਇਸ ਲੋਕ ਮੇਂ ਤੋ ਨਿੰਦਾ ਹੋਵੇ ਹੈ ਜੋ ਲੋਕ ਕਹੇ ਹੈਂ ਇਸੀ ਖਾਤ੍ਰ ਘਰ

Sri Satguru Jagjit Singh Ji eLibrary NamdhariElibrary@gmail.com

ਤ੍ਰਿਆਗਜਾ ਥਾ। ਅਰ ਪ੍ਰਲੋਕ ਮੇਂ ਖੋਟੀ ਦਿਸ਼ਾ ਨਰਕਾਂ ਕੀ ਪ੍ਰਾਪਤਿ ਹੋਵੈ ਹੈ। ਸ਼ੁਭ ਪੁਰਸ਼ ਵਿਦਵਾਨ ਕੋ ਰਾਜਾ ਕੇ ਘਰ ਮੇਂ ਜਾਣਾ ਨਾਸ਼ ਕਰੇ ਹੈ। ਜੈਸੇ ਤਾਪ ਵਾਲੇ ਪੁਰਸ਼ ਕੋ ਘ੍ਰਿਤ ਵਾਲੀ ਵਸਤੂ ਨਾਸ਼ ਕਰੇ ਹੈ ਤੈਸੇ ॥ ੫੪ ॥

**ਸੋਰਠਾ॥ ਦੁਗਧ ਸਾਧ ਮਨ ਮਾਹਿੰ ਰਾਜ ਅੰਸ਼ ਕਾਂਜੀ ਮਿਲੇ। ਜੁਗਲ ਸ਼ੀਘ੍ਰ ਫਟ ਜਾਹਿੰ ਗਹੇ ਮਮੋਖੀ ਨਾਹਿੰ ਤਹਿੰ॥ ੫੫ ॥**

ਟੀਕਾ—ਜੈਸੇ ਦੂਧ ਮੇਂ ਜ਼ਰਾ ਮਾਤ੍ਰ ਖੱਟਾ ਪੜ ਜਾਵੇ ਤੋ ਦੂਧ ਸ਼ੀਘ੍ਰ ਹੀ ਫਟ ਜਾਵੇ ਹੈ। ਤੈਸੇ ਸਾਧੂਕੇ ਮਨਕੋ ਰਾਜਾ ਕੀ ਅੰਸ਼ ਰੂਪੀ ਕਾਂਜੀ ਮਿਲੇ ਤੋ ਸਾਧੂ ਕਾ ਮਨ ਭੀ ਵਿਕਾਰੋਂ ਕੋ ਧਾਰਨ ਕਰੇ ਹੈ। ਦੂਧ ਖੱਟੇ ਸੇ ਅਰ ਸਾਧੂ ਕਾ ਮਨ ਰਾਜ ਅੰਸ ਸੇ ਏਹ ਦੋਨੋਂ ਫਟ ਜਾਤੇ ਹੈਂ ਇਸ ਤੇ ਮੋਖ ਕੀ ਇੱਛਾ ਵਾਲਾ ਪੁਰਸ਼ ਇਸ ਰਾਜਅੰਸ਼ਕੋ ਅੰਗੀਕਾਰ ਨਾ ਕਰੇ॥੫੫

**ਦੋਹਿਰਾ॥ ਦੂਹੇ ਸਾਧ ਧੀ ਧੇਨ ਕੋ ਦੁਗਧ ਸੁਕ੍ਰਿਤ ਸੰਮੂਹ ॥ ਅਰਪਿ ਭੋਗ ਘਾਸਾਦਿ ਤਿੰਹ ਭੂਪ ਗੋਪ ਬਿਧ ਊਹ ॥ ੫੬ ॥**

ਟੀਕਾ—ਜੈਸੇ ਗੁੱਜਰ ਲੋਕ ਗਊਕੇ ਆਗੇ ਘਾਸਾਦਿ ਕੋ ਪਾਇਕਰ ਗਊਕੇ ਦੂਧਕੋ ਚੋਨਾ ਕਰੇ ਹੈਂ॥ ਤੈਸੇ ਪਦਾਰਥਾਂ ਰੂਪੀ ਘਾਸਕੋ ਪਾਇਕਰ ਸਾਧੂਕੀ ਬੁਧੀ ਰੂਪੀ ਗਊਮੇਂ ਦੂਧ ਰੂਪ ਜੋ

Sri Satguru Jagjit Singh Ji eLibrary NamdhariElibrary@gmail.com

ਸ੍ਰਿਸ਼ਟਤਾ ਹੈ ਸਮੂਹ ਤਿਸ ਕੋ ਖੈਂਚ ਲਵੇ ਹੈਂ ਇਸ ਤੇ ਰਾਜਾ ਲੋਕ ਗੁਜਰ ਕੀ ਨਿਆਈਂ ਜਾਣ ॥ ੫੬ ॥

ਦੋ: ॥ ਬਹੁ ਭੋਗੋਂ ਕਰ ਪੁਸ਼ਟ ਤਨ ਤਨ ਪੁਸ਼ਟੇ ਮਨ ਪੁਸ਼ਟ। ਮਨ ਪੁਸ਼ਟੇ ਮਦ ਮਦਨ ਲੌ ਪੁਸ਼ਟ ਹੋਤ ਰਿਪ ਦੁਸ਼ਟ॥ ੫੭ ॥

ਟੀਕਾ—ਬਹੁਤੇ ਪਦਾਰਥ ਘ੍ਰਿਤਾਦਿ ਖਾਨੇ ਕਰ ਸਰੀਰ ਕੁੱਬਤ ਵਾਲਾ ਹੋਤਾ ਹੈ। ਅਰ ਸਰੀਰ ਕੀ ਤਾਕਤ ਕਰ ਮਨ ਤਗੜਾ ਹੋਤਾ ਹੈ। ਮਨ ਕੇ ਤਗੜੇ ਹੋਨੇ ਕਰ ਹੰਕਾਰ ਕਾਮਾਦਿ ਖੋਟੇ ਵਿਕਾਰ ਬਹੁਤ ਸ਼ੱਤ੍ਰ ਹੋਵੇ ਹੈਂ ॥ ੫੭ ॥

ਦੋ: ॥ ਜਨ ਵਿਰਕਤ ਕੋ ਭੂਪ ਜਿਨ ਬਹੁਤ ਭੁਗਾਵੈ ਭੋਗ। ਨਾਤਰੁ ਸਾਧੁ ਅਸਾਧੁ ਹੁਇ ਪਾਪ ਭੂਪਕੋ ਹੋਗ ॥ ੫੮ ॥

ਟੀਕਾ—ਵਿਰਕਤ ਜੋ ਨਿਹ ਕੰਚਨ ਪੁਰਸ਼ ਹੈਂ ਤਿਨਕੋ ਧਨੀ ਪੁਰਸ਼ ਬਹੁਤਾ ਪਦਾਰਥ ਮਤ ਖੁਲਾਵੇ। ਜੇ ਖੁਲਾਵੇਗਾ ਤਥਾ ਧਨ ਦੇਵੇਗਾ ਤੌ ਸਾਧੁਕਾ ਜੋ ਅਸਾਧ ਹੋਨਾਹੈ ਕਿ ਆਪਨੇਧਰਮ ਕਾ ਤਿਆਗਨਾ ਹੈ ਸੋ ਪਾਪ ਧਨੀ ਪੁਰਸ਼ਕੋ ਹੋਵੇਗਾ ਜੋ ਸਾਧੂ ਕੇ ਧਰਮ ਛੋਡੇ ਤੇ ਹੋਣਾਹੈ। ਅਰਥ ਏਹ ਜਿਤਨਾਂ ਪਾਪ ਸਾਧੂ ਕੋ ਹੋਵੇਗਾ ਉਤਨਾ ਹੀ ਰਾਜਾ ਕੋ ਹੋਵੇਗਾ ॥ ਨਨੂ ॥ ਕਰਨਾ ਪੁੰਨ,ਹੋਨਾ ਪਾਪ ਏਹ ਕੌਨ ਰੀਤੋ ਹੈ ॥ਉਤਰ॥ਯਥਾ॥੫੮॥

Sri Satguru Jagjit Singh Ji eLibrary NamdhariElibrary@gmail.com

**ਦੋਃ ॥ ਮਲਨ ਅੰਨ ਕਰ ਮਲਨ ਮਨ ਸ਼ੁਧ ਅੰਨ ਕਰ ਸ਼ੁਧ ।ਜਲਵਤ ਚਿਤ ਜਾਸੋਂ ਮਿਲੇ ਭਵਤ ਤਥਾ ਇਸ ਬੁਧਿ ॥ ੫੯ ॥**

ਟੀਕਾ—ਪੂਰਬ ਜੋ ਕਥਨ ਕੀਆਹੈ ਪੰਦ੍ਰਾਂ ਅਨਰਥ ਕਰ ਜੋ ਧਨ ਕਮਾਇਆਹੈ ਸੋ ਮਲੀਨਹੈ ॥ਯਥਾ॥ਚੋਰੀਕਰਕੇ ਹਿੰਸਾ ਕਰਕੇ, ਝੂਠ ਬੋਲਕੇ, ਦੰਬ ਕਰਕੇ, ਕਾਮ ਭਾਵਨਾ ਕਰ ਜੈਸੇ ਵੇਸਿਆ ਕਾ ਹੈ। ਲੜ ਕੇ, ਤ੍ਰਿਸ਼ਨਾ ਕਰਕੇ, ਵੈਰ ਭਾਵਨਾ ਸੇ, ਹੰਕਾਰ ਸੇ, ਈਰਖਾ ਸੇ, ਕਿਸੇਕਾ ਆਪਸ ਮੇਂ ਭੇਦ ਪਾਕੇ ਇਤਬਾਰ ਬਿਨਾ, ਚਿੰਤਾ ਸੇ ਕਿਸੇ ਕੋ ਭੈ ਦੇ ਕੇ, ਦੁਖ ਦੇਕਰ ਇਨਅਰਥੋਂ ਕਰ ਕੀਆ ਮਲਨਹੈ ਤਿਸਕਰ ਮਨਭੀਮਲੀਨ ਹੋਵੈਹੈ। ਅਰ ਜੋ ਖੇਤੀ ਬਾਪਾਰਸੇ ਤਥਾ ਸਚੀ ਕਿਰਤਸੇ ਪੈਦੇ ਕੀਆਹੈ ਸੋ ਸ਼ੁੱਧਹੈ ਤਿਸਕੇ ਖਾਣੇਕਰ ਮਨ ਸ਼ੁੱਧ ਹੋਵੈਹੈ।ਜਲ ਕੀ ਨਜਾਈਂ ਜੈਸੇ ਅੰਨਕੇ ਸਾਥ ਮਨ ਮਿਲੇਹੈ ਤੈਸਾ ਹੋਵੇ ਹੈ ਅਰਬਿਨਾ ਅਨਰਥਸੇ ਰਾਜਾਦਿ ਧਨੀਯੋਂਮੇ ਧਨ ਹੋਵੈਨਹੀਂ ਹੈ ਯਾਤੇ ਮਲਨਹੈ।ਜੈਸੇ ਜਲ ਜਿਸਰੰਗ ਨਾਲ ਮਿਲਤਾਹੈ ਸੋਈ ਸਰੂਪ ਧਾਰਨ ਕਰੇਹੈ। ਐਸੇਹੀ ਮਨਕੀ ਰੀਤੀ ਜਾਣ ॥੫੯

**ਦੋਃ ॥ ਬਰਧਨਾਦਿ ਸਤਭਾਵ ਕਰ ਜਜੈ ਸੰਤ ਕੋ ਜੋਇ । ਗੰਗੋਦਕ ਕੇ ਪਾਨ ਸਮ ਤ੍ਰਿਖਾ ਕੁਗਤਿ ਹਤ ਦੋਇ ॥ ੩੦ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਸ੍ਰਿਸ਼ਟ ਜੋ ਧਨੀ ਹੈ ਜਿਸ ਨੇ ਵਿਆਜ ਖੇਤੀ ਆਦਿ ਸੇ ਧਨ ਪੈਦਾ ਕੀਆ ਹੈ । ਸੋ ਸ੍ਰਿਸ਼ਟ ਭਾਵਨਾ ਕਰ ਜੋ ਸਾਧੂ ਕੋ ਪੂਜੇ ਤੌ ਤਿਸਕੀ ਮਨੋ ਕਾਮਨਾ ਭੀ ਪੂਰੀ ਹੋਤੀ ਹੈ ਅਰ ਮੋਖ ਭੀ ਹੋਤਾ ਹੈ। ਜੈਸੇ ਗੰਗਾ ਜਲ ਕੋ ਪੀਣੇ ਕਰ ਤ੍ਰਿਖਾ ਭੀ ਨਾਸ਼ ਹੋਵੇ ਹੈ। ਅਰ ਪਾਪ ਭੀ ਨਾਸ਼ ਹੋਵੇ ਹੈਂ ਤੈਸੇ॥੬੦॥

**ਸੋਰਠਾ ॥ ਤਾਂ ਤੇ ਯਥਾ ਧਿਕਾਰ ਜਜੈ ਸਾਧ ਕੋ ਭੂਪ ਬਰ । ਨਾਤਰ ਤਿਨੇ ਧਿਕਾਰ ਦੇਤ ਲੇਤ ਜੁ ਵਿਚਾਰ ਬਿਨ ॥ ੬੧ ॥**

ਟੀਕਾ—ਇਸ ਤੇ ਜੈਸਾ ਸਾਧੂ ਕਾ ਅਧਿਕਾਰ ਹੋਵੇ ਤੈਸੇ ਸੰਤ ਕੋ ਪੂਜੇ ਧਨੀ ਪੁਰਸ਼। ਜੈਸੇ ਕੋਈ ਬਸਤ੍ਰਧਾਰੀ ਹੋਵੇ ਪੈਸੇ ਕੋ ਲੈਕਰ ਸ਼ੁਭ ਮਾਰਗ ਮੇਂ ਵਰਤਨੇਹਾਰਾ ਹੋਵੇ ਤਿਸ ਕੋ ਧਨ ਬਸਤ੍ਰ ਕੇ ਸਹਤ ਪੂਜੇ। ਅਰ ਜੋ ਵਿਕਾਰੀ ਹੋਵੇ ਸ਼ਰਾਬਾਦਿਕੋਂ ਕੇ ਵਰਤਨ ਵਾਲਾ ਤਿਸਕੋ ਧਨ ਨਾ ਦੇਵੇ। ਅਰ ਜੋ ਵਿਰੁਕਤ ਹੋਵੇ ਤਿਸਕੋ ਭੀ ਨਾ ਦੇਵੇ। ਅਧਿਕਾਰ ਦੇਖਕੇ ਪੂਜੇ॥ਨਹੀਂ ਤਾ ਤਿਸ ਮੂਰਖ਼ ਕੋ ਧ੍ਰਿਗਕਾਰ ਹੈ ਜੋ ਵਿਚਾਰ ਥੀਂ ਬਿਨਾ ਦੇਤਾ ਹੈ। ਅਰ ਵਿਚਾਰ ਬਿਨਾ ਲੇਤਾ ਹੈ। ਲੈਣੇ ਵਾਲੇ ਕੋ ਭੀ ਆਪਨਾ ਅਧਿਕਾਰ ਦੇਖ ਲੈਣਾ ਚਾਹੀਏ ॥ ੬੧ ॥

**ਸੋਰਠਾ ॥ ਨ੍ਰਿਪ ਧਨ ਧਨੁ ਤੇ ਧੀਰ ਸਰ ਕੇ ਸਮ ਸਰਕੇ ਛੁਟਤ । ਪੋਖੇ ਰਿਤ ਸਰੀਰ**



Sri Satguru Jagjit Singh Ji eLibrary NamdhariElibrary@gmail.com

ਹਰਿ ਭਜ ਭਿੱਖਯਾ ਅੰਨ ਕਰ ॥ ੬੨ ॥

ਟੀਕਾ–ਰਾਜਾ ਕੇ ਧਨਖ ਰੂਪੀ ਧਨ ਸੇ ਧੀਰਜਵਾਨ ਆਤਮਵੇਤਾ ਪੁਰਸ਼ ਬਾਨ ਕੇ ਸਮਾਨ ਸ਼ੀਘ੍ਰ ਹੀ ਨਿਕਸ ਜਾਵੇ ਕਿਆ ਰਾਜਾ ਕੇ ਧਨ ਕੋ ਅੰਗੀਕਾਰ ਨਾ ਕਰੇ॥ ਹਰਿ ਭਜਨ ਕਰ ਚਿੱਤ ਕੀ ਪਾਲਨਾ ਕਰੇ ਅਰ ਭਿਖ੍ਯਾ ਕੇ ਅੰਨ ਕਰ ਸਰੀਰ ਕੀ ਪਾਲਣਾ ਕਰੇ ॥ ੬੨ ॥

ਦੋਹਰਾ ॥ ਭਯੋ ਭਰਤ ਵੈਰਾਗ ਕੋ ਅਲੰ ਅਸ਼ਟਮੋਂ ਧਜਾਇ। ਧਰਮ ਬਿਮੁਖ ਭੂਪਾਨ ਕੋ ਨਿੰਦਯੋ ਤਾਸ ਮਿਲਾਇ ॥ ੬੩ ॥

ਟੀਕਾ–ਭਰਤ੍ਰ ਸਤਕ ਕਾ ਅਸ਼੍ਰਮੋਂ ਧਿਆਇ ਵਿਸ਼੍ਰਾਮ ਕੋ ਪ੍ਰਾਪਤਿ ਭਯਾ ਹੈ ਧਰਮ ਥੀਂ ਬੇਮੁਖ ਜੋ ਸੰਨਯਾਸੀ ਹੈਂ ਤਥਾ ਰਾਜੇ ਹੈਂ ਤਿਨ ਦੋਨੋਂ ਕੋ ਮਿਲਾ ਕਰ ਇਸ ਮੇਂ ਭਰਥ ਜੀ ਨੇ ਨਿੰਦਾ ਹੈ ॥ ੬੩ ॥

ਆਠਵਾਂ ਧਜਾਇ ਸੰਪੂਰਨ ਹੂਆ ॥ ੮ ॥

ਦੋਹਾ ॥ ਨੌਮੇ ਰਵ ਬ੍ਰਿਤਿ ਕਰਿ ਕਹੈ ਦਸਾ ਪ੍ਰਾਕ ਵਿਦਵਾਨ। ਸਿਮਰ ਸਿਮਰ ਗਤਿ ਦਿਨਨ ਕੋ ਹਸਤ ਸਮਾਧ ਉਥਾਨ ॥ ੧ ॥

ਟੀਕਾ–ਪੂਰਬਲੇ ਧਜਾ ਮੇਂ ਧਰਮ ਰਹਿਤ ਪੁਰਸ਼ਨ ਕੋ ਨਿੰਦ ਕਰ ਨਾਂਵੇਂ ਧਿਆ ਮੇਂ ਬਾਰਹ ਛੰਦੋਂ ਕਰ ਕਹਤੇ ਹੈਂ

Sri Satguru Jagjit Singh Ji eLibrary NamdhariElibrary@gmail.com

ਹਕੀਕਤ ਆਪਨੀ ਪੂਰਬ ਜੋ ਬੀਤੀ ਹੈ ਅਰ ਵਰਤਮਾਨ ਕਾਲ ਮੇਂ ਜੋ ਬੀਤ ਰਹੀ ਹੈ ॥ ਏਕ ਰੋਜ਼ ਸਮਾਧੀ ਸੇ ਜਾਗ ਕਰ ਹਸਤੇ ਭਯੇ ਰਾਜਾ ਭਰਤ ਜੀ ਯਾਦਗੀਰੀ ਦੁਆਰੇ ਯਾਦ ਕਰਕੇ ਬੀਤਿਆਂ ਹੋਇਆਂ ਦਿਨਾ ਕੋ ॥ ੧ ॥

**ਕਬਿੱਤ ॥ ਗੁਫਾ ਕੇ ਪਖਾਨ ਪੈ ਸਮਾਧਿ ਤੇ ਉਥਾਨ ਪਾਇ ਬ੍ਰਹਮ ਧਯਾਨ ਸੁਖ ਕੋ ਮੈਂ ਧਯਾਨ ਕੀਨੋ ਅਹਿਸੇ। ਬੀਤੇ ਜੇ ਦਿਹਾਰੇ ਦੁਖਵਾਰੇ ਤਾਂ ਸਮਾਰ ਹਸੋ ਦੁਸ਼ਟ ਧਨੀ ਦੁਆਰੇ ਜੇ ਭ੍ਰਮਾਨ ਵਾਰੇ ਅਹਿਸੇ ॥ ਦੂਖ ਜਰਤਾ ਕੇ ਹੇਤੁ ਜਾਚਨਾ ਨਿਕੇਤ ਜੇਤੇ ਭੋਗ ਲਾਭ ਕੇ ਸਮੇਤ ਮਦ ਦੇਤ ਅਹਿਸੇ। ਜੇਈ ਮੋਰ ਮਤਿ ਹਤੇ ਅਬ ਵਹਿ ਅਹਿ ਗਤੇ ਅਹਿ ਬੀਤੇ ਅਹਿ ਮੋਰ ਵਹਿ ਅਹਿ ਅਹਿਸੇ ॥ ੨ ॥**

ਟੀਕਾ—ਪਹਾੜ ਕੀ ਜੋ ਗਲ਼ੀ ਹੈ ਤਿਸ ਕੇ ਬੀਚ ਸਿਲਾ ਪਰ ਬੈਠਿਆਂ ਹੋਇਆਂ ਸਮਾਧੀ ਸੇ ਜਾਗਕਰ ਬ੍ਰਹਮ ਧਯਾਨ ਕਾ ਜੋ ਸੁਖ ਹੈ ਤਿਸ ਸੁਖ ਕੋ ਮੈਨੇ ਸੁਭਾਵਕ ਹੀ ਯਾਦ ਕੀਨੋ ਤਿਸ ਆਤਮਾਨੰਦ ਕੋ ਯਾਦ ਕਰਕੇ ਤਿਸ ਸੇ ਪਾਛੇ ਪੂਰਬਲੇ ਜੋ ਦੁਖ ਵਾਲੇ ਬਿਹਾੜੇ ਬੀਤੇ ਹੋਏ ਸਨ ਤਿਨ ਕੋ ਯਾਦ ਕਰ ਹਸਤਾ ਭਯਾ ਖੋਟੇ ਕਰਮੋਂ ਕੇ ਕਰਨੇਹਾਰੇ ਜੋ ਧਨੀ ਪੁਰਸ਼

Sri Satguru Jagjit Singh Ji eLibrary NamdhariElibrary@gmail.com

ਹੈਂ ਤਿਨਕੇ ਬੂਹੇ ਪਰ ਭਰਮਾਣੇ ਵਾਲੇ ਹੈਸਨ ਜੋ ਦਿਨ ਪੁਨਾ ਸੋ ਦਿਨ ਕੈਸੇ ਸੇ ਦੁਖ ਜੋਹੈ ਪਰਾਧੀਨਤਾਕਾ ਤਿਸਕਾ ਅਰ ਨਿਰਲੱਜਤਾ ਰੂਪੀ ਜੜਤਾਕੇ ਕਾਰਣਸੇ ਅਰ ਕੰਗਾਲਤਾਈ ਕੇ ਕਾਰਣ ਸੇ ਅਰ ਕੰਗਾਲਤਾਈ ਕੇ ਘਰ ਥੇ ॥ ਭੋਗਾਂ ਕੀ ਪ੍ਰਾਪਤੀ ਕੇ ਸਹਤ ਸਰਪ ਕੀ ਨਜਾਈਂ ਹੰਕਾਰ ਕੇ ਦੇਨਹਾਰੇ ਸੇ॥ ਭਾਵ ਯਹ ਧਨੀ ਪੁਰਸ਼ ਰਾਜਾ ਕੇ ਯਾਚਨੇ ਸੇ ਕੁਛ ਧਨ ਕੀ ਪ੍ਰਾਪਤੀ ਭਈ ਤਿਸ ਕਰ ਭੋਗਾਂ ਕੋ ਹੰਕਾਰ ਸਹਤ ਭੋਗਤੇ ਭਏ ਜੈਸੇ ਸਰਪ ਕੇ ਲੜਨੇ ਸੇ ਵਿਖ ਚੜ੍ਹੇਹੈ ਤੈਸੇ ਤਿਨ ਦਿਨੋਂ ਮੇਂ ਹੰਕਾਰ ਰੂਪੀ ਵਿਖ ਚੜ੍ਹ ਰਹੀ ਥੀ ॥ ਜੇਹੜੇ ਮੇਰੀ ਸ੍ਰਿਸ਼ਟ ਬੁਧੀ ਕੇ ਨਾਸ਼ ਕਰਨੇਹਾਰੇ ਸੇ॥ ਅਬ ਸੋ ਦਿਨ ਨਾਸ਼ ਭਏ ਹੈਂ। ਏਹ ਵਰਤਮਾਨ ਕਾਲ ਮੇਂ ਜੋ ਦਿਨ ਪਏ ਬੀਤਦੇ ਹੈਂ ਸੋ ਮੋਰ ਕੀ ਨਜਾਂਈਂ ਹੈਂ॥ ਅਰ ਸੋ ਦਿਨ ਸਰਪ ਕੀ ਨਜਾਈਂ ਥੇ ਇਨ ਦਿਨੋਂ ਨੇ ਤਿਨ ਕੋ ਭਖਣ ਕਰ ਲੀਆ ਹੈ॥ ਜੈਸੇ ਮੋਰ ਸਰਪ ਕੋ ਭੁਖਨ ਕਰੇ ਹੈ॥ ੨ ॥

**ਪੁਨਾ ਝੂਲਨਾ ਛੰਦ॥ ਭੋਗ ਸੰਜੋਗ ਕਬ ਦੁਸ਼ਟ ਅਗਿਆਨ ਅਰਿ ਮੋਰ ਉਰ ਮੈ ਭਯੋ ਪ੍ਰਸ਼ਟ ਭਾਨਾ॥ ਸਮਰ ਕੇ ਤਿਮਰ ਮੈ ਸੰਸਕਾ ਰੋਪੰਜੇ ਸਾਰ ਸੰਸਾਰ ਕੋ ਨਾਰ ਜਾਨਾ। ਬੁਧਿ ਕੇ ਨੈਨ ਮੋ ਗਜਾਨ ਅੰਜਨ ਦਯੋ ਪਾਦ ਤ੍ਰੈ ਨੈਨ ਕੇ ਸੇਵ**

ਮਾਨਾ ॥ ਭਯੋ ਅਬ ਚਤੁਰ ਮੈ ਲੋਕ ਦਸ ਚਤੁਰ ਮੈ ਬ੍ਰਹਮ ਕੋ ਵੇਦ ਕਰ ਭੇਦ ਹਾਨਾ ॥ ੩ ॥

ਟੀਕਾ—ਸ਼ਤ੍ਰੂਕੀ ਨਜਾਈਂ ਦੁਖਦੇਨੇਹਾਰਾ ਖੋਟਾ ਜੋ ਅਗਿਆਨਹੈ ਤਿਸ ਕੇ ਸੰਬੰਧ ਕਰ ਮੇਰੇ ਹਿਰਦੇ ਬੀਚ ਕਾਮਦੇਵ ਉੱਤਪਤ ਹੋਤਾ ਭਯਾ ਸੂਰਯ ਕੀ ਨਜਾਈਂ ਬੜਾ ਬਲਵਾਨ ਭੋਗਾਂ ਕੀ ਇੱਛਾ ਕੇ ਕਰਾਵਨੇਹਾਰਾ ਤਿਸਕਾਮਕੇ ਅੰਧੇਰੇ ਕਰ ਐਸੇ ਸੰਕਲਪ ਉਤਪਤ ਹੋਤੇਭਏ ਜਿਨੋਕਰ ਸੰਸਾਰਕਾ ਸਾਰ ਰੂਪ ਅੰਮ੍ਰਿਤ ਫਲ ਹਮਨੇ ਇਸਤ੍ਰੀ ਕੋ ਹੀ ਜਾਨਣਾ ਕੀਆ ॥ ਇਸਬੀਪਾਛੇ ਜਬ ਸੰਤਾਂਨੇ ਬੁਧੀਰੂਪੀ ਆਂਖੋਂਮੇਂ ਵਿਚਾਰਰੂਪੀ ਸੁਰਮਾ ਪਾਯਾ॥ ਤਬ ਮੈਨੇ ਆਪ ਕੋ ਸ਼ਿਵਜੀ ਕੇ ਚਰਨੋਂ ਕਾ ਸੇਵਕ ਮਨਨਾ ਕੀਆ ਅਰ ਸ਼ਿਵਜੀ ਕੇ ਚਰਨ ਹੀ ਸੇਵਨੇ ਯੋਗ ਮਾਨੇ। ਤਿਸ ਸ਼ਿਵਜੀ ਕੇ ਚਰਨੋਂ ਕੇ ਪ੍ਰਤਾਪ ਕਰ ਅਬ ਮੈਂ ਚੌਦਾਂ ਹੀ ਲੋਕਾਂਮੇਂ ਚਤੁਰ ਹੂਆਹੂੰ ਆਪਨੇ ਬ੍ਰਹਮਸਰੂਪ ਆਤਮਾਕੋ ਜਾਨ ਕਰ ਭੇਦ ਕਾ ਨਾਸ਼ ਕੀਆਹੈ॥ ਨਨੂ ॥ਪੂਰਬ ਸ਼ਤ੍ਰ ਕੀ ਨ੍ਯਾਈਂ ਖੋਟੇ ਅਗਜਾਨ ਕੋ ਕਹਯੋ ਹੈ ਯਾ ਤੇ ਜਾਨਿਆ ਜਾਤਾ ਹੈ ਜੋ ਕੋਈ ਖਰਾ ਅਗਜਾਨ ਭੀ ਇਸ ਸੇ ਭਿੰਨ ਹੋਰ ਹੈ। ਸੋ ਕੌਣ ਹੈ॥ ਉੱਤਰ ॥ ਖੋਟੇ ਖਰੇ ਕਰਮ ਜੋ ਕਰਨੇਹੈਂ ਸੋ ਦੋਨੋਂਅਗਜਾਨਕਾ ਕਾਰਯਹੈ ਪ੍ਰੰਤੂ ਹਿੰਸਾ ਆਦਿ ਕਿਸੇ ਮੇਂ ਜੋ ਪ੍ਰੀਤੀ ਸੋ ਅਤਿ ਖੋਟੇ ਅਗਜਾਨ ਕਾ ਕਾਰਜ ਹੈ॥ ਆਪਨੇ ਸਰੂਪ ਕੋ ਨਾ ਜਾਣਕੇ ਜੋ ਸ੍ਰੇਸ਼ਟ ਕਰਮੋਂ ਮੇਂ ਪ੍ਰੀਤੀ

Sri Satguru Jagjit Singh Ji eLibrary NamdhariElibrary@gmail.com

ਕਰਨੀ ਹੈ ਸੋ ਹੈ ਤੇ ਅਗਜਾਨ ਪੁਨ੍ਰ ਨਰਕ ਦੁਖ ਕਾ ਕਾਰਣ ਨਹੀਂ ਯਾਤੇ ਖਰਾ ਹੈ ਐਸੇ ਜਾਨੀਏ ॥ ੩ ॥

**ਕਬਿੱਤ ॥ ਚੀਨੋ ਜਬ ਕਿੰਚਤ ਕਰਿੰਦ ਜਿਉਂ ਮਦਾਂਦ ਭਯੋ ਤਬੇ ਮੋਹਿ ਜਾਨ ਲਯੋ ਸਭੀ ਗਜਾਤ ਆਪਕੌ ॥ ਤਾਸ ਮਦ ਤਾਪਕੇ ਪ੍ਰਤਾਪ ਕਰਿ ਮੇਰੇ ਮਨ ਮਾਹਿ ਕਛੁ ਰਹਜੋ ਨਾਹਿ ਗਿਆਨ ਪੁੰਨ ਪਾਪ ਕੋ ॥ ਸੂਛ ਸਤਸੰਗ ਕੀਨੋਂ ਤਬ ਕਛੁ ਕਛੁ ਚੀਨੋ ਮੂਢ ਜਾਨੋ ਆਪਕੋ ਵਿਹਾਨੋ ਮਦ ਤਾਪ ਕੋ ॥ ਸਾਧਨ ਕੋ ਮੇਲਾ ਚਾਰੁ ਮੇਲਾ ਚਾਰ ਸਾਧਨ ਕੋ ਜਾਹਿ ਕੇ ਪ੍ਰਤਾਪ ਕਰਿ ਪਾਯੋ ਮੈ ਨਿਜਾਪ ਕੋ ॥ ੪ ॥**

ਟੀਕਾ—ਪੂਰਬ ਕਾਲਮੇਂ ਜਬ ਥੋੜਾਮਾਤ੍ਰ ਸ਼ਾਸਤ੍ਰ ਅਰਥ ਕੋ ਵਿਚਾਰ ਕਰ ਦੇਖਾ ਤਬ ਹਸਤੀ ਕੀ ਨਜਾਈਂ ਹੰਕਾਰਕਰ ਅੰਧਾ ਹੋਤਾਭਯਾ ਅਰ ਸਰਬ ਬਾਤ ਕੇ ਜਾਨਣੇਹਾਰਾ ਆਪਕੋ ਹੀ ਜਾਣਤਾ ਭਯਾ ਪੁਨਾ ਤਿਸ ਹੰਕਾਰਰੂਪੀ ਤਾਪ ਕੇ ਪ੍ਰਤਾਪ ਕਰ ਮੇਰੇ ਮਨ ਮੈ ਪੁੰਨ ਅਰ ਪਾਪ ਕਾ ਜ਼ਰਾਮਾਤ੍ਰ ਭੀ ਵਿਚਾਰ ਨਾ ਰਹਿਤਾ ਭਯਾ ॥ ਐਸੇ ਜਾਣਿਆ ਜੋ ਪਾਪ ਅਰ

Sri Satguru Jagjit Singh Ji eLibrary NamdhariElibrary@gmail.com

ਪੁੰਨ ਨਰਕ ਸ੍ਵਰਗ ਸਬ ਗੱਪਾਂਹੀ ਹੈਂ॥ਐਸਾਂ ਬਧਿਗਿਆਨੀ ਹੋਕਰ ਗੁਰੁ ਸੇਵਾ ਆਦਿ ਸ੍ਰੇਸ਼ਟ ਕਰਮ ਸੇ ਰਹਿਤ ਹੂਆ ਇਸਥੀਂ ਪਾਛੈ ਜਬ ਸ੍ਰੇਸ਼ਟਪੁਰਸ਼ ਵਿਦਵਾਨੋਂ ਸੰਤੋਂ ਕਾ ਸਤ ਸੰਗ ਕਰਿਆ॥ ਤਬ ਕੁਛਕ ਜਾਣਿਆ ਅਰੁ ਤੁਛ ਮਾਤ੍ਰ ਗੁਣ ਕੋ ਪਾਇਕਰ ਜੋ ਵਿਕਾਰ ਰੂਪੀ ਤਾਪ ਹੋ ਰਹਿਆ ਥਾ ਸੋ ਨਾਸ਼ ਭਯਾ ਅਰ ਆਪਕੋ ਬੜਾ ਮੂਰਖ ਭ੍ਰਿਸ਼ਟਾਚਾਰੀ ਸਮਝਜਾ॥ ਜਿਸ ਸਮੇਂ ਸ੍ਰੇਸ਼੍ਟ ਸਾਧ ਜਨੋਂ ਕਾ ਮੇਲਾਪ ਭਯਾ ਤੌ ਤਿਨਾਂ ਨੇ ਚਾਰ ਸਾਧਨੋਂ ਸਾਥ ਮਿਲਦੀਆ। ਵੈਰਾਗਵਿਵੇਕ ਖਟਸੰਪਤੀ ਮੋਖ ਇੱਛਾ ਰੂਪ ਜੋ ਹੈ ਜਿਨਾਂ ਸਾਧਨਾ ਕੇ ਪ੍ਰਤਾਪ ਕਰ ਮੈਨੇ ਅਪਨੇ ਆਤਮ ਸਰੂਪਕੋ ਪਾਯੋ॥੪॥ ਭਰਥਰੀਜੀ ਭਿਖਜਾ ਮਾਂਗਨ ਜਾਤੇ ਹੋਤੇ ਥੇ ਤੋ ਤਿਨਕੀ ਤਰਫ ਕੋਈਕ ਇਸਤ੍ਰੀ ਸੁੰਦ੍ਰ ਮੰਦ ਦ੍ਰਿਸ਼ਟ ਕਰ ਮਦਰ ਮਦਰ ਟੇਢ਼ੇ ਕਟਾਖਜੋਂ ਕਰ ਦੇਖਤੀ ਹੋਤੀ ਥੀ ਨਿੱਤਜਮ ਪ੍ਰਤੀ ਤਿਸਪਰ ਕਹੇਹੈਂ॥

**ਬ੍ਰਿਧ ਨਰਾਜ਼ ਛੰਦ॥ ਸਪ੍ਰੀਤਿ ਨੀਚ ਨਰਿ ਏ ਸਦੀਵ ਮੇਂ ਨਿਹਾਰ ਹੈ ਸਰੋਜਨੀਲ ਪੱਤ੍ਰ ਕਾਂਤਿਁ ਚ਼ੋਰ ਚਖੁ ਡਾਰ ਹੈ। ਇਨੇ ਅਲੱਖ ਭਾਵਕੋ ਲਖੇ ਚੁਗਤ ਚਿੱਤ ਮੋਰ ਚੋਰ ਨੈਨ ਸੋ ਨਮੇਸੁਭਾਵ ਕੋ ਨਿਹਾਰ ਹੈ।ਭਯੋ ਵਿਸੁਧਮੋਹਿ ਚਿਤ ਮੋਹਿ ਕੋ ਨਮਿੱਤ ਨਾਹਿੰ ਮੈ ਨ ਫੂਲ**

ਬਾਨਕੀ ਕ੍ਰਿਸਾਨ ਕੋ ਪ੍ਰਹਾਰ ਹੈ। ਅਜੇ ਪਿਏ ਛਨਾਰਿ ਨਾਰਿ ਨਾਰ ਕੋ ਨ ਫੇਰ ਹੈ ਤਿਯਾਖ ਸਜਾਲ ਤੇ ਨਾਮੇਰ ਚਿੱਤ ਸ਼ੇਰ ਹਾਰ ਹੈ ॥ ੫॥

ਟੀਕਾ—ਸਹਤ ਪ੍ਰੀਤੀ ਕੇ ਏਹ ਵਿਭਚਾਰ ਕੀ ਇਛਾ ਵਾਲੀ ਖੋਟੀ ਇਸਤ੍ਰੀ ਸਦਾਹੀ ਹਮਾਰੀ ਤਰਫ਼ ਦੇਖਤੀ ਹੈ॥ ਅਰ ਕਮਲ ਕੇ ਨੀਲੇ ਪੱਤ੍ਰਵਤ ਹੈਂ ਜਿਸ ਕੇ ਨੈਣੋਂ ਕੀ ਸ਼ੋਭਾ ਐਸੇ ਸੁੰਦਰ ਨੈਨਾਰੂਪੀ ਚੋਰ ਹਮਾਰੇ ਊਪਰ ਛੋਡਤੀ ਹੈਂ॥ ਅਰ ਮੈ ਇਸਕੇ ਅੰਦਰ ਕੀ ਬਾਤ ਜਾਣਤਾ ਹੂੰ ਜੋ ਨੇਤ੍ਰਾਂ ਰੂਪੀ ਚੋਰੋਂ ਕਰ ਮੇਰਾ ਚਿਤ ਚੁਰਾਯਾ ਚਾਹਤੀ ਹੈਂ। ਅਰ ਮੇਰੇ ਸੁਭਾਵ ਕੋ ਏਹ ਜਾਨਤੀ ਨਹੀਂ ਹੈਂ। ਜੋ ਮੇਰਾ ਚਿਤ ਵਸ਼ੇਸ਼ ਭਾਵ ਕਰ ਕੇ ਸ਼ੁਧ ਹੂਆ ਹੂਆ ਹੈ। ਅਰ ਮੋਹ ਕਾ ਕਾਰਣ ਜੋ ਕਾਮ ਹੈ ਸੋ ਮੇਰੇ ਮੈਂ ਨਹੀਂ ਹੈ। ਕਿਉਂਕੇ ਕਾਮਦੇਵ ਕੇ ਫੂਲੋਂ ਕੇ ਬਾਣ ਕੀ ਜੋ ਅਗਨੀ ਹੈ ਤਿਸਕਾ ਮੇਰੇ ਮੇਂ ਵਿਸ਼ੇਸ਼ ਕਰ ਨਾਸ਼ ਹੈ। ਕਿਆ ਮੇਰੇ ਮੈ ਕਾਮ ਅਗਨੀ ਨਹੀਂ ਹੈ। ਐਸੇ ਮੇਰੇ ਕੋ ਨ੍ਰਿਚਾਹਿ ਜਾਣਕਰ ਅਜੇ ਭੀ ਏਹ ਚਤੁਰ ਇਸਤ੍ਰੀ ਆਪਨੀ ਗਰਦਨ ਕੋ ਮੇਰੀ ਤਰਫ਼ ਸੇ ਹਟਾਤੀ ਨਹੀਂ ਹੈ। ਅਰ ਮੇਰੇ ਮਨ ਕੋ ਜਿੱਤਿਆ ਚਾਹਤੀ ਹੈ ਪ੍ਰੰਤੂ ਇਸ ਇਸਤ੍ਰੀ ਦੇ ਨੇਤ੍ਰਾਂ ਰੂਪੀ ਗਿਦੜ ਸੇ ਮੇਰਾ ਚਿਤ ਰੂਪੀ ਸ਼ੇਰ ਹਾਰੇ ਨਹੀਂ ਹੈ॥੫॥

ਦੋਹਰਾ॥ ਨਾਂਹ ਮੇਰ ਮਨ ਮੇਰ ਕੋ ਦ੍ਰਿਗ ਪਤੰਗ ਪਰ ਝੂਲ। ਚਪਲ ਸਕਹਿ ਕਰ ਅਗਜ ਕੇ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਚਿੱਤ ਤੂਲ ਕੇ ਤੂਲ ॥ ੬ ॥

ਟੀਕਾ—ਹੇ ਤ੍ਰੀਆਂ ਰੂਪੀ ਪਤੰਗਿਆਂ ਕੇ ਹਲਾਣੇ ਕਰ ਮੇਰਾ ਮਨ ਰੂਪੀ ਸੁਮੇਰ ਹਲੇ ਨਹੀਂ ਹੈ। ਜੈਸੇ ਪਤੰਗਾ ਸੁਮੇਰ ਪਰ ਬੈਠ ਤਿਸਕੋ ਹਲਾਇਆ ਚਾਹੇ ਤੋ ਨਹੀਂ ਹਲੇ ਹੈ ਤੈਸੇ। ਜੋ ਅਗਜਾਨੀ ਪੁਰਸ਼ੋਂ ਕੇ ਚਿਤ ਹੈਂ ਰੂਈ ਸੇ ਭੀ ਹੌਲੇ ਤਿਨ ਕੋ ਤਾਂ ਚੰਚਲ ਕਰ ਸਕੇਹੈ। ਪ੍ਰੰਤੂ ਵਿਦਵਾਨੋਂ ਕੇ ਨਹੀਂ ਕਰੇਹੈ॥ ੬॥ ਜਬ ਐਸੇ ਭ੍ਰਰਥ ਜੀ ਕਥਨ ਕਰ ਰਹੇ ਸੇ ਤਬ ਪਾਸ ਸੇ ਬ੍ਰਿਛ ਪਰ ਕੋਕਲਾਂ ਭੀ ਬੋਲ ਰਹੀ ਥੀ। ਅਰ ਸੋ ਇਸਤ੍ਰੀ ਭੀ ਦੇਖ ਰਹੀ ਥੀ ਤੌ ਕਾਮ ਕੇ ਪਰਵੇਸ਼ ਕਰ ਜੈਸੇ ਸਰੀਰ ਕੇ ਰੋਮੰਚ ਹੋਵੇ ਹੈ ਤੈਸੇ ਦੇਖ ਕਰ ਕਰ ਕਹੇ ਹੈਂ ॥

ਯਥਾ ਕਬਿੱਤ ॥ ਰੇ ਰੇ ਮੀਨ ਕੇਤੁ ਕਿੰਕ ਸੀਸ ਦੇਤ ਪਾਨਕੋ ਕਮਾਨਕੇ ਟੰਕਾਰ ਧੁਨਿ ਸੋ ਨਮਨ ਤ੍ਰਸ ਹੈ। ਅਰੀ ਮੂਢ ਪਿਕ ਕਾ ਕੋ ਮ੍ਰਿਦ ਚਾਰ ਬਚਨਾ ਕੋ ਬ੍ਰਿਥਾ ਬਕੇ ਨਾ ਅਸਾਂਕੋ ਤਾ ਕੋ ਕਛੂ ਰਸਹੈ। ਮੁਗਧੇ ਸਨਿ ਗਧੇ ਵਿਦ ਗਧੇ ਮੁਗਧ ਲੋਲਮਧੁਰ ਕਟਾਖੋਤੇ ਤੇਰੇ ਕਰਮੋਂ ਕੋ ਬਸਹੈ।ਚੰਦ੍ਰ ਚੂੜਾਮਣਿ ਜਾਂ ਕੇ ਚੂੰਮੇ ਚਿਤ ਪਾਉਂ ਤਾਂ ਕੇ ਬੀਚ ਅਮੀ ਧਯਾਨ ਵਾਂਕੇ ਮੇਰੋ ਮਨ ਬਸ ਹੈ ॥ ੭ ॥

ਟੀਕਾ—ਹੇ ਨੀਚ ਕਾਮਦੇਵ ਮੱਛੀ ਕੀ ਚੰਡੀ ਵਾਲੇ ਕਿਸ ਵਾ ਸਤੇ ਵਟ ਚੜ੍ਹਾਤਾ ਹੈਂ ਹਮਾਰੇ ਹੱਥੋਂ ਕੋ। ਤੇਰੇ ਧਨਖਕੇ ਟੰਕਾਰ ਕਰ ਮੇਰਾ ਮਨ ਭੈ ਕੋ ਨਹੀਂ ਧਾਰਤਾ॥ ਅਰੀ ਮੂਰਖ ਕੋਕਲਾ ਕਿਸ ਵਾਸਤੇ ਬਿਅਰਥ ਮਿੱਠੇ ਸੁੰਦ੍ ਚਟੋਂ ਕੋ ਬੋਲ ਰਹੀ ਹੈਂ ਤੇਰੇ ਵਚਨੋਂ ਕਰ ਅਸਾਂਨੂੰ ਕੁਛ ਸੁਆਦ ਨਹੀਂ ਆਤਾ ਹੈ ਹੇ ਚਤ੍ਰ ਇਸਤ੍ਰੀ ਸੁੰਦ੍ਰ ਚਿਕਨੇ ਅੰਗੋਂ ਵਾਲੀ ਤੇਰੇ ਚੰਚਲ ਨੇਤ੍ਰੋਂ ਕੇ ਸੁੰਦ੍ਰ ਕਟਾਖੋ ਕਰ ਮੇਰੇ ਕੋ ਬਸ ਹੈ ਕਿਆ ਇਨਕੀ ਕੁਛਚਾਹ ਨਹੀਂ ਹੈ॥ ਨਨੂ॥ ਨ੍ਰਿਚਾਹ ਕਿਉਂ ਭਏ ਹੋ॥ ਉੱਤਰ॥ ਜਿਸ ਸ਼ਿਵਜੀ ਕੇ ਮਸਤਕ ਮੇਂ ਚੰਦ੍ਰਮਾਂ ਮਣੀਰੂਪ ਭੂਖਣ ਹੈਂ ਤਿਨਕੇ ਚਰਨ ਮੇਰੇ ਮਨਨੇ ਚੁੰਮੇ ਹੈਂ ਭਾਵ ਯਹਿ ਕਿ ਮੇਰਾ ਚਿਤ ਸ਼ਿਵਕੇ ਧਯਾਨਮੇਂ ਇਸਥਿਤ ਹੈ। ਅਰ ਤਿਨਕੇ ਧਯਾਨ ਬੀਚ ਅੰਮ੍ਰਿਤ ਹੈ ਤਿਸ ਅੰਮ੍ਰਿਤ ਕੋ ਪੀ ਕਰ ਮੇਰਾ ਮਨ ਤ੍ਰਿਪਤ ਹੋ ਰਹਿਆ ਹੈ ਕਿਸੇ ਕੀ ਲੋੜ ਨਹੀਂ ਰਾਖਤਾ ॥ ਨਨੂ ॥ ਪੂਰਬ ਕਹਿਯੋ ਕੇ ਕਾਮ ਅਗਨੀ ਹਮਾਰੇ ਮੇਂ ਨਹੀਂ ਹੈ ਅਰ ਨਾਲੇ ਕਹਜੋ ਤਿਸਕੇ ਪ੍ਰਤਾਪ ਕਰ ਰੋਮੰਚ ਦੇਖਤੇ ਭਏ ਏਹ ਕਥਨ ਐਸੇ ਹੈ ਜੈਸੇ ਕੋਈ ਕਹੇ ਮੇਰੇ ਮੁਖ ਮੈ ਜਿਹਬਾ ਨਹੀਂ ਹੈ ॥ ਉੱਤਰ ॥ ਜੋ ਕਹਿਆ ਥਾ ਹਮਾਰੇ ਮੇਂ ਕਾਮ ਨਹੀਂ ਹੈ ਤਿਸ ਅਭਿਮਾਨ ਕੀ ਨਵਿ ਰਤੀ ਹੇਤ ਤਿਨਕੇ ਸਰੀਰ ਮੇਂ ਪ੍ਰਵੇਸ਼ ਕਰ ਕਾਮਦੇਵ ਨੇ ਆਪਣਾ ਬਲ ਦਿਖਾਯਾ॥ ਅਰ ਅਤੀ ਆਤਮਾਭਿਆਸ ਕੇ ਬਲ ਕਰ ਜੋਗੀ ਪੁਰਸ਼ਕੇ ਮਨਮੈ ਕੋਈ ਖੋਭ ਹੋਵੇ ਨਹੀਂ ਹੈ ਤਥਾ ਸੰਤਲੋਕ ਤਿਨ ਕਾਮਾਦਿਕਾਂ ਕਾ ਨਾਸ਼ ਕਰੇ ਹੈਂ। ਯਾਂਤੇ ਕਾਮ ਕੇ ਅਧੀਨ

Sri Satguru Jagjit Singh Ji eLibrary NamdhariElibrary@gmail.com

ਨਹੀਂ ਭਏ ਉਲਟਾ ਤਿਨਕਾ ਨਿਆਦਰ ਹੀ ਕੀਆ ਹੈ। ਇਸ ਤੇ ਮਨ ਸ਼ਾਂਤ ਕੇ ਬਲ ਕਰ ਕਾਮ ਅਗਨੀ ਕਾ ਅਭਾਵ ਹੀ ਰਹਿਓ ਹੈ ਐਸੇ ਜਾਨੀਐ॥ ੭॥ ਜੇਕਰ ਸੋ ਇਸਤ੍ਰੀ ਵਾ ਕਾਮਦੇਵ ਕਹਿ ਪੂਰਬ ਤੋ ਤੁਮ ਹਮਾਰੇ ਦੀਨ ਸੇ ਅਬ ਕਿਆ ਹੂਆ ਹੈ ਤੋ॥ ਉੱਤਰ

**ਦੋਹਰਾ ॥ ਤਵ ਪਦਾਂਤ ਥੋ ਭ੍ਰਾਂਤਿ ਮੋ ਭ੍ਰਮਯੋ ਗੇਂਦ ਕਪਸਾਨ॥ ਚਿੱਤ ਸ਼ਾਂਤ ਗਤਿ ਭ੍ਰਾਂਤ ਅਬ ਮੈਂ ਪ੍ਰਭੁ ਅਨੁਗ ਭਵਾਨ ॥ ੮ ॥**

ਟੀਕਾ—ਜਬ ਮੇਰੇ ਕੋ ਭ੍ਰਾਂਤੀ ਥੀ ਵਿਸ਼ੇ ਸੇ ਹੀ ਆਨੰਦ ਪ੍ਰਾਪਤਿ ਹੋਤਾ ਹੈ॥ ਵਿਸ਼ੇ ਬਿਨਾ ਆਨੰਦ ਨਹੀਂ ਹੈ। ਤਬ ਮੈਂ ਤੁਮਾਰੇ ਦੀਨ ਹੋਕਰ ਬਾਂਦ੍ਰ ਤਥਾ ਖੇਨੂ ਕੀ ਨਜਾਈਂ ਭ੍ਰਮਣ ਕਰਤਾ ਭਯਾ॥ ਜੈਸੇ ਬਾਂਦਰ ਕਲੰਦਰ ਕੇ ਵਸ ਹੋਕਰ ਨਾਚੇ ਹੈ ਤਥਾ ਖੇਨੂ ਹਾਥ ਕਰ ਮਾਰਾ ਹੂਆ ਫਿਰੇ ਹੈ ਤੈਸੇ॥ ਅਬ ਸੋ ਭ੍ਰਾਂਤੀ ਨਾਸ਼ ਭਈ ਹੈ ਜਾਣਿਆ ਹੈ ਕਿ ਆਤਮਾਨੰਦ ਬਿਨਾ ਕਿਧਰੇ ਆਨੰਦ ਨਹੀਂ ਹੈ। ਐਸੇ ਆਤਮਾਨੰਦ ਕੋ ਪਾਇਕਰ ਚਿਤ ਸ਼ਾਂਤ ਹੂਆ ਹੈ। ਇਸ ਤੇ ਮੈਂ ਅਬ ਸੁਆਮੀ ਹੂੰ ਤੇ ਤੁਮ ਦਾਸ ਹੋ॥ ੮॥ ਨਨੂ॥ ਤੁਮਾਰੀ ਭ੍ਰਾਂਤੀ ਕੈਸੇ ਨਾਸ ਭਈ ਹੈ॥ ਉੱਤਰੰ॥ ਸ਼ਿਵ ਉਪਾਸਨਾ ਕਾ ਪ੍ਰਤਾਪ ਦਸੇ ਹੈਂ॥

**ਚੌਪਈ ॥ ਸਥਾਵਰ ਜੰਗਮ ਸਭ ਜਗ ਜਾਂਕੇ ॥ ਈਸ਼੍ਵਰ ਪਰਮ ਨਾਥ ਗਿਰ ਜਾਂਕੇ।**

Sri Satguru Jagjit Singh Ji eLibrary NamdhariElibrary@gmail.com

**ਅਰ ਸ੍ਰੀ ਵਿਸ਼ਨਦੇਵ ਕੇ ਮਾਹੀਂ ॥ ਜਾਂ ਮੈ ਕਛੂ ਵਿਖਮਤਾ ਨਾਂਹੀ ॥ ੯ ॥**

ਟੀਕਾ—ਸਰਬ ਜਗਤ ਕੇ ਜੀਵ ਜੜ ਤਥਾ ਚੇਤਨ ਰੂਪ ਜਾਂਕੇ ਕੀਏ ਹੈਂ। ਅਰ ਪਾਰਬਤੀ ਕੇ ਜੋ ਅਤੀ ਕਰ ਸ੍ਵਾਮੀ ਹੈਂ ਤਿਨ ਸ਼ਿਵਜੀ ਕੀ ਉਪਾਸਨਾ ਕਰ ਹਮਾਰੀ ਭ੍ਰਾਂਤੀ ਦੂਰ ਭਈ ਹੈ ॥ ਜਿਸ ਸ਼ਿਵਜੀ ਅਰ ਸ੍ਰੀ ਵਿਸ਼ਨੂ ਭਗਵਾਨ ਮੇਂ ਕੁਛ ਭੇਦ ਨਹੀਂ ਹੈ ਏਕ ਹੀ ਰੂਪ ਹੈਂ ॥ ੯ ॥

**॥ ਸਰਬਾਤਮ ਸਭ ਜਗ ਕੇ ਅੰਤਰ। ਵਿਆਪ ਰਹਿਯੋ ਸਮ ਏਕ ਨਿਰੰਤਰ। ਪੁਨਾ ਉਮਾਧਵ ਮਾਧਵ ਦੋ ਮਹਿੰ। ਭੇਦ ਵਤੀ ਮਤਿ ਮੋ ਮਹਿ ਸੋ ਨਹਿ ॥ ੧੦ ॥**

ਟੀਕਾ—ਸਰਬ ਕਾ ਆਪਨਾ ਆਪ ਹੈ ਅਰ ਸਰਬ ਜਗਤ ਕੇ ਅੰਦਰ ਬਾਹਿਰ ਵਿਆਪਕ ਹੈ। ਭਕੋਸੇ ਰਹਿਤ ਏਕ ਰੂਪ ਆਕਾਸ਼ ਵਤ ਸਮ ਹੈ। ਪੁਨਾ ਸ਼ਿਵਜੀ ਅਰ ਵਿਸ਼ਨੂ ਦੋਨੋਂ ਮੈ ਭੇਦ ਜਨਾਣੇ ਵਾਲੀ ਬੁਧੀ ਮੇਰੇ ਮੇਂ ਨਹੀਂ ਹੈ ॥ ੧੦ ॥ ਨਨੂ ॥ ਸਮ ਦ੍ਰਿਸ਼ੀ ਧਾਰ ਕਬੀ ਵਿਸ਼ਨੂ ਜੀ ਕੀ ਭਗਤੀ ਭੀ ਕਰਤੇ ਹੋ ॥ ਉੱਤਰ॥

**॥ ਤਦਪਿ ਮਮ ਭਗਤੀ ਮਧਿ ਤਾਂਕੇ ॥ ਤਰਣ ਸਸਾਂਕ ਸੇਖਰੇ ਜਾਂਕੇ। ਭੇਦੇ ਭੇਦ ਜਾਸ ਕਰੁਣਾ**

**ਤੇ। ਮਮ ਅਤਿ ਭਗਤਿ ਤਾਸ ਮੈਂ ਤਾਤੇ॥੧੧॥**

ਟੀਕਾ—ਯਦਪੀ ਭੇਦ ਮੇਰੇਮਨਮੇਂ ਨਹੀਂਹੈ ਤੌਭੀ ਮੇਰੀਭਗਤੀ ਤਿਸ ਮੇਂ ਹੈ। ਜਾਂਕੇ ਮਸਤਕ ਮੈ ਬਾਲਿਅਵਸਥਾ ਕਾ ਚੰਦ੍ਰਮਾਂ ਹੈ ਅਰ ਜਿਸ ਸ਼ਿਵ ਕ੍ਰਿਪਾ ਕਰ ਪੰਚ ਪ੍ਰਕਾਰ ਕਾ ਭੇਦ ਮੇਰੇ ਮਨ ਸੇ ਨਾਸ਼ ਹੂਆ ਹੈ। ਇਸਤੇ ਹੀ ਮੇਰੀ ਭਗਤੀ ਮਨਬਾਨੀ ਸਰੀਰ ਕਰ ਤਿਸ ਮੇਂਹੀ ਹੈ। ਭਾਵ ਅਰਥ ਏਹ ਹੈ ਕਿ ਸਰਬ ਜਗਤ ਕਾ ਕਰਤਾ ਜੋ ਕਾਰਣਬ੍ਰਹਮਹੈ ਸਾਰੇ ਵਿਆਪਕਜਿਸ ਕਾ ਭੇਦਵਿਸ਼ਨਾਦਿ ਦੇਵਤਾਸੇ ਲੈਕਰ ਕਹੀਂਭੀ ਨਹੀਂਹੈ ਜੜ ਚੇਤਨ ਜੀਵੋਂ ਪ੍ਰਯੰਤ। ਤਿਸਕੇ ਹਮ ਉਪਾਸ਼ਕਹੈਂ ਜਿਸਕੋ ਸ੍ਰੀ ਗੁਰੂਜੀਕੇ ਮਤਮੇਂ ਅਕਾਲਪੁਰਖ ਕਹਿਆ ਹੈ॥੧੧॥ ਪੂਰਬ ਅਭੇਦ ਉਪਾਸਨਾ ਕੋ ਦਿਖਾ ਕਰ ਆਗੇ ਕ੍ਰਿਤਘਨਤਾ ਕੀ ਨਿਵਰਤੀ ਹੇਤ ਜਲਾਦਿ ਤਤੋਂ ਕੋ ਨਮਸਕਾਰ ਕਹੇ ਹੈਂ॥

**ਯਥਾ ਛਪੈ॥ ਬਸੁਧਾ ਮਾਤਕ ਬੰਧੁ ਬੰਧੁ ਸਭ ਹੇ ਸਖ ਆਗੇ। ਤਾਤ ਵਾਤ ਵਰਭ੍ਰਾਤ ਗਗਨ ਮੈ ਤੁਮ ਸਭ ਆਗੇ॥ ਏਹ ਅੰਤ ਕੀ ਨਮੋ ਜੋਰਕਰ ਕਰੋਂ ਸਦੀਨੇ। ਤੁਮਰੇਸੰਗ ਪ੍ਰਤਾਪ ਸੁਕ੍ਰਿਤਿ ਮੈਂ ਸਰਬ ਜੁ ਕੀਨੇ। ਤਿਨ ਗਜਾਨ ਭਾਨ ਨਿਰਮਲ ਕੀਯੋ ਹਨਜੋ ਮਹਾਤਮਮੋਹ ਸਬ। ਮੈਂ ਲੀਨ ਭਯੋ ਪਾਰਬ੍ਰਹਮ ਮੈ ਤੁਮਸੋਂ**

Sri Satguru Jagjit Singh Ji eLibrary NamdhariElibrary@gmail.com

## ਰਹਿਯੋ ਨ ਕਾਮ ਅਬ ॥ ੧੨ ॥

ਟੀਕਾ—ਹੇ ਧਰਤੀਮਾਤਾ ਹੇ ਜਲ ਸਰਬੰਧੀਰੂਪ ਹੇਸ੍ਰਿਸ਼੍ਰ ਮਿਤ੍ਰ ਅਗਨੀ ਦੇਵਤਾ। ਹੇ ਪਿਤਾਰੂਪ ਪਵਣ ਹੇ ਸ੍ਰਿਸ਼੍ਰ ਭ੍ਰਾਤਾ ਰੂਪ ਆਕਾਸ਼ ਮੈਂ ਤੁਮਾਰੇ ਸਰਬਕੇਆਗੇ ਹਾਥਜੋੜਕਰ ਸਹਿਤ ਦੀਨਤਾਕੇ ਅੰਤਕੀ ਨਮਸਕਾਰ ਕਰਤਾਹੂੰ। ਤੁਮਾਰੇ ਸੰਗਕੇ ਪ੍ਰ-ਤਾਪ ਕਰ ਜੋ ਮੈਨੇ ਸ੍ਰਿਸ਼੍ਰ ਕਰਮ ਕਰੇ ਥੇ। ਨਿਸਕਾਮ ਤਿਨ ਸਰਬਨੇ ਸੂਰਜ ਵਤ ਮੇਰੇ ਹਿਰਦੇ ਮੇਂ ਆਤਮ ਗਿਆਨ ਸੰਸੇ ਰਹਿਤ ਕੀਆਹੈ। ਤਿਸ ਗਜਾਨਨੇ ਅੰਧਕਾਰਰੂਪ ਅਗਜਾਨਕੋ ਅਤੀ ਕਰ ਨਾਸ਼ਕੀਆਹੈ। ਅਗਜਾਨ ਕੇ ਨਾਸ਼ ਭਏ ਤੇ ਸਰਬ ਕੇ ਪਰੇ ਜੋ ਬ੍ਰਹਮ ਸਰੂਪ ਆਤਮਾ ਹੈ ਤਿਸ ਮੇਂ ਮੈਂ ਮਲੀਨ ਭਯਾ ਹੂੰ ਤੁਮਾਰੇ ਸਾਥ ਅਬ ਮੇਰਾ ਕੁਛ ਕਾਮ ਨਹੀਂ। ਇਸਤੇ ਮੈਨੇ ਅੰਤ ਕੀ ਨਮੋ ਕਰੀ ਹੈ॥ ੧੨॥ ਜੈਸੇ ਸ੍ਰੀ ਗੁਰੂ ਸਿਮ੍ਰਤੀ ਮੈ ਲਿਖਾ ਹੈ "ਸਗਲ ਜੋਤਿਨਾ ਮੇਕੀ ਦਾਸੀ" ਨਾਮ ਜਪਨ ਵਾਲਿਯੋਂ ਕੀਆਂ ਸਰਬ ਸ਼ਕਤੀਆਂ ਦਾਸ ਹੈਂ। ਤੈਸੇ ਹੀ ਏਕ ਕਾਲਮੇਂ ਹਰੀ ਸਿਮਰਨ ਮੈਂ ਭਰਥ ਜੀ ਬੈਠੇਹੈਂ ਤੌ ਪਾਰਬਤੀ ਸਾਖਜਾਤ ਮਾਇਆ ਕਾ ਰੂਪ ਧਾਰ ਕਰ ਕਹਿਨੇ ਲਗੀ ॥ ਹੇ ਭਰਥ ਕੁਛ ਖਾਨੇ ਪਹਿਰਨੇ ਵਾਸਤੇ ਹਮਾਰੇ ਸੇ ਅੰਗੀਕਾਰ ਕਰੋ। ਜਬ ਬਹੁਤ ਖਿਆਲ ਕੀਆ ਮਾਯਾ ਤੌ ਕਹੇ ਹੈਂ॥

**ਨੀਲ ਛੰਦ॥ ਮੋ ਤਜਿ ਮਾਤਰ ਮਾ ਅਬ ਤੂੰ ਭਜ ਆਨ ਕਿਸੇ। ਜੋ ਤਵ ਭੋਗਨ ਹੇਤ ਭਜੇਂ ਤੁਮ**

Sri Satguru Jagjit Singh Ji eLibrary NamdhariElibrary@gmail.com

**ਸੇਵਤਿ ਸੇ। ਮੈ ਨ ਚਹੋਂ ਭਵ ਭੋਗ ਕਹਾਂ ਤੁਮ ਮੋਹ ਭਜੇ। ਲਾਗਤ ਕੀ ਨਿਸ ਪ੍ਰੇਹ ਨ ਕੀਚਹਿ ਤੀਨ ਲਜੇ ॥ ੧੩ ॥**

ਟੀਕਾ—ਹੇ ਲਖਮੀ ਮਾਤਾ ਮੇਰੇ ਕੋ ਤਜਾਗਕਰ ਕਿਸੇ ਹੋਰ ਕੋ ਜਾਕਰ ਅਬ ਸੇਵ। ਜੇੜ੍ਹੇ ਤੇਰੇ ਕੋ ਭੋਗਾਂ ਵਾਸਤੇ ਚਾਹਤੇ ਹੈਂ ਤੂੰ ਭੀ ਤਿਨਕੋ ਚਾਹ। ਮੈਂਤਾਂ ਸੰਸਾਰਕੇ ਭੋਗਾਂਕੀ ਇਛਾਹੀ ਨਹੀਂ ਕਰਤਾ ਤੁਮ ਮੇਰੇ ਕੋ ਕਿਸ ਵਾਸਤੇ ਚਾਹਤੀ ਹੈਂ ॥ ਪ੍ਰੀਤੀ ਸੇ ਰਹਿਤ ਪੁਰਸ਼ ਕੀ ਤੂੰ ਕਿਆ ਲਗਤੀਹੈ॥ ਅਰ ਚਾਹਤੀਹੋਈ ਲਜਾਕੋ ਨਹੀਂ ਧਾਰਨਕਰਤੀ। ਜੋ ਪੁਰਸ਼ ਆਪਕੋ ਆਦਰ ਨ ਦੇਵੇ ਤਿਸ ਕੇ ਪਾਸ ਜਾਣਾ ਸ਼ਰਮ ਕੀ ਬਾਤ ਹੈ ॥੧੩॥ਨਨੂ॥ ਅਹਾਰ ਵਿਹਾਰਕੋ ਕੈਸੇ ਚਲਾਵੋਗੇ ਜੇ ਐਸੇਕਹੇ ਤੋ ਕਹੇਹੈਂ॥

**ਪੱਤ੍ਰ ਪਵਿੱਤ੍ਰ ਪਲਾਸ਼ ਕੇ ਨੌ ਬਨਤੇ ਹਰ ਕੇ ॥ ਸੁੰਦ੍ਰਤਾ ਪੁਟਕਾ ਕਰ ਮੈਂ ਕਰ ਮੈਂ ਧਰ ਕੇ ॥ ਭੀਖਪਵਿੱਤ੍ਰਪਵਿੱਤ੍ਰਘਰੇ ਸਤ੍ਵਾਦਿ ਗਹੋਂ। ਗੰਗ ਕੇ ਪਾਥਕੇ ਸਾਥਭਖੋਂ ਰੁਖ ਦਾਹਿ ਦਹੋਂ ॥੧੪॥**

ਟੀਕਾ—ਨਵੀਨ ਅਰ ਪਵਿੱਤ੍ਰ ਪਤ੍ਰੇ ਛਿਛਰੇ ਕੇ ਬਨ ਵਿਚੋਂ ਲੈ ਕਰਕੇ। ਤਿਨ ਕਾ ਬੜਾ ਸੁੰਦ੍ਰ ਡੂਨਾ ਬਨਾ ਕਰ ਹੱਥ ਮੈਂ ਰੱਖ ਕੇ ॥ ਖੱਤ੍ਰੀ ਆਦਿਕਾਂ ਕੇ ਜੋ ਪਵਿੱਤ੍ਰ ਘਰ ਹੈਂ ਤਿਸਸੇ ਸੱਤੂ ਆਦਿ ਪਵਿੱਤ੍ਰ ਅੰਨ ਭਿੱਖਜਾ ਕਾ ਲੈਕਰ ਗੰਗਾ

ਜੀ ਕੇ ਜਲ ਸਾਥ ਖਾ ਕਰ ਪੇਟ ਕੀ ਅਗਨੀ ਭੁੱਖ ਕੋ ਨਾਸ਼ ਕਰ ਲੇਵੇਂਗੇ। ਔਰ ਕੁਛ ਲੋੜ ਨਹੀਂ ॥ ੧੪ ॥

**ਸੋਰਠਾ॥ ਹਮ ਜੋਗੀ ਨਿਹਕਾਮ ਪ੍ਰਾਨ ਧਰੇ ਇਵ ਹਰਿ ਭਜੇਂ ॥ ਤੁਮ ਸੋ ਰਹਯੋ ਨ ਕਾਮ ਰਮੌ ਰਮਾ ਭੋਗੀ ਜਹਾਂ ॥ ੧੫ ॥**

ਟੀਕਾ—ਹਮ ਕਾਮਨਾ ਸੇ ਰਹਿਤ ਹੈਂ ਇਸ ਪਰਕਾਰ ਭਿੱਖਜਾ ਸੇ ਪ੍ਰਾਣਾਂ ਕੀ ਰੱਖਜਾ ਕਰ ਹਰੀ ਕੋ ਭਜਤੇ ਹੈਂ। ਹੇ ਲਖਮੀ ਤੇਰੇ ਸਾਥ ਕੁਛ ਕਾਮ ਨਹੀਂ ਹੈ ਜਿੱਥੇ ਭੋਗੀ ਪੁਰਸ਼ ਹੈਂ ਤਿੱਥੇ ਤੂੰ ਚਲੀ ਜਾਇ ਹਮ ਜੋਗੀ ਪੁਰਸ਼ੋਂ ਕੋ ਤੇਰੀ ਲੋੜ ਨਹੀਂ ਹੈ ॥੧੫॥ ਕੋਈ ਮਿੱਤ੍ਰ ਪੂਰਬਲਾ ਰਾਜਾ ਭਰਤ ਕੇ ਪਾਸ ਆਇਆਹੈ ਤੋ ਭਰਥ ਜੀ ਨੇ ਕੁਛ ਬੋਲਨਾ ਨਹੀਂ ਕੀਆ ਐਸੇ ਉਪਰਾਂਮ ਨਿਰਮੋਹ ਦੇਖਕਰ ਸੋ ਭਰਤ ਕੇ ਤਾਈਂ ਕਹਿਤਾ ਭਯਾ ਦੋ ਪੰਗਤੀਓਂ ਕਰ ॥

**ਯਥਾ ਕਬਿੱਤ ॥ ਪੂਰਬਲੇ ਦਿਨੋਂ ਵਿਖੇ ਤੇ-ਰੀ ਮੇਰੀ ਪ੍ਰੀਤ ਸਖੇ ਐਸੇ ਹੋਤ ਭਈ ਤੁਮ ਹਮ ਹਮ ਤੁਮ ਹੈਂ ॥ ਏਕਠੌਂ ਵਿਹਾਰ ਸੈਨ ਬੈਸਨ ਅਹਾਰ ਹੋ ਤੋ ਅਬ ਕਹਾਂ ਭਯੋ ਤੁਮ ਤੁਮ ਹਮ ਹਮ ਹੈਂ ॥ ਤਾਂਤੇ ਤਵੇ ਪਰੇ ਜਲ ਲਵੇ ਜਲ**

Sri Satguru Jagjit Singh Ji eLibrary NamdhariElibrary@gmail.com

**ਜਾਤ ਸੋਉ ਜਲ ਜਾਤ ਪਰੇ ਟਰੇ ਤੂੰ ਮੈਂ ਤਾਂਕੇ ਸਮ ਹੈਂ ॥ ਆਦਿ ਨਿਰਭੇਦ ਵਤੀ ਮਤੀ ਨਿਰਵੇਦ ਹਤੀ ਤੋਰਾ ਮੋਹੁ ਤਾਂਤੇ ਊਪਰਮ ਹੈਂ ॥ ੧੬ ॥**

ਟੀਕਾ—ਹੇ ਮਿੱਤ੍ਰ ਪਹਿਲੇ ਦਿਨਾਮੇਂ ਤੇਰੀ ਅਰ ਮੇਰੀ ਪ੍ਰੀਤੀ ਐਸੇ ਹੋਤੀ ਭਈ ਜੋ ਤੁਮ ਸੇ ਸੋ ਹਮ ਸੇ ਅਰ ਜੋ ਹਮ ਸੇ ਸੋ ਤੁਮ ਸੇ ॥ ਇਕੱਠਾ ਹੀ ਹਮਾਰਾ ਤੁਮਾਰਾ ਖਾਨੇ ਕਾ ਬੈਠਨੇ ਕਾ ਸੌਣੇ ਕਾ ਵਿਹਾਰ ਥਾ ॥ ਅਰ ਹੁਣ ਕਿਆ ਹੂਆ ਹੈ ਜੋ ਤੁਮ ਊਪਰਾਮ ਹੋਗਏ ਹੋਂ ਹਮ ਹਮ ਹੀ ਹੈਂ ਅਰ ਤੁਮ ਤੁਮਹੀ ਹੋਂ ॥ ਜੈਸੇ ਅਭੇਦ ਥੇ ਤੈਸਾ ਹੀ ਅਭੇਦ ਪੜ ਗਿਆ ਹੈ ਕਿਆ ਕਾਰਣਹੈ ॥ ਉਤ੍ਰ ॥ ਹੇ ਰਾਜਨ ਤੁਮਾਰੀ ਹਮਾਰੀ ਪੂਰਬ ਕਾਲ ਕੀ ਅਭੇਦ ਵਾਲੀ ਬੁਧੀ ਵੈਰਾਗ ਨੇ ਨਾਸ਼ ਕਰ ਦੇਈ ਹੈ॥ ਅਰ ਤੁਮਾਰੇ ਮੇਂ ਜੋ ਪ੍ਰੇਮਥਾ ਸੋ ਵੈਰਾਗਨੇ ਤੋੜ ਦੀਆਹੈ ਇਸ ਕਰ ਹਮ ਉਪ੍ਰਾਮਹੈਂ । ਅਬ ਹਮਾਰੀ ਤੁਮਾਰੀ ਸੰਗਤ ਐਸੇ ਹੈ ਜੈਸੇ ਤਤੇ ਤਵੇ ਪਰ ਜਲ ਕੀ ਜ਼ਰਾ ਮਾਤਰ ਬੂੰਦ ਪੜੇ ਤਾਂ ਸੜ ਜਾਤੀਹੈ ਅਰ ਸੋਈ ਬੂੰਦ ਕਵਲ ਕੇ ਪਤੇ ਪਰ ਪੜੇ ਤੋ ਗਿੜ ਜਾਂਤੀ ਹੈ। ਤੁਮ ਅਰ ਹਮ ਤਿਨਕੇ ਸਮਾਨ ਹੈਂ। ਭਾਵ ਅਰਥ ਏਹ ਹੈ ਜੈਸੇ ਜਲ ਕੀ ਬੂੰਦ ਨਾਸ਼ ਹੋਵੇ ਹੈ ਤਵੇ ਪਰ॥ ਤੈਸੇ ਹੀ ਹਮਾਰੀ ਤੋ ਆਤਮਾ ਕਾਰ ਬ੍ਰਿਤੀ ਨਾਸ਼ ਹੋਵੇ ਹੈ ਤੁਮਾਰੇ ਸੰਗ ਕਰ ਅਰ ਤੁਮਾਰਾ ਭੋਗਾਨੰਦ ਨਾਸ਼ ਹੋਵੇ ਹੈ।



Sri Satguru Jagjit Singh Ji eLibrary NamdhariElibrary@gmail.com

ਕਵਲ ਅਰ ਜਲ ਕੀ ਬੂੰਦ ਵਤ ਸੁਭਾਵ ਕੇ ਨਾ ਮਿਲਨੇ ਕਰ ਵਿਛੋੜਾ ਹੈ ਐਸੇ ਜਾਈਏ ॥ ੧੬ ॥ ਰਾਜਾ ਬੋਲਾ ਚਲੋ ਮੇਰੇ ਸਾਥ ਘਰ ਮੈ ਆਨੰਦ ਸੇ ਚਾਰ ਦਿਨ ਗੁਜ਼ਰਾਨ ਹੋਗੀ ਤੋ ਕਹੇ ਹੈਂ ॥

**ਤੋਟਕ ਛੰਦ ॥ ਹਮ ਭੋਜਨ ਭੀਖ ਕੋ ਅੰਨ ਕਰੇਂ। ਦਿਗ ਚਾਰ ਕੇ ਅੰਬਰ ਚਾਰ ਧਰੇਂ ॥ ਕਲ ਭੂਤਲ ਪੈ ਸੁਖ ਸੰਗ ਸਮੇਂ। ਕਛੁ ਕਾਜ ਨ ਰਾਜਨ ਸਾਥ ਹਮੇਂ ॥ ੧੭ ॥**

ਟੀਕਾ—ਹੇ ਰਾਜਨ ਹਮ ਭਿਖਜਾ ਕਾ ਅੰਨ ਖਾਣਾ ਕਰਤੇ ਹੈਂ ਅਰ ਚਾਰੋਂ ਦਿਸ਼ਾ ਰੂਪੀ ਸੁੰਦਰ ਬਸਤਰ ਪਹਿਰਨੇ ਕਰੇ ਹੋਏ ਹੈਂ ਸੁੰਦਰ ਜੋ ਧਰਤੀ ਹੈ ਇਸ ਉਪਰ ਸੁਖ ਸਾਥ ਸੌ ਰਹਿਤੇ ਹੈਂ ॥ ਰਾਜਿਆ ਸਾਥ ਜਾਨੇ ਕਾ ਹਮਾਰਾ ਕੁਛ ਕਾਮ ਨਹੀਂ ਹੈ ਰਾਜ ਦਰਬਾਰ ਮੇਂ ਜਾਨੇ ਹਾਰੇ ਐਸੇ ਪੁਰਸ਼ ਹੋਤੇ ਹੈਂ ਸੋ ਇਨ ਮੇਂ ਹਮ ਹੈਂ ਨਹੀਂ ॥ ੧੭ ॥

**ਯਥਾ ॥ ਨਟੁਭਾਟ ਵਿਟਾਭੁਟਗੀਤ ਕਨਾ। ਪਰ ਦ੍ਰੋਹ ਵਿਖੇ ਹਮ ਪ੍ਰੀਤਕਨਾ। ਕੁਚ ਭਾਰ ਨਿੰਮੀ ਲਲਨਾ ਨ ਹਮੇਂ। ਨ੍ਰਿਪ ਧਾਮ ਸਖੇ ਕਿਤ ਕਾਮ ਰਮੇਂ ॥ ੧੮ ॥**

ਟੀਕਾ—ਨਟ ਜੋ ਤਮਾਸ਼ੇ ਕਰਨੇ ਹਾਰੇ ਭਾਟ ਉਸਤਤਿ ਕਰਨੇ

Sri Satguru Jagjit Singh Ji eLibrary NamdhariElibrary@gmail.com

ਹਾਰੇ ਤਥਾ ਬਾਸੇ ਜਿਨਕੋ ਬਹੁਰੂਪੀਏ ਬੋਲਤੇਹੈਂ ਅਰ ਸੂਰਮੇ ਤਥਾ ਗੀਤ ਗਾਵਨੇ ਹਾਰੇ ਕਲਾਂਵਤ ਲੋਕ। ਤਥਾ ਪਰਧਨ ਕੇ ਹਰਨੇਹਾਰੇਸ਼ਾਹੂਕਾਰਝਗੜੇਕਰਨੇ ਮੇਂ ਪ੍ਰੀਤਹੈ ਜਿਨਕੀ। ਤਥਾ ਭਾਰਿਆਂ ਚਕਲੀਦਾਰ ਗੋਲ ਕੁਚਾਂਵਾਲੀਆ ਵੇਸ਼ਵਾਦਿਇਸ ਤ੍ਰੀਆਂ ਜਾਤੀਆਂ ਹੈਂ ਰਾਜਜੋਂ ਪੈ ਸੋ ਇਨ ਵਿਚੋਂ ਹਮ ਕੋਈ ਹੈਂ ਨਹੀਂ ਤੌ ਰਾਜਿਆਂਕੇ ਘਰ ਹੇ ਮਿਤ੍ਰ ਕਿਸ ਵਾਸਤੇ ਜਾਵੈਂ॥੧੮

ਕਬਿੱਤ ॥ ਸ੍ਰੇਛ ਬਿਵਹਾਰ ਬਿਨਾ ਦੀਨਤਾ ਅਹਾਰ ਬਨਾ ਸਦਾ ਚਾਰਵਾਰ ਜਨਾਂ ਬੀਚ ਬਾਸ ਲਯੋ ਹੈ॥ ਬੇਦਾਧੈਨ ਬ੍ਰਹਮ ਦ੍ਰਿਕ ਸਾਂਤਿ ਫਲ ਲਾਭ ਇਕ ਮੰਦਮੰਦ ਮਨਕੋ ਸੁਪੰਦ ਦਰਸਯੋ ਹੈ॥ ਐਸੇ ਗੁਨੌਂ ਸੋ ਸਪੰਨ ਭਯੋ ਅਬ ਮੋਰੋਮਨ ਕੋ ਉਦਾਰ ਪੁਨ ਜਿਨ ਐਸੋ ਫਲ ਦੇਯੋ ਹੈ॥ ਚਿਰਰਾਤੌ ਮਾਹਿ ਸੋਧਾ ਨਾਹਿ ਹਮ ਤਾਹਿ ਬੋਧਾ ਤਪੁਤੋਨਕੋਊਕੀਓਹਰਿਦਜਾਲਭਯੋਹੈ॥੧੯॥

ਟੀਕਾ—ਹੇ ਰਾਜਨ ਹਮਾਰਾ ਬਿਵਹਾਰ ਸ੍ਰੇਸ਼ਟ ਬਨ ਰਿਹਾਹੈ ਕਿਸੇ ਕੇ ਦੀਨ ਨਹੀਂ ਹੋਨਾ ਲਗਤਾ ਖਾਣੇਕੇ ਵਾਸਤੇ॥ ਅਰ ਸਦਾ ਹੀ ਸ੍ਰੇਸ਼ਟ ਕਰਮਕੇ ਕਰਨੇ ਵਾਲੇ ਜੋ ਸੰਤਜਨ ਹੈਂ ਤਿਨਾ ਕੇ ਬੀਚ ਹਮਨੇ ਵਾਸਾਲੀਆਹੈ॥ਪੁਨਾ ਸੋ ਮਹਾਤਮਾ ਵੇਦਾਦਿ ਗ੍ਰੰਥਾਂਕੇ ਪੜਨੇਹਾਰੇ ਹੈਂ ਅਰ ਬ੍ਰਹਮ ਦ੍ਰਿਸ਼ਟੀ ਹੈਂ ਸਰਬ ਕੋ

Sri Satguru Jagjit Singh Ji eLibrary NamdhariElibrary@gmail.com

ਏਕਸਾ ਜਾਣਤੇ ਹੈਂ ਅਰ ਜਿਨ ਕੀ ਸੰਗਤ ਕਰ ਸ਼ਾਂਤਿ ਰੂਪ ਫਲਕੀ ਪ੍ਰਾਪਤੀ ਹੋਤੀਹੈ॥ ਅਰ ਪੁਰਸ਼ ਏਕ ਪਰਮਾਤਮਾਕੋ ਪੂਰਨ ਜਾਣਤਾਹੈ ਹਮਾਰੇ ਮਨਕੋ ਭੀ ਤਿਨਕੀ ਸੰਗਤ ਕਰ ਸ਼ਨੈਸ਼ਨੈ ਗਿਆਨ ਰੂਪੀ ਜੋ ਸ੍ਰੇਸ਼ਟ ਰਸਤਾਥਾ ਸੋ ਦਿਸਆਯਾ ਹੈ ਐਸੇ ਗੁਣੋਂ ਕੇ ਸਹਤ ਅਬ ਮੇਰਾ ਮਨ ਹੂਆ ਹੈ ਜੈਸੇ ਗੁਣ ਗ੍ਰੰਥੋਂ ਮੇਂ ਕਹੇ ਹੈਂ ਖਬਰ ਨਹੀਂ ਹੈ ਜੋ ਕੌਣਸਾ ਐਸਾ ਸ੍ਰੇਸ਼ਟ ਕਰਮ ਹਮਨੇ ਕੀਆ ਹੈ ਜਿਸਨੇ ਐਸਾ ਸਤਸੰਗ ਸਹਤ ਫਲ ਦੀਆ ਹੈ। ਬਹੁਤ ਚਿਰ ਪਰਜੰਤ ਹਮ ਦਿਨਰਾਤ ਵਿਚਾਰਤੇ ਰਹੇਹੈਂ ਤਿਸ ਕਰਮਕਾ ਹਮਕੋ ਵਿਚਾਰ ਨਹੀਂ ਹੂਆ ਕਿਆ ਯਾਦ ਨਹੀਂ ਆਇਆ ਜੋ ਹਮਨੇ ਕੀਆ ਹੋਵੈ॥ ਅਰ ਤਪ ਭੀ ਕੋਊ ਜਲ ਧਾਰਾ ਆਦਿ ਨਹੀਂ ਕੀਆ॥ ਪਰੰਤੂ ਪਰ ਮਾਤਮਾ ਨੇ ਹੀ ਦਿਆਲ ਹੋਕਰ ਸਰਬ ਫਲ ਦੀਏ ਹੈਂ ਹਮਰਾ ਕਰਤੱਬ ਕੁਛ ਨਹੀਂ ਹੈ ਐਸੇ ਹੀ ਸ੍ਰੀ ਗੁਰੂ ਸਿਮ੍ਰਤੀ ਮੈ ਲਿਖਾ ਹੈ "ਪ੍ਰਭ ਕ੍ਰਿਪਾ ਤੇ ਬੰਧਨ ਤੂਟੇ" ॥ ੧੯ ॥

ਦੋਹਾ ॥ ਭਰਤ ਸ਼ਤਕ ਵੈਰਾਗ ਕੋ ਅਲ ਨੌ ਮੌ ਅਧਜਾਇ ॥ ਤਾਮੇਂ ਅਨੁਭਵ ਭਰਤ੍ਰ ਕੋ ਗਾਯੋ ਕਵਿ ਸਤਭਾਯ ॥ ੨੦ ॥

ਟੀਕਾ—ਭਰਤ ਸ਼ਤਕ ਵੈਰਾਗ ਕਾ ਨਾਵਾਂ ਧਜਾਇ ਪੂਰਨ ਭਯਾ ਇਸਮੇਂ ਭਰਤ ਕੇ ਚਿੱਤ ਕਾ ਅਭਿਪ੍ਰਾਯ ਕਥਨ ਕੀਆ ਹੈ ਸ੍ਰੇਸ਼ਟ ਪਰੇਮ ਕਰ ਕਵਿ ਨੇ॥ ੨੦ ॥

ਨਾਵਾਂ ਧਿਆਇ ਸੰਪੂਰਨ ਹੂਆ ॥ ੯ ॥

Sri Satguru Jagjit Singh Ji eLibrary NamdhariElibrary@gmail.com

**ਦੋਹਾ ॥ ਕਰੁਣਾਕਰ ਦਸਮੇਂ ਭਨੇ ਸਾਧਾਰਣ ਉਪਦੇਸ਼ ॥ ਰਵਿ ਸ਼ਲੋਕ ਕਰ ਜਨੌਂ ਕੇ ਹਨੇ ਕਲੇਸ਼ ਅਸ਼ੇਸ਼ ॥ ੧ ॥**

ਟੀਕਾ—ਅਬ ਦਸਮੇਂ ਧਿਆਮੇਂ ਰਾਜਾ ਭਰਥਜੀ ਜੀਵਣਾਦਿ ਸੰਸਾਰਕੇ ਪਦਾਰਥਾਂਕੋ ਖਿਨਭੰਗਰ ਦਸਦੇ ਹੋਏ ਤਥਾ ਸਕਾਮ ਕਰਮੋਂ ਕਾ ਫਲ ਜੋ ਸ੍ਵਰਗ ਤਿਸ ਮੈ ਦੁਖ ਕੀ ਪ੍ਰਾਪਤੀ ਤਥਾ ਸਕਾਮ ਕਰਮ ਦੁਖ ਕੇ ਹੇਤੂ ਜਨਾਤੇ ਹੋਇ ਸਰਬ ਕੋ ਸਾਂਝਾ ਉਪਦੇਸ਼ ਦੇਵੇਹੈਂ। ਬਾਰਹ ਸ਼ਲੋਕ ਕਰ ਪੁਰਸ਼ੋਂ ਕੇ ਪੰਚ ਪਰਕਾਰ ਕੇ ਸਮੂਹ ਕਲੇਸ਼ੋਂ ਕੇ ਨਾਸ਼ ਕੀ ਇੱਛਾ ਕਰ ਕਹੇਹੈਂ ॥੧

**ਯਥਾ ਨਰਾਜ ਛੰਦ ॥ ਵਚਿੱਤ੍ਰ ਏ ਚਰਿੱਤ੍ਰ ਜੋ ਭਯੋਤ ਪੰਨ ਲੋਕ ਮੈਂ ॥ ਮਨਾਕ ਮਾਤ੍ਰ ਖੇਮ ਰੂਪ ਤਾਸਨਾ ਵਿਲੋਕ ਮੈਂ॥ ਵਿਪਾਕ ਪੁੰਨ ਪੁੰਜ ਕੋ ਵਿਚਾਰ ਹੌਂ ਅਹੰਜਬੇ॥ ਵਹੀ ਅਨੰਤ ਭੀਤ ਕੋ ਜਨੰਤ ਹੈਂ ਸਹੀ ਤਬੇ ॥ ੨ ॥**

ਟੀਕਾ—ਨਾਨਾ ਪ੍ਰਕਾਰਕੇ ਤਮਾਸ਼ਾ ਰੂਪ ਜੋ ਪਦਾਰਥ ਸੰਸਾਰ ਮੇਂ ਉਤਪਤ ਹੋਰਹੇ ਹੈਂ ਜ਼ਰਾ ਮਾਤਰ ਭੀ ਸੁਖਰੂਪ ਏਹ ਨਜ਼ਰ ਨਹੀਂ ਆਤੇ ਮੇਰੇਕੋ ਅਰ ਜਦੋਂ ਮੈਂ ਪੁੰਨ ਰੂਪ ਸਮੂਹ ਸਕਾਮ ਕਰਮਾ ਕਾ ਫਲ ਵਿਚਾਰਤਾ ਹੂੰ ਮਨ ਮੇਂ ਤੋ ਸੋਈ ਕਰਮ ਅਨੰਤ ਪਰਕਾਰ ਕੇ ਭੈ ਕੋ ਉਤਪਤ ਕਰੇ ਹੈਂ ਨਿਸਚੇ ਕਰ

Sri Satguru Jagjit Singh Ji eLibrary NamdhariElibrary@gmail.com

ਵਿਚਾਰ ਕਾਲ ਮੇਂ ਵਾ ਅਪਨਾ ਫਲ ਦੇਨੇ ਕਾਲ ਮੈਂ ॥੨॥

**ਯਥਾ ॥ ਮਹਾਨ ਪੁੰਨ ਬ੍ਰਿਧ ਕੋ ਕਲੇਸ਼ਧਾਰ ਜੋ ਕਰੇ। ਮਹਾਨ ਭੋਗ ਨਾਰਿਲੌ ਬਸੇ ਤਬੇ ਚਿਰੰਘਰੇ ॥ ਵਰਿਸ਼ਟ ਮਾਨ ਭੋਗ ਜੇ ਸਰਾਗ ਸੌ ਭੁਗੰਤ ਹੈਂ। ਲਖੇ ਨ ਜੰਤ ਕਾਲ ਕੋ ਜੋ ਕੌਨ ਕਾਲ ਹੰਤ ਹੈਂ ॥ ੩ ॥**

ਟੀਕਾ—ਬੜੇ ਪੁੰਨ ਜੋ ਯਗਾਦਿ ਅਨੇਕ ਪਰਕਾਰ ਕੇ ਕਰਮ ਹੈਂ ਸੋ ਸਮੂਹ ਜੋ ਕੋਈ ਪੁਰਸ਼ ਕਰੇ ਭੀ ਦੁਖ ਪਾਕਰ ਤਬ ਤਿਸ ਕੇ ਘਰ ਮੈ ਚਿਰ ਪਰਯੰਤ ਸੁੰਦਰ ਇਸਤ੍ਰੀ ਆਦਿ ਸ੍ਰੇਸ਼ਟ ਭੋਗ ਰਹਿਤੇ ਹੈਂ ਤਿਨ ਸ੍ਰੇਸ਼ਟ ਭੋਗੋਂ ਕੋ ਅਪਨੀ ਇਛਾ ਅਨੁਸਾਰ ਭੋਗਤਾ ਹੈ ਸਹਿਤ ਪ੍ਰੀਤੀ ਕੇ ਅਰ ਨਹੀਂ ਜਾਨਤਾ ਕਾਲਕੋ ਜੋ ਕਿਸ ਵੇਲੇ ਮੇਰੇ ਕੋ ਮਾਰ ਲੇਤਾ ਹੈ ॥੩

**ਵਿਖੇ ਪ੍ਰਮਾਨ ਦੋ ਵਿਖੇ ਅਵਸ਼ ਏਕ ਤੌ ਟਰੇ॥ ਚਲੇ ਪਤੰਤ੍ਰ ਭੋਗ ਜੇ ਅਨੰਤ ਰੋਗ ਕੌ ਧਰੇ॥ ਜਨਾਪ ਜੋ ਤਜੇ ਇਨੇ ਭਜੇ ਨਿਜਾਪ ਕੋ ਤ੍ਰਬੈ॥ ਮਤੋ ਸਮਸ੍ਰ ਕੋ ਅਮੂੰਨ ਹੋਤ ਅੰਨਥਾ ਕਬੇ॥੪॥**

ਟੀਕਾ—ਇਸਤ੍ਰੀ ਧਨਾਦਿ ਵਿਸ਼ੇ ਤਥਾ ਪੁਰਸ਼ ਇਨ ਦੋਨਵਾਂ ਵਿਚੋਂ ਏਕ ਤੋ ਅਵਸ਼ ਨਾਸ਼ ਹੋਜਾਵੇਗਾ ਰਹੇਗਾ ਨਹੀਂ ਜੇਕਰ

Sri Satguru Jagjit Singh Ji eLibrary NamdhariElibrary@gmail.com

ਪਦਾਰਥ ਨਾਸ਼ ਹੋਜਾਵੇਂ॥ ਵਾ ਦੂਸਰੇ ਪਾਸ ਹੋਜਾਵੇਂ॥ ਤੌਅਨੇਕ ਪ੍ਰਕਾਰਕੇ ਦੂਖਕੋ ਪੁਰਸ਼ ਧਾਰਨ ਕਰੇ ਹੈ॥ ਅਰ ਜੋ ਪਦਾਰਥ ਬਨੇ ਰਹੇਂ ਤੋ ਪੁਰਸ਼ ਨਾਸ ਭਾਵ ਕੋ ਪ੍ਰਾਪਤ ਹੂਆ ਨਰਕ ਦੂਖ ਕੋ ਧਾਰਨ ਕਰੇਹੈ॥ ਜੋ ਪੁਰਸ਼ ਆਪਹੀ ਇਨਕੋ ਤਿਆਗ ਕਰ ਆਪਨੇ ਆਪਕਾ ਸਿਮਰਨਕਰੇ ਜਬ ਤਬ ਇਸਕੋ ਸੁਖ ਹੋਤਾ ਹੈ ਏਹ ਸਰਬ ਵੇਦ ਗ੍ਰੰਥ ਸੰਤਨਕਾ ਮਤ ਹੈ ਕਿਆ ਸਰਬਕੀ ਏਹੀ ਸਿਖਜਾਹੈ ਇਸਆਤਮ ਵਿਚਾਰ ਕੀ ਸਿਖਜਾਸੇ ਰਹਿਤ ਹੋਕਰ ਹੋਰ ਥਾਂ ਮੇਂ ਸੁਖ ਕਬੀ ਨਹੀਂ ਹੋਤਾ ਐਸੇ ਜਾਣੀਐ ॥੪॥

**ਨਿਕਾਮ ਮੋਖ ਕੋ ਕਰੇ ਸਕਾਮ ਤੇਜ ਮੇਂ ਮਰੇ॥ ਅਹੋ ਸਕਾਮ ਕਾਮ ਮੋ ਤਥਾਪੀ ਮੂੜ੍ਹ ਸੰਚਰੇ॥ ਲਖੇ ਸਕਾਮ ਕਾਮ ਕੋ ਤਤਗਅੱਗ ਕੇ ਸਮਾ॥ ਹਹਾ ਕਹਾ ਬ੍ਰਿਥਾ ਬਿਤੇ ਸੁ ਅੱਗ ਤਾਂਹਿ ਕੋ ਸਮਾ ॥ ੫ ॥**

ਟੀਕਾ—ਕਾਮਨਾ ਰਹਿਤ ਕਰੇ ਹੋਏ ਕਰਮ ਮੋਖ ਕਰਤੇ ਹੈਂ ਅੰਤਾਕਰਣ ਕੀ ਸ਼ੁਧੀ ਦੁਆਰੇ ਅਰ ਕਾਮਨਾ ਸਹਤ ਕਰਮ ਕਰਨੇ ਕਰ ਪੁਰਸ਼ ਜਨਮਤਾ ਮਰਤਾਹੈ। ਜੇਕਰ ਕਹੇਂ ਜਨਮ ਮਰਨ ਤਾਂ ਹੋਵੇ ਪ੍ਰੰਤੂ ਸੁਖ ਤਾਂ ਹੋਤਾਹੈ। ਤੋ ਕਹੇ ਹੈਂ ਯਦਪੀ ਸੁਖ ਕੀ ਪ੍ਰਤੀਤੀ ਹੋਤੀ ਹੈ ਤਥਾਪੀ ਬੜਾ ਅਫ਼ਸੋਸ ਹੈ ਸਕਾਮ ਕਰਮੋਂ ਕੇ ਕਰਨੇ ਕੋ ਮੂਰਖ ਪੁਰਸ਼ ਹੀ ਤਤਪਰ ਹੋਵੇ ਹੈ। ਵਿਦਵਾਨ ਸਿਯਾਨਾ ਪੁਰਸ਼ ਤੋ ਸਕਾਮ ਕਰਮਾਂ ਕੋ

Sri Satguru Jagjit Singh Ji eLibrary NamdhariElibrary@gmail.com

ਅਗਨੀਵਤ ਦੁਖਦਾਈ ਜਾਨਤਾ ਹੈ । ਬੜਾ ਅਫ਼ਸੋਸ ਹੈ ਕਿ ਵਿਅਰਥ ਮੂਰਖਾਂ ਪੁਰਸ਼ਾਂ ਕਾ ਕਾਮਨਾ ਕੇ ਕਰਮੋਂ ਕੇ ਕਰਨੇ ਮੇਂ ਬੀਤ ਰਹਿਆ ਹੈ ॥ ੫ ॥

**ਦੋਹਰਾ ॥ ਮੁਕਤਿ ਹੇਤ ਨਿਹਕਾਮ ਹੈ ਭੁਕਤ ਦੇਤ ਸਹਕਾਮ। ਕੇਵਲ ਦੁਖ ਨਮਿੱਤ ਹੈ ਤਜੋ ਜਨੋ ਅਪਕਾਮ ॥ ੬ ॥**

ਮੁਕਤੀ ਕਾ ਕਾਰਣ ਤੋ ਕਾਮਨਾ ਸੇ ਬਿਨਾ ਕੀਤੇ ਹੋਇ ਕਰਮ ਹੈਂ । ਸਹਤ ਕਾਮਨਾ ਕੇ ਕੀਤੇ ਹੋਇ ਪਦਾਰਥ ਦੇਤੇ ਹੈਂ । ਪ੍ਰੰਤੂ ਕੇਵਲ ਦੁਖਕਾ ਕਾਰਣਹੈਂਪਦਾਰਥ ਦੇਨੇਹਾਰੇ ਜੋ ਸਹਤਕਾਮ ਨਾ ਕੇ ਕਰਮ ਹੈਂ ਸੋਹੇ ਪੁਰਸ਼ੋ ਤਜੋ ਖੋਟੇ ਸਕਾਮ ਕਰਮ॥੬॥ ਅਬ ਸਕਾਮ ਕਰਮੋਂ ਕੇ ਫਲ ਇਸਤ੍ਰੀ ਆਦਿਕਾਂ ਕੀ ਇਸਥਿਤੀ ਖਿਨ ਮਾਤਰ ਦਸੇ ਹੈਂ ਸਹਤ ਆਯੂ ਕੇ ॥ ਯਥਾ ॥

**ਕਬਿੱਤ ॥ ਸਲਲ ਕਲੋਲ ਤੁਲ ਆਉਖਾ ਚਪਲ ਕੂਲ ਜੋਬਨ ਕੀ ਦੁਤਪਲ ਕਛੁ ਇਸਥਿਤਹੈ॥ ਚਲ ਚਿੱਤਕੇ ਸਮਾਨ ਭਾਵ ਸਭਿ ਹਾਨ ਵਾਨ ਘਟਾਵਿਖੇ ਛਟਾਵਤ ਭੋਗਮਾਲਇਤਹੈ॥ ਕੰਠ ਮੋ ਅਲਿੰਗਨਾ ਮਹਾਨ ਪੀਨ ਅੰਗਨਾਕੇ ਤਾਂਤੇ ਜੋ ਆਨੰਦਨਾਹਿੰ ਚਿਰ ਸੋ ਰਹੱਤਹੈ। ਨਰ**

Sri Satguru Jagjit Singh Ji eLibrary NamdhariElibrary@gmail.com

**ਕਾਇ ਪਾਇਨਰੋ ਸ੍ਵੈਸ੍ਰੂਪ ਚਿੱਤ ਕਰੋ ਭਵ ਭੈ ਸਿੰਧ ਤਰੋ ਪੁੰਨ ਸਮੋ ਬਿਤ ਹੈ ॥੭॥**

ਟੀਕਾ—ਜੈਸੇ ਜਲ ਕੀਆ ਲੈਹਰਾਂ ਨਦੀ ਮੇਂ ਇਸਥਿਤ ਨਹੀਂ ਰਹੇ ਹੈਂ ਤਿਨਕੇ ਸਮਾਨ ਸੰਪੂਰਨ ਆਰਬਲਾ ਇਸਥਿਤ ਨਹੀਂ ਖਿਣ ਭੰਗਰ ਹੈ। ਅਰ ਜੁਬਾਵਸਥਾ ਕਾ ਪ੍ਰਕਾਸ਼ ਭੀ ਪਲ ਮਾਤ੍ਰ ਸਥਿਤ ਹੈ। ਜੈਸੇ ਚੰਚਲ ਮਨਕੀ ਬਿਤੀ ਖਿਨ ਖਿਨ ਮੇਂ ਨਾਸ਼ ਹੋਵੇ ਹੈ ਤੈਸੇ ਸਭ ਪਦਾਰਥ ਨਾਸ਼ਵਾਨ ਹੈਂ। ਅਰ ਜੈਸੇ ਮੇਘ ਕੀਆਂ ਘਟਾਂ ਮੈਂ ਬਿਜਲੀ ਕਾ ਚਮਤਕਾਰਾ ਖਿਨਭੰਗਰ ਹੈ ਤੈਸੇ ਭੋਗਾਂ ਕੀ ਪੰਗਤੀ ਨਾਸ਼ ਰੂਪ ਹੈ। ਅਰ ਗਲੇ ਕੇ ਸਾਥ ਜੋ ਲਗਣਾ ਲਗਾਣਾ ਕਰਨਾ ਹੈ ਬੜੇ ਕਰੜੇ ਕੁਚਾਂ ਵਾਲੀ ਇਸਤ੍ਰੀ ਕੋ ਤਿਸਕੇ ਸੰਬੰਧ ਕਾ ਜੋ ਸੁਆਦ ਹੈ ਸੋ ਭੀ ਚਿਰਕਾਲ ਨਹੀਂ ਰਹਿਤਾ ਹੈ। ਮਨੁਖ ਸਰੀਰ ਕੋ ਪਾਇਕਰ ਹੇ ਪੁਰਸ਼ੋ ਪਦਾਰਥਾਂ ਕੋ ਝੂਠਾ ਸਮਝ ਕੇ ਆਪਨੇ ਸ੍ਵਰੂਪ ਕੇ ਪਛਾਨਣੇ ਕੀ ਤਰਫ ਚਿਤਕੋ ਕਰੋ। ਅਰ ਸੰਸਾਰ ਸਮੁੰਦ੍ਰ ਜੋ ਜਨਮ ਮਰਨਕੇ ਭੈਕੋ ਦੇਨੇ ਹਾਰਾ ਹੈ ਸੋ ਤਰੋ। ਬੜਾ ਸ੍ਰੇਸ਼੍ਰ ਮਨੁਖਾ ਸਰੀਰ ਰੂਪੀ ਸਮਾ ਵਜਰਥ ਬੀਤਤਾ ਜਾਤਾ ਹੈ॥੭॥ ਨਨੂ॥ ਕੌਨ ਅਵਸਥਾ ਮੇਂ ਤਰਨੇ ਕਾ ਜਤਨ ਕਰਨਾ ਚਾਹੀਏ॥ ਉੱਤਰ॥

**ਸਵੈਯਾ॥ ਨਿਜ ਦੇਹ ਅਰੋਗ ਸੁਭੋਗ ਲਖੋ ਨ ਪਿਖੋ ਜਬ ਤੀਬ੍ਰ ਸਮੀਪੁ ਜਰਾ। ਗੁਣ ਮੋ ਸ਼ਕਤੀ**

Sri Satguru Jagjit Singh Ji eLibrary NamdhariElibrary@gmail.com

**ਜਬਲੌ ਨ ਗਤੀ ਦਰਸੌਨ ਹਤੀ ਜੋ ਸਬੀ ਉਮਰਾ ॥ ਨਿਜ ਸ਼੍ਰੇਯ ਨਿਮਿੱਤ ਅਮਿੱਤ ਕਰੋ ਪੁਰਖਾਰਥ ਕੋ ਸੁ ਨਰੋ ਉਚਰਾ ॥ ਜਰਤੇ ਗ੍ਰਹਕਾਰਣ ਕੂਪ ਖਨੇ ਵਹੁ ਉਦਮ ਤੋ ਅੰਧਕੂਪ ਪਰਾ ॥ ੯ ॥**

ਟੀਕਾ—ਹੇ ਪੁਰਸ਼ੋ ਜਬ ਪ੍ਰਯੰਤ ਆਪਨੀ ਦੇਹ ਅਰੋਗ ਦੇਖਤੇ ਹੋ ਅਰ ਸ੍ਰਿਸ਼ਟ ਭੋਗ ਭੀ ਇਸਤ੍ਰੀਆਦਿ ਸਮੀਪ ਦੇਖਤੇ ਹੋ। ਅਰ ਬ੍ਰਿਧ ਅਵਸਥਾ ਭੀ ਨਹੀਂ ਆਈ ਜਿਨਾ ਪ੍ਰਯੰਤ ਅਰ ਨੇਤ੍ਰਾਦਿ ਇੰਦ੍ਰੀਆਂ ਕੀ ਸਮਰਥਾ ਭੀ ਨਾਸ਼ ਨਹੀਂ ਹੈ। ਪੁਨਾ ਉਮਰ ਭੀ ਸਾਰੀ ਨਾਸ਼ ਨਹੀਂ ਹੋਈ ਹੈ ਤਬ ਪ੍ਰਯੰਤ ਆਪਨੀ ਕਲਜਾਨ ਕੇ ਵਾਸਤੇ ਬਹੁਤ ਪੁਰਖਾਰਥ ਕਰੋ ਬਲ ਲਗਾਇ ਕਰ ਐਸੇ ਪੂਰਬ ਕ੍ਰਿਸ਼ਨ ਬਿਆਸਾਦਿ ਗੁਰ ਨਾਨਕ ਜੀ ਪ੍ਰਯੰਤ ਸ੍ਰਿਸ਼ਟ ਪੁਰਸ਼ੋਂ ਨੇ ਕਹਿਆ ਹੈ। ਭਾਵ ਯਹ ਕਿ ਇੰਦ੍ਰੀਆਂ ਮੇਂ ਬਲ ਭੀ ਹੈ ਅਰ ਇਸਤ੍ਰੀਆਦਿ ਪਦਾਰਥ ਭੀ ਹੈਂ ਤੌ ਭੀ ਇਨਕੋ ਤਿਆਗ ਕਰ ਆਪਨੀ ਮੁਕਤੀ ਕਾ ਯਤਨ ਕਰੋ। ਜੇਕਹੋ ਏਹ ਅਵਸਥਾ ਭੋਗ ਭੋਗਣੇ ਕੀ ਹੈ ਫੇਰ ਬ੍ਰਿਧ ਅਵਸਥਾ ਮੇਂ ਕਰ ਲੇਵੈਂਗੇ ਤੌ ਹੇ ਭਾਈ ਘਰ ਦੇ ਸੜਦਿਆਂ ਹੋਯਾਂ ਜੋ ਕੋਈ ਪੁਰਸ਼ ਖੂਹ ਪੁਟਨੇ ਕਾ ਉਦਮ ਅਗਨੀ ਬੁਝਾਨੇ ਵਾਸਤੇ ਕਰੇ ਤੌ ਤਿਸ ਪੁਰਸ਼ ਕਾ ਉਦਮ ਪਿਆ ਢੱਠੇ ਖੂਹੇ ਮੇਂ। ਖੂਹ ਪੁਟਨ ਸੇ ਪਹਲੇ ਹੀ ਘਰ ਨੇ ਸੜ ਜਾਣਾ ਹੈ ਤੈਸੇ ਬ੍ਰਿਧ ਅਵਸਥਾ ਆਵਨ ਥੀਂ ਪਹਲੇ ਹੀ

Sri Satguru Jagjit Singh Ji eLibrary NamdhariElibrary@gmail.com

ਮ੍ਰਿਤ ਆ ਗਈ ਤੌ ਨਰਕ ਦੁਖਸੇ ਕਿਸ ਉਦਮਕਰ ਬਚੇਂਗੇ। ਇਸਤੇ ਹੀ ਗੁਰੂਸਿਮ੍ਰਤੀ ਮੇਂ ਕਹਿਆ ਹੈ। "ਜੋ ਕਿਛੁਕਰਹਿ ਸੋਈ ਅਬ ਸਾਰ" ਹੇ ਪੁਰਸ਼ ਜੋ ਕੁਛ ਕਰ ਸਕਤਾ ਹੈਂ ਸੋ ਹੁਣ ਹੀ ਕਰ ਸਕਤਾ ਹੈਂ। ਫੇਰ ਨਹੀਂ ਹੋਵੇਗਾ॥੮॥ ਜੇ ਕਹੇਂ ਮੋਖ ਨਹੀਂ ਤੋ ਨਾ ਸਹੀ ਜਨਮ ਮੇਂ ਕਿਆ ਦੁਖ ਹੈ ਤੌ ਦਸੇ ਹੈ॥

**ਯਥਾ ਅਰਧ ਨਰਾਜਛੰਦ॥ ਅਮੇਧ ਕੁੱਖ ਮੈਂ ਮਹਾਂ। ਰੁਕੰਤ ਕਾਯ ਸੋ ਤਹਾਂ। ਬਿਰਾਜ ਮਾਨ ਹੋਇ ਹੈ। ਮਹਾਨ ਕਸ਼ਟ ਜੋਇ ਹੈ॥੯॥**

ਟੀਕਾ—ਹੇ ਮਿੱਤ੍ਰ ਐਸਾ ਦੁਖ ਜਨਮਕੇ ਆਦਮੇਂ ਹੋਵੇ ਹੈ॥ ਪਹਿਲੇ ਤੋ ਮਹਾਂ ਮਲੀਨ ਜੋ ਮਾਤਾਕਾ ਪੇਟਹੈ ਤਿਸਮੇਂਸਰੀਰ ਬੰਧਾ ਹੂਆ ਜਾਲੇਕਾ ਬਿਰਾਜਮਾਨ ਹੋਤਾਹੈਤੌਬੜਾਭਾਰੀਦੁਖ ਜੋ ਮਲ ਮੂਤ੍ਰਕੇਬੀਚਰਹਿਣੇਕਾ ਹੈ ਤਿਸਕੋ ਦੇਖੋਹੈਅਰ ਗੰਦਕੀ ਕੇ ਸਾਥ ਏਸਕਾ ਵਾਸਾ ਹੋਵੇ ਹੈ ਜਠਰ ਅਗਨੀ ਸਾੜੇ ਹੈ ਗਰਭਵਾਸੀਕੀੜੇਕਾਟੇਹੈਂਅਨੰਤਦੁਖਜਨਮਸੇਪਹਲੇਹੋਂਵੇਹੈਂ॥

**ਮੂਲ॥ ਜਬੈ ਪ੍ਰਸੂਤ ਵਾਉ ਤੇ। ਸ ਦੁਖਬਾਹਰਾ ਉਤੇ। ਕ੍ਰਿਮਾਦਿ ਗੰਦਕਾਦਿਤੇ। ਸਹੇ ਮਹਾਂ ਵਿਖਾਦਿਤੇ॥ ੧੦॥**

ਟੀਕਾ—ਜਬ ਮਾਤਾ ਕੇ ਗਰਭ ਥੀਂ ਪ੍ਰਸੂਤ ਵਾਯੂਕਰ ਬਾਹਰ ਆਵਤਾ ਹੈ॥ ਤਬ ਸਹਤ ਦੁਖਕੇ ਐਸੇ ਨਿਕਲਤਾਹੈਜੈਸੇ

Sri Satguru Jagjit Singh Ji eLibrary NamdhariElibrary@gmail.com

ਸੁਨਿਆਰ ਕੀ ਹੈਟੀ ਸੇ ਤਾਰ ਨਿਕਲਤੀ ਹੈ। ਬਾਹਰਆਇ ਕਰ ਮੱਖੀਆਂ ਆਦਿ ਕੀੜਿਆਂ ਕੇ ਕਾਟਨੇਕਾ ਦੁਖ ਤਥਾ ਮਲ ਮੂਤ੍ਰਕਾ ਦੁਖ ਸਹ ਰਹੇ ਹੈ। ਆਪਹੀ ਹੱਗ ਮੂਤ੍ਰ ਕਰ ਆਪਨੇ ਸਰੀਰਕੋ ਭਰ ਦੇਵੇਹੈ ਅਰ ਕੀੜੀਆਂ ਮੱਖੀਆਂ ਕਾਟੇ ਹੈਂ॥੧੦

**ਮੂਲ॥ ਪ੍ਰਹਾਰ ਮਾਤ ਤਾਤਕੀ। ਸਹੇ ਸਖਾਦਿ ਭ੍ਰਾਤਕੀ। ਸਿਸਾਦਿ ਮੌ ਅਨੰਤ ਹੀ। ਸਹੇ ਕਲੇਸ਼ ਜੰਤ ਹੀ॥ ੧੧ ॥**

ਟੀਕਾ—ਜਿਸ ਕਾਲ ਮੌ ਤੀਨ ਚਾਰ ਬਰਸ ਸੇ ਜਾਦਾ ਹੋਵੇਹੈ ਤੋ ਮਾਰ ਤਥਾ ਤਾੜਨਾ ਮਾਤਾ ਪਿਤਾ ਕੀ ਤਥਾ ਬੜੇ ਭਾਈ ਕੀ ਹੋਰ ਚਾਚੇ ਆਦਿ ਆਪਨੇ ਮਿਤ੍ਰੋਂ ਕੀ ਸਹਾਰੇਹੈ। ਇਸ ਪ੍ਰਕਾਰ ਕੇ ਅਨੇਕਾ ਹੀ ਦੁਖ ਪਰਦੀਨਤਾ ਆਦਿ ਛੋਟੀ ਸਿਸਨ ਅਵਸਥਾ ਥੀਂ ਲੈਕਰ ਬਾਲਕ ਅਵਸਥਾ ਤਕ ਜੀਵ ਸਹਾਰੇ ਹੈ। ਪਾਂਚ ਛੇ ਬਰਸ ਤਕ ਸਿਸਨ ਅਵਸਥਾ ਹੈ ਉਪਰੰਤ ਪੰਦ੍ਰਾਂ ਤਕ ਬਾਲਕ ਹੈ ਇਸਥੀਂ ਆਗੇ ਜੁਬਾ ਹੈ॥ ੧੧ ॥

**ਮੂਲ॥ ਪੁਨਾ ਜੁਵਾ ਵਿਖੇ ਜਬੇ। ਤ੍ਰਿਯਾ ਵਿਜੋਗ ਹ੍ਵੈ ਕਬੇ। ਅਨੰਤ ਕਸ਼ਟ ਜੋਇ ਹੈਂ। ਸਹੇ ਨ ਜਾਤ ਇਹੈਂ॥ ੧੨ ॥**

ਟੀਕਾ—ਪੁਨਾ ਜੁਆਨੀ ਅਵਸਥਾ ਮੇਂ ਕਬੀ ਇਸਤ੍ਰੀ ਕਾ ਵਿਛੋੜਾ ਹੋਜਾਵੇ ਤੋ ਅਨੰਤ ਦੁਖ ਕੋ ਦੇਖਤਾ ਹੈ ਜੋ ਕਿ ਸਹਾਰਿਆ

Sri Satguru Jagjit Singh Ji eLibrary NamdhariElibrary@gmail.com

ਨਹੀਂ ਜਾਤਾ ॥ ੧੨ ॥

**ਮੂਲ ॥ ਪੁਨਾ ਬਾਲਾਦਿ ਮੈ ਦ੍ਰਿਸੇ। ਨਿਰਾ-ਦਰਾਹਿ ਯੌ ਗ੍ਰਸੇ। ਅਵਾਚ ਦੁਖ ਗਾਵ ਹੈ। ਅਸਾਧੁ ਬ੍ਰਿਧ ਭਾਵਹੈ ॥ ੧੩ ॥**

ਟੀਕਾ—ਜਿਸ ਪ੍ਰਕਾਰ ਪੂਰਬ ਕੀਆ ਹੈ ਇਸ ਪ੍ਰਕਾਰ ਤੇ ਬਾਲਾਦਿ ਅਵਸਥਾ ਮੇਂ ਨਿਆਦਰਾਦਿ ਦੁਖੋਂ ਕਰ ਖਾਧਾ ਹੂਆ ਆਪਕੋ ਦੇਖਤਾ ਹੈ। ਪੁਨਾ ਤਿਸਥੀਂ ਪਾਛੇ ਜੋ ਦੁਖ ਕਥਨ ਨਹੀਂ ਕਰੇ ਜਾਤੇ ਤਿਨ ਦੁਖੋਂ ਕਾ ਗ੍ਰਾਮ ਕਿਆ ਘਰ ਬ੍ਰਿਧ ਸਰੂਪ ਹੈ ਜਿਸਕੇ ਦੂਰ ਕਰਨੇ ਕਾ ਯਤਨ ਨਹੀਂ ਹੈ। ਸੋ ਆਇ ਪ੍ਰਾਪਤਿ ਹੋਵੈ ਹੈ ਅਰ ਜਿਸਮੇਂ ਅਸੱਤਾ ਬਦਰਤਾ ਆਦਿ ਅਨੰਤ ਦੁਖਾਂ ਕੋ ਪਾਵੈ ਹੈ ॥ ੧੩ ॥

**ਚੌਪ ॥ ਤੀਨ ਅਵਸਥਾ ਤੀਨ ਕਾਲ ਮੇ। ਨਹਿੰ ਅਵਲੋਕਤ ਸੁਖ ਕਤ ਹੂੰਮੇ ॥ ਅਜਚੀਟੀ ਤੇ ਲੇ ਭਵ ਜੇਤੇ। ਸਰਬ ਦੁਖ ਕਰ ਸੰਯੁਤ ਤੇਤੇ ॥੧੪॥**

ਟੀਕਾ—ਬਾਲ ਬ੍ਰਿਧ ਜੁ ਬਾ ਤੀਨ ਜੋ ਅਵਸਥਾ ਹੈਂ ਅਰ ਭੂਤ ਭਵਿਖ੍ਯ ਵਰਤਮਾਨ ਤਿੰਨ ਜੋ ਕਾਲ ਹੈਂ ਇਨਮੇਂ ਰੰਚਕਮਾਤ੍ਰ ਭੀ ਸੁਖ ਮੈਨੇ ਨਹੀਂ ਦੇਖਿਆ ਕਹੀਂ ਭੀ। ਬ੍ਰਹਮਾ ਸੇ ਲੈਕਰ ਕੀੜੀ ਪ੍ਰਯੰਤ ਜਿਤਨੇ ਜਗਤ ਕੇ ਦੇਵਤਾਦਿ ਜੀਵ ਹੈਂ ਸਰਬ ਦੁਖ ਕੇ ਸਹਿਤ ਦੇਖੇ ਜਾਤੇ ਹੈਂ ॥ ਇਤਨੇ ਮੇਂ ਜਨਮ ਸੇ ਲੈਕਰ ਦੁਖ

Sri Satguru Jagjit Singh Ji eLibrary NamdhariElibrary@gmail.com

ਦਸਿਆ ਬ੍ਰਹਮਾ ਸੇ ਲੈਕਰ ਕੀੜੀ ਪ੍ਰਯੰਤ ॥ ੧੪ ॥

**॥ ਸੁਖ ਸਰੂਪ ਹੈ ਇਕ ਨਿਜਾਤਮ ॥ ਇਤਰ ਦੁਖ ਮੈ ਸਰਬਾਨਾਤਮ ॥ ਤਾ ਸੁਖ ਰਿਤੇ ਕਿਤੇ ਸੁਖ ਜੋਲਵ । ਤੌ ਤੁਮ ਭਨੋ ਜਨੋ ਨਿਜ ਅਨਭਵ ॥ ੧੫ ॥**

ਟੀਕਾ–ਹੇ ਲੋਕੋ ਸੁਖ ਸਰੂਪ ਏਕ ਆਪਨਾਆਪ ਹੈ।ਆਤਮਾ ਸੇ ਭਿੰਨ ਸਰਬ ਸੰਸਾਰ ਦੁਖ ਰੂਪ ਹੈ ਅਰ ਮਿੱਥਿਆ ਹੈ।ਤਿਸ ਆਤਮਾ ਬੀਂ ਬਿਨਾ ਜੋ ਸੁਖ ਕਿਧਰੇ ਜ਼ਰਾ ਮਾਤ੍ਰ ਭੀ ਹੈ ਤੌ ਤੁਮ ਆਪਨੇ ਮਨ ਬੁਧੀ ਦੁਆਰਾ ਦੇਖ ਕਰ ਕਹੋ ॥ ੧੫॥

**॥ ਜੋ ਤੁਮ ਸੁਖਕੇ ਪ੍ਰਾਪਤਿ ਕਾਰਨ। ਸਹੋ ਦੁੱਖ ਤੇ ਦੁਖਤਰ ਦਾਰਨ ॥ ਮਰਨ ਪ੍ਰਯੰਤ ਕਸ਼ਟ ਅਤਿ ਪਾਵੋ॥ ਸੁਖੀ ਸ੍ਰੈ ਮੁਖਤੇ ਕਬੀਨ ਗਾਵੋ॥ ੧੬ ॥**

ਟੀਕਾ–ਤੁਮ ਜੋ ਸੁਖ ਕੀ ਪ੍ਰਾਪਤੀ ਵਾਸਤੇ ਸਾਧਨ ਕਰਤੇ ਹੋ ॥ ਸਾਧਨ ਕਾਲ ਮੇਂ ਉਤਪੱਤ ਭਯਾ ਜੋ ਦੁਖ ਤਿਸ ਦੁਖਸੇ ਭੀ ਭਯਾਨਕ ਦੁਖ ਤਿਸਸੇ ਪਾਛੇ ਸਹਾਰੋ ਹੋਂ। ਪਹਲੇ ਤੋ ਪਦਾ-ਰਥ ਕੇ ਸਾਧਨ ਕਾਲਮੇਂ ਪ੍ਰਦੇਸਾਦਿਭੁਖ ਦੁਖ ਹੂਆ।ਤਿਸ ਪਦਾਰਥ ਕੇ ਨਾਸ਼ ਮੇਂ ਉਸਸੇ ਭੀ ਬੜਾ ਦੁਖ ਹੂਆ।ਇਸ ਪ੍ਰ-ਕਾਰ ਜਨਮ ਸੇ ਲੈਕਰ ਮਰਨ ਪ੍ਰਯੰਤ ਅਤੀ ਦੁਖ ਕੋ ਪਾਤੇ ਹੋ

Sri Satguru Jagjit Singh Ji eLibrary NamdhariElibrary@gmail.com

ਅਰ ਕਬੀ ਆਪਨੇ ਮੁਖ ਸੇ ਆਪਕੋ ਤੁਮ ਸੁਖੀ ਕਥਨ ਕਰਤੇ ਭੀ ਨਹੀਂ ਹੋ ॥ ੧੬ ॥ ਨਨੂ ॥ ਇਸ ਲੋਕ ਮੇਂ ਤੋ ਠੀਕ ਸੁਖ ਨਹੀਂ ਪ੍ਰੰਤੂ ਸ੍ਵਰਗਾਦਿ ਲੋਕੋਂ ਕੇ ਪਦਾਰਥੋਂ ਮੇਂ ਤੋ ਸੁਖ ਹੋਗਾ ॥ ਉਤਰ ॥

**ਦੋਹਾ ॥ ਜੇਤੇ ਸੁਖ ਸਤ ਲੋਕ ਲੌ ਤੇਤੇ ਦੇਤ ਕਲੇਸ਼। ਆਤਮ ਸੁਖ ਤੇ ਰਿਤੇ ਸੁਖ ਕਿਤੇ ਨਹੀਂ ਲਵਲੇਸ਼ ॥ ੧੭ ॥**

ਟੀਕਾ—ਇਸ ਅਰ ਸ੍ਵਰਗਲੋਕ ਥੀਂ ਲੈਕਰ ਬ੍ਰਹਮ ਲੋਕ ਪ੍ਰਯੰਤ ਜਿਤਨੇ ਪਦਾਰਥੋਂਕੇ ਸੁਖਹੈਂ ਤਿਤਨੇਹੀ ਦੁਖ ਦੇਨੇਹਾਰੇ ਹੈਂ। ਆਤਮ ਸੁਖਸੇ ਬਿਨਾ ਕਿਤੇ ਭੀ ਸੁਖ ਨਹੀਂ ਹੈ ਜਰਾਮਾਤ੍ਰ ॥ ਨਨੂ ॥ ਬ੍ਰਹਮਲੋਕਕੇ ਭੋਗ ਸੱਤ ਹੈਂ ਤਥਾ ਸੁਖ ਰੂਪ ਹੈਂ ਤਿਨਮੇਂ ਦੁਖਕੀ ਪ੍ਰਾਪਤੀ ਕੈਸੇ ਕਥਨ ਕਰੀ ਹੈ ॥ ਉਤਰ॥ ਜੋ ਸੱਤ ਵਸਤੂ ਹੋਵੇ ਹੈ ਸੋ ਸਦਾ ਇਕ ਰਸ ਰਹੇ ਹੈ ਅਰ ਸਰਬ ਕੇ ਸਮਾਨ ਹੋਵੇ ਹੈ ਜੈਸੇ ਚੇਤਨ ਸਮਾਨ ਇਕ ਰਸ ਹੈ ॥ ਐਸੇ ਬ੍ਰਹਮ ਲੋਕ ਕੇ ਪਦਾਰਥ ਐਸੇ ਹੈਂ ਨਹੀਂ। ਅਰ ਚੇਤਨ ਸੇ ਭਿੰਨ ਹੋਰ ਕੋਈ ਵਸਤੂ ਸਤ ਤਥਾ ਸੁਖਰੂਪ ਹੈ ਨਹੀਂ ਏਹਵੇਦ ਕਾ ਸਿਧਾਂਤਹੈ ਸੋਦਿਖਾਵੇਹੈਂ। ਬ੍ਰਹਮਲੋਕਮੇਂ ਚਾਰ ਪ੍ਰਕਾਰਕੇ ਅਧਿਕਾਰੀ ਪੁਰਸ਼ ਵਸੇ ਹੈਂ। ਏਕ ਸਮੀਪ ਵਰਤੀ ਹੈਂ ॥ ਏਕ ਸਲੋਕ ਵਾਸੀ ਹੈਂ। ਏਕਨ ਕਾ ਹਰੀ ਸਮਾਨ ਸਰੂਪਹੈ। ਏਕਨ ਕੀ ਹਰੀ ਸਮਾਨ ਵ੍ਰਿਤੀਹੈ ਪਾਲਨਾਦਿਸੇ ਬਿਨਾ ਜੋ ਸਮੀਪ

Sri Satguru Jagjit Singh Ji eLibrary NamdhariElibrary@gmail.com

ਵਰਤੀਹੈਂ ਸੋ ਹਰੀਸਮਾਨ ਸਰੂਪ ਹੈਂਜਿਨਕਾ ਤਿਨਕੋ ਦੇਖਕਰ ਜਲੇਂਹੈਂ। ਅਰ ਜੋ ਸਲੋਕਵਾਸੀਹੈਂ ਸੋ ਹਰੀਸਮਾਂਨ ਵਿਭੂਤੀ ਹੈ ਜਿਨਕੀ ਤਿਨ ਕੋ ਦੇਖ ਕਰ ਜਲੇਂ ਹੈਂ ਅਰ ਹਰੀ ਸਮਾਨ ਸ੍ਰੂਪ ਹੈ ਜਿਨਕਾ ਸੋ ਹਰੀ ਸਦਾ ਰਸ ਵਿਭੂਤੀ ਹੈ ਜਿਨਕੀ ਤਿਨ ਕੋ ਦੇਖ ਕਰ ਤਿਨ ਸਮਾਨ ਵਿਭੂਤੀ ਕੀ ਇਛਾ ਕਰੇ ਹੈ॥ ਅਰ ਹਰੀਸਮਾਨ ਵਿਭੂਤੀਹੈ ਜਿਨਕੀ ਸੋ ਹਰਿਸਮਾਨ ਸਰੂਪ ਕੀ ਇੱਛਾ ਕਰੈਂ ਹੈਂ। ਇਸ ਪਰਕਾਰ ਪਰਸਪਰ ਆਪਨੇ ਸੇ ਅਧਕਕੋ ਦੇਖਕਰ ਵਾ ਆਪਨੇ ਪਾਸ ਜੋ ਪਦਾਰਥ ਨਹੀਂਹੈ ਤਿਸਕੋ ਦੂਸਰੇ ਪਾਸ ਦੇਖਕਰ ਜੋ ਦੁਖ ਹੋਵੇ ਹੈ ਸੋ ਪਦਾਰਥ ਦੇਖਕਰ ਹੋਵੈਹੈ ਯਾਂਤੇ ਪਦਾਰਥੋਂਮੇਂ ਕਲੇਸ਼ਹੈ ਇਸ ਪ੍ਰਕਾਰ ਸਤਸਲੋਕ ਕੇ ਪਦਾਰਥ ਭੀ ਦੁਖਦਾਇਕ ਹੈਂ॥ ਅਰ ਸਰਬ ਕੇ ਪਦਾਰਥ ਏਕਰਸ ਭੀ ਨਹੀਂ ਹੈਂ ਨਯੂਨ ਅਧਿਕਹੈਂ ਇਸਤੇ ਨਾਸ਼ੀ ਹੈਂ। ਐਸੇ ਜਾਣੀਐ ਇਸ ਤੇ ਹੀ ਕਹਿਆ ਹੈ ਆਤਮ ਸੁਖ ਬਿਨਾ ਕਿਤੇ ਸੁਖ ਨਹੀਂ ਹੈ॥ ਯਥਾ॥ ਸ਼੍ਰੁਤੀ "ਤਰਤ ਸ਼ੋਕ ਆਤਮ ਵੇਤਾ" ਸ਼ੋਕਾਂਕੂ ਆਤਮਵੇਤਾ ਪੁਰੋਸ਼ ਤਰੇ ਹੈ॥ ੧੭॥ ਪੁਨਾ ਆਯੂ ਸਹਿਤ ਪਦਾਰਥਾਂ ਕੋ ਖਿਣ ਭੰਗਰ ਦਸਕਰ ਉਪਦੇਸ਼ਦੇਵੇ ਹੈਂ॥ ਯਥਾ॥

**ਨੀਲ ਛੰਦ॥ ਮੇਘ ਵਿਤਾਨ ਸਮਾਨ ਵਿਖੇ**
**ਚਪਲਾਚਲ ਜਿਸੇਂ॥ ਹੈ ਸਬਦਾਦਿਕ ਭੋਗ**
**ਸਬੇ ਅਤਿ ਚੰਚਲ ਤਿਸੇਂ॥ ਮੰਕਟ ਬਾਰਿਦ**

Sri Satguru Jagjit Singh Ji eLibrary NamdhariElibrary@gmail.com

**ਬਿੰਦ ਵਿਖੇਜਲ ਵਾਯੂ ਹਰੇ॥ ਕਾਲਤਥਾ ਸਬ ਜੀਵਨ ਕੀ ਹਤ ਆਯੂ ਕਰੇ॥ ੧੮॥**

ਟੀਕਾ—ਚੰਦੋਏ ਕੇ ਸਾਮਾਨ ਬੱਦਲ ਹੋ ਜਾਤੇ ਹੈਂ ਬਰਸਨ ਕਾਲ ਮੇਂ ਤਿਨਕੇ ਵਿਖੇ ਜੈਸੇ ਬਿਜਲੀ ਚੰਚਲ ਹੋਤੀ ਹੈ ਤੈਸੇ ਅਤੀਕਰ ਚੰਚਲ ਪਦਾਰਥਹੈਂ ਸ਼ਬਦ ਸਪਰਸ਼ ਰੂਪ ਰਸਾਦਿ॥ ਜੈਸੇ ਸਮੂਹ ਬੱਦਲ ਇਕੱਠੇ ਹੋਤੇ ਹੈਂ ਵਸਨੇਕਾਲ ਮੇਂ ਤੋ ਪਵਣ ਵਗਕਰ ਤਿਨਕੇ ਜਲ ਕਾ ਨਾਸ਼ ਕਰੇ ਹੈ ਵੱਸਣ ਨਹੀਂ ਦੇਵੇ ਹੈ ਬਦਲਾਂ ਕੋ ਉਡਾ ਲੈ ਜਾਵੇ ਹੈ ਤੈਸੇ ਕਾਲ ਸਰਬ ਜੀਵਾਂ ਕੀ ਆਯੂ ਕੋ ਨਾਸ਼ ਕਰ ਰਹਿਆ ਹੈ॥ ੧੮॥

**ਭੋਗਨ ਕਾਜ ਲਡਾਵਤ ਜੋਜਨ ਜੋਬਨਕੋ॥ ਲੋਲ ਕਲੋਲ ਸਮਾਨ ਸ੍ਵਭਾਵ ਲਖੋ ਤਿਨਕੋ॥ ਵਿਸ੍ਵ ਸਮਸਤ ਵਿੰਨਸੁਰ ਸੋਧ ਤੁਰੰਤਨਰੋ। ਜੋ-ਗਵਿਖੇਨਿਜਚਿੱਤ ਅਰੋਪਨ ਨਿੱਤਕਰੋ॥ ੧੯॥**

ਟੀਕਾ—ਕਾਲ ਕੋ ਨਾ ਜਾਣਕੇ ਜੋ ਪੁਰਸ਼ ਭੋਗ ਭੋਗਨੇ ਵਾਸਤੇ ਪਾਲਤੇ ਹੈਂ ਅਪਨੀ ਯਬਾ ਅਵਸਥਾ ਕੋ, ਜਲ ਕੇ ਤਰੰਗੋਂ ਵਤ ਤਿਨਕਾ ਸੁਭਾਵ ਚੰਚਲ ਜਾਣਿਆ ਜਾਤਾਹੈ॥ ਹੇ ਪੁਰਸ਼ੋ ਸਰਬ ਸੰਸਾਰ ਕੋ ਨਾਸ਼ ਰੂਪ ਵਿਚਾਰ ਕਰ ਨਿੱਤਜਮ ਪ੍ਰਤੀ ਆਪਨੇ ਚਿੱਤ ਕਾ ਜੋਗ ਮੇਂ ਲਗਾਣਾ ਸ਼ੀਘਰ ਕਰੋ॥ ੧੯॥

**ਦੋਹਾ॥ ਧੀਰਜ ਕਰਕੇ ਸਿੰਧ ਜੋ ਸੁਭਗ**

Sri Satguru Jagjit Singh Ji eLibrary NamdhariElibrary@gmail.com

**ਸਮਾਧਿਤੁਰੰਗ ॥ ਤਾਂਮੈ ਅਰਪੋਮਨ ਜਨੋ ਪੁਨਾ ਜਨਮ ਹ੍ਵੈ ਅੰਤ ॥ ੨੦ ॥**

ਟੀਕਾ—ਸ਼ਨੇ ਸ਼ਨੇ ਕਰਕੇ ਪ੍ਰਾਪਤੀ ਹੋਨੇਵਾਲੀ ਜੋ ਸਰਿਸਟ ਸਮਾਧੀ ਹੈ ਤਿਸ ਮੇਂ ਜਲਦੀ ਮਨ ਕਾ ਲਗਾਨਾ ਕਰੋ। ਹੇ ਪੁਰਸ਼ੋ ਹੋਰ ਜੋ ਜਨਮ ਪਾਨਾ ਹੈ ਤਿਸ ਕਾ ਨਾਸ਼ ਹੋ ਜਾਵੈਗਾ ॥ ੨੦ ॥

**ਚੌਪਈ ॥ ਵਿਖੇ ਭੋਗ ਜੋ ਅਨਿਕ ਪ੍ਰਕਾਰੇ ॥ ਦੁਖਦ ਸਰੋਗ ਵਿਨਸ੍ਵਰ ਸਾਰੇ॥ ਏਤਤ ਹੀ ਭਵ ਰੂਪ ਨਿਹਾਰੋ॥ ਬਿਨਾ ਭੋਗ ਸੰਸਾਰ ਅਸਾਰੋ॥੨੧**

ਟੀਕਾ—ਅਨੇਕ ਪ੍ਰਕਾਰ ਕੇ ਜੋ ਭੋਗ ਰੂਪ ਵਿਸ਼ੇ ਹੈਂ ਸੋ ਦੁਖ ਦੇਨੇ ਹਾਰੇ ਹੈਂ ਅਰ ਸਹਤ ਰੋਗ ਕੇ ਹੈਂ ਪੁਨਾ ਨਾਸ਼ ਰੂਪ ਹੈਂ ਸਭੀ, ਏਹ ਹੀ ਸੰਸਾਰ ਕਾ ਰੂਪ ਜਾਨਣਾ ਕਰੋ ਵਿਸ਼ਿਆਂ ਬਿਨਾ ਹੋਰ ਸੰਸਾਰ ਕੋਈ ਨਹੀਂ ਹੈ। ਜੋ ਵਿਸ਼ਿਆਂ ਬਿਨਾਂ ਸੰਸਾਰ ਨਹੀਂ ਅਰ ਸੋ ਵਿਸ਼ੇ ਜਨਮ ਮਰਨ ਰੂਪ ਦੁਖ ਕੇ ਤਥਾ ਨਰਕਾਂ ਰੂਪੀ ਰੋਗ ਕੇ ਸਹਤ ਹੈਂ ॥ ੨੧ ॥

**ਤਉਕਤ ਹੇਤ ਜਗਤ ਕ੍ਰਿਤ ਅੰਤਰ। ਕੀਟ ਕਪਨ ਵਤ ਭ੍ਰਮਤ ਨਿਰੰਤਰ। ਰੇ ਲੋਕੋ ਅਵਿਲੋਕੋ ਨਾਹੀਂ। ਸਿਰ ਪਰ ਕਾਲ ਬਾਣ ਕਰ ਮਾਹੀਂ ॥ ੨੨ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਤਉ ਤੁਸੀ ਕਿਸ ਵਾਸਤੇ ਸੰਸਾਰ ਵਿਵਹਾਰਾਂ ਮੈ ਕੀੜੇ ਤਥਾ ਬਾਂਦਰ ਕੀ ਨਿਆਈਂ ਭਰਮ ਰਹੇ ਹੋ ਇਕ ਰਸ ਦਿਨ ਅਰ ਰਾਤ, ਹੇ ਲੋਕੋ ਐਸੇ ਸੰਸਾਰ ਵਿਵਹਾਰ ਮੈ ਮਸਤ ਹੋ ਰਹੇ ਹੋ ਜੋ ਦੇਖਤੇ ਨਹੀਂ ਸਿਰਪਰ ਕਾਲ ਖੜਾ ਹੈ ਹਥ ਮੇਂ ਬਾਣ ਪਕੜ ਕੇ ਤੁਮਾਰੇ ਨਾਸ਼ ਕਰਨੇ ਕੋ ॥ ੨੨ ॥

**ਖਿਨ ਮਹਿ ਪ੍ਰਾਣ ਹਾਣ ਕਰ ਡਾਰੇ। ਬਲੀ ਅਖੈਮੀ ਦਯਾ ਨ ਧਾਰੇ॥ ਤੁਮ ਨਿਸ ਦਿਨ ਅਘਓਘ ਕਮਾਤੇ। ਬਲ ਅਬਲਾਦਿ ਸ੍ਵਾਦ ਮਦਮਾਤੇ ॥ ੨੩ ॥**

ਟੀਕਾ—ਏਕ ਖਿਨ ਕਾਲ ਮੇਂ ਕਾਲ ਭਗਵਾਨ ਪ੍ਰਾਣ ਨਾਸ਼ ਕਰ ਦੇਵੇਗਾ। ਬਲ ਵਾਲਾ ਹੈ ਅਰ ਖਿਮਾ ਸੇ ਰਹਿਤ ਹੈ ਦਯਾ ਕਬੀ ਕਰਦਾ ਹੀ ਨਹੀਂ ਹੈ ਤੁਮ ਕਾਲ ਕੋ ਨਾ ਜਾਣ ਕੇ ਦਿਨ ਰਾਤ ਅਨੇਕ ਪ੍ਰਕਾਰ ਕੇ ਪਾਪ ਕਰ ਰਹੇ ਹੋ ਅਪਨੇ ਬਲ ਕੇ ਮਦ ਕਰ ਇਸਤ੍ਰੀ ਕੇ ਰਸ ਮੇਂ ਮਸਤ ਹੋਏ ਹੋਏ ॥ ੨੩ ॥

**ਜਾਨੋਮਨਮੋ ਮਰਨੋਸਾਚੋ। ਤਉਕਤ ਹੇਤਬ੍ਰਿਥਾ ਭਵਰਾਚੋ। ਭਾਂਤਿ ਭਾਂਤਿ ਭਵ ਚੇਸ਼੍ਰਾ ਕਰਕੇ, ਲਹੋ ਕਦਾਚਿਤ ਸ਼ਾਂਤਿ ਨ ਮਰ ਕੇ ॥ ੨੪ ॥**

ਟੀਕਾ—ਜੇ ਤੁਮ ਜਾਣਤੇ ਹੋ ਅਪਨੇ ਮਨ ਮੇਂ ਕਿ ਮਰਨਾ ਸਚਾ

Sri Satguru Jagjit Singh Ji eLibrary NamdhariElibrary@gmail.com

ਹੈ ਅਰ ਜੀਵਨਾ ਝੂਠਹੈ ਤੋ ਕਿਸ ਵਾਸਤੇ ਵਿਅਰਥ ਸੰਸਾਰਕੇ ਕਾਰਯਾਂ ਮੈ ਲਗਰਹੇਹੋ ਇਨਕੋ ਕਿਸੀ ਨੇ ਪੂਰਾ ਨਹੀਂ ਕੀਆ ਏਹ ਘਟ ਹੀਹੈ, ਨਾਨਾ ਪ੍ਰਕਾਰ ਕੀ ਸੰਸਾਰ ਲੀਲਾਮੇਂ ਲਗ ਕਰ ਮਰਕੇ ਭੀ ਸ਼ਾਂਤਿ ਕੋ ਨਾ ਪ੍ਰਾਪਤ ਹੋਵੋਗੇ ਕਦਾਚਿਤ, ਜੇ ਕਹੇਂ ਜੈਸੇ ਆਪ ਕਹਿਤੇ ਹੋ ਸੋ ਠੀਕ ਹੈ ਤੋ ਕਹੇ ਹੈਂ ॥ ੨੪॥

**ਮਮ ਬਚਨਨ ਮਹਿ ਤਵ ਸਰਧਾ ਜਬ। ਦੂਰ ਸੰਕਲਪ ਵਿਕਲਪ ਤਜੋ ਤਬ। ਆਸਾ ਪਾਸ ਬਹੁਤ ਬਿਧ ਕੀਜੈ। ਤਾਸ ਨਿਵਾਸ ਨ ਉਰਮੈ ਦੀਜੈ ॥ ੨੫ ॥**

ਟੀਕਾ—ਹੇ ਭਾਈ ਜੇ ਕਰ ਮੇਰੇ ਕਹਿਣ ਪਰ ਤੁਮਾਰਾ ਯਕੀਨਹੈ ਤੋ ਖੋਟੇ ਸੰਕਲਪ ਵਿਕਲਪ ਤਿਆਗੋ ਖੋਟੀਆਂ ਦਲੀਲਾਂ ਨ ਕਰਿਆ ਕਰੋ ਅਰ ਬਹੁਤ ਪ੍ਰਕਾਰ ਕਾ ਯਤਨ ਕਰਕੇ ਭੀ ਤ੍ਰਿਸ਼ਨਾ ਕਾ ਤਿਆਗ ਕਰੋ ਏਹ ਫਾਹੀ ਰੂਪਹੈ। ਤਿਸ ਖਾਹਸ਼ਕੋ ਹਿਰਦੇ ਵਿਚ ਰਹਿਣ ਨਾ ਦੇਵੋ ॥ ੨੫॥

**ਰਜੋ ਤਮੋ ਮੈਧੀਸੁ ਬ੍ਰਿਤੀ ਲਖ। ਕਰੋ ਤਾਸ ਕੋ ਨਾਸ ਫਾਸ ਲਖ। ਨਿਰਮਲ ਸਤੋ ਬ੍ਰਿਤ ਸੋਂ ਮਿਲਕਰ। ਨਰੋ ਕਰੋ ਤੁਮ ਮਨ ਨਿਰ-ਮਲ ਤਰ ॥ ੨੬ ॥**

ਟੀਕਾ—ਬੁਧੀਕੀ ਬ੍ਰਿਤਿ ਜਿਸਕੋ ਦਲੀਲ ਕਹਿਤੇ ਹੈਂ ਰਜੋ

Sri Satguru Jagjit Singh Ji eLibrary NamdhariElibrary@gmail.com

ਗੁਣ ਮੈ ਤਥਾ ਤਮੋਗੁਣ ਮੈ ਹੋਈ ਜਾਣਕਰ ਤਿਸ ਕਾ ਨਾਸ਼ ਕਰੋ ਵਾਹੀ ਰੂਪ ਜਾਣ ਕਰ, ਜੋ ਲਹੁਤ ਪ੍ਰਕਾਰਕੇ ਹਛੇ ਹਛੇ ਖਾਣੇ ਤਥਾ ਪਹਰਨੇਕੀਆਂ ਦਲੀਲਾਂ ਕਰਨੀਹੈਂ ਸੋ ਰਜੋਗੁਣੀ ਹੈ ਅਰ ਕਿਸੇਜੀਵ ਕੇ ਮਾਰਨੇਕੀ ਦਲੀਲਕਰਨੀ ਤਥਾ ਹੋਰ ਕਿਸੇ ਪ੍ਰਕਾਰਕੀ ਦੁਖਦੇਨੇ ਕੀ ਵਾ ਕ੍ਰੋਧਕੀ ਸਤੋਗੁਣੀਹੈ ਅਰ ਜਨਮ ਮਰਨ ਰੂਪ ਫਾਂਸੀਕੇ ਦੇਨੇਹਾਰੀ ਹੈ ਯਾਤੇ ਫਾਂਸੀ ਰੂਪ ਹੈ। ਰਜੋ ਤਮੋ ਸੇ ਰਹਿਤ ਜੋ ਸ਼ੁਧ ਸਤੋਗੁਣ ਵਾਲੀ ਬ੍ਰਿਤੀ ਹੈ ਤਿਸਕੇ ਸਾਥ ਮਿਲਕਰ ਹੇ ਪੁਰਸ਼ੋ ਅਪਨੇ ਮਨ ਕੋ ਸ਼ੁਧ ਕਰੋ ਅਤਸੇਕਰਕੇ ਜਿਸਦਲੀਲ ਕਰ ਈਸ਼੍ਵਰਕਾ ਚਿੰਤਨ ਕਰਨਾ ਤਥਾ ਹੋਰ ਕੋਈ ਸ੍ਰੇਸ਼ਟ ਕਰਮ ਕਰਨਾ ਸ਼ਾਂਤਿ ਪੂਰਬਕ ਸੋ ਸਤੋਗੁਣੀ ਬ੍ਰਿਤੀਹੈ ਇਸ ਕਰ ਚਿੰਤ ਸਫਾ ਹੋ ਜਾਤਾਹੈ॥੨੬॥

**ਐਸੇ ਵਿਸਦ ਚਿੱਤਕੋ ਲੋਕੋ॥ ਸੱਮਜਕ ਨਿਜ ਸਰੂਪ ਮਹਿ ਰੋਕੋ। ਚਿਤ ਚੇਤਨ ਬਿੰਬ ਨਿਰ-ਮਲ ਤਾਂਤੇ। ਭਵਤ ਅਭੇਦ ਸਜਾਤੀ ਜਾਂਤੇ॥੨੭॥**

ਟੀਕਾ—ਐਸੇ ਸਤੋਗੁਣ ਸਹਤ ਸ੍ਰੇਸ਼ਟ ਕਰਮਾਂਕੋ ਕਰਤਿਆਂ ਹੋਇਆਂ ਜੋਵਸ਼ੇਸ਼ ਕਰਕੇ ਸ਼ੁਧਹੂਆਹੈ ਚਿੱਤ ਤਿਸ ਸਫ਼ਾ ਚਿਤ ਕੋ ਹੇ ਲੋਕੋ ਭਲੀ ਪ੍ਰਕਾਰ ਕਰ ਅਪਨੇ ਰੂਪ ਮੈ ਲਗਾਵਣਾ ਕਰੋ, ਖੋਟੀਆਂ ਦਲੀਲਾਂਨਾਲ ਮਿਲਕਰ ਚਿਤਖੋਟਾ ਮਲੂਮ ਹੋਤਾਹੈ। ਵਾਸਤਵ ਤੇ ਚਿਤ ਅਰ ਚੇਤਨ ਸਾਖੀ ਦੋਨੋਂ ਸ਼ੁਧ ਹੈਂ ਅਰ ਸਜਾਤੀ ਹੈਂ ਕਿਆ ਚਿੱਤ ਚੇਤਨਨਾਮ ਦੋਨੋਂ ਕਾ ਏਕ ਹੈਂ

Sri Satguru Jagjit Singh Ji eLibrary NamdhariElibrary@gmail.com

ਜਿਸਤੇ ਸਜਾਤੀ ਹੈਂ ਤਿਸਤੇ ਹੀ ਦੋਨੋਂ ਭੇਦ ਸੇ ਬਿਨਾ ਇਕਰੂਪ ਹੋ ਜਾਤੇ ਹੈਂ ਅਪਨੇ ਸਰੂਪਮੇਂ ਲਗਾਣੇ ਕਰ, ਈਹਾਂ ਚਿੰਤਨਾਮ ਚੇਤਨਸਾਖੀ ਆਤਮਾਕੇ ਆਭਾਸਕਾਹੈ ਸੋ ਆਭਾਸ ਨੂੰ ਧਰ ਚੇਤਨ ਰੂਪ ਹੈ। ਬਹੁਤੀਆਂ ਬ੍ਰਿਤੀਆਂ ਕਰ ਤਿਸਕਾ ਭੇਦ ਪਰਤੀਤ ਹੋਤਾਹੈ। ਅਸਲ ਤੇ ਬਿੰਬ ਪ੍ਰਤਿਬਿੰਬ ਕੀ ਨਿਆਈਂ ਏਕ ਹੈ ਪ੍ਰੰਤੂ ਸਜਾਤੀ ਬ੍ਰਿਤੀ ਕਰ ਏਕਤਾ ਕੀ ਪਰਤੀਤ ਸੋਂ ਸਖਿਆਤਤਾ ਹੋਵੇ ਹੈ। ਚੇਤਨ ਨਾਮ ਆਤਮਾ ਆਪਨੇ ਆਪ ਕਾ ਹੈ ਜੈਸੇ ਕੋਈ ਪੁਰਸ਼ ਕਹੇ ਹੈ ਕਿ ਮੇਰਾ ਮਨ ਕਿਧਰੇ ਚਲਾਗਿਆ ਥਾ। ਵਾ ਮੇਰੇ ਮਨ ਮੇਂ ਏਹ ਬਾਤਆਤੀ ਹੈ ਇਸ ਕਹਿਣੇ ਸੇ ਜੋ ਮਨ ਸੇ ਭਿੰਨ ਮੇਰਾ ਕਰ ਪ੍ਰਤੀਤ ਹੋਵੇ ਹੈ ਸੋ ਆਪਨਾ ਆਤਮਾ ਚੇਤਨ ਹੈ। ਐਸੇ ਜਾਣੀਏ ਹੈ॥ ੨੭॥

**ਭੇਦ ਸਜਾਤੀ ਪੁਨਾ ਵਿਜਾਤੀ। ਸੁਗਤਿ ਤ੍ਰਿਭੇਦ ਅਤੀਤ ਅਜਾਤੀ। ਤਾਂਤੇ ਤਾਂਮੋਂ ਬ੍ਰਿਤ ਸਜਾਤੀ। ਅਰਪੋ ਜਨੋ ਤੁਮੂੰ ਦਿਨ ਰਾਤੀ॥ ੨੮॥**

ਟੀਕਾ—ਪੁਨਾ ਆਪਨਾ ਆਤਮਾ ਕੈਸਾਹੈ ਜਿਸਕੇ ਸਦਰਸ਼ ਕੋਈਨਹੀਂ ਹੈ ਜੈਸੇ ਘੜੇ ਸਦ੍ਰਸ਼ ਘੜਾ ਹੈ। ਅਰ ਤਿਸਸੇ ਭਿੰਨ ਭੀ ਕੋਈ ਨਹੀਂ ਹੈ ਜੈਸੇ ਘੜੇਸੇ ਭਿੰਨ ਕਪੜਾਹੈ। ਅਰ ਸ੍ਵਗਤਿ ਭੇਦ ਜੋ ਹੈ ਜੈਸੇ ਅਪਨੇ ਸਰੀਰ ਕਾ ਰੰਗ ਗੋਰਾ ਕਾਲਾ ਤਥਾ ਹਥ ਪੈਰ ਸਿਰ ਆਦਿ ਸਰੀਰ ਮੇਂ ਹੈਂ ਤੈਸੇ ਅਪਨੇ ਆਤਮਾ ਕਾ ਕੋਈ ਰੂਪ ਉੱਚਾ ਲੰਮਾ ਮਧਰਾ ਤਥਾ ਕਾਲਾ ਗੋਰਾ ਰੰਗ ਵਾ ਸਿਰ

Sri Satguru Jagjit Singh Ji eLibrary NamdhariElibrary@gmail.com

ਪੈਰ ਹਥ ਨਹੀਂ ਹੈਂ॥ਐਸੇ ਸ੍ਵੈਗਤ ਭੇਦਸੇ ਭੀ ਰਹੇ ਹੈ ਜੋ ਆਪ-
ਨੇ ਮੈ ਪ੍ਰਾਪਤਿ ਹੋਵੇ ਭੇਦ ਜੈਸੇ ਹਥਾਂ ਪੈਰਾਂ ਕਾ ਹੈ ਸੋ ਸ੍ਵੈਗਤ ਕਹੀ-
ਤਾ ਹੈ ਸੋ ਆਪਨੇ ਆਤਮਸ੍ਵਰੂਪ ਮੇਂ ਨਹੀ ਹੈ। ਅਰ ਪੁਨਾ ਆ-
ਤਮਾ ਖਤ੍ਰੀ ਬ੍ਰਹਮਣਾਦਿ ਜਾਤੀ ਸੇ ਰਹਿਤ ਹੈ ਵਾ ਅਜਾਤ ਹੈ ਕਿ
ਆ ਜਨਮਿਆ ਹੋਇਆ ਨਹੀਂ ਹੈ ਕੋਈ ਇਸ ਕੀ ਉਤਪਤੀ
ਕਰਨੇਵਾਲਾ ਨਹੀਂ ਹੈ ਅਰ ਤੀਨ ਪ੍ਰਕਾਰ ਕੇ ਭੇਦ ਸੇ ਰਹਿਤ
ਹੈ॥ਤਾਂਤੇ ਹੇ ਪੁਰਸ਼ੋ ਤੁਸੀ ਸਜਾਤੀ ਬ੍ਰਿਤੀ ਜੋ ਹੈ ਅਹੰ ਬ੍ਰਹਮਾ-
ਸਮਈ ਸੋ ਤਿਸ ਮੇਂ ਲਗਾਵੋ ਦਿਨ ਰਾਤ ॥ ਨਨੂ ॥ ਸਜਾਤੀ
ਬ੍ਰਿਤੀ ਮੈ ਭੇਦ ਨਹੀਂ ਭੀ ਹੈ॥ਤਥਾਪੀ ਅਰਥ ਮੇਂ ਭੇਦ ਪ੍ਰਤੀਤ
ਹੋਵੇ ਹੈ ॥ ਅਹੰ ਨਾਮ ਆਤਮਾ ਕੋ ਸੋ ਵਿਅਸ਼ਟੀ ਸਰੀਰ ਮੈ
ਪਰਤੀਤ ਹੋਵੇ ਹੈ ਅਰ ਬ੍ਰਹਮ ਨਾਮ ਵਿਆਪਕ ਕੋ ਸੋ ਸਮਸ਼੍ਰੀ
ਮੈ ਬਹਾਜ ਪਰਤੀਤ ਹੋਵੇ ਹੈ ਤਿਨਕੀ ਏਕਤਾ ਕੈਸੇ ਹੈ ॥
ਉਤ੍ਰ ॥ ਬਾਹਰ ਜੋ ਅਪਨੇ ਸਰੀਰ ਸੇ ਭਿੰਨ ਸਮਸ਼ਟੀ ਪ੍ਰਤੀਤ
ਹੋਵੇ ਹੈ। ਸੋ ਭੀ ਏਕ ਏਕ ਕਰ ਭਾਸੇ ਹੈ ਜੈਸੇ ਕੀਰੀ ਹੈ ਹਾਥੀ
ਹੈ ਮੱਛ ਕੱਛ ਬ੍ਰਹਮਣ ਚੰਡਾਲਦਿ ਸਰਬ ਜੜ ਚੇਤਨ ਜੀਵ ਭੇਦ
ਦ੍ਰਿਸ਼ਟੀ ਕਰ ਭਿੰਨ ਭਿੰਨ ਵਿਅਸ਼ਟੀ ਪ੍ਰਤੀਤ ਹੋਵੇ ਹੈਂ। ਅਰ
ਭੇਦਕੋ ਤਿਆਗ ਕਰ ਸਮਸ਼ਟੀ ਕਹੀਏ ਹੈਂ। ਇਸ ਪਰਕਾਰ
ਸਮਸ਼ਟੀ ਚਰਾਚਰ ਮੈ ਜੋ ਬ੍ਰਹਮ ਹੈ ਸੋ ਹੰ ਰੂਪ ਅਸ ਕਿਆ ਹੈ
ਹੰ ਨਾਮ ਆਪਨੇ ਆਪਕੋ ਬ੍ਰਹਮ ਨਾਮ ਬ੍ਰਹਮਕੋ ਅਸ ਨਾਮ ਹੈ
ਕੇ, ਮਈ ਨਾਮ ਰੂਪਕੋ। ਅਰਥ ਹੰ ਬ੍ਰਹਮ ਰੂਪ ਹੈ ਬ੍ਰਹਮ ਹੰ
ਰੂਪ ਹੈ। ਗੁਰੂ ਸਿਮ੍ਰਤੀ ਮੈ ਭੀ ਐਸਾ ਲਿਖਾ ਹੈ ਸਿਖ ਨੇ ਪੂਛਾ

Sri Satguru Jagjit Singh Ji eLibrary NamdhariElibrary@gmail.com

ਹੈ ਗੁਰੂ ਜੀ ਸੋ ਸਰੀਰ ਮੇਂ ਜੀਵ ਹੈ ਵਾ ਈਸ਼੍ਵਰ ਹੈ ਤੋ ਗੁਰੂ ਜੀ ਨੇ ਉਤ੍ਰ ਦੀਆ ਹੈ। "ਜੀ ਅਪੀ ਅਜਾਨ ਉਨਹੀ ਘਟ ਮਾਂਹਿ ਜੀਅ ਕਿਪੀਅ" ਹੈ ਸਿਖ ਜੀਵ ਈਸ਼ਵਰ ਕੇ ਭੇਦ ਕੋ ਹਮ ਨਹੀਂ ਜਾਣਤੇ ਜੋ ਜੀਵ ਹੈ ਤੋ ਵੀ ਸਰੀਰ ਮੇਂ ਹੀ ਹੈ ਅਰ ਈਸ਼ਰ ਹੈ ਤੌ ਭੀ ਸਰੀਰ ਮੇਂ ਹੀ ਹੈ ਏਕਰੂਪ ਹੈ ਭੇਦ ਕੁਛ ਨਹੀਂ, ਯਥਾ ਸ਼੍ਰੁਤੀ "ਜੀਵਉਸਿਧਾ ਸਿਵਾ ਜੀਵਉ ਜੀਉ-ਕੇ ਵਲੋਂ ਸਿਵਾ" ਵਾ ਐਸੇ ਜਾਣੀਐ ॥

**ਜੀਵ ਈਸ਼ਕੋ ਭੇਦ ਨ ਭੇਰਾ। ਜਾਹਿੰ ਮਿਲੇ ਪੁਨ ਨਾਹਿੰ ਵਿਛੋਰਾ। ਸਕਲ ਕਾਮਨਾ ਤਿਆਗਾਦੀ ਨੇ। ਸਰਬ ਇੱਛਾ ਤਜ ਤਾਂਕੋ ਚੀਨੋ ॥ ੨੯ ॥**

ਟੀਕਾ—ਜੀਵ ਅਰ ਈਸਰ ਕਾ ਭੇਦ ਜ਼ਰਾ ਮਾਤ੍ਰ ਭੀ ਨਹੀਂ ਹੈ ਜਿਨਕਾ ਆਪਸ ਮੇਂ ਮਿਲ਼ਨੇ ਕਰ ਪੁਨਾ ਭੇਦ ਨਹੀਂ ਹੋਤਾ ਜੈਸੇ ਜਲ ਸਾਥ ਮਿਲ ਕਰ ਬੁਦਬੁਦਾ ਭਿੰਨ ਹੋਵੇ ਨਹੀਂ ਤੈਸੇ ਅਰ ਸਰਬ ਕਾਮਨਾ ਕੇ ਤਿਆਗ ਕੇ ਅਧੀਨ ਇਨਕਾ ਮਿਲਾਪ ਹੈ ਤਾਂਤੇ ਸਰਬ ਪ੍ਰਕਾਰ ਕੀ ਇੱਛਾ ਕੋ ਤਿਆਗ ਕਰ ਇਨ ਕੋ ਏਕ ਰੂਪ ਦੇਖੋ ॥ ੨੯ ॥

**ਧਾਤਨ ਮਾਹਿ ਨਿਜਾਤਮ ਸੁਖ ਕੋ। ਅਨੁਭਵ ਕਰੋ ਹਰੋ ਭਵ ਦੁਖ ਕੋ। ਮੋਰ ਗਿਰਾਮੇ ਤੋਰ ਸਨੇਹਾ। ਧਰੋ ਤਬੇ ਤੁਮ ਮਮ ਮਤਿ ਏਹਾ ॥੩੦**

ਟੀਕਾ—ਜੀਵ ਅਰ ਈਸ਼ਰ ਕਾ ਭੇਦ ਜ਼ਰਾ ਮਾਤਰ ਭੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਟੀਕਾ—ਇਸ ਮਨੁਖ ਸਰੀਰ ਮੇਂ ਅਪਨੇ ਆਤਮਾ ਕੇ ਦੁਖ ਮੋਖ ਕੋ ਸਾਖਜਾਤ ਕਰੋ ਕਿਆ ਲੈਣਾ ਕਰੋ ਅਰ ਸੰਸਾਰ ਕੇ ਦੁਖ ਰੂਪ ਪਦਾਰਥਾਂ ਕੋ ਤਿਆਗੋ, ਜੇ ਮੇਰੀ ਬਾਣੀ ਮੈ ਤੁਮਾਰਾ ਪ੍ਰੇਮ ਹੈ ਤੌ ਤੁਮ ਮੇਰੀ ਏਹ ਸਿਖਜਾ ਧਾਰਨ ਕਰੋ ਜੋ ਆਪਨੇ ਆਪ ਕੋ ਦੇਖਨੇ ਕੀ ਹੈ ॥ ੩੦ ॥

**ਦੋਹਾ ॥ ਵਿਖਮ ਦੁਖਦ ਖਿਣ ਭੰਗ ਮੈ ਭੋਗ ਰੂਪ ਸੰਸਾਰ । ਤਾਂਕੋ ਵਿਦ ਸੰਸਾਰ ਸਮ ਕੋਵਿਦ ਦੇਤ ਨਿਵਾਰ ॥ ੩੧ ॥**

ਟੀਕਾ—ਬੜੇ ਕਰੜੇ ਨਰਕ ਦੁਖ ਕੇ ਤਥਾ ਜਨਮ ਮਰਨ ਕੇ ਦੇਨੇਵਾਲਾ ਅਰ ਖਿਣਖਿਣ ਮੈ ਨਾਸ਼ਕੋ ਜੋ ਪ੍ਰਾਪਤ ਹੋ ਰਿਹਾ ਹੈ ਪਦਾਰਥਰੂਪ ਸੰਸਾਰ,ਇਸਸੰਸਾਰਕੋ ਸੰਸਾਰ ਜੋ ਨਦੀਆਂ ਮੇਂ ਹੋਤੇ ਹੈਂ ਤਿਨਕੀ ਨਿਆਈਂ ਦੁਖਦਾਂਈ ਜਾਣਕਰ ਸਿਆਣੇਪੁਰਸ਼ ਜੋ ਵਿਦਵਾਨਹੈਂ ਸੋ ਤਿਆਗ ਦੇਤੇਹੈਂ ॥੩੧॥

**ਸੈਯਾ ॥ ਜਬ ਹੋ ਬੁਧਿਵਾਨ ਪ੍ਰਮਾਨ ਭਵਾਨ ਤਬੀ ਤੁਤਬ੍ਰਹਮ ਕੋ ਧਜਾਨ ਧਰੋ। ਜੋ ਅਨੰਤ ਵਿਕਾਸ਼ ਪਰੰ ਅਜਰੰ ਤਤ ਲਾਭ ਤੇ ਆਨਨ ਲਾਭ ਪਰੋ। ਰੁਚਿ ਹੇਤ ਵਿਪਸ੍ਰਿਤ ਕੇ ਚਿਤ ਕੋ ਭਵ ਭੋਗ ਕਦਾਚਿਤ ਹੈ ਸਗਰੋ। ਜਨ**



Sri Satguru Jagjit Singh Ji eLibrary NamdhariElibrary@gmail.com

**ਨੀਚ ਕਰੇ ਰਤਿ ਬੀਚ ਇਨੇ ਅੱਗ ਤੱਗ ਬਿਖੇ ਇਤਨੋ ਅੰਤਰੋ॥ ੩੨ ॥**

ਟੀਕ—ਹੇ ਪੁਰਸ਼ੋ ਜਬ ਤੁਸੀ ਬੁਧੀਵਾਲੇਹੋ ਤਬ ਤਿਸ ਬ੍ਰਹਮ ਸਰੂਪ ਈਸ਼ਰ ਕਾ ਧਿਆਨ ਧਾਰਨਾ ਕਰੋ, ਜੋ ਈਸ੍ਵਰ ਅੰਤ ਸੇ ਰਹਿਤਹੈ ਅਰ ਪ੍ਰਕਾਸ਼ ਰੂਪ ਹੈ ਤੇ ਸਰਬਸੇ ਪਰੇਹੈ ਪੁਨਾ ਜਨਮ ਸੇ ਬਿਨਾ ਹੈ ਤਿਸਕੀ ਪ੍ਰਾਪਤੀ ਸੇ ਪਰੇ ਹੋਰ ਕੋਈ ਪ੍ਰਾਪਤਿ ਹੋਣੇਵਾਲੀ ਵਸਤੂ ਨਹੀਂ ਹੈ ਤਿਸ ਅੰਤਰਯਾਮੀ ਕੀ ਉਪਾਸਨਾ ਕੋ ਤਿਆਗ ਕਰ ਸਿਆਣੇਂ ਵਿਦਵਾਨ ਪੁਰਸ਼ ਕੇ ਚਿਤਕੀ ਪ੍ਰੀਤੀਕੇ ਹੇਤੂ ਸੰਸਾਰਕੇ ਸੰਪੂਰਨ ਪਦਾਰਥਹੈਂ ਕਦਾ ਚਿਤ ਕਿੰਤੂ ਨਹੀਂ ਹੈਂ।ਅਰਥ ਏਹ ਸਿਆਨਾ ਪੁਰਸ਼ ਪਦਾਰਥੋਂ ਮੇਂ ਪ੍ਰੀਤ ਨਹੀਂ ਕਰਤਾ ਅਰ ਈਸ੍ਵਰਕੇ ਚਰਨੋਂ ਮੈ ਪ੍ਰੀਤੀ ਕਰਤਾ ਹੈ। ਏਨ੍ਹਾਂ ਇਸਤ੍ਰੀ ਆਦਿ ਪਦਾਰਥਾਂ ਮੇਂ ਤਥਾ ਈਸ੍ਵਰ ਸੇ ਭਿੰਨ ਜੜ ਮੂਰਤੀ ਮੈ ਨੀਚ ਪੁਰਸ਼ ਪ੍ਰੀਤੀ ਕਰਤਾ ਹੈ ਮੂਰਖ ਵਿਖੇ ਅਰ ਸਿਆਣੇ ਵਿਖੇ ਇਤਨਾ ਹੀ ਭੇਦ ਹੈ॥ ੩੨॥

**ਤੋਟਕ ਛੰਦ॥ ਜੜ ਰੂਪ ਸਬੀ ਤਨ ਆਨ ਜਿਤੇ। ਜਿਨ ਮੈ ਨ ਸ਼ੁਭਾਸ਼ੁਭ ਗਿਆਨ ਕਿਤੇ। ਚਿਦ ਏਕ ਲਖੋ ਨਰਕੇ ਤਨ ਕੋ। ਜਿਸ ਮਾਹਿੰ ਲਖੇ ਸਤ ਚੇਤਨ ਕੋ॥ ੩੩॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਮਨੁਖ ਸਰੀਰ ਸੇ ਬਿਨਾਂ ਜਿੰਨੇ ਹੋਰ ਸਰੀਰ ਹੈਂ ਸੋ ਸਭੀ ਜੜ੍ਹ ਹੈਂ ਜਿਨ ਪਸ਼ੂ ਪੰਛੀਆਂ ਮੇਂ ਸ਼ੁਭ ਕਰਮ ਕਾ ਤਥਾ ਮਾੜੇ ਕਾ ਵਿਚਾਰ ਨਹੀਂ ਹੈ ਕਿਸੇ ਜੂੰਨੀ ਮੈ ਭੀ, ਚੇਤਨ ਰੂਪ ਕਿਆ ਹੁਸ਼ਿਆਰ ਰੂਪ ਏਕ ਮਨੁਖ ਸਰੀਰ ਜਾਣੀਤਾ ਹੈ ਜਿਸ ਮੇਂ ਪੁਰਸ਼ ਸਤਚਿਤ ਰੂਪ ਪ੍ਰਮਾਤਮਾ ਕੋ ਜਾਣ ਸਕਦਾ ਹੈ ਇਸ ਸਰੀਰ ਕਰ ਚੇਤਨ ਜਾਣਿਆ ਜਾਤਾ ਹੈ ਇਸ ਕਰ ਏਸ ਕੋ ਚੇਤਨ ਰੂਪ ਕਹਿਆ ਹੈ ॥ ੩੩ ॥

**ਸੁਖ ਰੂਪ ਅਨੰਤ ਪਰੰਅਜਰੰ ॥ ਅਜ ਰੂਪ ਵਿਕਾਸ਼ ਅਨੂਪ ਰਰੰ ॥ ਸਮ ਏ ਦਸ ਲਖਣ ਆਤਮ ਕੇ ॥ ਅਧੁਨਾਰਥ ਭਾਖਤ ਹੈਂ ਤਿਨਕੇ ॥ ੩੪ ॥**

ਟੀਕਾ—ਜੋ ਸਤਿਚਿਤ ਰੂਪ ਹੈ ਸੋਈ ਸੁਖ ਰੂਪ ਹੈ ਅਰ ਅਨੰਤ ਹੈ ਸਰਬ ਕੇ ਪਰੇ ਹੈ ਜਨਮ ਸੇ ਰਹਿਤ ਹੈ ਅਨਾਦੀ ਹੈ ਕਿਆ ਆਦ ਸੇ ਬਿਨਾ ਹੈ ਪ੍ਰਕਾਸ਼ ਰੂਪ ਹੈ ਉਪਮਾ ਸੇ ਬਿਨਾ ਹੈ ਤਿਸਕੀ ਸੰਪੂਰਨ ਉਸਤਤੀ ਕੋਈ ਕਰ ਨਹੀਂ ਸਕਦਾ, ਅਰ ਸਾਰੇ ਸਮਾਨ ਵਿਆਪਕਹੈ ਏਹ ਦਸ ਚਿੰਨ ਹੈਂ ਆਪਣੇ ਸਰੂਪ ਕੇ, ਅਬ ਆਗੇ ਇਨ ਲੱਖਣੋਂ ਕੇ ਅਰਥ ਕਥਨ ਕਰਤੇ ਹੈਂ ਭਿੰਨ ਭਿੰਨ ਕਰ ॥ ੩੪ ॥

**ਵਹਸੰਤਿ ਤ੍ਰਿਕਾਲ ਅਬਾਧਜੁ ਹੈ। ਇਨ ਮੇਂ**

Sri Satguru Jagjit Singh Ji eLibrary NamdhariElibrary@gmail.com

**ਸ਼੍ਰੁਤਿ ਲੋਕਕ ਮਾਨਦੁਹੈ ॥ ਸ਼੍ਰੁਤਿਵਾਕਸਦੇਵ ਇਤਾਦਿਵਰਰੇ ॥ ਜਨ ਜੇ ਜਨੋਮਾਂਤਰ ਕਾਮ ਕਰੇ ॥੩੫ ॥**

ਟੀਕਾ—ਵਹੁ ਆਤਮਾ ਅਪਨਾ ਆਪ ਸੱਤ ਤਾਂ ਇਸ ਕਰਕੇ ਹੈ ਕਿ ਤਿੰਨਾ ਕਾਲਾਂ ਮੇਂ ਇਸਕਾ ਨਾਸ਼ ਨਹੀਂ ਹੋਤਾ ਨਾ ਪਿਛੇ ਨਾਸ਼ ਹੂਆ ਹੈ ਨਾ ਅਬ ਨਾਸ਼ ਹੈ ਨਾ ਆਗੇ ਨਾਸ਼ ਹੋਵੇਗਾ। ਇਸ ਮੇਂ ਦੋ ਪ੍ਰਮਾਣ ਹੈਂ ਕਿਆ ੬ ਗਾਹੀਆਂ ਦੋ ਹੈਂ। ਏਕ ਵੇਦ ਕੀ ਦੂਸਰੀ ਸਭ ਸੰਸਾਰੀ ਜੀਵੋਂ ਕੀ, ਵੇਦ ਵਾਕ ਤੋ ਏਵ ਨਿਸ਼੍ਚੇ ਕਰੇ ਆਤਮਾ ਸੱਤ ਹੈ ਐਸੇ ਕਥਨ ਕਰੇ ਹੈਂ ਜੈਸੇ ਗੁਰੂ ਸਿਮ੍ਰਤੀ ਮੈ ਲਿਖਾ ਹੈ। "ਮਰਨਹਾਰ ਏਹ ਜੀਅੜਾ ਨਾਹੀ" ਪੁਨਾ ਗੀਤਾ ਮੈ ਕਹਿਆ ਹੈ। "ਨਾਜਾਏਤੇ-ਮ੍ਰਯਤੇ"। ਐਸੇ ਵੇਦ ਵਾਕਾਂ ਕਰਤਿ ਹੈ। ਪੁਨਾ ਲੋਕ ਕਹਿਤੇ ਹੈਂ ਕਿ ਜੋ ਪੁਰਸ਼ਨੇ ਪਿੱਛੇ ਕੀਆ ਹੈ ॥ ੩੫ ॥

**ਫਲਤਾਂ ਕ੍ਰਿਤਕੋ ਇਤਲੋਕ ਮਿਲੇ ॥ ਇਤਕੀ ਕਰਨੀ ਪਰਲੋਕ ਫਲੇ ॥ ਇਤਜੀਵਮਰੇ ਨਹਿਲੋਕ ਮਤੇ ॥ ਸਭ ਜੀਵ ਕੋ ਜੀਵ ਅਹੇ ਜਹਿੰਤੇ ॥ ੩੬ ॥**

ਟੀਕਾ—ਤਿਸਕਾ ਫਲ ਏਥੇ ਭੋਗਤਾ ਹੈ ਅਰ ਜੋ ਏਥੇ ਕਰੇ ਗਾ ਸੋ ਆਗੇ ਮਿਲੇਗਾ ਇਸ ਪ੍ਰਕਾਰ ਲੋਕਾਂ ਕੇ ਕਹਿਨੇ ਕਰ

Sri Satguru Jagjit Singh Ji eLibrary NamdhariElibrary@gmail.com

ਭੀ ਜੀਵ ਸੱਤਰੂਪ ਪ੍ਰਤੀਤ ਹੋਵੇ ਹੈ ਅਰ ਮਰੇ ਨਹੀਂ ਹੈ। ਕਿਉਂਕਿ ਪਿਛੇ ਭੀ ਤੌ ਹਰਿਆਹੈ ਅਬਹੈ ਤੌ ਕਰ ਰਹਿਆਹੈ ਭੋਗ ਰਹਿਆਹੈ। ਆਗੇ ਹੋਵੇਂਗਾ ਯਾਂਤੇ ਤ੍ਰੈਕਾਲ ਸੱਤ ਹੈ ਐਸੇ ਜਾਣੀਐ। ਸਰਬ ਕੇ ਸੂਖਮ ਸਥੂਲ ਸਰੀਰ ਕੋ ਚੇਤਨਤਾ ਹੈ ਜਿਸ ਚੇਤਨ ਆਤਮਾ ਕੀ ਇਸਤੇ ਸੋ ਆਤਮਾ ਆਪਨਾ ਸਰੂਪ ਚੇਤਨ ਰੂਪ ਹੈ ਸੋ ਆਗੇ ਦਸੰ ਹੈਂ ॥ ੩੬ ॥

**॥ ਮਨ ਧੀ ਤਨ ਲੌ ਜੜਰੂਪ ਸਬੀ। ਨ ਸੁਤੇ ਜਿਨਮੋ ਕਛੁਗਿਆਨ ਕਬੀ। ਇਕ ਚੇਤਨ ਤੇ ਸਬ ਚੇਤਨ ਹੈ ॥ ਇਤਹੇਤ ਚਿਦਾਤਮ ਧੀਰ ਲਹੈ ॥ ੩੭ ॥**

ਟੀਕਾ—ਆਪਨੇ ਚੇਤਨ ਸਰੂਪ ਬਿਨਾਂ ਮਨ ਬੁਧੀ ਸਰੀਰ ਥੀਂ ਲੈਕਰ ਸਰਬ ਇੰਦ੍ਰੇ ਜੜ ਹੈਂ। ਆਪਨੇ ਆਪ ਕਰ ਸੁਤੇ ਗਿਆਨ ਇਨਮੇਂ ਕਛੂ ਹੈ ਨਹੀਂ। ਜੇ ਕਬੀ ਸੁਤੇ ਗਿਆਨ ਇਨਮੇਂ ਹੋਵੇ ਤੌ ਦੂਸਰੇਕੇ ਵਿਸ਼ੇਕੋ ਭੀ ਪਛਾਣੇ ਸੋ ਪਛਾਣਤੇ ਹੈ ਨਹੀਂ ਜੈਸੇ ਸ਼੍ਰੋਤ੍ਰ ਰਸਕੋ ਨਹੀਂ ਜਾਣਤੇ ਰਸਨਾ ਸ਼ਬਦ ਕੋ ਨਹੀਂ ਜਾਨਤੀ ਪਰਸਪਰ ਆਪਸਮੇਂ ਕੋਈ ਕਿਸੇ ਵਿਸ਼ੇ ਕੋ ਜਾਣੇ ਨਹੀਂ ਹੈ ਯਾਂਤੇ ਸਭੀ ਜੜ ਰੂਪਹੈਂ। ਅਰ ਚੇਤਨਾਤਮਾ ਸਰਬਕੇ ਵਿਸ਼ੇਕੋ ਇੰਦ੍ਰਿਆਂ ਸਹਤ ਜਾਣੇਹੈ ਅਰ ਇਨ ਸਰਬ ਕੋ ਸੱਤਾ ਦੇਵੇਹੈ ਯਾਂਤੇ ਚੇਤਨਹੈ ਤਿਸ ਏਕ ਚੇਤਨ ਆਤਮਾ ਕਰ ਸਭਚੇਤਨਰੂਪਹੈਂ ਇਸ ਹੇਤੂ ਕਰ ਧੀਰਜਵਾਨ ਸਿਆਨੇ

Sri Satguru Jagjit Singh Ji eLibrary NamdhariElibrary@gmail.com

ਪੁਰਸ਼ ਆਤਮਾ ਕੋ ਚੇਤਨ ਰੂਪ ਜਾਨਤੇ ਹੈਂ ॥ ੩੭ ॥

**ਸੁਖ ਸਾਗਰ ਬ੍ਰਹਮ ਕੀ ਅੰਸ਼ ਕਨੀ ॥ ਅਨ ਸੂਤ ਤ੍ਰਿਲੋਕ ਬਿਖੈ ਸਘਨੀ। ਥਿਤ ਕੰਚਨ ਕੰਦ ਲੇ ਮਾਹਿੰ ਯਥਾ ॥ ਸਭ ਭੋਗਨ ਮੌ ਸੁਖ ਤਾਹਿੰ ਤਥਾ ॥ ੩੮ ॥**

ਟੀਕਾ–ਸੁਖਕਾ ਸਮੁੰਦ੍ਰ ਜੋ ਬ੍ਰਹਮ ਹੈ ਤਿਸ ਕੀ ਕਿਨਕਾ ਮਾਤ੍ਰ ਅੰਸ਼ ਰੂਪ ਜੋ ਚੇਤਨਤਾ ਹੈ ਜਿਸਕੋ ਜੀਵ ਕਹੀਤਾ ਹੈ। ਸੋ ਚੇਤਨਤਾ ਭੇਦ ਰਹਿਤ ਤਾਣੇ ਪੇਟੇ ਕੋ ਸੂਤਕੀ ਨਿਆਈਂ ਤਿੰਨਾ ਲੋਕਾਂ ਵਿਖੇ ਵਿਆਪਕ ਹੈ ਅੰਤਰ ਬਾਹਿਰ ਸਾਰੇ, ਜੈਸੇ ਸੁਵਰਨ ਕੀ ਤਾਰ ਕੰਦਲੇ ਕੇ ਅੰਤਰ ਬਾਹਿਰ ਸਮ ਸਥਿਤ ਹੋਵੇ ਹੈ ਤੈਸੇ ਸਰਬ ਭੋਗੋਂ ਮੇਂ ਜੋ ਸੁਖ ਪ੍ਰਤੀਤ ਹੋਵੇ ਹੈ ਸੋ ਸੁਖ ਸਰੂਪ ਬ੍ਰਹਮਾ ਭਿੰਨ ਆਤਮਾ ਕਾ ਹੈ। ਇਸਤੇ ਆਤਮਾ ਸੁਖ ਰੂਪਹੈ। ਯਥਾ ਸ਼੍ਰੁਤੀ "ਜੋਵਈਭੂਮਾਤਤਸੁਖੰ ਨਾ ਅਲਪੇ ਸੁਖ ਮਸਤੀ"। ਅਸੋਤੀ ਕਹੀਏ ਇਨ ਅਲਪਰੂਪ ਪਦਾਰਥਾਂ ਮੇਂ ਸੁਖ ਨਹੀਂ ਹੈ ਭੂਮਾ ਜੋ ਬ੍ਰਹਮ ਹੈ ਸੋ ਸੁਖ ਰੂਪ ਹੈ ॥ ੩੮ ॥

**ਤਿਹਤੇ ਨ ਰਿਤੇ ਸੁਖਨੈਕ ਕਿਤੇ। ਸੁਖ ਮੂਰਤਿ ਸ੍ਵਾਤਮ ਹੇਤ ਇਤੇ ॥ ਨ ਪ੍ਰਮਾਨ ਵਿਖੇ ਨਹਿ ਨਾਸ ਜਿਸੇ ॥ ਪਰਿਪੂਰਣ ਔ ਨਹਿ ਜੱਨਜ ਕਿਸੇ ॥ ੩੯ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਤਿਸਸੇ ਬਿਨਾ ਸੁਖ ਜਰਾਮਾਤ੍ਰ ਭੀ ਕਿਧਰੇ ਨਹੀਂ ਹੈ। ਇਸ ਹੇਤੂ ਕਰ ਆਪਣਾ ਆਤਮਾ ਸੁਖ ਰੂਪ ਹੈ। ਸਤ ਚਿਤ ਆਨੰਦ ਕਾ ਅਰਥ ਕਹਿਕੇ ਆਗੇ ਅਨੰਤ ਕਾ ਕਹਤੇ ਹੈਂ ਨਹੀਂ ਹੈ ਅੰਤ ਕੇ ਵਿਸ਼ੇ ਕਿਆ ਜਿਸ ਕਾ ਅੰਤ ਕਿਸੇ ਪ੍ਰਕਾਰ ਕਰ ਨਹੀਂ ਹੈ ॥ ਯਥਾ ਗੁਰੂ ਸਿਮ੍ਰਤੀ ॥ "ਤੁਮਰਾ ਲਖਾ ਨ ਜਾਇ ਪਸਾਰਾ ॥ ਕਹਿ ਬਿਧ ਸਜਾ ਪ੍ਰਿਥਮ ਸੰਸਾਰਾ" ਕਹੋ ਤਾਂ ਅੰਤ ਕਿਆ ਕਰਨਾ ਹੈ ਕਿਸੇ ਨੇ ਕਿਸ ਪਰਕਾਰ ਕਰ ਸੰਸਾਰ ਰਚਿਆ ਹੈ। ਇਤਨੇ ਪਸਾਰੇ ਕੋ ਕੋਈ ਨਹੀਂ ਜਾਣ ਸਕਤਾ॥ ੩੯ ॥

**ਇਤ ਹੇਤ ਅਨੰਤ ਨਿਜਾਤਮ ਹੈ ॥ ਪਰ ਤੇ ਪਰ ਜੋ ਪਰਮਾਤਮ ਹੈ ॥ ਤਨ ਬਾਮ ਤਨੇ ਧਨ ਧਾਮ ਪਰੇ। ਜਿਹ ਵੇਦ ਮਨਾਦਿ ਨ ਵੇਦ ਰਰੇ ॥ ੪੦ ॥**

ਟੀਕਾ—ਭਿੰਨ ਭਿੰਨ ਕਰ ਆਪੋ ਆਪਨੀ ਬੁਧੀ ਅਨੁਸਾਰ ਸਰਬ ਸ਼ਾਸਤ੍ਰ ਕਰਤਾ ਗੋਤਮਾਦਿ ਤਥਾ ਪੁਰਾਣਕ ਸੂਤ ਬਿਆਸਾਦਿ ਕਹੇਹੈਂ ਯਾਂਤੇ ਅਨੰਤ ਹੈ ਅਰ ਨਾਸ ਨਹੀਂ ਹੈ ਜਿਸਕਾ ਨਾਸ਼ਮੇਂ ਦੇਸ ਕਾਲ ਵਸਤੂ ਪ੍ਰਛੇਦ ਵਾਲੀ ਵਸਤੂ ਆਵੇ ਹੈ ਆਤਮਾ ਪਰੀਪੂਰਣਹੈ ਅਰ ਕਿਸੇ ਕਰਕੇ ਉਤਪਤ ਨਹੀਂ ਕੀਆ ਹੂਆ ਤਿਸਕਾ ਕਰਤਾ ਕੋਈ ਹੈ ਨਹੀਂ। ਇਸ ਹੇਤੂ ਤੇ ਪਰੇ ਸੇ ਪਰੇ ਜੋ ਪ੍ਰਮਾਤਮਾ ਹੈ ਆਪਨਾ ਆਤਮਾ ਸੋ

Sri Satguru Jagjit Singh Ji eLibrary NamdhariElibrary@gmail.com

ਅਨੰਤ ਹੈ। ਆਗੇ ਪਰੇ ਕਾ ਅਰਥ ਕਰੇ ਹੈਂ। ਐਸੇ ਵੇਦ ਕਥਨ ਕਰੇ ਹੈਂ ਕਿ ਘਰ ਅਰ ਧਨ ਪੁੱਤ੍ਰ ਇਸਤ੍ਰੀ ਆਪਨਾ ਸਰੀਰ ਇਨ ਸਰਬ ਸੇ ਪਰੇ ਹੈ ਅਰ ਜਿਸਕੋ ਮਨ ਬੁਧੀ ਆਦਿ ਕੋਈ ਇੰਦ੍ਰਾ ਜਾਣ ਨਹੀਂ ਸਕਤਾ ॥ ੪੦ ॥

**ਇਤ ਰੀਤ ਪਰਾਤਮ ਬੇਦ ਭਨਾ ॥ ਅਜਰਾ-ਤਮ ਮਾਯਕ ਕਾਇ ਬਿਨਾ ॥ ਅਥਵਾ ਅਸਿ ਆਗ ਕਟੇ ਨ ਦਹੈ। ਸਬ ਕਾ ਤਮਤੇ ਅਜਰਾ ਸੁਕ ਹੈ॥ ੪੧ ॥**

ਟੀਕਾ—ਇਸ ਰੀਤੀ ਕਰ ਆਤਮਾ ਕੋ ਸਰਬ ਕਾ ਪਰਾ ਬੇਦ ਨੇ ਕਥਨ ਕੀਆ ਹੈ। ਅਗੇ ਅਜਰ ਕਾ ਅਰਥ ਕਹਤੇ ਹੈਂ। ਮਾਇਆ ਰੂਪੀ ਸਰੀਰ ਸੇ ਬਿਨਾ ਹੋਣੇ ਕਰ ਆਤਮਾ ਅਜਰ ਹੈ। ਪੁਨਾ ਤਲਵਾਰ ਕਰ ਕੱਟਿਆ ਨਹੀਂ ਜਾਤਾ ਅਰ ਅਗਨੀ ਕਰ ਸੜਤਾ ਨਹੀਂ ਹੈ ਅਰ ਸਰਬ ਕਾ ਆਤਮਾ ਹੈ ਇਸ ਤੇ ਭੀ ਅਜਰ ਕਹੀਤਾ ਹੈ ॥ ੪੧ ॥

**ਮੂਲ ॥ ਇਵ ਪਾਰਥਕੋ ਭਗਵਾਨ ਰਟੇ। ਨਹਿ ਜੰਨਅਨਾਦਿਸੁਤੇਪ੍ਰਗਟੇ॥ਭਵਹੇਤ ਵਿਸੇਖਣ ਚਾਰਗਹੇ।ਤਸਮਾਤ ਅਜਾਤਮ ਬੇਦਕਹੇ॥੪੨**

ਟੀਕਾ—ਸ਼ਸਤ੍ਰ ਕਰ ਕੱਟਿਆ ਜਾਵੇ ਨਹੀਂ ਹੈ ਅਗਨੀਸੇ

ਸੜੇ ਨਹੀਂ ਹੈ ਐਸੇ ਅਰਜਨ ਤਾਂਈ ਕ੍ਰਿਸ਼ਨ ਭਗਵਾਨ ਨੇ ਭੀ ਕਹਿਆਹੈ। "ਨਹਨੰ ਛਿੰਦੰਤੀ ਸ਼ਸਤ੍ਰਾਨੀ ਨਹਨੰ ਦਹੰਤੀ ਪਾਵਕਃ" ਪੁਨਾ ਹੋਰ ਭੀ ਚਾਰ ਲੱਖਣ ਅਜਰ ਕੇ ਹੈਂ। ਉਤ-ਪੱਤ ਨਹੀਂ ਹੂਆ ਅਰ ਆਦਿ ਸੇ ਬਿਨਾ ਹੈ ਪੁਨਾ ਸੁਤੇ ਸਿਧ ਪ੍ਰਗਟ ਹੈ ਅਰ ਸੰਸਾਰ ਕਾ ਕਾਰਣ ਹੈ ਇਸ ਤੇ ਭੀ ਅਜਰਹੈ ਇਨ ਚਾਰੋਂ ਵਸ਼ੇਸ਼ਣੋਂ ਕੋ ਆਤਮਾ ਹੀ ਧਾਰਨ ਕਰੇ ਹੈ ਔਰ ਨਹੀਂ,ਇਸ ਹੇਤੂ ਤੇ ਆਤਮਾਕੋ ਬੇਦ ਅਜਰ ਕਹਿਤੇਹੈਂ॥੪੨

ਪਰਕਾਸ਼ ਕੋ ਅਰਥ ਕਹੇ ਹੈਂ॥

**ਨਹਿੰ ਜਾਗ੍ਰਤ ਸੋਪਨ ਨੀਂਦ ਵਿਖੇ। ਸੁਕਚਾਤ ਵਿਕਾਸ਼ ਸ੍ਰੂਪ ਪਿਖੇ॥ ੪੨॥**

ਟੀਕਾ—ਜਾਗ੍ਰਤ ਅਵਸਥਾ ਮੇਂ ਪਰਕਾਸ਼ ਕਰ ਰਿਹਾ ਹੈ ਜਾਗ੍ਰਤ ਕੇ ਪਦਾਰਥੋਂ ਕਾ, ਸੁਪਨਮੇਂ ਭੀ ਤੈਸੇ ਹੀ ਪ੍ਰਕਾਸ਼ ਦੇ ਰਿਹਾਹੈ। ਅਰ ਸੁਖੋਪਤਿ ਅਵਸਥਾ ਮੇਂ ਭੀ ਅਗਿਆਨ ਕਾ ਪ੍ਰਕਾਸ਼ ਕਰ ਰਿਹਾ ਹੈ ਜੋ ਪੁਰਸ਼ ਜਾਗਕੇ ਆਖੇਹੈ ਮੈਂ ਐਸਾ ਸੋਇਆ ਕੁਛ ਨਾ ਜਾਨਤਾ ਭਯਾ ਨਾ ਜਾਨਣਾ ਅਗਿਆਨ ਹੈ ਅਰ ਨਾ ਜਾਣੇ ਕੀ ਖਬਰ ਗਾਗ੍ਰਤ ਮੇਂ ਸਖੋਪਤੀ ਕੇ ਪ੍ਰਕਾਸ਼ ਬਿਨਾ ਹੋਵੇ ਨਹੀਂ ਹੈ ਯਾਂਤੇ ਸੁਖੋਪਤੀ ਮੇਂ ਜੋ ਪ੍ਰਕਾਸ਼ ਹੈ ਸੋ ਆਤਮਾ ਕਾ ਹੈ ਇਸ ਤੇ ਭੀ ਆਤਮਾ ਕਾ ਪ੍ਰਕਾਸ਼ ਜਾਗ੍ਰਤਵਤ ਸਮ ਹੈ ਇਸ ਤੇ ਪ੍ਰਕਾਸ਼ ਰੂਪ ਹੈ। ਕਿਸੀ ਅਵਸਥਾ ਮੇਂ ਭੀ ਤਿਸ ਕਾ ਮੂੰਦਨਾ ਨਹੀਂ ਹੈ॥

Sri Satguru Jagjit Singh Ji eLibrary NamdhariElibrary@gmail.com

ਅਨੂਪਮ ਕੋ ਅਰਥ ਕਹਿ ਹੈਂ ॥

**ਥਕਵੇਦ ਹਟੇ ਉਪਮਾ ਭਨ ਕੇ। ਤ੍ਰਿਪੁਟੀ ਬਿਨ ਏਕ ਵਿਸੇ ਕਿਨਕੇ ॥੪੩॥**

ਟੀਕਾ—ਸਰਬ ਵੇਦ ਜਿਸ ਕੀ ਉਪਮਾ ਕੋ ਕਥਨ ਕਰਤੇ ਹੋਇ ਥਕਤ ਹੋ ਰਹੇਹੈਂ ਅਰ ਸੰਪੂਰਨ ਉਪਮਾ ਕਹੀ ਜਾਵੇ ਨਹੀਂਹੈ। ਗਿਆਤਾ ਗਿਆਨ ਗੇਯ ਰੂਪ ਤ੍ਰਿਪੁਟੀ ਕੇ ਵਿਸ਼ੇ ਕਰ ਸਰਬ ਸ਼ੇਸ਼ਨਾਗਾਦਿ ਵੇਦ ਉਪਮਾ ਕਥਨ ਮਾਤ੍ਰ ਕਰੇ ਹੈਂ ਅਰ ਤ੍ਰਿਪੁਟੀ ਬਿਨਾ ਹੋਰ ਕਿਸੇ ਕੇ ਪਰਤੱਖ ਹੈ ਨਹੀਂ ਏਕ ਹੋਣੇ ਤੇ ਉਪਮਾ ਕਿਸ ਪ੍ਰਕਾਰ ਕਹੇਂ। ਤ੍ਰਿਪੁਟੀ ਕੇ ਵਿਸ਼ੇ ਕਰ ਜਿਤਨੀ ਕਹੀ ਸੋ ਕਹੀ ਵਿਧੀ ਮੁਖਕਰ ਪ੍ਰੰਤੂ ਨਖੇਦੀ ਮੁਖਕਰ ਆਤਮਾ ਤ੍ਰਿਪੁਟੀ ਸੇ ਪਰੇ ਹੈ ਯਾਂਤੇ ਅਨੂਪਮ ਹੈ ॥ ੪੩ ॥

ਸਮ ਕਾ ਅਰਥ ਕਹੇ ਹੈਂ ॥

**ਇਤ ਹੇਤੁ ਅਨੂਪ ਪੁਨਾ ਸਮਹੀ। ਦੁਗਧਾਦਿਸਮੀਂ ਪਰਣਾਮ ਨਹੀਂ । ਜਿਤ ਏਕ ਰਸਾਤਮ ਬੇਦ ਕਥਾ। ਅਥਵਾ ਸਬ ਮੈਂ ਸਮ ਰੂਪ ਤਥਾ ॥ ੪੪ ॥**

ਟੀਕਾ—ਤ੍ਰਿਪੁਟੀ ਤੇ ਪਰੇ ਹੋਣੇ ਰੂਪੀ ਹੇਤੂ ਕਰ ਅਨੂਪਮ ਹੈ ੨ ਨਾ ਨਿਸ੍ਹੇਕਰ ਸਮਹੈ ਦੂਧ ਤਥਾ ਪਾਣੀ ਕੀ ਨਿਆਈਂ ਪ੍ਰਣਾਮੀ ਨਹੀਂ ਹੈ। ਜੈਸੇ ਦੂਧ ਸੇ ਦਹੀਂ ਤਥਾ ਪਾਣੀਸੇ ਬਰਫ

ਗਾੜ੍ਹਾ ਬਨ ਜਾਵੇਹੈ ਤੈਸੇ ਨਹੀਂ ਹੈ। ਪੁਨਾ ਜਿਸ ਆਤਮਾਕੋ ਏਕ ਰਸ ਬੇਦ ਨੇ ਕਥਨ ਕੀਆਹੈ ਵਾ ਜੈਸੇ ਏਕ ਰਸ ਹੈ ਤੈਸੇ ਹੀ ਸਮ ਰੂਪਹੈ ਸਰਬਮੇਂ, ਏਹ ਦਸਲੱਖਣ ਆਤਮਾਕੇ ਹੈਂ ॥ ੪੪

**ਤੁਮ ਚੇਤਨ ਕਾਯਕੋ ਪਾਇ ਨਰੋ। ਇਸ ਚੇਤਨ ਮੈ ਅਤਿ ਪ੍ਰੀਤਿ ਕਰੋ ॥ ਭਵਨਾਧਿ ਪਤਾਦਿਕ ਭੋਗ ਜਿਤੇ। ਤਤ ਬ੍ਰਹਮ ਅਵਾਂ-ਤਰ ਏ ਭਿ ਤਿਤੇ ॥ ੪੫॥**

ਟੀਕਾ—ਹੇ ਪੁਰਸ਼ੋ ਇਸ ਨਗਰ ਸਰੀਰ ਚੇਤਨਕੋ ਪਾਇਕਰ ਤੁਮ ਇਸ ਚੇਤਨ ਆਤਮ ਮੈ ਅਤੀ ਪ੍ਰੇਮ ਕਰੋ ਜਿਸਕੇ ਲੱਖਣ ਪੂਰਬ ਕਹੇ ਹੈਂ। ਇਸ ਭਵਨ ਕੇ ਰਾਜਾ ਥੀਂ ਲੈਕਰ ਚੌਦਾਂ ਲੋਕਾਂ ਕੇ ਜੋ ਰਾਜਾ ਹੈਂ ਤਿਨਕੇ ਜੋ ਸੰਪੂਰਨ ਭੋਗ ਹੈਂ। ਤਿਨ ਸੰਪੂਰਨ ਚੌਦਾਂ ਲੋਕਾਂ ਕੇ ਪਦਾਰਥਾਂ ਕਾ ਜੋ ਆਨੰਦ ਹੈ ਸੋ ਸੰਪੂਰਨ ਨੰਦ ਬ੍ਰਹਮਾਨੰਦ ਕੇ ਅੰਤ੍ਰ ਹੀ ਹੈ। ਭਾਵ ਏਹ ਕਿ ਬ੍ਰਹਮਾਨੰਦ ਕੇ ਲਿਆਂ ਹੋਇਆਂ ਸਰਬਦਾਨੰਦ ਆਇ ਜਾਵੇ ਹੈਂ। ਇਸ ਮੇਂ ਦ੍ਰਿਸ਼ਟਾਂਤ ॥ ੪੫ ॥

**ਦੁਤੀ ਦੀਪ ਜਥਾਰਵਿ ਮੈਂ ਵਰਤੇ। ਨਰ ਤੇ ਇਨਮੈਂ ਨਰਜੇ ਵਰਤੇ। ਇਨਮੈਂ ਨਰਮੂਢ ਸਨੇਹ ਕਰੈ। ਤਸਮਾਤ ਪੁਨਾ ਪੁਨ ਦੇਹਧਰੈ ॥ ੪੬ ॥**

ਟੀਕਾ—ਜੈਸੇ ਦੀਵੇ ਕਾ ਪਰਕਾਸ਼ ਸੂਰਜ ਕੇ ਪਰਕਾਸ਼

Sri Satguru Jagjit Singh Ji eLibrary NamdhariElibrary@gmail.com

ਨੇ ਕਰ ਵਖਰਾ ਨਹੀਂ ਦਿਸੇ ਹੈ ਤਿਸ ਮੇਂ ਲੈ ਹੋ ਜਾਵੇ ਹੈ ਤੈਹੇ ਸਰਬ ਪਦਾਰਥੋਂ ਕਾ ਆਨੰਦ ਆਤਮਾਨੰਦ ਮੇਂ ਲੈ ਹੋ ਜਾਵੇ ਹੈ ਸੂਰਜਵਤ ਆਤਮਾਨੰਦਹੈ ਵਿਸ਼ੇ ਅਨੰਦ ਤੁਛ ਰੂਪ ਹੈਂ ਦੀਵੇਵਤ,ਤੇ ਪੁਰਸ਼ ਸ੍ਰਿਸ੍ਟ ਹੈਂ ਜੋ ਇਸਵਿਸ਼ੇ ਰਸਮੇਂ ਨਹੀਂ ਪ੍ਰੀਤੀ ਕਰਤੇ, ਵਿਸ਼ਿਆਂ ਮੇਂ ਮੂਰਖ ਪੁਰਸ਼ ਪ੍ਰੇਮ ਕਰੇ ਹੈਂ। ਇਸੇ ਹੇਤੂ ਕਰ ਪੁਨਾ ਪੁਨਾ ਜਨਮ ਮਰਨ ਕੋ ਪ੍ਰਾਪਤਿ ਹੋ ਕਰ ਪਸ਼ੂ ਆਦਿ ਜੂਨਾ ਕੀ ਦੇਹ ਕੋ ਧਾਰੇ ਹੈਂ ॥ ੪੬ ॥

**ਤਨ ਚੇਤਨ ਚੇਤਨ ਹੇਤੁ ਭਯੋ । ਭਵ ਭੋਗਨ ਹੇਤ ਨ ਦੈਵ ਦਯੋ ॥ ਇਤ ਹੇਤ ਜਨੋ ਤੁਮ ਭੋਗ ਤਜੋ। ਤਨ ਮਾਨਸਮੋਂ ਨਿਜ ਬ੍ਰਹਮ ਭਜੋ॥੪੭॥**

ਟੀਕਾ—ਚੇਤਨ ਤਨ ਮਨੁਖ ਸਰੀਰ ਚੇਤਨ ਆਤਮਾਕੀ ਪ੍ਰਾਪਤੀ ਵਾਸਤੇ ਉਤਪਤ ਹੂਆ ਹੈ ਸੰਸਾਰ ਕੇ ਵਿਸ਼ੇਭੋਗਨ ਵਾਸਤੇ ਨਹੀਂ ਹਰਿ ਨੇ ਦੀਆ । ਇਸ ਵਾਸਤੇ ਹੇ ਪੁਰਸ਼ੋ ਭੋਗਾਂ ਕੋ ਤਿਆਗ ਕਰ ਇਸ ਸਰੀਰ ਕਰ ਆਪਨੇ ਬ੍ਰਹਮ ਸਰੂਪ ਕੋ ਦੇਖੋ ॥ ੪੭ ॥

**ਕਬਿੱਤ ॥ ਪਰਮ ਉਦਿਤ ਨਿਤ ਸ੍ਵੈ ਪ੍ਰਕਾਸ਼ ਸੱਤ ਚਿੱਤ ਐਸੇ ਏਕ ਬ੍ਰਹਮ ਮੈਂ ਕੋ ਏਕ ਜਨ ਬਸੇ ਹੈ ॥ ਕੰਜਪੂਤ ਪੁਰਹੂਤ ਕੀ ਵਿਭੂਤ ਭੂਤ ਸਿਖੀ ਘਾਸ ਰਾਸਕੇ ਸਮਾਨ ਜਾਨ ਕੋਨਫਸੇਹੈ**

Sri Satguru Jagjit Singh Ji eLibrary NamdhariElibrary@gmail.com

**ਤੀਨ ਲੋਕ ਰਾਜ ਆਦਿ ਸੰਪਦਾ ਅਸ੍ਵਾਦ ਭਾਸੇ ਜਾਂਕੀ ਛਾਯਾਮਾਤ੍ਰ ਕਰ ਮਾਯਾ ਮਾਤ੍ਰ ਲਸੇ ਹੈ॥ ਤਾਂਤੇ ਭਿੰਨ ਭੋਗ ਖਿਨਭੰਗਰ ਕੋ ਰਾਜ ਤਜੋ ਰਾਗ ਦ੍ਵੈਖ ਨਾਗ ਰਿਦੈ ਬਿਲੱਮੋਨ ਧਸੇ ਹੈ॥ ੪੯॥**

ਟੀਕਾ—ਕੈਸਾ ਬ੍ਰਹਮ ਸਰੂਪ ਆਤਮਾਹੈ ਜੋ ਅਤੀਕਰ ਪ੍ਰਗਟਿਆ ਹੈ ਅਰ ਨਿੱਤ ਹੈ ਪੁਨਾ ਸ੍ਵਤੇ ਪ੍ਰਕਾਸ਼ ਹੈ ਸੱਤ ਹੈ ਚੇਤਨ ਰੂਪ ਹੈ ਅਰ ਏਕ ਹੈ ਐਸੇ ਬ੍ਰਹਮ ਸਰੂਪ ਆਤਮਾ ਮੈ ਕੋਈ ਇਕ ਪੁਰਸ਼ ਵਸੇ ਹੈ ਔਰ ਸਬ ਵਿਸ਼ਿਆਂ ਕੇ ਕੀੜੇ ਹੈਂ॥ ਨਨੂ॥ ਜੋ ਪੁਰਸ਼ ਬ੍ਰਹਮ ਮੇਂ ਵਸੇ ਹੈ ਸੋ ਪਦਾਰਥਾਂ ਕੋ ਕੋਹ ਰੂਪ ਜਾਣਤਾ ਹੈ ਜੋ ਪਦਾਰਥਾਂ ਮੈਂਨਹੀਂ ਫਸਤੇ॥ ਉੱਤਰ॥ ਇੰਦ੍ਰ ਲੋਕ ਸੇ ਲੈਕਰ ਬ੍ਰਹਮ ਕੇ ਲੋਕ ਪਰਯੰਤ ਸਰਬ ਕੁਬੇਰਾਦਿ ਲੋਕਾਂ ਕੀ ਜੋ ਸ਼ੋਭਾ ਹੈ ਤਿਸਕੇ ਭੂਤਨਿਆਂ ਕੀ ਅਗਨੀਵਤ ਖਿਣਭੰਗਰ ਚੰਚਲ ਜਾਨਕਰ ਤਥਾ ਆਰੂੜੀ ਕੀ ਨਿਆਈਂ ਮਲੀਣ ਜਾਣਕਰ ਨਹੀਂ ਫਸਤੇ, ਗੁਰੂ ਸਿਮ੍ਰਤੀ ਮੈਂ ਭੀ ਵਿਸ਼ਟੇਵਤ ਮਲੀਨ ਪਦਾਰਥ ਦਸੇ ਹੈਂ ਯਥਾ "ਵਿਸ਼ਟਾ ਕੇ ਕੀੜੇ ਪਵੈ ਵਿਚ ਵਿਸ਼ਟਾ ਫਿਰ ਵਿਸ਼ਟਾ ਮਾਹਿ ਸਮਾਇ" ਵਿਸ਼ਟਾਰੂਪ ਵਿਸ਼ਿਆਂਕੇ ਜੋ ਕੀੜੇ ਹੈਂ ਸੋ ਵਿਸ਼ਿਆਂਮੈ ਪੈਕਰ ਪੁਨਾ ਵਿਸ਼੍ਟਾਰੂਪ ਨਰਕਾਂਮੇਂ ਸਮਾਵੇਂਹੈਂ ਐਸੇ ਜਾਨੀਐ, ਪੁਨਾ ਇਸ ਲੋਕ ਸੇ ਲੈਕਰ ਤ੍ਰੈਲੋਕ ਰਾਜ ਕੀ ਜੋ ਸੰਪਤਾਹੈ ਸੋ ਤਿਨ ਕੋ ਫਿਕੀ ਭਾਸੇ ਹੈ। ਕਿਉਂਕਿ ਜਿਸ ਚੇਤਨ ਕੀ ਸੱਤਾ ਮਾਤ

Sri Satguru Jagjit Singh Ji eLibrary NamdhariElibrary@gmail.com

ਕਰ ਝੂਠੇ ਪਦਾਰਥ ਆਨੰਦ ਵਾਲੇ ਭਾਸੇ ਹੈਂ ਤਾਂਤੇ ਸਰਬ ਮੇਂ ਆਤਮਾ ਕਾ ਆਨੰਦ ਹੈ। ਤਾਂਤੇ ਹੇ ਪੁਰਸ਼ੋਂ ਤਿਸ ਆਤਮਾ ਸੇ ਭਿੰਨ ਭੋਗ ਖਿਨਭੰਗਰ ਹੈਂ ਇਨਕਾ ਪ੍ਰੇਮ ਤਿਆਗੋ ਅਰ ਐਸਾ ਯਤਨ ਕਰੋ ਜਿਸ ਕਰਕੇ ਰਾਗ ਦ੍ਵੈਸ਼ ਰੂਪੀ ਸਰਪ ਹਿਰਦੇ ਰੂਪੀ ਖੁਡ ਮੈ ਨਾ ਵੜੇ ॥ ੪੮ ॥

**ਦੋਹਾ ॥ ਭੋਗ ਰਾਗ ਜਬ ਹੀ ਗਯੋ ਗਯੋ ਦ੍ਵੈਖ ਤਿਂਹ ਸੰਗ ॥ ਜਬੈ ਵਿਲੈ ਯਹ ਦ੍ਵੈਤ ਭ੍ਰਮ ਤਬੈ ਸਬੈ ਚਿਤ ਅੰਗ ॥ ੪੯ ॥**

ਟੀਕਾ—ਜਿਸ ਕਾਲ ਮੇਂ ਪਦਾਰਥਾਂ ਕਾ ਪ੍ਰੇਮ ਨਾਸ਼ ਹੂਆ ਤੌ ਦ੍ਵੈਸ਼ ਤਾਂ ਤਿਸਕੇ ਸਾਥ ਹੀ ਚਲਾ ਜਾਵੇ ਹੈ ਅਰ ਸਬਦ੍ਵੈਸ਼ਦਿਕਾਂ ਕਾ ਕਾਰਣ ਜੋ ਅਗਿਆਨ ਹੈ ਏਹ ਨਾਸ਼ ਭਯਾ ਤੌ ਹੇ ਮਿਤ੍ਰ ਸਰਬ ਚੇਤਨ ਰੂਪ ਹੀ ਪ੍ਰਤੀਤ ਹੋਵੇ ਹੈ ॥ ੪੯ ॥

ਐਸੇ ਕਹਿਕਰ ਆਗੇ ਜੀਵਨਾਦਿ ਪਦਾਰਥਾਂ ਕੋ ਖਿਣ ਭੰਗਰ ਉਪਦੇਸ਼ੇ ਹੈਂ ॥

**ਕਬਿੱਤ ॥ ਤੁਂਗ ਭੋਗ ਇੰਦ੍ਰਲੋਕ ਸਤਲੋਕ ਲਗ ਜੇਤੇ ਤੇਤੇ ਹੀ ਤਰੰਗ ਸਮ ਭੰਗ ਪਹਚਾਨੋ ਰੇ। ਜੀਵਨ ਕੇ ਜੀਵਨੇਕੀ ਰਾਸ ਏਕ ਸਾਂਸ ਸੋ ਉਦਾਮਨੀ ਸਮਾਨ ਖਿਨਮਾਹਿੰਹਾਨਿਜਾਨੋਰੇ॥ ਜੋਬਨ ਕੋ ਸੁਖ ਥੋਰੇ ਦਿਨੋਂ ਮੈ ਬਿਮੁਖ ਹੋਰੇ**

Sri Satguru Jagjit Singh Ji eLibrary NamdhariElibrary@gmail.com

**ਮੀਤਨ ਕੀ ਪ੍ਰੀਤ ਪੁਨਾ ਨੀਤ ਨ ਪਛਾਨੋ ਰੇ॥**
**ਸਕਲ ਸੰਸਾਰ ਕੋ ਬਿਚਾਰ ਕੇ ਅਸਾਰ ਤਜੋ**
**ਬੋਧਹੇਤੁਬੁਧਿਮਾਨੋ ਮੇਰੀ ਬੁਧਿ ਮਾਨੋਰੇ॥੫੦॥**

ਟੀਕਾ—ਬਡੇਸ੍ਰੇਸ਼ਟ ਜੋ ਭੋਗਹੈਂ ਇੰਦ੍ਰਲੋਕ ਸੇ ਲੇਕਰ ਬ੍ਰਹਮ ਲੋਕ ਪ੍ਰਯੰਤ ਤਿਤਨੇਹੀ ਜਲ ਕੇ ਬੁਦਬੁਦੇ ਸਮਾਨ ਨਾਸ਼ ਰੂਪ ਜਾਨੋ ਹੇ ਭਾਈ, ਅਰ ਸਮੂਹ ਜੀਵਾਂਕੇ ਜੀਵਨ ਕੀ ਪੂੰਜੀ ਜੋ ਸੁਆਸ ਹੈਂ ਸੋ ਬਿਜਲੀ ਕੇ ਚਮਤਕਾਰਵਤ ਖਿਣ ਮੈ ਨਾਸ਼ ਹੋ ਜਾਣਾਹੈ। ਅਰ ਜੁਆਨੀ ਅਵਸਥਾ ਕਾ ਸੁਖ ਭੀ ਥੋੜ੍ਹਿਆਂ ਦਿਨਾ ਪਿਛੋ ਮੁਖ ਮੋੜ ਜਾਤਾ ਹੈ ਬ੍ਰਿਧ ਅਵਥਾ ਆਇਜਾਵੇ ਹੈ ਪੁਨਾ ਸੰਜਨਾ ਕੀ ਪ੍ਰੀਤ ਭੀ ਨਿੱਤ ਨਹੀਂ ਹੈ ਦੁਖ ਮੇਂ ਸੱਜਨ ਭੀ ਮੁਖ ਮੋੜ ਜਾਤੇ ਹੈਂ ਸਭ ਅਪਨੇ ਸੁਖ ਕੇ ਹੈਂ ਐਸੇ ਸੰਪੂਰਨ ਸੰਸਾਰਕੋ ਝੂਠਾ ਵਿਚਾਰ ਕਰ ਇਸਕੇ ਪ੍ਰੇਮਕੋ ਤਿਆਗੋ ਅਰ ਗਿਆਨ ਪ੍ਰਾਪਤੀ ਵਾਸਤੇ ਜਤਨ ਕਰੋ ਹੇ ਬੁਧੀਵਾਨੋ ਏਹ ਮੇਰੀ ਸਿਖ੍ਯਾ ਤੁਮ ਮਨਨੀ ਕਰੋ, ਸੰਸਾਰ ਮੈ ਜੀਵਨਾਚਾਰ ਥੋੜ੍ਹ ਕਾ ਹੈ ॥ ੫੦ ॥ ਨਨੂ ॥ ਆਤਮਾ ਰੂਪੀ ਮੁਖ ਕੇ ਦੇਖਣ ਵਾਸਤੇ ਮੁਖ ਸਾਧਨ ਕੌਨ ਹੈ ਅਰ ਕੈਸੇ ਪ੍ਰਾਪਤ ਹੋਤਾ ਹੈ ਸੋ ਸਾਧਨ ਕਹੋ ॥ ਉੱਤਰ ॥

**ਦੋਹਾ॥ ਮੁਖ ਆਤਮ ਕੇ ਦਰਸ ਹਿਤ ਚਿੱਤ**
**ਅਦਰਸ਼ ਕੋ ਸੋਧ॥ਸਭ ਪਰ ਕਰੁਣਾ ਰੇਣੁਕਰ**

Sri Satguru Jagjit Singh Ji eLibrary NamdhariElibrary@gmail.com

ਬਿਨਸੈ ਦ੍ਵੈਤ ਵਿਰੋਧ ॥ ੫੧ ॥

ਟੀਕਾ—ਆਤਮਾ ਰੂਪੀ ਮੁਖਕੇ ਦੇਖਨੇ ਮੇਂ ਮੁਖ ਸਾਧਨ ਚਿੱਤਰੂਪੀ ਸ਼ੀਸ਼ੇਕਾ ਸਫਾ ਕਰਨਾਹੈ। ਔਰ ਨਹੀਂ ਕਿਆ ਹੈ "ਜਹਾਂ ਹੈ ਸਫਾਈ ਤਹਾਂ ਹੈ ਖ਼ੁਦਾਈ" ਸਰਬ ਉਪਰ ਜੋ ਕ੍ਰਿਪਾ ਕਰਨੀਹੈ ਏਹ ਧੂੜੀਹੈ ਜਬ ਕਿਰਪਾ ਰੂਪੀ ਧੂੜੀ ਇਸ ਜੀਵਕੋ ਪ੍ਰਾਪਤਿ ਹੋਵੇ ਤਬ ਇਸਕਾ ਚਿੱਤ ਸ਼ੁਧ ਹੋਤਾ ਹੈ। ਤੌ ਸਰਬ ਅਗਿਆਨ ਕਾ ਜਾਲ ਵਿਰੋਧ ਰੂਪੀ ਨਾਸ਼ ਹੋਵੇ ਹੈ ਵਰੋਧ ਗਿਆ ਤੋ ਆਪੇ ਆਪ ਭਯਾ ॥ ੫੧ ॥

ਦੋਹਾ ॥ ਦਸਮੋਂ ਸਰਬ ਸੁਹਿਰਦ ਅਤਿਭਯੋ ਸੁ ਅੰਤਰ ਧਜਾਨ। ਹਰੇ ਸਕਲ ਕੇ ਦੁੱਖਕੋਕਰੇ ਬੇਗ ਕਲਜਾਣ॥ ੫੨ ॥

ਟੀਕਾ—ਦਸਵਾਂ ਧਜਾਇ ਸਰਬ ਕਾ ਮਿਤ੍ਰ ਰੂਪ ਹੋਕਰ ਸਰਬ ਕੋ ਹਿਤ ਕੀ ਕਹਿਕਰ ਛਪ ਜਾਤਾ ਭਯਾ ਕੈਸਾ ਹੈ ਇਸ ਕਾ ਉਪਦੇਸ਼ ਸਰਬ ਕੇ ਦੁਖ ਕੋ ਨਾਸ਼ ਕਰ ਸ਼ੀਘ੍ਰ ਕਲਜਾਣ ਕੇ ਕਰਨੇ ਹਾਰਾ ਹੈ ਜੋ ਕੋਈ ਧਾਰਨ ਕਰੇ ॥੫੨

ਦਸਵਾਂ ਧਜਾਇ ਸੰਪੂਰਨ ਭਯਾ ॥

ਸੋਰਠਾ ॥ ਰੁਦ੍ਰਾ ਧਜਾਇ ਮਝਾਰ ਅਧੁਨਾ ਨਿੰਦ ਹਿ ਨਾਰਿਕੋ। ਚਾਰ ਸ਼ਲੋਕ ਉਚਾਰ ਜਾਂਤੇ ਭਜੇ ਉਦਾਰ ਤਿਯ ॥ ੧ ॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਅਬ ਯਾਰੁਵੇਂ ਧਿਆ ਮੇਂ ਭਰਥਜੀ ਚਾਰ ਸ਼ਲੋਕ ਉਚਾਰ ਕਰ ਨਾਰ ਕੋ ਨਿੰਦੇ ਹੈਂ ਜਿਸ ਕਰ ਸ੍ਰਿਸ਼ਟ ਪੁਰਸ਼ ਇਸਤ੍ਰੀ ਕਾ ਤਿਆਗ ਕਰੇਂ ॥ ਨਨੂ ਨਿੰਦਾ ਤੋ ਮਾੜੀ ਹੈ ਕਿਉਂ ਨਿੰਦੇ ਹੈਂ ॥ ਉਤਰ ॥ ਮੋਖ ਮੈਂ ਸਾਧਨੋਂ ਕਾ ਡੋਕਾ ਤਥਾ ਸੰਸਾਰ ਮੈਂ ਸਰਬ ਚੋਰੀ ਜਾਚਨਾਦਿ ਅਨਰਥੋਂ ਕਾ ਕਾਰਣ ਜਾਣ ਕਰ ਨਿੰਦੇ ਹੈਂ ॥ ੧ ॥

**ਕਃ ॥ ਮਾਸ ਗ੍ਰੰਥ ਕੁਚਨ ਕੋ ਕੰਚਨਕੇ ਕੁੰਭ ਕਹੇ ਸੋਮ ਸਮ ਮੁਖ ਕਫ ਧਾਮ ਕੋ ਉਚਾਰੇ ਹੈਂ ॥ ਚੰਪਾ ਕਲੀ ਕੇ ਸਮਾਨ ਦਾਰਮ ਕੇ ਦਾਨੇ ਭਾਨੇ ਹਾਡਨ ਕੀ ਦਾਂਤ ਪਾਂਤ ਕੋ ਦਿਵਾਨੇ ਸਾਰੇ ਹੈਂ ॥ ਮੂਤ੍ਰ ਭਿਗੀ ਜੰਘਨ ਕੀ ਸੰਘਨੀ ਬਡਾਈ ਭਨੇ ਨਿੰਦਤ ਗਜੇਂਦ੍ਰ ਕਰਕੇ ਲਾਕੇ ਨਿਵਾਰੇ ਹੈਂ। ਅਹੋ ਨਿੰਦ ਯੋਗ ਰੂਪ ਅੰਗਨਾ ਕੋ ਤਾਂਕੀ ਉਪ ਸੁਨੇ ਮਤਵਾਰੇ ਸੀਸ ਧੁਨੇ ਮਤਵਾਰੇ ਹੈਂ ॥ ੨ ॥**

ਟੀਕਾ—ਮਾਂਸਕੀਆਂ ਜੋਗੀਠਾਂ ਹੈਨ ਮੰਮੇ ਤਿਨਕੋ ਕਾਮੀ ਪੁਰਸ਼ ਸੁਵਰਨ ਕੇ ਕਲਸ ਕਹੇ ਹੈਂ ਅਰ ਕਫ ਬਲਗਮ ਲਾਲਾਂਕਾ ਘਰ ਜੋ ਮੁਖ ਹੈ ਤਿਸਕੋ ਚੰਦ੍ਰਮਾਂ ਕੀ ਨਿਆਈਂ ਕਹੇ ਹੈਂ ਜਰਾ

ਮਾਤ੍ਰ ਹੱਡੀ ਜਿਥੇ ਹੋਵੇ ਸੋ ਜਗਾ ਮਲੀਨ ਹੋਜਾਤੀ ਹੈ ਅਰਦੰਦ ਹੱਡਾਂ ਕੀ ਪੰਗਤੀ ਜੋ ਮੁਖਮੇਂ ਹੈ ਮਹਾਂ ਮਲੀਨ ਤਿਸਕੋ ਕਾਮੀ ਪੁਰਸ਼ ਚੰਬੇ ਕੀਆਂ ਕਲੀਆਂ ਵਤ ਤਥਾ ਅਨਾਰਕੇ ਦਾਣਜਾਂ ਵਤ ਕਥਨ ਕਰੇ ਹੈਂ ਬਾਵਲੇ ਪੁਰਸ਼ ਜੋ ਹੈਂ। ਅਰ ਮੂਤ੍ਰ ਕਰ ਜੋ ਸਦਾ ਲੱਤਾਂ ਭਿਜੀਆਂ ਰਹਿਤੀਆਂ ਹੈਂ। ਤਿਨ ਲੱਤਾਂ ਕੀ ਬੜੀ ਉਪਮਾ ਕਹਿਤੇ ਹੈਂ। ਹਸਤੀ ਕੇ ਸੁੰਡ ਸੇ ਭੀ ਸਾਫ ਹੈਂ ਤਥਾ ਕੇਲੇਕਾ ਥੰਭਾਭੀ ਐਸਾਸਫਾ ਨਹੀਂ ਹੋਵੇਹੈ ਐਸੀਗੋਲਿ ਆਈ ਕਿਸੇ ਮੇਂ ਹੈ ਨਹੀਂ, ਬੜਾ ਅਫਸੋਸਹੈ ਨਿੰਦਨੇ ਯੋਗ ਜੋ ਇਸਤ੍ਰੀਕਾ ਸਰੂਪਹੈ ਤਾਂ ਕੀ ਉਪਮਾ ਬਾਵਲੇਪੁਰਸ਼ ਉਚਾਰੇ ਹੈਂ ਅਰ ਤਿਨਕੋ ਦੇਖਕਰ ਬੁਧੀਵਾਨਪੁਰਸ਼ ਸੀਸ ਫੇਰਕਰ ਕਹਿਤੇ ਹੈਂ ਕਿ ਇਨ ਕਾਮੀ ਪੁਰਸ਼ਾਂ ਕੀ ਉਮਰ ਵਿਅਰਥ ਬੀਤੀ ਜਾਤੀ ਹੈ ਇਸਤ੍ਰੀ ਕੇ ਦੀਨ ਹੋਕਰ ॥ ੨ ॥

ਦੋਹਾ ॥ ਮੂਢ ਲੋਭ ਸੰਸਾ ਕਪਟ ਝੂਠ ਅਵਿਦਿਯਾ ਸੋਚ।
ਸਾਤ ਦੋਸ਼ ਯਹ ਨਾਰ ਮੈ ਸਦਾ ਸਹਾਇਕ ਰੋਚ ॥
ਏਹ ਸਾਤ ਦੂਸ਼ਨ ਤੋ ਨੀਤੀ ਮੇਂ ਭੀ ਕਹੇ ਹੈਂ।
ਨਾਰੀ ਕਾ ਸੰਜੋਗ ਅਨਰਥ ਕਾ ਕਾਰਨ ਦਸੇ ਹੈਂ ॥

ਯਥਾ ਕਬਿੱਤ ॥ ਜਠਰਾਗ ਜਾਰੇ ਪੇਟ ਨਿਜ ਤਾਂਕੇ ਸ਼ਾਂਤ ਹੇਤ ਕੌਨ ਮਾਨੀ ਪ੍ਰਾਨੀ ਦੇਹ ਬਾਂਨੀ ਜੋ ਉਚਾਰੇ ਹੈ। ਗਦ ਗਦ ਗਲਤ ਤੁਟਤ ਲੀਨ ਅੰਕ ਜਾਮੇ ਜਾਚਾਂ ਭੰਗ ਭੇ ਸੋ ਐਸੀ ਗਿਰਾਭੀਨ

Sri Satguru Jagjit Singh Ji eLibrary NamdhariElibrary@gmail.com

ਰਾਰੇ ਹੈ। ਭੂਖੇ ਬਾਰ ਰੋਕੈ ਗਾਰ ਦੇਕੈ ਟੂਕੋ ਮਾਂਗੈ ਮਾਂਤੇ ਦੀਨਾ ਦੀਨ ਮੁਖ ਜਾਂਕੇ ਖੀਨਾ ਪਟਹਾਰੇ ਹੈ। ਜੌ ਲੌ ਐਸੀ ਨਿਜਨਾਰੀ ਬਿਆਕੁਲੀ ਨਿਹਾਰੀ ਨਾਹਿੰ ਪੇਖਨੇ ਤੇ ਪੇਖਨੇ ਯੌ ਨਾਰੈ ਘਰੈ ਘਰ ਹੈ॥ ੩ ॥

ਟੀਕਾ—ਭੁਖਰੂਪੀ ਅਗਨੀ ਜਬ ਆਪਨੇ ਪੇਟਕੋ ਸਾੜੇ ਤਬ ਕੌਨ ਐਸਾ ਮਾਨੀ ਪੁਰਸ਼ ਹੈ ਜੋ ਕਿਸੇਕੇ ਆਗੇ ਜਾਕਰ ਦੇਹ ਸ਼ਬਦ ਕਹਿਤਾਹੈ ਕਿੰਤੂ ਮੰਗਨਕੇ ਨਾਸ਼ ਹੋਇ ਜਾਨ ਦੇ ਭੈਕਰ ਰੁਕੀਰੁਕੀ ਹੋਈ ਅਰ ਅਸ਼ੁਧ ਤਥਾ ਟੁੱਟੇਹੋਏ ਅਰ ਲੀਨਹੋਏ ਹੋਏਹੈਂ ਅੱਖਰ ਜਿਸਮੇਂ ਐਸੀ ਜੋ ਬਾਣੀਹੈ ਸੋ ਨਹੀਂ ਉਚਾਰੇਹੈ। ਅਰਥ ਏਹ ਹੈ ਜਬ ਕੋਈ ਅਜਾਚ ਪੁਰਸ਼ ਜਿਸਨੇ ਕਦੀ ਜਾਚਨਾ ਨਹੀਂ ਕਰੀ ਸੋ ਕਿਸੇ ਪਾਸ ਮੰਗਨਜਾਵੇ ਤੋ ਤਿਸਕੀ ਬਾਣੀ ਰੁਕਜਾਵੇਹੈ ਅਰ ਜੋ ਉਚਾਰਨ ਭੀ ਕਰੇ ਤੌ ਠੀਕ ਨਹੀਂ ਕਰ ਸਕਤਾ ਭੈਕਰ, ਜੋ ਮੈਨੇ ਇਸੇ ਮਾਂਗਾ ਤੌ ਇਸਨੇ ਨਾ ਦੀਆ ਤੋ ਹਮਾਰਾ ਮੰਗਨਾ ਬਿਅਰਥ ਗਿਆ, ਏਹ ਭੈ ਜਾਚਨਾ ਕੇ ਨੰਾਸ਼ ਕਾ ਹੈ ਇਸ ਭੈ ਕਰ ਮਾਨੀਪੁਰਸ਼ ਏਹ ਸ਼ਬਦ ਨਹੀਂ ਕਹਿਤਾ, ਪ੍ਰੰਤੂ ਕਿਤਨਾ ਚਿਰ ਨਹੀਂ ਕਹਿਤਾ, ਜਿੰਨਾ ਪ੍ਰਯੰਤ ਇਸਤ੍ਰੀਕਾ ਸੰਗ ਨਹੀਂ ਹੂਆ ਅਰ ਆਪਨੀ ਇਸਤ੍ਰੀ ਐਸੀ ਬਿਆਕੁਲ ਹੋਈ ਨਹੀਂ ਦੇਖੀ ਜੋ ਭੁਖੇ ਬਾਲਕ ਰੋਕਰ ਅਰ

Sri Satguru Jagjit Singh Ji eLibrary NamdhariElibrary@gmail.com

ਗਾਹਲ ਦੇਕੇ ਟੁਕੜਾ ਮੰਗਤੇ ਹੈਂ ਮਾਈ ਸੇ ਅਰ ਅੰਦਰ ਹੈ ਨਹੀਂ ਜੋ ਮਾਈ ਦੇਵੇ ਅਰ ਬਾਲਕ ਭੁਖ ਕਰ ਦੀਨ ਹੈਂ ਅਰ ਮਲੀਨ ਹੈਂ ਮੁਖ ਹੂਏ ਹੂਏ ਅਰ ਮਾਤਾ ਕੇ ਊਪਰ ਜੋ ਫਟਾ ਹੂਆ ਬਸਤ੍ਰ ਹੈ ਤਿਸ ਕੋ ਖੈਂਚ ਰਹੇ ਹੈਂ ਜਬ ਦੇਖਿਆ ਤੋ ਨਟੂਏ ਕੀ ਨਿਆਈਂ ਘਰ ਘਰ ਨਚੇ ਹੈ ਅਨੇਕ ਪ੍ਰਕਾਰ ਕੇ ਕਰਮੋਂ ਕੋ ਕਰੇ ਹੈ ਇਸ ਤੇ ਸਰਬ ਅਨਰਥੋਂ ਕਾ ਮੂਲ ਨਾਰੀ ਹੈ ॥ ੩ ॥

**ਦੋਹਰਾ ॥ ਦੁਰਤ ਹਰਤ ਤ੍ਰੈ ਲੋਕ ਕੇ ਤੁਰਤ ਤ੍ਰਿਲੋਕੀ ਸਰਿਤ ॥ ਈਸ਼ ਸੀਸ ਕੇ ਜਟਾ ਕੋ ਛੁਹਤ ਛਟਾ ਜਿਹ ਸਰਿਤ ॥ ੪ ॥**

ਟੀਕਾ—ਤ੍ਰਿਨਾਂ ਲੋਕਾਂ ਮੇਂ ਵਗਣੇਹਾਰੀ ਜੋ ਗੰਗਾ ਰੂਪੀ ਨਦੀ ਹੈ ਤੁਰਤ ਹੀ ਤ੍ਰਿਨਾ ਲੋਕਾਂ ਕੇ ਪਾਪ ਕੋ ਨਾਸ਼ ਕਰੇ ਹੈ। ਅਰ ਸ਼ਿਵਜੀ ਕੇ ਸਿਰ ਕੀਆਂ ਜਟਾਂ ਸਾਥ ਛੋਹ ਕਰ ਆਵੇ ਹੈ ਲਹਰਾਂ ਜਿਸ ਕੀਆਂ ਸੀਤਲ ॥ ੪ ॥

**ਦੋਹਾ ॥ ਤਾ ਤਟ ਪਰ ਸੰਘਟ ਵਿਪਟ ਵਲ ਕਲ ਫੂਲ ਫਲਾਇ ॥ ਸੁਖਦ ਸਰਬਦਾ ਰੁਚਤ ਸੁਰ ਸ਼ੁਭ ਬਟਾਦਿ ਕੀ ਛਾਂਇ ॥ ੫ ॥**

ਟੀਕਾ—ਤਿਸ ਗੰਗਾ ਕੇ ਕਨਾਰੇ ਪਰ ਸੰਘਣੇ ਜੋ ਬ੍ਰਿਛ ਹੈਂ ਬੜੇ ਸੁੰਦਰ ਜੋ ਵਲਕਲ ਕੇ ਤਥਾ ਫਲ ਫੁਲ ਕੇ ਦੇਣਹਾਰੇ ਹੈਂ ਖਾਨੇ ਪਹਿਰਨੇ ਕੋ, ਅਰ ਸੁਖ ਕੇ ਦੇਨੇਹਾਰੇ ਹੈਂ ਸਰਬ

Sri Satguru Jagjit Singh Ji eLibrary NamdhariElibrary@gmail.com

ਕਾਲ ਮੇਂ ਫਲ ਫੂਲ ਸਥਿਤ ਹੈਂ। ਖੁਸ਼ੀ ਅਨੁਸਾਰ ਜੈਸੇ ਚਾਹੋ ਸੋ ਖਾਓ ਅਰ ਪਵਿੱਤ੍ਰ ਹੈ ਪੁਨਾ ਸ੍ਰਿਸ਼ਟ ਛਾਇਆ ਹੈ ਬੋਹੜਾਦੀ ਬ੍ਰਿਛੋਂ ਕੀ ॥ ੫ ॥

**ਸੋਰਠਾ ॥ ਅਸ ਸੁਰ ਸਰਿਕੇ ਹੋਇ ਕ੍ਰਿਪਨ ਨ੍ਰਿਪਨ ਦੂਰ ਮੁਖਨ ਕੋ। ਨਿਰਖਤ ਨਿਪੁਨ ਨ ਕੋਇ ਨਿਜ ਕੁਖ ਪੋਖਨ ਕਾਰਣੇ ॥ ੬ ॥**

ਟੀਕਾ–ਐਸੀ ਗੰਗਾ ਕੇ ਹੋਤਿਆਂ ਖੋਟਿਆਂ ਮੁਖਾਂ ਵਾਲੇ ਜੋ ਸ਼ੂਮ ਰਾਜੇ ਤਥਾ ਧਨੀ ਹੈਂ ਤਿਨਕੋ ਕੋਈ ਚਤੁਰ ਪੁਰਸ਼ ਨਹੀਂ ਦੇਖਤਾ ਆਪਨੇ ਪੇਟ ਕੇ ਭਰਨੇ ਵਾਸਤੇ ॥ ੬ ॥

**ਦੋਹਰਾ ॥ ਉਤਪਤ ਬਿਪਤਾ ਤਾਪਤੇ ਦੁਸਹ ਦੁਖ ਖੁਧਿਆਦਿ। ਨਿਜ ਕੁਟੰਬ ਅਸ ਵਿਕਲ ਲਖ ਕਰੇ ਸੁ ਜਨ ਪਰਸਾਦਿ॥੭॥**

ਟੀਕਾ–ਬਿਗਾਰਾਦਿ ਬਿਪਤਾ ਕੇ ਦੁਖ ਸੇ ਭੀ ਕਠਨ ਸਹਾਰਨਾ ਹੈ ਭੁਖ ਤ੍ਰਿਖਾ ਕਾ ਜੋ ਦੁਖ ਉਤਪਤਿ ਹੋ ਰਿਹਾ ਹੈ ਇਸਕਾ ਐਸਾ ਭੁਖਾਦਿ ਕਰ ਵਿਆਕੁਲ ਹੂਆ ਦੇਖਕਰ ਆਪਨਾ ਇਸਤ੍ਰੀ ਆਦਿ ਕੋੜਮਾ ਪੁਨਾ ਤਿਸ ਪਰ ਕ੍ਰਿਪਾ ਕਰੇ ਹੈ ਸੋ ਪੁਰਸ਼ ਜੋ ਆਪਨੇ ਪੇਟ ਵਾਸਤੇ ਸੁਆਲ ਨਹੀਂ ਥਾ ਕਰਤਾ॥੭

**ਦੋਹਰਾ ॥ ਵਹੀ ਪੁਰਖ ਪਰਵਾਰ ਕੀ ਬਿਪਤਾ ਹਰਨ ਨਮਿੱਤ ॥ ਬਾਯਕ ਸਾਇਕ ਖਲੋਂ**

Sri Satguru Jagjit Singh Ji eLibrary NamdhariElibrary@gmail.com

**ਕੇ ਸਹੇ ਸਹੀ ਹਿਤੁ ਵਿੱਤ ॥ ੮ ॥**

ਟੀਕਾ—ਸੋ ਪੁਰਸ਼ ਆਪਨੇ ਪਰਵਾਰ ਕੀ ਭੁਖ ਨੰਗ ਰੂਪ ਬਿਪਤਾ ਦੂਰ ਕਰਨੇ ਵਾਸਤੇ ਮੂਰਖੋਂ ਪੁਰਸ਼ੋਂ ਧਨੀਯੋਂ ਕੇ ਖੋਟੇ ਬਚਨਾ ਰੂਪੀ ਬਾਣ ਸਹਾਰਤਾ ਭਯਾ ਨਿਸ੍ਰੇ ਕਰ ਧਨ ਕੇ ਵਾਸਤੇ ॥ ੮ ॥

**ਦੋਹਰਾ ॥ ਦੁਖੀ ਦੇਖ ਪਰਵਾਰ ਨਿਜ ਦੁਖੀ ਹੋਤ ਮਤਿ ਹੀਨ ॥ ਭ੍ਰਿਸ਼ਟ ਆਤਮਾਨੰਦ ਤੇ ਭਯੋ ਦੀਨ ਤੇ ਦੀਨ ॥ ੯ ॥**

ਟੀਕਾ—ਆਪਨੇ ਕੁਟੰਬ ਕੋ ਦੁਖੀ ਦੇਖ ਕਰ ਦੁਖੀ ਹੋਤਾ ਹੈ ਭ੍ਰਿਸ਼ਟ ਬੁਧੀ ਸੇ ਜੋ ਰਹਿਤ ਹੈ। ਤੇ ਪੁਰਸ਼ ਆਤਮਾਨੰਦ ਸੇ ਰਹਿਤ ਹੂਆ ਹੂਆ ਧਨਕੀ ਇਛਾ ਕਰ ਦੀਨ ਜੋ ਪੁਰਸ਼ ਹੈਂ ਤਿਨ ਕੇ ਦੀਨ ਭਯੋ, ਲਗਾ ਜਾਚਨਾ ਆਦਿ ਨੌਕਰੀ ਕਰਨੇ ॥ ੯ ॥

**ਦੋਹਰਾ ॥ ਕਰੁਨਾ ਕਰੇ ਕੁਟੰਬ ਪਰ ਦੁਖੀ ਦੇਖ ਤਿਹ ਅੰਧ ॥ ਨਰਤੇ ਦੁਖ ਟਰਤੇ ਨ ਤਿੰਹ ਜੋ ਅਦਿਸ਼ਟ ਪ੍ਰਤਿਬੰਧ ॥ ੧੦ ॥**

ਟੀਕਾ—ਕੋੜਮੇ ਕੋ ਦੁਖੀ ਦੇਖ ਤਿਨਾਂ ਪਰ ਕ੍ਰਿਪਾ ਕਰਤਾ ਹੈ ਅਗਿਆਨੀ ਬੇਵਿਚਾਰ, ਤਿਨਾਂ ਕੇ ਦੁਖ ਪੁਰਸ਼ ਕੋਲੋਂ ਦੂਰ ਨਹੀਂ ਹੋਤੇ ਭਾਂਵੇ ਕਿਤਨਾ ਜਤਨ ਭੀ ਕਰੇ ਉਨ ਕੁਟੰਬੀਓਂ ਕੇ ਖੋਟੇ ਕਰਮ ਜੋ ਡੰਕਾ ਹੈ ਸੋ ਸੁਖ ਨਹੀਂ ਹੋਨੇ ਦੇਤੇ ॥ ੧੦ ॥

Sri Satguru Jagjit Singh Ji eLibrary NamdhariElibrary@gmail.com

**ਦੋਹਰਾ ॥ ਜਾਸ ਕ੍ਰਿਪਾ ਕੀ ਕ੍ਰਿਪਾ ਕਰ ਨਾਸੈ ਉਭੈ ਅਨੰਦ । ਤਾ ਕਰੁਨਾ ਤੇ ਨਰਨ ਕੋ ਮਰਨਾ ਸ਼ੁਭ ਬਿਨ ਮੰਦ ॥ ੧੧ ॥**

ਟੀਕਾ—ਜਿਸਪਰਵਾਰ ਉਪਰ ਕ੍ਰਿਪਾ ਕਰ ਦੋਨੋਂ ਲੋਕ ਕਾ ਆਨੰਦ ਨਾਸੇ ਹੈ, ੧ ਦ੍ਵੇਸ ਦੁਖ ਕਰਤਾ ਇਸ ਲੋਕ ਕਾ ਸੁਖ ਨਾਸ ਭਯਾ ਅਰ ਪੁੰਨਾਂਸੇ ਰਹਿਤ ਹੋਨੇ ਕਰ ਤਥਾ ਯਾਚਨਾਦਿ ਕਰਨ ਕਰ ਪ੍ਰਲੋਕਾਨੰਦ ਨਾਸ ਭਯਾ, ਤਿਸ ਕ੍ਰਿਪਾ ਕਰਨ ਨਾਲੋਂ ਮਰ ਜਾਨਾ ਪੁਰਸ਼ਕਾ ਸ੍ਰਿਸ਼ਟ ਹੈ ਕਿਉਂਕਿ ਮਰਜਾਇ ਤੋ ਨਰਕਾਂਕੋ ਤਾਂ ਨਾ ਜਾਏਗਾ ਜੀਵ ਕਰਕੇ ਜੋ ਕਰਨੇਹੈਂ ਛਲ ਪ੍ਰਵਾਰਕੀ ਪਾਲਨਾਕੇ ਵਾਸਤੇ ਤਿਨ ਕਰ ਮਰਕੇ ਦੁਖਪਾਵੇ ਹੈ ਸੋ ਮਰਕਰ ਛਲੋਂਸੇ ਛੂਟਾ ਯਾਤੇ ਮੰਦਗਤੀ ਸੇ ਬਚਾ ॥ ੧੧॥

**ਸੋਰਠਾ ॥ ਤਤ ਤਤ ਕਰਤੇ ਕਾਮ ਭਵਤ ਦੁੱਖ ਪਰਿਣਾਮ ਜਿਤ ॥ ਤਿਯਅਨ ਕੰਪਾ ਦਾਮ ਗਰੇ ਪਰੀ ਪਸ਼ੁਵਤ ਚਰੇ ॥ ੧੨ ॥**

ਟੀਕਾ—ਸੋ ਸੋ ਕਾਮ ਪੁਰਸ਼ ਕਰ ਰਹੇ ਹੈਂ ਜਿਨੋਂ ਕਰ ਦੁਖ ਰੂਪੀਫਲ ਪ੍ਰਾਪਤਿ ਹੋਵੇ ॥ ਨਨੂ ॥ ਕਿਉਂ ਕਰਤੇਹੈਂ ॥ਉਤਰ॥ ਇਸਤ੍ਰੀ ਉਪਰ ਜੋ ਕਰੀ ਹੈ ਕ੍ਰਿਪਾ ਸੋ ਕ੍ਰਿਪਾ ਰੂਪੀ ਰੱਸੀ ਗਲ ਮੈਂ ਪੜੀ ਹੋਈਹੈ ਅਰ ਪਸ਼ੂਵਤ ਵਿਚਰ ਰਹੇ ਹੈਂ ॥੧੨

**ਦੋਹਰਾ ॥ ਦੁਖ ਵਿਸਰਜਨ ਕ੍ਰਿਪਣਧੀ ਸਹਤ**

Sri Satguru Jagjit Singh Ji eLibrary NamdhariElibrary@gmail.com

**ਕਸ਼ਟ ਤੇ ਕਸ਼ਟ ॥ ਨਿਸਬਾਸਰ ਆਸੁਰ ਮਤੀ ਕਰਤ ਸ੍ਵਾਪ ਕੋ ਨਸ਼ਟ॥ ੧੩॥**

ਟੀਕਾ--ਖੋਟੀ ਬੁਧੀ ਵਾਲਾ ਪੁਰਸ਼ ਦੁਖਦਾਈ ਸੰਬੰਧੀਓਂ ਕਾ ਤਿਆਗ ਨਹੀਂ ਕਰਤਾ ਅਰ ਦੁਖ ਸੇ ਭੀ ਦੁਖ ਸਹਾਰਤਾ ਹੈ ਦਿਨ ਰਾਤ, ਰਾਖਸ਼ੀ ਬੁਧਿ ਧਾਰ ਕਰ ਆਪਣੇ ਆਪ ਕੋ ਨਾਸ਼ ਕਰ ਰਿਆ ਹੈ ॥ ੧੩ ॥

**ਦੋਹਰਾ ॥ ਵਹਯੋ ਜਾਤ ਭਵਸਿੰਧ ਮੈਂ ਪਾਯੋ ਕਸ਼ਟ ਅਵਾਚ ॥ ਦਯਾ ਨ ਸਠ ਨਿਜ ਪਰ ਕਰੇ ਜਾਂਤੇ ਦੁਖ ਤੇ ਬਾਚ ॥ ੧੪ ॥**

ਟੀਕਾ--ਸੰਸਾਰ ਸਮੁੰਦ੍ਰ ਮੇਂ ਰੁੜਾ ਜਾਤਾਹੈ ਅਰ ਦੁਖ ਪਾ ਰਿਹਾ ਹੈ ਜੋ ਕਿਹਾ ਨਹੀਂ ਜਾਤਾ । ਫੇਰਭੀ ਮੂਰਖ ਪੁਰਸ਼ ਆਪਨੇ ਉਪਰ ਕ੍ਰਿਪਾ ਨਹੀਂ ਕਰਤਾ ਜਿਸ ਕਰ ਦੁਖ ਸੇ ਛੁਟ ਜਾਵੇ ॥ ੧੪ ॥

**ਦੋਹਰਾ ॥ ਸੁਜਨ ਮਯਾ ਨਿਜ ਪਰ ਕਰੇ ਆਪਨੋ ਕਰੇ ਉਧਾਰ । ਭਜੇ ਹਰੀ ਹਰਿ ਦ੍ਵਾਰ ਕੋ ਤਜੇ ਕੁਟਲ ਪਰਵਾਰ॥ ੧੫॥**

ਟੀਕਾ--ਸ੍ਰਿਸ਼ਟ ਪੁਰਸ਼ ਆਪਨੇ ਉਪਰ ਕ੍ਰਿਪਾ ਕਰਕੇ ਆਪਨੀ ਕਲਿਆਨ ਕਰੇਹੈ, ਦੁਖਦਾਈ ਜੋ ਇਸਤ੍ਰੀਆਦਿਹੈਂ ਤਿਨਕੋ ਤਿਆਗ ਕਰ ਸ੍ਰੀਗੰਗਾਕੇ ਕਨਾਰੇ ਬੈਠਕਰ ਹਰੀਕਾ

Sri Satguru Jagjit Singh Ji eLibrary NamdhariElibrary@gmail.com

ਸਿਮਰਨ ਕਰੇ ਹੈ ੧੫ ॥ ਨੰਨੂ ॥ ਨਿਰਦੋਸ਼ ਇਸਤ੍ਰੀ ਕੇ ਤਿਆਗਨ ਮੇਂ ਦੋਸ਼ ਹੈ ॥ ਉੱਤਰ ॥

**ਸੋਰਠਾ ॥ ਮਾਤ ਤਾਤ ਗੁਰੁ ਨਾਰਿ ਜੋ ਵਿਘਨੀ ਹਰਿ ਭਜਨ ਮੈ ॥ ਤਾਂਕੋ ਹਰਿ ਡਾਰ ਉਦਾਰ ਭਜ ਜਨਮ ਸਫਲ ਕਰੇ ॥ ੧੬ ॥**

ਟੀਕਾ—ਮਾਤਾ ਹੋਵੇ, ਪਿਤਾ ਹੋਵੇ, ਗੁਰੂ ਹੋਵੇ, ਇਸਤ੍ਰੀ ਹੋਵੇ, ਪੁਤ੍ਰ ਹੋਵੇ, ਪਤੀ ਹੋਵੇ ਜੋ ਹਰੀ ਸਿਮਰਨ ਮੇਂ ਵਿਘਨ ਕਰਨੇ ਵਾਲਾ ਹੋਵੇ ਤਿਸ ਨ੍ਰਿਦੋਸ਼ ਕੋ ਤਿਆਗ ਕੇ ਹਰੀ ਭਜਨ ਕਰੇ ਸ੍ਰਿਸ਼ਟ ਪੁਰਸ਼ ਆਪਨਾ ਜਨਮ ਸਫਲ ਕਰੇ ਤਿਸ ਕੋ ਦੋਸ਼ ਨਹੀਂ ਹੈ ॥੧੬

**ਚੌਪਈ ॥ ਜੋ ਖਿਤ ਧੁਤ ਸੰਭਵ ਸੁਖ ਜੋਊ ॥ ਹਰੋ ਨਰੋ ਖਿਣਭੰਗਰ ਸੋਊ ॥ ॥ ਆਯੁ ਸਪਰਸ਼ ਮਾਤ੍ਰ ਹੈ ਤਾਂਕੀ ॥ ਭੋਗਤ ਪਰਮ ਦੁੱਖ ਤਿਹ ਬਾਕੀ ॥ ੧੭ ॥**

ਟੀਕਾ—ਇਸਤ੍ਰੀ ਸਾਥ ਮਿਲਕਰ ਉਤਪਤ ਹੋਤਾ ਹੈ ਜੋ ਸੁਖ ਤਿਸ ਕੋ ਤਿਆਗ ਦੇਵਹੁ ਹੇ ਪੁਰਸ਼ੋ ਸੋ ਸੁਖ ਇੱਕ ਖਿਣ ਵਿਖੇ ਨਾਸ ਹੋ ਜਾਣੇ ਹਾਰਾ ਹੈ । ਤਿਸ ਕੀ ਉਮਰ ਥੋੜੀ ਹੈ ਜਿਨਾਂ ਚਿਰ ਇਸਤ੍ਰੀ ਸਾਥ ਮੇਲਾ ਰਹੇ ਹੈ ਉਤਨਾ ਚਿਰ ਆਨੰਦ ਹੈ ਪਾਛੇ ਨਹੀਂ ਹੈ । ਭੋਗ ਸੇ ਪਾਛੇ ਬੜਾ ਦੁਖ ਪਰਾਪਤਿ ਹੋਵੇ ਹੈ ॥ ੧੭ ॥



Sri Satguru Jagjit Singh Ji eLibrary NamdhariElibrary@gmail.com

**ਭੋਗਾਨੰਦਨ ਧਨ ਬਿਨ ਪਾਵਤ। ਬਿਨਾਅਨ-ਰਥ ਦ੍ਰਵ ਨਾਹਿੰ ਆਵਤ। ਵਿਖੈ ਭੋਗ ਸੁਖ ਲਾਭ ਨਮਿੱਤਾ। ਕਰ ਅਨਰਥ ਕਛੁ ਸੰਚਤ ਵਿੱਤਾ ॥ ੧੯ ॥**

ਟੀਕਾ—ਭੋਗਾਂਕਾਆਨੰਦ ਧਨਬਿਨਾ ਨਹੀਂ ਪਾਈਤਾ।ਅਰ ਧਨ ਭੀ ਪਾਪਾਂ ਬਿਨਾਂ ਪ੍ਰਾਪਤ ਨਹੀਂ ਹੋਤਾ, ਅਰ ਜੇਕਰ ਵਿਸ਼ੇ ਸੁਖ ਕੀ ਪ੍ਰਾਪਤੀ ਵਾਸਤੇ ਤਥਾ ਹੋਰ ਘੋੜੇ ਆਦਿ ਪਦਾਰਥਾਂ ਵਾਸਤੇ ਪਾਪ ਕਰਕੇ ਕੁਛ ਥੋੜਾ ਮਾਤ੍ਰ ਧਨ ਇਕੱਤਰ ਕਰ ਲੀਆ ਤੌ ॥ ੧੯ ॥

**ਤਾਂਕਰ ਦੁਖ ਸਿਮਰਤ ਸੁਖ ਭੋਗਤ। ਤਾਂ ਫਲ ਮਰਕਰ ਲਹਿਤ ਅਧੋਗਤਿ।ਤਾਂਤੇ ਨਖਸਿਖਾ-ਗ੍ਰਲੋਂ ਨਾਰੀ। ਮੋਖਵਿਖੇ ਪ੍ਰਤਿਬੰਧਕ ਭਾਰੀ੧੯**

ਟੀਕਾ—ਤਿਸ ਪਾਪ ਕਰ ਕਰੇ ਧਨ ਸੇਂ ਦੁਖ ਸਾਥ ਮਿਲੇ ਹੋਏ ਜੋ ਸੁਖ ਹੈਂ ਤਿਨਕੋ ਭੋਗਤਾ ਹੈ, ਤਿਨ ਸੁਖਾਂਕਾ ਫਲ ਮਰ ਕੇ ਨੀਚ ਗਤੀ ਜੋ ਹੈ ਕੁੱਤੇ ਆਦਿ ਜੂਨਾਂ ਕੀ ਪ੍ਰਾਪਤੀ ਹੋਵੇ ਹੈ, ਇਸ ਤੇ ਜਾਣੀਤਾਹੈ ਨਵਾਂ ਥੀ ਲੈਕਰ ਸਿਰ ਕੀਆਂ ਪੰਰੂ-ਬਲਾ ਪ੍ਰਯੰਤ ਜੋ ਇਸਤ੍ਰੀ ਹੈ ਸੋ ਮੋਖ ਮਈ ਸਾਧਨੋਂ ਮੈ ਬੜਾ ਭਾਰੀ ਡੱਕਾ ਹੈ ਇਸ ਤੇ ਨਿੰਦਨੇ ਯੋਗ ਹੈ ॥ ੧੯ ॥

**ਨਿਕਰ ਦੁਖਾਂ ਕਰ ਤਿਯ ਕੋ ਗਾਂਤਾ। ਤਜੇ**

Sri Satguru Jagjit Singh Ji eLibrary NamdhariElibrary@gmail.com

ਤ੍ਰਿਧਾ ਬਿਧਿ ਤਾਹਿੰ ਪ੍ਰਮਾਤਾ । ਘਨ ਕੁਚ ਮੰਡਲ ਮ੍ਰਿਦੁ ਰਮਨੀ ਕੋ। ਸੰਯੁਤ ਮੁਕਤਾ ਹਾਰ ਮਣੀ ਕੋ ॥ ੨੦ ॥

ਟੀਕਾ—ਸਾਰਾ ਸਰੀਰ ਇਸਤ੍ਰੀ ਕਾ ਦੁਖ ਕੀ ਖਾਣ ਹੈ ਤਿਸ ਕੇ ਤਾਈਂ ਮਨ ਬਾਣੀ ਸਰੀਰ ਕਰ ਜੀਵ ਤਿਆਗੇ ਬੜੇ ਕੋਮਲ ਅਰ ਸੁੰਦਰ ਪੁਨਾ ਸੰਘਣੇ ਕੋਲੋਂ ਕੋਲ ਚਕਲੀਦਾਰ ਜੋ ਕੁਚ ਹੈਂ ਤਿਨਕਾ ਅਸਥਾਨ ਜੋ ਛਾਤੀ ਹੈ ਮੋਤੀ ਅਰ ਮਣੀਆਂ ਕੇ ਹਾਰੋਂ ਸਹਿਤ ॥ ੨੦ ॥

ਸਰਬ ਓਰ ਅਤਿ ਸੁੰਦਰ ਲਾਗੇ। ਹੇਰਤ ਜਾਸ ਮਨੋ ਭਵ ਜਾਗੇ। ਹੇਮ ਮਣੀ ਮੈ ਬਣੀ ਤੜਾਗੀ ਸ੍ਰੋਣੀ ਬਿੰਬੋਂ ਪਰ ਬਰ ਲਾਗੀ ॥ ੨੧ ॥

ਟੀਕਾ—ਸੋ ਹਾਰ ਵਹਾਰੋਂ ਕਰਛਾਤੀ ਸਬਨੀਪਾਸੋਂ ਅਤਸੇ ਕਰ ਸੁੰਦ੍ਰ ਲਗ ਰਹੀ ਹੈ। ਜਿਸਕੇ ਦੇਖਣੇ ਕਰ ਕਾਮਦੇਵ ਜਾਗ ਆਵਤਾ ਹੈ ਪੁਨਾ ਸ੍ਵਰਨ ਕੀ ਜੰਜੀਰੀ ਸਾਥ ਪਰੋ ਕਰ ਮਣੀ ਰੂਪ ਮੋਤੀ ਤਿਨਕੀ ਤੜਾਗੀ ਬਣੀ ਹੋਈ ਹੈ ਬੜੇ ਸੁੰਦ੍ਰ ਰੂਪ ਵਾਲੀ ਸੰਧੂਰ ਕੀ ਨਿਆਈਂ ਲਾਲ ਜੋ ਚੁਤੜ ਹੈਂ ਤਿਨ ਕੇ ਊਪਰ ਲੱਕੋਂ ਢਲ ਕਰ ਬੜੀ ਸੁੰਦਰ ਲਗ ਰਹੀ ਹੈ ॥ ੨੧ ॥

ਅਤਿ ਛਬਿਦਾਇ ਮਾਨ ਅਭਿਰਾਮੀ। ਜਿਹ ਧੁਨਿ ਸੁਨ ਜਨ ਮੋਹਿਤ ਕਾਮੀ। ਅੰਗ ਅੰਗਨਾ ਕੇ

**ਹੈਂ ਜੇਤੇ। ਹੇਤ ਅਨੰਗਾਗਨ ਕੇ ਤੇਤੇ॥ ੨੨॥**

ਟੀਕਾ—ਅਤ ਸੇ ਕਰਕੇ ਬੜੀ ਸੁੰਦਰ ਤਰ੍ਹਾਂਗੀ ਛਟਾ ਛਟਾ ਰੂਪੀ ਸ਼ਬਦ ਕੇ ਕਰਨ ਵਾਲੀ ਜਿਸ ਕੇ ਸ਼ਬਦ ਕੋ ਸੁਣ ਕਰ ਕਾਮੀ ਪੁਰਸ਼ ਮੋਹਤ ਹੋ ਜਾਤੇ ਹੈਂ ਜਿਤਨੇ ਅੰਗ ਇਸਤ੍ਰੀ ਕੇ ਸਰੀਰਕੇ ਹੈਂ ਸੋ ਕਾਮ ਅਗਨੀਮੈ ਸਾੜਨੇਕੇ ਹੇਤੂ ਹੈਂ॥ ੨੨॥

**ਤਾਂਮੇਂ ਜੰਤ ਨਿਰੰਤਰ ਜਰਤੇ। ਉਰ ਬਿਚਾਰ ਮੈ ਬਾਰ ਨ ਧਰਤੇ। ਕ੍ਰੋਧ ਲੋਭ ਮੋਹਾਦਿ ਵਕ੍ਰਛਲ। ਸਖਾ ਮੈਨ ਕੇ ਮੈਨ ਤੁਲ ਬਲ॥ ੨੩॥**

ਟੀਕਾ—ਤਿਸ ਕਾਮ ਅਗਨੀ ਮੇਂ ਕਾਮੀ ਜੀਵ ਇਕ ਰਸ ਦਿਨ ਰਾਤ ਸੜ ਰਹੇ ਹੈਂ ਪ੍ਰੰਤੂ ਵਸਤ ਵਿਚਾਰ ਰੂਪੀ ਜਲ ਹਿਰਦੇ ਮੇਂ ਨਹੀਂ ਧਾਰਨ ਕਰਤੇ ਕ੍ਰੋਧ ਅਰ ਲੋਭ ਤਥਾ ਮੋਹ ਪਨਾ ਹੰਕਾਰਦਿ ਜੋ ਟੇਢਤਾਹੈ ਅਰ ਚੋਰੀ ਜੂਏਆਦਿ ਜੋ ਛਲ ਹੈਂ ਏਹ ਸਭ ਕਾਮਦੇਵਕੇ ਮਿਤ੍ਰ ਹੈਂ ਅਰ ਕਾਮਕੇ ਸਦਰਸਹੈਂ ਬਲ ਇਨਮੇਂ, ਅਰ ਕਾਮੀ ਪੁਰਸ਼ੋਂਕੇ ਰਿਦੇਮੇਂ ਵਸ ਰਹੇ ਹੈਂ॥ ੨੩॥ ਨਨੂ॥ ਹੋਰ ਥਾਂ ਇਨਕੇ ਵਸਨੇ ਕਾ ਨਹੀ ਹੈ॥ ਉਤਰ॥

**ਏਕ ਪੰਚਰਸ ਕੋ ਜਹਿ ਵਾਸਾ। ਤਹਾਂ ਕ੍ਰੋਧ ਲੋ ਕਰਹਿ ਨਿਵਾਸਾ। ਜਹਾਂ ਏਕ ਕੀ ਗਣਤੀ ਆਵੈ। ਤਹਾਂ ਅਨੇਕ ਅਵੱਸ ਰਹਾਵੈ॥ ੨੪॥**

ਟੀਕਾ—ਏਕ ਕਾਮਦੇਵ ਕਾ ਜਿਸ ਕੇ ਰਿਦੇ ਮੇਂ ਵਾਸ ਹੈ

ਤਿਸਕੇ ਰਿਦੇ ਮੈਂ ਕ੍ਰੋਧਾਦੀ ਆਸੁਰੀ ਸੰਪਤਾ ਸਾਰੀ ਵਸੇ ਹੈਂ, ਏਹ ਨੀਯਮ ਹੈ ਜਿਥੇ ਏਕ ਕਾਮ ਕੀ ਗਿਣਤੀ ਹੈ ਕਿਆ ਵਾਸਾ ਹੈ ਤਿਥੇ ਬਾਕੀ ਕੇ ਸਾਰੇ ਹੀ ਅਵਸ਼ਮੇਵ ਆਇ ਵਸੇ ਹੈਂ ਯੇ ਮਿੱਤ੍ਰ ਹੈਂ ਕਾਮ ਕੇ ॥ ੨੪ ॥

**ਨਰ ਤਨ ਮੈ ਜਨਮੇ ਅਰੁ ਮਰ ਹੈ। ਜਬ ਕੁਸੰਗ ਸਤ ਸੰਗਤ ਕਰ ਹੈ। ਸਰਬ ਅਨ-ਰਥ ਹੇਤ ਸੁਖਹੰਤਾ। ਗਰਜਤ ਸਬ ਅਪ-ਵਰਗ ਪ੍ਰਜੰਤਾ ॥ ੨੫ ॥**

ਟੀਕਾ—ਮਨੁਖ ਸਰੀਰ ਮੈ ਹੀ ਖੋਟੀ ਸੰਗਤ ਕਰਨੇ ਕਰ ਉਤਪਤ ਹੋਵੇ ਹੈ। ਅਰ ਸਤਸੰਗਤ ਕਰਨੇ ਕਰ ਨਰ ਸਰੀਰ ਮੇਂ ਹੀ ਮਰੇ ਹੈ ਪ੍ਰੰਤੂ ਇਨਕੀ ਜੋ ਉਤਪਤੀ ਹੈ ਸੋ ਸਰਬ ਪਾਪਾਂ ਕਾ ਕਾਰਣ ਅਰ ਸੁਖਾਂ ਕੇ ਨਾਸ਼ ਕਰਨੇ ਹਾਰੀ ਹੈ॥ ਨਨੂ॥ ਉਤਪੰਨ ਹੋਕੇ ਕਿਤਨਾ ਚਿਰ ਰਹੇ ਹੈ॥ ਉਤਰ॥ ਜਿਤਨੇ ਕਾਮਾਦਿ ਹੈਂ ਸੋ ਕਲਜਾਨ ਕੇ ਨਾ ਹੋਨੇ ਪਰਯੰਤ ਆਪਨਾ ਬਲ ਦਸੇ ਹੈਂ ਭਾਵ ਇਹ ਜਿਤਨਾ ਚਿਰ ਪੁਰਸ਼ ਮੋਖ ਕੋ ਨਹੀਂ ਪ੍ਰਾਪਤ ਹੋਤਾ ਤਿੰਨਾ ਚਿਰ ॥ ੨੫ ॥

**ਸੰਬ ਸੰਬਰ ਸਮ ਉਰਕੋ ਜਾਰਤ। ਸਮਦਮਾਦਿ ਸੰਤੋਖਹਿ ਟਾਰਤ। ਤਿਯ ਕੇ ਗਾਤ ਸੁਅੰਬਰ ਭੂਖਨ। ਦਰਸੇ ਕਬੀ ਵਿਲੋਕੇ ਦੂਖਨ ॥ ੨੬॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਸਬੀ ਕਾਮਾਦਿ ਅਗਨੀ ਸਮਾਨ ਰਿਦੇ ਕੋ ਸਾੜਤੇ ਹੈਂ ਅਰ ਸਮ ਦਮ ਸ਼ਰਧਾ ਸੰਤੋਖਾਦਿਕੋਂ ਕਾ ਨਾਸ਼ ਕਰ ਦੇਤੇ ਹੈਂ। ਇਸ ਤੇ ਪੁਰਸ਼ ਜਿਸ ਕਾਲ ਮੇਂ ਇਸਤ੍ਰੀ ਕਾ ਸਰੀਰ ਤਥਾ ਬਸਤ੍ਰ ਤਥਾ ਗਹਿਣਾ ਦੇਖ ਲਵੇ ਤਾਂ ਤਿਸੀ ਕਾਲ ਮੇਂ ਵਸਤੂ ਵਿਚਾਰਰੂਪੀ ਦੂਸ਼ਨੋਂ ਕੋ ਦੇਖ ਕਰ ਵਾ ਨਰਕ ਦੁਖ ਕੋ ਦੇਖ ਕਰ ਚਿੱਤ ਕੋ ਵਸ ਕਰ ਰਾਖੇ ਵਸਤੂ ਵਿਚਾਰ ਐਸੇ ਕਰੇ ਜੋ ਸੁੰਦਰ ਸਰੂਪ ਕੋ ਦੇਖਕਰ ਮਨ ਮੋਹਤ ਹੋਵੇ ਤੋ ਮਨ ਮੈ ਐਸਾ ਵਿਚਾਰ ਕਰੇ ਜੋ ਸੁੰਦ੍ਰ ਵਸਤੂ ਸਰੀਰ ਮੇਂ ਕਿਆ ਹੈ ਸਰਬ ਸਰੀਰ ਹੰਡ ਚੰਮ ਲਹੂ ਪਾਕ ਮਲ ਮੂਤ੍ਰ ਕੇ ਹੈਂ ਸੁੰਦ੍ਰਤਾ ਕਿਆ ਹੈ ਐਸੇ ਮਨ ਕੋ ਸਮਝਾਵਣਾ ਇਸਕਾ ਨਾਮ ਵਸਤੂ ਵਿਚਾਰ ਹੈ॥੨੬॥

**ਜਾਂ ਕਰ ਮਨ ਮਥ ਮਥੇ ਨ ਮਨ ਕੋ । ਨਾ ਤਰੁ ਮਨ ਵਪੁ ਹੁਇ ਤਿਯ ਤਨ ਕੋ । ਲਗੋ ਬਾਮ ਸੋ ਕਾਮ ਉਪਾਵੈ । ਪ੍ਰਿਥਮ ਬਿਬੇਕ ਸਮਾਦਿ ਨਸਾਵੈ ॥ ੨੭ ॥**

ਟੀਕਾ—ਐਸੇ ਦੂਸ਼ਨ ਯਾਦ ਕਰ ਅਰੋਪੈ ਜਿਨਾਂ ਕਰ ਕਾਮ ਦੇਵ ਮਨ ਮੈ ਦੂਖਨਾ ਉਤਪਤਿ ਕਰੈ, ਜੇ ਦੂਖਨ ਨਾ ਅਰੋਪੈਗਾ ਤੋ ਮਨ ਇਸਤ੍ਰੀ ਕੇ ਸਰੀਰ ਕਾ ਸਰੂਪ ਹੋ ਜਾਵੇਗਾ। ਕਿਆ ਤਿਸਕਾ ਚਿੰਤਨ ਕਰੇਗਾ, ਇਸਤ੍ਰੀ ਕੇ ਚਿੰਤਨ ਮੈ ਲਗ ਕਰ ਕਾਮ ਕੋ ਉਤਪਤ ਕਰੇ ਹੈ। ਕਾਮ ਕੇ ਉਤਪਤ ਹੋਨੇ ਸੇ ਹੀ ਪ੍ਰਿਥਮੇ ਤੋ ਵਿਚਾਰ ਨਾਸ ਹੋਵੇ ਹੈ, ਪੁਨਾ

Sri Satguru Jagjit Singh Ji eLibrary NamdhariElibrary@gmail.com

ਸਮਾਧੀ ਨਾਸ ਹੋਵੇ ਹੈ। ਭਾਵ ਯਹਿ ਪੁਰਸ਼ ਸ੍ਰਿਸ਼੍ਰ ਕਰਮ ਸੇ ਗਿੜ ਜਾਵੇ ਹੈ ਇਸਤ੍ਰੀ ਕੇ ਚਿੰਤਨ ਕਰ ਕਾਮ ਕੇ ਬਲ ਸੇ ॥ ਨਨੂ ॥ ਕਾਮਦੇਵ ਤੋ ਅੰਗਾਂ ਸੇ ਬਿਨਾ ਹੈ ਤਿਸ ਮੇਂ ਬਲ ਕੈਸੇ ਹੈ ॥ ਉਤਰ ॥ ੨੭ ॥

**ਛਲ ਅਮਰਖ ਮਦ ਮੋਹ ਸਨੇਹਾ। ਇਨਹਿ ਅਵੈਵਹਿ ਸਹਤ ਅਦੇਹਾ। ਭਯੋ ਪੁਸ਼ਟ ਅਤਿ ਜਨਮ ਮਝਾਰੀ। ਬ੍ਰਿਹਦ ਭਾਨ ਇਵ ਜਾਰਤ ਭਾਰੀ ॥ ੨੮ ॥**

ਟੀਕਾ—ਯਦਪੀ ਕਾਮ ਕਾ ਸਰੂਪ ਨਿਰਅਵੈਵ ਹੈ ਤਥਾਪੀ ਜੂਏ ਆਦੀ ਛਲ ਅਰ ਈਰਖਾ ਪੁਨਾ ਹੰਕਾਰ ਮੋਹ ਪ੍ਰੇਮਾਦਿਕ ਜੋ ਹੈਂ ਇਨ ਅੰਗੋਂ ਕੇ ਸਹਿਤ ਹੈ ਕਾਮਦੇਵ ਅਤ ਸੇ ਕਰਕੇ ਮਨੁਖ ਸਰੀਰ ਮੇਂ ਤਕੜਾ ਹੋਤਾ ਭਯਾ ਅਰ ਬਲ ਵਾਲਾ ਹੋਕੇ ਨਰ ਸਰੀਰ ਮੈ ਜੇਠ ਕੀ ਦੁਪਹਿਰ ਕੇ ਸੂਰਜ ਵਤ ਬੜਾ ਭਾਰੀ ਸਾੜਤਾ ਭਯਾ ॥ ੨੮ ॥

**ਯਾਬਿਧਿ ਨਿਕਰ ਅਵਧ ਹਤਿ ਕਰਕੇ। ਪਰਤ ਨਰਕ ਮਹਿ ਜਬ ਨਰੁ ਮਰੁ ਕੇ। ਤਹਾਂ ਤਾਹਿ ਨਰਕਾਗਨ ਜਾਰੇ। ਦੁੱਖ ਅਵਾਚ ਅਨੁਭਵਹਿੰ ਸਾਰੇ ॥ ੨੯ ॥**

ਟੀਕਾ—ਇਸ ਪ੍ਰਕਾਰ ਛਲਾਦਿ ਕੇ ਸਹਿਤ ਸੰਪੂਰਨ

Sri Satguru Jagjit Singh Ji eLibrary NamdhariElibrary@gmail.com

ਆਯੂ ਪੁਰਸ਼ ਕੀ ਨਾਸ਼ ਕਰਕੇ ਨਰਕ ਮੇਂ ਪਾਵੇ ਹੈ, ਜਬ ਪੁਰਸ਼ ਮਰ ਕੇ ਨਰਕ ਮੇਂ ਜਾਤਾ ਹੈ ਇਸਤ੍ਰੀ ਕੇ ਪ੍ਰਤਾਪ ਕਰ ਤਿਥੇ ਨਰਕੋਂ ਮੇਂ ਤਿਸ ਪੁਰਸ਼ ਕੋ ਨਰਕ ਅਗਨੀ ਸਾੜਤੀ ਹੈ। ਜੋ ਦੁਖ ਨਰਕ ਜੂਨਾ ਕਾ ਨਹੀਂ ਕਿਆ ਜਾਤਾ ਬਾਣੀ ਕਰ ਤਿਸ ਦੁਖ ਕੋ ਸੋ ਪੁਰਸ਼ ਦੇਖੇ ਹੈ ॥ ੨੯ ॥ ਨਨੂ ॥ ਜਿਸ ਇਸਤ੍ਰੀ ਆਦਿ ਸਰਬੰਧੀਓਂ ਵਾਸਤੇ ਪਾਪ ਕਰਤਾ ਹੈ ਸੋ ਨਰਕਾਂ ਸੇ ਰੱਖਿਆ ਨਹੀਂ ਕਰਤੇ ॥ ਉਤਰ ॥

**ਤੇ ਕਤ ਨਰਕ ਦੂਖਤੇ ਰਾਖੈ । ਨਹਿੰ ਰਾਖੈਂ ਪ੍ਰਤਿ ਤਾਂ ਮਹਿ ਰਾਖੈਂ। ਇਤ ਉਤਮਾਹਿੰ ਤਪਾ-ਵਨ ਵਾਰੇ। ਨਾਰਿਅਵੈਵ ਰਿਦੇਜਬਧਾਰੇ॥ ੩੦**

ਟੀਕਾ—ਤੇ ਇਸਤ੍ਰੀ ਆਦਿਕ ਨਰਕ ਦੁਖ ਸੇ ਰੱਖਿਆ ਕਰਤੇ ਹੈਂ ? ਰੱਖਿਆ ਤੋ ਨਹੀਂ ਕਰਤੇ ਸਗੋਂ ਉਲਟਾ ਤਿਨਾਂ ਨਰਕਾਂ ਮੇਂ ਹੋ ਰਖੇ ਹੈਂ। ਲੋਕ ਪ੍ਰਲੋਕ ਵਿਖੇ ਦੁਖ ਦੇਨੇਹਾਰੇ ਜੋ ਇਸਤ੍ਰੀਕੇ ਅੰਗਹੈਂ। ਜਬ ਪੁਰਸ਼ ਇਨਕੋ ਦੇਖ ਕਰ ਰਿਦੇ ਮੇਂ ਧਾਰੇਗਾ ਕਿਆ ਇਨ ਮੇਂ ਪ੍ਰੇਮ ਕਰੇਗਾ ਤਬ ਦੋਨੋਂ ਲੋਕਾਂ ਮੇਂ ਦੁਖੀ ਹੋਵੇਗਾ ॥ ੩੦ ॥

**ਤਾਤੇ ਸੰਗ ਬਾਮਕੋ ਤਜੀਯੇ ॥ ਨਾਤਰ ਅਵਰ ਬਧੂ ਜਨ ਭਜੀਯੇ । ਕਰੁਣਾ ਮੈਤ੍ਰੀ ਪ੍ਰਗਜਾ ਭਾਰੀ। ਸੇਵਹੁ ਸੁਖਦ ਅਯੰਤ੍ਰੇ ਨਾਰੀ ॥ ੩੧ ॥**

Sri Satguru Jagjit Singh Ji eLibrary NamdhariElibrary@gmail.com

www.archive.org/details/namdhari


ਟੀਕਾ—ਜਾਂਤੇ ਦੁਖ ਹੈ ਤਾਂਤੇ ਇਸਤ੍ਰੀ ਕਾ ਸੰਗ ਹੀ ਤ੍ਯਾਗ ਦੇਵੇ, ਜੇ ਨਹੀਂ ਰਿਹਾ ਜਾਂਦਾ ਇਸਤ੍ਰੀ ਬਿਨਾ ਤੋ ਹੋਰ ਇਸਤ੍ਰੀਆਂ ਹਮ ਦਸਤੇ ਹੈਂ ਤਿਨਕੋ ਰਖਣਾ ਕਰੋ। ਕ੍ਰਿਪਾ ਕਰਨੀ ਜੀਵਾਂ ਪਰ ਮਿੱਤਰਤਾ ਕਰਨੀ ਸੰਤਾਂ ਸਾਥ ਅਰ ਸ੍ਰਿਸ਼ਟ ਜੋ ਬੁਧੀ ਹੈ ਆਤਮ ਵਸ਼ੈਣੀ ਏਹ ਸੁਖ ਦੇਣੇ ਵਾਲੀਆਂ ਤਿੰਨੇਂ ਇਸਤ੍ਰੀਆਂ ਕੋ ਧਾਰਨ ਕਰੋ ਤੁਮਕੋ ਸੁਖ ਹੋਗਾ ॥ ੩੧ ॥

**ਸੋਰਠਾ ॥ ਮਤ ਦਰਸੋ ਤਿਯ ਅੰਕ ਜੋ ਕਦਾਪਿ ਚੂਕੇ ਪਿਖੋ। ਨਿਸ੍ਹੈ ਲਗੇ ਕਲੰਕ ਭਾਦ੍ਰ ਚੌਥ ਕੇ ਚੰਦ੍ਰਵਤ ॥ ੩੨ ॥**

ਟੀਕਾ—ਮਤ ਦੇਖੋ ਇਸਤ੍ਰੀ ਕੇ ਮੁਖਕੋ ਜੇ ਕਦੀ ਭੁਲ ਕਰ ਭੀ ਦੇਖੋਗੇ ਤੋ ਨਿਸ੍ਹੈ ਕਰ ਜਾਨੋਂ ਕਲੰਕ ਹੀ ਲਗੇ ਗਾ ਜੈਸੇ ਭਾਦਰੋਂ ਕੀ ਚੌਥ ਕਾ ਚੰਦ੍ਰਮਾਂ ਭੁਲਕੇ ਦੇਖਿਆ ਭੀ ਦੁਖ ਕਾ ਹੇਤੂ ਹੈ ਤੈਸੇ ਸਮਝੋ ਇਸਤ੍ਰੀ ਕੋ ॥ ੩੨ ॥

**ਦੋਹਰਾ ॥ ਤਿਯਹਿੰ ਨਿੰਦ ਏਕਾਦਸ਼ੋ ਅਲੰ ਭਯੋ ਅਧਜਾਇ। ਬਲ ਗੁਣ ਗਣ ਨਰਕੇ ਹਰੇ ਮਰ ਕੇ ਨਰਕੇ ਪਾਇ ॥ ੩੩ ॥**

ਟੀਕਾ—ਮੋਖਕਾ ਪ੍ਰਤਿਬੰਧ ਤਥਾ ਪਾਪਾਂ ਕਾ ਕਾਰਣ ਜਾਣ ਇਸਤ੍ਰੀਕੋ ਨਿੰਦਤਾਹੂਆ ਯਾਰਵਾਂ ਧਯਾਇ ਸਿਥਿਤਹੋਤਾਭਯਾ ਕੈਸੀ ਹੈ ਨਾਰੀ ਬਲ ਅਰ ਗੁਣ ਤਪਾਦਿ ਸਮੂਹ ਖੋਸ ਕਰ


Sri Satguru Jagjit Singh Ji eLibrary NamdhariElibrary@gmail.com

ਮਾਰਕੇ ਨਰਕਾਂਮੇਂ ਪਾਵਣੇਹਾਰੀਹੈ ਐਸੇ ਜਾਨੀਐ ॥ ੩੩ ॥

ਇਤੀ ਇਕਾਦਸ਼ੋ ਧਿਆਇ ॥ ੧੧ ॥

ਦੋਹਰਾ ॥ ਬ੍ਰਿਧ ਅਵਸਥਾ ਦ੍ਵਾਦਸੇ ਪਾਂਚ ਛੰਦ ਕਰ ਨਿੰਦ ॥ ਦੁਖ ਨਿਰਾਦਰ ਚਿੰਤ ਨਿਧ ਬਿਨ ਪੌਰਖ ਮਤਿਮੰਦ ॥ ੧ ॥

ਟੀਕਾ—ਬਾਰਵੇਂ ਧਿਆਇ ਮੈ ਪੰਚ ਛੰਦੋ ਕਰ ਭਰਥ ਜੀ ਬ੍ਰਿਧ ਅਵਸਥਾ ਕੋ ਨਿੰਦਨਾ ਕਰੇ ਹੈਂ। ਦੁਖ ਤਥਾ ਨਿਰਾਦਰ ਅਰ ਚਿੰਤਾ ਕੀ ਖਾਣ ਜਾਣ ਕਰ ਤਥਾ ਬਲ ਸੇ ਬਿਨਾ ਬੁਧੀ ਭੀ ਮੰਦੀ ਜਾਣ ਕਰ ॥ ੧ ॥ ਨਿਰਾਦਰ ਦਸੇ ਹੈਂ ॥

ਕਬਿੱਤ॥ਜਰਾ ਕਰ ਸੇਤ ਬਾਰ ਨਰੋਂਕੋ ਨਿਹਾਰ ਨਾਰਿਕਰੇਤਾਹਿ ਤ੍ਰਿਸ਼ਕਾਰ ਭਾਗੇ ਫੇਰ ਨਾਰਕੋ। ਹਾਡ ਘਟੀ ਰੱਜੁ ਨਾਰਿ ਮੰਦਰ ਸਹੇਰ ਡਾਰ ਬਿੱਪ੍ਰ ਨਾਰਿ ਬ੍ਰਿੱਧ ਰੂਪ ਕੂਪ ਚਮਿਆਰ ਕੋ ॥ ਦਾਹੇ ਤੀਨ ਤਾਪ ਭਾਨ ਨੈਨਬੈਨ ਗਜਾਨ ਕਾਨ ਤਜੇ ਤਾਹਿੰ ਮਾਨ ਆਦਿ ਜਿਉਂ ਉਦਾਰ ਦਾਰ ਕੋ॥ ਅਹੋ ਕਸ਼ਟ ਜੀਵ ਦੁਸ਼ਟ ਤਜੇ ਨ ਅਨਿਸ਼੍ਰ ਅਜੇਨਾਰੀ ਤਜੇਤਨੁ ਭਜੇ ਮਨ ਅਜੇ ਨਾਰਕੋ ॥੨॥

ਟੀਕਾ—ਬੁਢੇਪੇ ਕਰ ਚਿਟੇ ਵਾਲ ਹੋਏ ਦੇਖਕਰ ਪੁਰਸ਼ਾਂ ਕੇ ਤਿਸਕਾ ਨਿਰਾਦਰ ਕਰਤੀ ਇਸਤੀ ਅਰ ਜੇ ਕਬੀ ਬੁਲਾਤ

Sri Satguru Jagjit Singh Ji eLibrary NamdhariElibrary@gmail.com

ਹੈ ਤੋ ਤਿਸਕੀ ਤਰਫੋਂ ਮੁਖ ਮੋੜਕਰ ਭਾਗ ਜਾਵੇ ਹੈ ਜੈਸੇ ਬ੍ਰਹ-
ਮਣਕੀ ਇਸਤ੍ਰੀ ਚਮਾਰਕੇ ਖੂਹੇਪਰ ਹੱਡ ਤਥਾ ਭੱਜੀਆਂ ਘੜੀ
ਆਂ ਰੱਸੀਆਂ ਨਾੜੇ ਅਰ ਰਸ ਭੈੜਾ ਜਾਣਕਰ ਤਜਾਗੇ ਹੈ ਤੈਸੇ
ਘੜੀਆਂ ਅਸਥਾਨੀ ਹੱਡ ਨਿਕਲੇ ਹੋਇ ਅਰ ਰੱਸੀਆਂ ਅਸ-
ਥਾਨੀ ਨਾੜੀਆਂ ਨਿਕਲੀ ਹੋਈਆਂ ਅਰ ਮੰਦ੍ਰ ਅਸਥਾਨੀ ਬਲ
ਸੇ ਰਹਿਤ ਜਾਣਕਰ ਬ੍ਰਿਧਰੂਪਕੋ ਇਸਤ੍ਰੀ ਤਿਆਗੇ ਹੈ। ਅਰ
ਤੀਨਤਾਪ ਸੂਰਜਵਤ ਸਾੜੇ ਹੈਂ ਨਰਕੋ ਅਰ ਫੇਰਭੀ ਨੇਤ੍ਰਾਂ ਕਰ
ਨਾਰੀਕੋ ਦੇਖਾਚਾਹਤਾ ਹੈ ਬਾਣੀਕਰ ਬਚਨ ਕਰਨੇ ਚਾਹਤਾ ਹੈ
ਅਰ ਕੰਨਾਂਕਰ ਸ਼ਬਦ ਤਿਸਕੇ ਸੁਣਨੇ ਚਾਹਤਾ ਹੈ ਅਰ ਤਿਸਨੇ
ਇਸਕੇ ਮਨਾਦਿ ਸੇਵਾ ਕੋ ਤਿਆਗ ਦੀਆ ਹੈ ਜੈਸੇ ਸ੍ਰਿਸ਼ਟ
ਪੁਰਸ਼ ਇਸਤ੍ਰੀਕੋ ਤਿਆਗੇ ਹੈ ਤੈਸੇ, ਅਹੋ ਬੜਾ ਅਫਸੋਸ ਹੈ
ਨਿਰਾਦਰਾਦਿ ਐਸੇ ਦੁਖਕੇ ਹੂਏ ਭੀ ਅਜੇ ਦੁਸ਼ਟ ਜੀਵ ਵਿਸ਼ੇ
ਆਦ ਖੋਟੇ ਕਰਮੋਂਕੋ ਨਹੀਂ ਤਿਆਗਤਾ ।' ਅਰ ਇਸਤ੍ਰੀ ਨੇ
ਇਸਕੇ ਸਰੀਰਕਾ ਤਿਆਗਕਰ ਦਿਤਾ ਹੈ ਵਾ ਇਸਕੇ ਸਰੀਰ
ਨੇ ਤਿਆਗ ਕਰਾ ਹੈ ਜੋ ਇੰਦ੍ਰਿਆਂ ਮੇਂ ਬਲ ਨਹੀਂ ਤੌ ਭੀ ਮਨ
ਕਰ ਅਜੇ ਇਸਤ੍ਰੀਕੋ ਚਾਹਤਾ ਹੈ॥ ੨॥ ਮਤਿ ਮੰਦਤਾ ਦਸੇ ਹੈਂ

**ਦਵੈਯਾ ਛੰਦ॥ ਬਿਆਘ੍ਰੀ ਕੇ ਸਮ ਇਸਥਿਤ ਹੋ**
**ਕਰ ਜਰਾ ਅਵਸਥਾ ਕਰਤ ਪ੍ਰਹਾਰ॥ ਤੀਖਣ**
**ਕ੍ਰੂਰ ਨਖਾਗ੍ਰ ਰੋਗ ਕਰ ਪ੍ਰਤਿ ਤਾੜਤ ਤਨ ਕੋ**
**ਬੈਲ ਧਾਰ॥ ਉਚਿਤ ਅਵਧ ਪਰਿਸ੍ਰਵਤ ਸਤਤ**

Sri Satguru Jagjit Singh Ji eLibrary NamdhariElibrary@gmail.com

**ਇਵ ਫੂਟੇ ਘਟਤੇ ਛੂਟੇ ਬਾਰਿ। ਲੋਕਸੁ ਅਹਿਤ ਤੱਦ ਪਿ ਆਚਰ ਹੈ ਅਹੋ ਕਰੇ ਹਿਤ ਨਾਂਗੀ ਕਾਰ ॥ ੩ ॥**

ਟੀਕਾ—ਪ੍ਰਸੂਤ ਹੋਈ ਬਗਿਹਾੜੀ ਕੀ ਨਿਆਈਂ ਸਰੀਰ ਪਰ ਸਥਿਤ ਹੋਕਰ ਬ੍ਰਿਧ ਅਵਸਥਾ ਸਰੀਰ ਕਾ ਨਾਸ ਕਰ ਰਹੀਹੈ ਰੋਗਰੂਪੀ ਭਿਆਨਕ ਨਖੋਂਕੇ ਅਗ੍ਰਕਰ ਜਲਤੀ ਤਾੜ ਰਹੀਹੈ ਨਿੱਤਜਮਪ੍ਰਤੀ ਸਰੀਰਕੋ ਬਲ ਧਾਰਕਰ। ਬੜੀਸ੍ਰਿਸ਼੍ਰ ਜੋ ਆਯੂਸੀ ਸੋ ਨਿਰੰਤਰ ਨਾਸਹੋਈ ਜਾਤੀ ਹੈ ਜੈਸੇ ਫੂਟੇ ਹੋਏ ਘੜੇਸੇ ਜਲ ਵਗ ਜਾਵੇ ਤੈਸੇ, ਯਦਪੀ ਸਰਬੰਧੀ ਲੋਕ ਭੀ ਇਸਕਾ ਭਲੀ ਪ੍ਰਕਾਰ ਕਰ ਨਿਆਦਰ ਕਰਤੇ ਹੈਂ ਹਿਤ ਨਹੀਂ ਕਰਤੇ ਤੌ ਭੀ ਏਹ ਤਿਨਕੇ ਹਿਤਕਾ ਹੀ ਕਰਤੱਵਜ ਕਰੇ ਹੈ ਵਾ ਤਿਨਮੇਂ ਹੀ ਵਿਚਰੇਹੈ, ਬੜਾ ਅਸਚਰਜ ਹੈ ਜੋ ਆਪਨੇ ਹਿਤ ਕੋ ਨਹੀਂ ਧਾਰਨ ਕਰਤਾ ਤਾਂਤੇ ਜਾਣੀਤਾ ਹੈ ਜੋ ਇਸ ਕੀ ਬੁਧੀ ਮੰਦ ਹੈ। ਆਪਨਾ ਹਿਤੂ ਨਾਮ ਸਿਮਰਨ, ਸੰਤਾਂ ਕਾ ਸੰਗ ਕਰਨਾ ਹੈ ਸੋ ਨਹੀਂ ਕਰਤਾ ॥ ੩ । ਦੁਖ ਦਸੇ ਹੈਂ ॥

**ਮਨੋਜ ਛੰਦ ॥ ਸੁਕਚੇ ਸਬ ਅੰਗ ਵਿਭੰਗ ਸੁਚਾਲ ॥ ਪੁਨ ਭ੍ਰਸ਼ਟ ਸਮਸ੍ਰ ਭਈ ਰਦ-ਮਾਲ॥ ਦ੍ਰਿਤਿ ਲੋਚਨ ਕੀ ਸਬ ਮੋਚਨ ਅਸਤ॥ ਨਹਿ ਕਾਨ ਸੁਨੇ ਕਲਜਾਨ ਸਮਸਤ ॥ ੪ ॥**

ਟੀਕਾ—ਸਭ ਅੰਗ ਸਰੀਰ ਕੇ ਇਕੱਠੇ ਹੋ ਜਾਤੇ ਹੈਂ, ਅਰ ਟੋਰ ਭੀ ਵਿਗੜ ਜਾਤੀ ਹੈ, ਅਰ ਦੰਦਾਂ ਕੀ ਪੰਗਤੀ ਭੀ ਨਾਸ ਹੋ ਜਾਤੀ ਹੈ ਸਾਰੀ, ਨੇਤ੍ਰਾਂ ਕੀ ਜੋਤ ਭੀ ਸਬ ਨਾਸ ਹੋ ਜਾਤੀ ਹੈ। ਸਾਰਾ ਸ਼ਬਦ ਭੀ ਕੰਨ ਅਛੀ ਤਰਾਂ ਨਹੀਂ ਸੁਨਤੇ ਇਸਤੇਪਰੇ ਹੋਰ ਕਿਆ ਦੁਖ ਹੈ ਜੋ ਅੰਗ ਮੇਂ ਦੁਖ ਹੋ ਜਾਤਾ ਹੈ॥ ੪ ॥

**ਮੁਖ ਮੱਧ ਭਈ ਕਫ ਬ੍ਰਿਧ ਮਹਾਨ। ਇਤ ਹੇਤ ਸਦੁਖ ਗਤਾਗਤ ਪ੍ਰਾਨ। ਕਛੁ ਜਾਚਨ ਹੇਤ ਮੁਖੋਂ ਜਬ ਵਾਚ। ਜਨ ਬੰਧੁ ਬਕੇ ਤਬ ਵਾਕ ਅਵਾਚ ॥ ੫ ॥**

ਟੀਕਾ—ਬ੍ਰਿਧ ਅਵਸਥਾ ਮੇਂ ਮੁਖ ਵਿਖੇ ਬਲਗਮ ਭੀ ਬੜੀ ਹੋ ਜਾਤੀ ਹੈ, ਇਸ ਹੇਤੂ ਕਰ ਸਹਿਤ ਦੁਖ ਕੇ ਆਵਤੇ ਜਾਤੇ ਹੈਂ ਸ੍ਵਾਸ, ਜਬ ਕਿਸੇ ਪਦਾਰਥ ਕੇ ਖਾਨੇ ਵਾਸਤੇ ਮੁਖੋਂ ਬੋਲ ਕਰ ਮੰਗੇ ਹੈ। ਵਾ ਕੁਛ ਮੰਗਣੇ ਵਾਸਤੇ ਜਬ ਬੋਲੇ, ਤਬ ਸਰਬੰਧੀ ਪਹਿਲੇ ਤਾਂ ਕੰਨਾਂ ਮੇ ਮਾਰ ਛਡੇ ਹੈਂ ਜੇ ਬੋਲੇਂਗੇ ਭੀ ਤੋ ਜੋ ਨਹੀਂ ਕਹਿਨੇ ਵਾਲੇ ਬਚਨ ਸੋ ਕਹੇਂਗੇ ਬਾਬਾ ਜੀ ਮਰੋ ਤੁਹਾਡੀ ਕੜਾ ਹੀ ਖਾਈਏ ॥ ੫ ॥

**ਲਲਨਾ ਪਲਨਾ ਮਿਲਨਾ ਜੁਤ ਜੈਤ ॥ ਵਹਿ ਨਾਹਕੀ ਸੇਵ ਕੋ ਨਾਹਿ ਕਰੰਤ॥ ਪੁਨ ਜੀਰਣ ਆਉਖ ਮਾਨੁਖ ਜੋਇ॥ ਨਿਜ ਪੁਤ੍ਰ**

Sri Satguru Jagjit Singh Ji eLibrary NamdhariElibrary@gmail.com

**ਅਪੀ ਸਮ ਸਤ੍ਰ ਵਿਲੋਇ ॥ ੬ ॥**

ਟੀਕਾ—ਜੋ ਇਸਤ੍ਰੀ ਜੁਬਾ ਅਵਸਥਾ ਮੇਂ ਪਲ ਮਾਤ੍ਰ ਨਹੀਂ ਸੀ ਤਿਆਗਦੀ, ਸੋ ਭਰਤਾ ਕੀ ਸੇਵਾ ਨਹੀਂ ਕਰਤੀ ਅਰ ਪੁਤ੍ਰ ਪੌਤ੍ਰਿਆਂ ਕੇ ਪ੍ਰੇਮ ਮੇਂ ਲਗ ਜਾਵੇ ਹੈ, ਪੁਨਾ ਬ੍ਰਿਧ ਆਯੂ ਵਾਲਾ ਪੁਰਸ਼ ਹੈ ਜੋ ਤਿਸ ਕੋ ਆਪਨੇ ਪੁਤ੍ਰ ਭੀ ਦੁਸ਼ਮਨ ਕੀ ਨਿਆਈਂ ਦੇਖਤੇ ਹੈਂ। ਜੇ ਕਬੀ ਕੋਈ ਬਚਨ ਪੁਤ੍ਰਾਂ ਕੋ ਕਹੇ ਤੋ ਸੋ ਐਸੇ ਬੋਲਣ ਗੇ ਜਿਨ ਕਰ ਹਿੱਕ ਸੜ ਜਾਏ ਤੇ ਫੇਰ ਨਾ ਕਦੀ ਕੁਛ ਆਖੇ ॥ ੬ ॥

**ਤਿਨ ਕੇ ਦੁਰ ਬਾਇਕ ਸਾਇਕ ਸੰਗ। ਉਰ ਬੇਧਤ ਭੀਨ ਤਜੇ ਤਿਨ ਸੰਗ॥ ਇਤ ਰੀਤਿ ਬਿਤੀਤ ਭਈ ਸਭ ਆਉ ॥ ਨ ਅਜੇਪਿ ਤਜੇ ਨਿਜ ਮੰਦ ਸੁਭਾਉ ॥ ੭ ॥**

ਟੀਕਾ—ਤਿਨ ਸਰਬੰਧੀਓਂ ਕੇ ਖੋਟੇ ਬਚਨਾ ਰੂਪੀ ਬਾਣਾਂ ਕਰਕੇ ਰਿਦਾ ਵਿੰਨਿਆਂ ਭੀ ਜਾਤਾ ਸੂ ਪ੍ਰੰਤੂ ਤਿਨ ਕਾ ਸੰਗ ਨਹੀਂ ਤਿਆਗਤਾ, ਇਸ ਪ੍ਰਕਾਰ ਸਾਰੀ ਉਮਰ ਬੀਤੀ ਪਰ ਆਪਨਾ ਖੋਟਾ ਸੁਭਾਵ ਨਾ ਜੀਵ ਨੇ ਤਿਆਗਿਆ ॥੭॥ ਬ੍ਰਿਧ ਅਵਸਥਾ ਮੇਂ ਪ੍ਰਲੋਕ ਕਾ ਕੋਈ ਸਾਧਨ ਨਹੀਂ ਹੋਤਾ ਇਸ ਬਾਤ ਕੋ ਦਸੇ ਹੈਂ ॥

**ਦੋਹਰਾ ॥ ਜਰਾ ਉਪਾਉ ਨ ਹੋ ਸਕੈ ਜਰਾ**

Sri Satguru Jagjit Singh Ji eLibrary NamdhariElibrary@gmail.com

**ਆਉਕੇ ਮਾਂਹਿ ॥ ਭਵ ਸਾਗਰ ਕੇ ਤਰਨ ਕੋ ਤਰਨ ਅਵਸਥਾ ਆਹਿ ॥ ੮ ॥**

ਟੀਕਾ—ਬ੍ਰਿਧ ਅਵਸਥਾ ਮੇਂ ਜਰਾ ਮਾਤ੍ਰ ਭੀ ਉਪਾਉ ਪ੍ਰਲੋਕਕ ਜਪਤਪਾਦਿ ਨਹੀਂ ਹੋ ਸਕਤਾ, ਤਾਂਤੇ ਸੰਸਾਰ ਸਮੁੰਦ੍ਰ ਸੇ ਤਰਣੇ ਕੋ ਜੁਬਾ ਅਵਸਥਾ ਹੈ, ਜੈਸੇ ਗੁਰੂ ਸਿਮਤ੍ਰੀ ਮੈ ਲਿਖਾ ਹੈ ॥ "ਜਬ ਲਗ ਜਰਾ ਰੋਗ ਨਹੀਂ ਆਇਆ। ਜਬ ਲਗ ਕਾਲ ਗ੍ਰਸੀ ਨਹੀਂ ਆਇਆ। ਜਬ ਲਗ ਬਿਕਲ ਭਈ ਨਹੀਂ ਬਾਨੀ। ਭਜ ਲੇਹਿ ਰੇ ਮਨ ਸਾਰਿੰਗ ਪਾਨੀ ॥" ਏਹ ਭੀ ਵਾਕ ਜੁਬਾ ਅਵਸਥਾ ਕੋ ਕਹੇ ਹੈਂ॥ ੮ ॥ ਆਗੇ ਪੁਰਖਾਰਥ ਕੀ ਹਾਨੀ ਦਸੇ ਹੈਂ॥

**ਕਬਿੱਤ ॥ ਆਨਨ ਕੀ ਛਬ ਵਲੀ ਗਣੋਂ ਕਰ ਟਲੀ ਗਲੀ ਕਾਨਨ ਕੀ ਗਲੀ ਬਲ ਅੰਕੋਂ ਮੈਨ ਭਾਸਹੈ। ਲੋਇਨਾ ਕੇ ਮਾਂਹਿ ਕਛੁ ਲੋਇਨਾ ਪਰੇ ਸੂੰਛ ਰਸਨਾ ਮੋਂ ਰਸ ਨਾ ਸੋ ਨਾਸ ਕਲਾ ਨਾਸ ਹੈ॥ ਕੇਸ ਭਏ ਊਜਰ ਨ ਰਹਿਯੋ ਕਛੁ ਉਜ੍ਰ ਜਵਾਨੀ ਗਈ ਉਜਰ ਨ ਸਾਸ ਕੋ ਬਿਸਾਸ ਹੈ। ਤ੍ਰਿਸ਼ਨਾ ਤੋ ਅਨੰਤ ਅੰਤ ਭਯੋ ਹੈ ਸੰਘਾਤ ਸਭ ਸ਼ਾਂਤ ਭਈ ਸ਼ਾਂਤ ਨਾਹਿ ਸ਼ਾਂਤ ਭੋਗ ਆਸ ਹੈ॥ ੯॥**

ਟੀਕਾ—ਅਨਕ ਪ੍ਰਕਾਰ ਕੀਆਂ ਝਰੂੜੀਆਂ ਕਰ ਮੁਖ ਕੀ

Sri Satguru Jagjit Singh Ji eLibrary NamdhariElibrary@gmail.com

ਸ਼ੋਭਾ ਦੂਰ ਹੋ ਭਈ ਅਰ ਕੰਨਾਂ ਕੀ ਜੋ ਮੋਰੀ ਥੀ ਸ਼ਬਦ ਸੁਣਨੇ ਹਾਰੀ ਸੋ ਭੀ ਨਾਸ ਭਈ। ਸੁਣਤਾ ਕੁਛ ਨਹੀਂ ਹੈ, ਹੋਰ ਭੀ ਕਿਸੇ ਹੱਥ ਪੈਰਾਦਿ ਅੰਗ ਮੇਂ ਜ਼ੋਰ ਨਹੀਂ ਰਹੇ ਹੈਂ। ਅਛੀ ਤਰਾਂ ਸੇ ਨੇਤ੍ਰਾਂ ਮੈ ਦਿਸਦਾ ਭੀ ਨਹੀਂ ਹੈ, ਅਰ ਜਿਹਬਾ ਭੀ ਬੇਰਸ ਹੋ ਜਾਤੀ ਹੈ ਸ਼ਬਦ ਠੀਕ ਨਹੀਂ ਕਹਿਤੀ ਵ ਕੋਈ ਸ੍ਵਾਦ ਅੱਛਾ ਨਹੀਂ ਲਗਤਾ ਹੋਰ ਹੋਰ ਸ੍ਵਾਦ ਕੋ ਮਨ ਕਰਤਾ ਹੈ। ਪੁਨਾ ਨਾਸਾਂ ਕੋ ਬਲ ਭੀ ਵਿਗੜ ਜਾਵੇ ਹੈ ਅਰ ਕੇਸ ਸੁਫੈਦ ਭਏ ਜੁਆਨੀ ਉਜੜ ਗਈ ਕੋਈ ਅਪਨਾ ਚਾਰਾ ਨਹੀਂ ਚਲਤਾ ਅਰ ਸ੍ਵਾਸਾਂ ਕਾ ਕੁਛ ਭਰੋਸਾ ਨਹੀਂ ਹੈ ਇਸ ਪ੍ਰਕਾਰ ਕਰ ਸਰਬ ਪ੍ਰਕਾਰ ਕੇ ਪੁਰਖਾਰਥ ਸੇ ਹੀਨ ਹੋਵੇ ਹੈ ਪੁਰਸ਼ ਬ੍ਰਿਧ ਅਵਸਥਾ ਮੇਂ, ਇਸ ਪ੍ਰਕਾਰ ਕਰ ਸਰੀਰ ਕੀ ਸਾਰੀ ਸਮਿਗਰੀ ਅੰਤ ਵਾਲੀ ਹੋਤੀ ਭਈ, ਅਰ ਪਦਾਰਥਾਂ ਕੀ ਚਿੰਤਾ ਰੂਪ ਤ੍ਰਿਸ਼ਨਾ ਭੀ ਅਨੰਤ ਹੋਤੀ ਭਈ, ਸ਼ਾਂਤੀ ਭੀ ਨਾਸ ਭਈ ਪੁਨਾ ਭੋਗਾਂ ਕੀ ਆਸਾ ਨਾਸ ਨਾ ਭਈ ਇਸ ਪ੍ਰਕਾਰ ਚਿੰਤਾ ਕਾ ਸਮੁੰਦ੍ਰ ਰੂਪ ਬ੍ਰਿਧ ਅਵਸਥਾ ਹੈ ॥ ੯ ॥

**ਕਬਿੱਤ ॥ ਤਨੁ ਬ੍ਰਿਧ ਭਏ ਤੇ ਨ ਬ੍ਰਿਧ ਭਈ ਭੋਗ ਇਛਾ ਮਨੁ ਮੈਂ ਜੋ ਭੋਗਨ ਕੀ ਕੋਟ ਮਨ ਰਤਿ ਹੈ ॥ ॥ ਸ਼ਨੇ ਸ਼ਨੇ ਉਤਥਾਨ ਲੋਚਨ ਕੀ ਦੁਤਿ ਹਾਨਿ ਮਾਨਵ ਕੋ ਬਹੁਮਾਨ ਹਾਨ ਭਯੋ ਅਤਿ ਹੈ। ਸਖੇ ਸਮ ਵੇਸਵਾਰੇ ਪ੍ਰਾਣੋਵਤ ਜੇਈ**

Sri Satguru Jagjit Singh Ji eLibrary NamdhariElibrary@gmail.com

**ਪਜਾਰੇ ਕਬਕੇ ਪਧਾਰੇ ਨਾਕ ਦੇਖਐਸੀਗਤਿਹੈ। ਅਹੋਅਜੇ ਨੀਚ ਨਿਜ ਮੀਚ ਬੀਚ ਹਾਸੀ ਭਜੇ ਜੀਵਨ ਚਹਤ ਮ੍ਰਿਤ ਜੀਵਨਾ ਚਹਤਹੈ॥੧੦**

ਟੀਕਾ—ਦੇਖੋ ਜੀ ਜੀਵ ਕਾ ਸਰੀਰ ਤੋ ਬਿਰਧ ਹੋ ਗਿਆ ਹੈ ਪ੍ਰੰਤੂ ਭੋਗਾਂ ਕੀ ਖ਼ਾਹਸ਼ ਨ ਘਟੀ ਬਹੁਤ ਹੋਤੀ ਭਈ ਮਨ ਵਿਖੇ ਕ੍ਰੋੜਾਂ ਮਣਾਂ ਕੀ ਪਰੀਤੀ ਹੈ ਭੋਗਾਂ ਕੀ ਹਉਲ਼ੀ ਹਉਲ਼ੀ ਗੋਡ਼ਿਆਂ ਤੇ ਹਥ ਰਖਕੇ ਉਠਨਾ ਹੋਤਾਹੈ ਨੇਤ੍ਰਾਂਮੇਂ ਕੁਛਦਿਸਤਾ ਨਹੀਂ ਹੈ ਜਿਨ ਸਰਬੰਧੀਆਂ ਕਾ ਮਨ ਮੇਂ ਮਾਣ ਕਰਤਾ ਸੀ ਕਹਿਤਾ ਸੀ ਮੇਰੀ ਸੇਵਾ ਕਰਨਗੇ। ਸੋ ਮਾਣ ਭੀ ਅਤਿਕਰ ਨਾਸ਼ ਭਯਾ ਸੇਵਾ ਕੋਈ ਕਰਤਾ ਨਹੀਂ ਹੈ। ਅਪਨੇ ਹਾਣੀ ਜੋ ਮਿਤ੍ਰ ਥੇ ਜਿਨਾਂ ਨਾਲ ਮਿਲਕੇ ਖੇਲੇ ਪੜੇ ਥੇ ਅਰ ਪ੍ਰਣਾਵਤ ਪਜਾਰੇ ਸੇ ਸੋ ਭੀ ਐਸੀ ਅਵਸਥਾ ਸਰੀਰਕੀ ਦੇਖਕਰ ਚਿਰ ਕਾਲ ਕੇ ਸੁਰਗ ਵਾਸਭਏ ਹੈਂ ਬੜਾ ਅਸਚਰਜ ਹੈ ਅਜੇ ਏਹ ਨੀਚ ਜੀ ਅਪਨੀ ਮ੍ਰਿਤੂ ਵਿਖੇ ਹਾਸੀ ਜਾਣਤਾ ਹੈ ਜੋ ਕੋਈ ਕਹੇ ਬਾਬਾ ਜੀ ਮਰੋ ਤੋ ਕਹੇ ਹੈ ਤੇਰੇ ਜੈਸੇ ਕਈ ਮਾਰ ਕੇ ਮਰੇਂਗੇ ਅਰ ਜੀਵਣੇ ਕੇ ਉਪਾਉ ਅਉਸ਼ਦੀ ਆਦਿ ਕਰੇ ਹੈਂ ਜੀਵਨੇ ਕੋ ਚਾਹਤਾ ਹੈ ਅਰ ਮ੍ਰਿਤੂ ਕੋ ਨਹੀਂ ਚਾਹਤਾ॥੧੦

**ਸੋਰਠਾ॥ ਦੁਖ ਅਨੇਕ ਕੋ ਗੇਹ ਬਿਨਾ ਬਿਬੇਕ ਬਿਬੇਕ ਕਰ॥ ਨਿੰਦ ਜਰਜਰੋ ਦੇਹ**


Sri Satguru Jagjit Singh Ji eLibrary NamdhariElibrary@gmail.com

**ਭਯੋ ਇਤ ਸ੍ਰੀ ਦ੍ਵਾਦਸ਼ੋ ॥ ੧੧ ॥**

ਟੀਕਾ—ਇਸ ਪ੍ਰਕਾਰ ਅਨੇਕਾਂ ਦੁਖਾਂ ਕਾ ਮੰਦਰ ਹੈ ਵਿਚਾਰ ਬਿਨਾ ਬ੍ਰਿਧ ਸਰੀਰ ਤਿਸਕੋ ਵਿਚਾਰ ਪੂਰਬਕ ਨਿੰਦ ਕਰ ਬਾਹਰਵਾਂ ਧਿਆਇ ਬਿਰਾਜਮਾਨ ਹੋਤਾ ਭਯਾ ॥ ੧੧ ॥

ਬਾਹਰਵਾਂ ਧਿਆਇ ਸਮਾਪਤ ਭਯਾ ॥ ੧੨ ॥

**ਦੋਹਾ ॥ ਕਹੇ ਤ੍ਰਯੋਦਸ਼ੇ ਕ੍ਰਿਪਾਕਰ ਸੰਕੀਰਣ ਉਪਦੇਸ਼। ਸ਼ੰਕਰ ਬੀਸ ਸ਼ਲੋਕ ਕਰ ਜਨ ਮਨ ਨਲਨ ਦਿਨੇਸ਼ ॥ ੧ ॥**

ਟੀਕਾ—ਪਿਛੇ ਜੀਵਣਾਦਿ ਪਦਾਰਥਾਂਕੋ ਖਿਨਭੰਗਰ ਦਿਖਾਨੇ ਹੇਤ ਉਪਦੇਸ਼ ਕੀਆ, ਅਬ ਤੇਹਰਵੇਂ ਅਧਿਆਇ ਮੇਂ ਭਗਤੀ ਉਪਕਾਰਾਦਿ ਕਰਤਾ ਉਤਕ੍ਰਿਸ਼ਟ ਪੁਰਸ਼ੋਂਕੋ ਪ੍ਰਤੱਖ ਦ੍ਰਿਸ਼ਟਾਂਤ ਮੇਂ ਦਿਖਾਇ ਕਰ ਭਗਤੀ ਉਪਕਾਰਾਦਿ ਕਰਨੇ ਕਾ ਸਾਂਝਾ ਉਪਦੇਸ਼ ਇਕਤੀਸ ਸ਼ਲੋਕੋਂ ਕਰ ਕਹੇ ਹੈਂ ਯਾਤੇ ਪੁਨਰੁਕਤ ਨਹੀਂ ਹੈ ਭਰਥ ਜੀ ਕੀ ਕ੍ਰਿਪਾ ਹੈ ਜਗਿਖਾਸੀ ਪੁਰਸ਼ੋਂ ਕੇ ਮਨ ਰੂਪੀ ਕਮਲ ਕੇ ਖਿੜਾਵਣੇ ਕੋ ਸੂਰਜ ਕੀ ਨਿਆਈਂ ਇਸ ਧਜਾ ਕੇ ਸ਼ਲੋਕ ਹੈਂ ॥ ੧ ॥

**ਗੀਆ ਮਾਲਤੀ ਛੰਦ॥ ਹੈ ਧਨ ਕੂਰਮ ਏਕ ਸੋ ਪਰ ਅਰਥ ਜਿੰਹ ਭਵਲੀਨ ਹੈ। ਪ੍ਰਿਥੁ ਭਵਨ ਵਾਰਤਲੇ ਜਿਨੇ ਨਿਜ ਪ੍ਰਿਸ਼ਟ ਅਰਪ-**

Sri Satguru Jagjit Singh Ji eLibrary NamdhariElibrary@gmail.com

ਨ ਕੀਨਹੈ। ਅਤਿ ਜਨਮ ਧ੍ਰੂਕੋ ਯੋਗਕੀਰਤਿ ਜ਼ਾਸਕੀਰਤਿ ਹਰਿ ਬਿਖੇ। ਚੌਉਫੇਰ ਜਾਂਕੇ ਤੇਜ ਚੱਕ੍ਰ ਭ੍ਰਮੰਤ ਰੋਕਨੋ ਸਬ ਪਿਖੇ॥ ੨ ॥

ਟੀਕਾ—ਭਰਥਜੀ ਕਹੇਹੈਂ ਧੰਨ ਹੈ ਕੱਛੂ ਏਕ ਜਿਸਨੇ ਲੋਕਾਂ ਉਪਰ ਉਪਕਾਰ ਕਰਨੇਵਾਸਤੇ ਜਨਮ ਲੀਨਾਹੈ ਚੌਦਹ ਭਵਨ ਰੂਪ ਪ੍ਰਿਥਵੀਕੇ ਭਾਰ ਤਲੇ ਅਪਨੀ ਪਿਠ ਦਿੱਤੀ ਹੈ ਸਰੀਰ ਧਾਰਕਰ ਇਸ ਪ੍ਰਕਾਰ ਸਰਬਕੋ ਉਪਕਾਰ ਕਰਨਾ ਚਾਹੀਏ ਜੋ ਨਰ ਨਾਰੀ ਹੈਂ, ਅਰ ਅਤਸੇ ਕਰ ਧ੍ਰੂ ਭਗਤ ਕਾ ਜਨਮ ਭੀ ਉਸਤਤੀ ਕੇ ਲਾਇਕ ਹੈ। ਜਿਸਕੀ ਪ੍ਰੀਤੀ ਪਾਂਚਬਰਸ ਕੀ ਆਯੂਸੇ ਲੈਕਰ ਹਰੀਵਿਖੇ ਹੋਈ ਹੈ। ਯਾਂਤੇ ਉਪਕਾਰ ਨਾ ਹੋ ਆਵੇ ਤੋ ਭਗਤੀ ਕਰੀਚਾਹੀਏ, ਦੇਖੋ ਭਗਤੀ ਕਾ ਪਰਤਾਪ ਕੈਸਾ ਹੈ, ਤਾਰਿਆਂ ਕਾ ਸਮੂਹ ਧ੍ਰੂ ਭਗਤ ਕੇ ਚਉਫੇਰੇ ਫਿਰ ਕਰ ਪਰਕਰਮਾ ਕਰ ਰਿਹਾ ਹੈ ਔਰ ਸਰਬ ਲੋਕ ਦੇਖਤੇ ਹੈਂ ਧ੍ਰੂ ਕੋ ਅਟੱਲ ਹੈ ਐਸਾ ਭਗਤੀ ਕਾ ਪਰਤਾਪ ਹੈ ॥ ੨ ॥

ਭਗਤੀ ਤਥਾ ਉਪਕਾਰ ਬਿਨਾ ਨਰ ਨਾਰੀ ਕਾ ਸਰੀਰ ਨਿਸਫਲ ਦਸੇ ਹੈਂ ਦ੍ਰਿਸ਼ਟਾਂਤ ਦੇਕਰ ॥

ਜਿਮ ਮਸਕ ਗੂਰਲ ਫਲ ਬਿਖੇ ਸੰਕਟ ਮਹਾਂ ਸੰਕਟ ਸਹੇ। ਪਖਬ੍ਰਿਥਾ ਸੰਭਵਤਹਾਂਕੇ ਨਹਿੰ ਅਰਭ ਊਰਧ ਬਿਚਰਹੇ। ਸੰਜਾਤਜਹ

Sri Satguru Jagjit Singh Ji eLibrary NamdhariElibrary@gmail.com

**ਮਰਜਾਤ ਤਹ ਬ੍ਰਹਮਾਂਡ ਮਹਿ ਤਿਉ ਜੰਤ ਹੈਂ। ਨਹਿ ਗਿਆਤ ਧਰਮਾ ਧਰਮ ਕੀ ਸੰ-ਭੋਗ ਮੈ ਰਤਿਵੰਤ ਹੈ ॥ ੩ ॥**

ਟੀਕਾ–ਜਿਸ ਪ੍ਰਕਾਰ ਮੱਛਰ ਗੂਲਰਕੇ ਫਲ ਵਿਖੇ ਬੜਾ ਸੰਘਣਾ ਹੋਤਾ ਹੈ ਅਰ ਆਪਸ ਮੇਂ ਫਸ ਕਰ ਬੜੇ ਦੁਖ ਕੋ ਸਹਾਰਤਾ ਹੈ ਖੰਭ ਤਿਸਕੇ ਵਿਅਰਥ ਹੀ ਉਤਪਤ ਹੂਏ ਹੈਂ ਜਿਨੋਕਰ ਹਿਠਾਂ ਉਤਾਂ ਕਿਧਰੇ ਉਡੇਂ ਨਹੀਂ ਹੈ, ਜਿਥੇ ਗੂਲਰ ਮੇਂ ਉਤਪਤ ਹੋਵੇ ਹੈ। ਤਿਥੇ ਹੀ ਮਰਜਾਵੇ ਹੈ ਤਿਸੀ ਪ੍ਰਕਾਰ ਬ੍ਰਹਮੰਡ ਮੇਂ ਮਨੁਖ ਹੈ। ਜੈਸੇ ਮਛਰ ਕੋ ਹੋਰ ਕਿਸੇ ਪਾਸੇ ਕੀ ਖਬਰ ਹੋਵੇ ਨਹੀਂ ਹੈ ਕੇਵਲ ਗੂਲਰਕੇ ਫਲ ਸਾਥ ਤਿਸਕੀ ਪ੍ਰੀਤੀ ਹੋਵੇਹੈ ਤੈਸੇ ਹੀ ਇਨ ਜੀਵੋਂਕੋ ਪਾਪ ਪੁੰਨ ਕੀ ਕਿਛ ਵਿਚਾਰ ਨਹੀ ਹੈ ਅਰ ਭੋਗਾਂ ਕੇ ਭੋਗਨੇ ਕੀ ਪ੍ਰੀਤੀ ਵਾਲੇ ਹੋ ਰਹੇ ਹੈਂ ॥ ੩ ॥ ਮਛਰ ਕੇ ਪੰਖੋਂ ਕੀ ਸਮਤਾ ਦਸੇ ਹੈਂ ॥

**ਪਰਮਾਰਥ ਅਰ ਪਰ ਸ੍ਵਾਰਥ ਦ੍ਵੈਬ੍ਰਿਤ ਪੰਖ ਸੰਜੁਤਜਨ ਸਬੇ। ਪ੍ਰਾਰਬਧ ਕੇ ਵਸ ਸ੍ਵਾਰਥ ਕੇ ਪੁਰਖਾਰਥ ਕਰਤੇ ਸੰਦਬੇ। ਜਨ ਜਹਾਂ ਲਾਗੇ ਪ੍ਰਾਨ ਤਿਆਗੇ ਬਿਨ ਤਿਸੇ ਨਹਿੰ ਤਜਤ ਹੈ। ਸੰਵੇਦ ਮੁਕਤਿ ਨ ਬੰਧ ਨਿਜ ਅਸ੍ਰਯ ਕੋ ਜੜ ਭਜਤ ਹੈ॥ ੪ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਅਤ ਸੇਕਰ ਜੋ ਅਪਨਾ ਕਾਰਜ ਸਵਾਰਨਾ ਹੈ ਅਰ ਪਰਸੁਵਾਰਥ ਜੋ ਕਿਸੀਕਾ ਕਾਰਜ ਕਰਨਾਹੈ ਇਨ ਦੋਨੋਂ ਬ੍ਰਿਤੀਆਂ ਰੂਪੀ ਖੰਭੇ ਕੇ ਸਹਤ ਹੈਂ ਸਭੀ ਪੁਰਸ਼ ॥ ਪਰੰਤੂ ਮੰਦ ਪ੍ਰਾਰਬਧ ਕੇ ਵਸ ਹੂਏ ਹੂਏ ਅਪਣੇ ਖਾਣ ਪੀਣ ਕੇ ਪੁਰਸ਼ਾਰਥ ਕਰਤੇ ਹੂਏ ਪੰਚਤ ਹੋ ਰਹੇ ਹੈਂ। ਜਿਸ ਕਾਰਜ ਮੇਂ ਪੁਰਸ਼ ਲਗੇ ਹੈਂ ਤਿਸਕੋ ਪ੍ਰਾਣ ਤਿਆਗੇ ਬਿਨਾ ਤਜ ਨਹੀਂ ਸਕਤੇ॥ ਜੈਸੇ ਮਛਰ ਭੀ ਜਿਸ ਫਲ ਮੇਂ ਹੋਤਾ ਹੈ ਤਿਸਕੋ ਮਰ ਕਰ ਹੀ ਤਿਆਗੇ ਹੈ ਤੈਸੇ॥ ਬੜਾ ਅਫਸੋਸ ਹੈ ਕਿ ਮਛਰ ਕੋ ਤਾਂ ਕੁਛ ਵਿਚਾਰ ਨਹੀਂ ਹੋਤੀ ਕੁਛ ਜਾਣਤਾ ਨਹੀਂ ਹੈ। ਪੁਰਸ਼ ਤੋ ਜਾਣਤਾ ਹੈ ਮੁਕਤ ਕੀ ਯੁਕਤੀ ਕੋ ਭੀ ਅਰ ਬੰਧਨ ਜਨਮ ਮਰਨ ਕੋ ਭੀ ਤੌ ਭੀ ਜਿਸਕਰ ਕਲਜਾਣ ਨਾ ਹੋਵੇ ਸੋ ਕਰਮ ਕਰਤਾ ਹੈ ਬੰਧਨ ਰੂਪ ॥ ੪ ॥

ਦ੍ਰਿਸ਼ਟਾਂਤ

**ਦੋਹਾ ॥ ਗੂਲਰ ਫਲ ਬ੍ਰਹਮਾਂਡ ਮੇਂ ਮੱਛਰ ਮਾਨਵ ਆਨ । ਗਹੇ ਮੁਕਤਿ ਬਿਨ ਜ਼ਨਮ ਗਣ ਸੂਪਰ ਅਕਿੰਚਿਤ ਗਿਆਨ ॥ ੫ ॥**

ਟੀਕਾ—ਵੈਰਾਤ ਰੂਪ ਬ੍ਰਿਛ ਕੇ ਸਾਥ ਗੂਲਰ ਫਲ ਰੂਪ ਬ੍ਰਹਮੰਡ ਮੇਂ ਮਛਰ ਕੀ ਨਿਆਈਂ ਸੇ ਜੀਵ ਹੈਂ ਜਿਨਸੇ ਭਗਤੀ ਉਪਕਾਰਾਦਿ ਹੋਵੇ ਨਹੀਂ ਹੈ। ਮੁਕਤਿ ਸੇ ਬਿਨਾ ਅਨੇਕ ਜਨਮ ਪੰਸ਼ੂ ਆਦਿ ਜੂਨਾ ਕੇ ਧਾਰਨ ਕਰੇ ਹੈਂ ਜਿਨ ਜੂਨੀਆ ਮੇਂ ਅਪਨਾ ਪਰਾਇਆ ਗਿਆਨ ਭੀ ਨਹੀਂ ਹੋਤਾ ਜੈਸੇ ਪੰਬਰਹੈ॥ ੫ ॥

ਭਗਤਿ ਤਥਾ ਉਪਕਾਰੀਓਂ ਕੀ ਮਹਿਮਾ ਦਸੇ ਹੈ॥

**ਕਬਿਤ॥ ਵਹੀ ਜਨ ਜਨਮੇਂ ਕਪਾਲ ਜਾਂਕੇ ਉਜਲਕੋ ਧਾਰਜੋ ਸਮਰਾਰਿ ਸਿਰੇ ਊਚੋ ਅਲੰਕਾਰ ਮਾਨ। ਮਾਨਦ ਅਮਾਨ ਮਾਨ ਜਾਂਕੋ ਤਨੁ ਧਨੁ ਹਾਨ ਪਰ ਕਾਮ ਹੇਤ ਹੋਤ ਵਹੀ ਜਨ ਧੰਨ ਜਾਨ। ਕੇਚਿਤ ਇਦਾਨੀ ਪਾਨੀ ਬ੍ਰਿਥਾ ਮਹਾਂ-ਮਾਨੀ ਭਏ ਅਬਲਾਦਿ ਜਾਚਕਾਨ ਕੀਨੋਂ ਮਾਨ ਜੋ ਮਹਾਨ। ਤਾਸਮਾਨ ਤਾਪਤੇ ਪ੍ਰਮਾਨ ਕੈਸੇ ਤਪੇ ਆਪੁ ਮਾਨਕੇ ਸਮਾਨ ਸਾਪ ਮਾਨ ਕੋ ਨ ਕਰੇ ਮਾਨ॥ ੬ ॥**

ਟੀਕਾ—ਸੋਈ ਪੁਰਸ਼ ਸੰਸਾਰ ਮੇਂ ਧੰਨਤਾ ਜੋਗ ਸ੍ਰੇਸ਼ਟ ਜਨ ਮੇਂ ਹੈ ਜਿਨਕੇ ਸਿਰ ਬੜੇ ਪਵਿਤ੍ਰ ਰੂਪ ਅਰ ਸ੍ਰੇਸ਼੍ਰ ਭੂਖਨ ਜਾਨ ਕਰ ਸਿਰ ਉਪਰ ਧਾਰਨ ਕਰੇ ਹੈਂ ਸ਼ਿਵਾਂ ਨੇ ਜੋ ਮੁੰਡਾਂ ਕੀ ਮਾਲਾ ਹੈ ਸੋ ਉਪਕਾਰੀ ਭਗਤੋਂ ਕੇ ਸਿਰੋਂ ਕੀ ਹੈ ਸੋ ਪੁਰਸ਼ ਤੋ ਮੁਕਤੀ ਹੂਏ ਹੈਂ ਪਰੰਤੂ ਤਿਨਕੇ ਸਿਰ ਪਵਿਤ੍ਰ ਜਾਣਕਰ ਅਪਨ ਸਰੀਰ ਕੇ ਪਵਿਤ੍ਰ ਕਰਨੇ ਹੇਤ ਸ਼ਿਵਾਂ ਨੇ ਧਾਰਨ ਕਰੇ ਹੈਂ ਭਾਵ ਯਹ ਉਪਕਾਰ ਕਰਤਾ ਭਗਤੋਂ ਕੋ ਸ਼ਿਵਆਦਿ ਦੇਵ ਤਾ ਅਪਨੇ ਸੇ ਭੀ ਹਛਾ ਜਾਣਤੇ ਹੈਂ ਸੋ ਕਰਨਾ ਚਾਹੀਏ ਹੈ॥

Sri Satguru Jagjit Singh Ji eLibrary NamdhariElibrary@gmail.com

ਕੈਸੇ ਸੋ ਪੁਰਸ਼ ਥੇ ॥ ਨਿਰਮਾਨ ਪੁਰਸ਼ੋਂ ਕੋ ਮਾਣ ਦੇਤੇ ਥੇ ਅਰ ਜਿਨਕਾ ਆਪਣਾ ਮਾਨ ਅਰ ਧਨੁ ਸਰੀਰ ਪਰਾਏ ਕਾਰਜ ਕੇ ਵਾਸਤੇ ਨਾਸ਼ ਹੋਤਾ ਭਯਾ ਅਰ ਤਿਨੋਂਨੇ ਆਪ ਕੀਆ ਸੋਈ ਪੁਰਸ਼ ਧੰਨ ਤਾ ਜੇ ਗਜਾਣੋ। ਕਈਕ ਪੁਰਸ਼ ਇਸ ਕਾਲ ਮੇਂ ਬਿਅ-ਰਥ ਹੀ ਬੜੇ ਮਾਨੀ ਹੋ ਰਹੇ ਹੈਂ ਇਸਤ੍ਰੀ ਪੁੱਤਰਾਦਿ ਸੰਬੰਧੀ ਤਥਾ ਬ੍ਰਹਮਣਾਦਿ ਮੰਗਤੋਂ ਨੇ ਜੋ ਮਾਨ ਤਿਨਕਾ ਕੀਨਾ ਹੈ ਬਹੁਤਾ ਇਸ ਕਰ ਤਿਸ ਇਸਤ੍ਰੀ ਮੰਗਤ ਜਨੋ ਕੇ ਕਰੇ ਮਾਨ ਰੂਪੀ ਤਾਪ ਕਰ ਸ੍ਰਿਸ਼੍ਰ ਪੁਰਸ਼ ਕੈਸੇ ਅਪਮਾਨ ਕਰਤਾ ਹੈ। ਮਾਨ ਕੋ ਸਰਪ ਕੇ ਸਮਾਨ ਦੁਖਦਾਈ ਜਾਨ ਕਰ ਨਹੀਂ ਕਰਤੇ ਮਾਨ ਕੋ। ਵਾ ਮਾਨ ਕਿਆ ਜਾਨਣਾ ਕਰ। ਇਸ ਮੇਂ ਮਾਨ ਕਾ ਤਿ-ਆਗਨਾ ਉਪਦੇਸਿਓ ॥ ੬ ॥

**ਦੋਹਾ ॥ ਅਹੰਕਾਰ ਤੇ ਹੋਤ ਸਬ ਕ੍ਰਤ ਬ੍ਰਤਾਦਿ-ਫਲ ਹਾਨ। ਅਰ ਬਿਨ ਗੁਣਜੋ ਦਰਪ ਹੈ ਸੋ ਅਰਿ ਸਰਪ ਸਮਾਨ ॥ ੭ ॥**

ਟੀਕਾ—ਹੰਕਾਰ ਕਰਨੇ ਕਰ ਬ੍ਰਤ ਜਪ ਤੀਰਥਾਦਿ ਕਰਮੋਂ ਕਾ ਫਲ ਨਾਸ਼ ਹੋਵੇ ਹੈ ਪੁਨਾ ਜੋ ਪੁਰਸ਼ ਉਪਕਾਰਾਦਿ ਗੁਣੋਂ ਸੇ ਰਹਿਤ ਹੈਂ ਅਰ ਅਹੰਕਾਰ ਕਰਤੇ ਹੈਂ ਤਿਨ ਕਾ ਜੋ ਹੰਕਾਰ ਹੈ ਸੋ ਸ੍ਰਪ ਸਮਾਨ ਨਾਸ ਕਰਨੇ ਹਾਰਾ ਦੁਸਮਣ ਹੈ ਭਾਵ ਏਹ ਬ੍ਰਤੀ ਪੁਰਸ਼ੋ ਕੇ ਅਹੰਕਾਰ ਕਰਨੇ ਕਰ ਤਾਂ ਤਿਨ ਕੇ ਬ੍ਰਤਾਦਿ ਕਰਮ ਕਾ ਫਲ ਨਾਸ ਹੋਵੇ ਹੈ ਅਰ ਬਿਨਾ ਕਰਮ ਕਰੇ ਜੋ ਅ-

Sri Satguru Jagjit Singh Ji eLibrary NamdhariElibrary@gmail.com

ਹੰਕਾਰ ਕਰਤਾਹੈ ਤਿਸਕਾ ਆਪਨਾ ਆਪ ਨਾਸ ਹੋਵੈਹੈ ॥੭॥

**ਸੋਰਠਾ॥ ਤਾਂਤੇ ਮਤ ਮਤਿਮਾਨ ਮਾਨ ਕਰੇ ਅਂਭਿਮਾਨ ਕੋ। ਗਰਬ ਸਰਬ ਦੁਖ ਖਾਨ ਸੁਖ ਆਵਸ ਮਦ ਨਾਸ ਹੈ॥ ੮ ॥**

ਟੀਕਾ—ਜਿਸਤੇ ਹੰਕਾਰ ਦੁਖਦਾਈ ਹੈ ਤਿਸਤੇ ਬੁਧੀਵਾਨ ਪੁਰਸ਼ ਮਾਨ ਕਰੇ ਨਹੀਂ ਆਪਨੇ ਰਿਦੇ ਮੇਂ ਕੋਈ ਗੁਣ ਜਾਣ ਕਰ ਹੰਕਾਰ ਸਰਬ ਦੁਖਕੀ ਖਾਣਹੈ ਅਰ ਸੁਖਾਂਕੇ ਮੰਦਰ ਫਲ ਕੋ ਨਾਸ ਕਰੇਹੈ ॥੮॥ ਮਾਣ ਕਾ ਕਾਰਣ ਜੋ ਕਰਤੱਵਜ ਹੈ ਤਿਸਕੋ ਦਿਖਾਵੇਹੈਂ ਐਸੇ ਕਰਤੱਵਜ ਬਿਨਾਂ ਮਾਨ ਕਿਆ ਕਰਨਾ ਹੈ॥

**ਕਬਿੱਤ॥ ਬਲਕੋ ਪਤਾਲ ਤੇ ਨਿਕਾਲ ਕੇ ਨ ਨਾਕ ਪਠੋ ਕਾਲਕੋ ਨ ਨਾਸ ਕੀਨੋ ਭਵ ਰਿਪੁ ਪੀਨੋਹੈ॥ ਬਿਧਕੀ ਨ ਮੈਲ ਧੋਈ ਬਜਾਧਕੀ ਨ ਜੜ੍ਹ ਖੋਈ ਸ਼ੇਖ ਸੀਸ ਭਾਰ ਸੋ ਨ ਕਹੂੰ ਖਿਣ ਲ਼ੀਨੋ ਹੈ॥ ਪੌਰਖ ਨ ਕਛੂ ਕੀਨੋ ਕ੍ਰੋਧ ਅਭਿਮਾਨ ਪੀਨੋ ਬ੍ਰਿਥਾ ਮਾਨ ਲੀਨੋ ਨਰ ਨਾਗ ਸਿੰਘ ਚੀਨੋ ਹੈ॥ ਕੀਕਰ ਕੋ ਤਰੁਲਾਏਂ ਕੀਕਰ ਸੁ ਫਲ ਪਾਏ ਸਾਧਨ ਕੋ ਪਵ ਚਾਹੇ ਸਾਧਨ ਤੇ ਹੀਨੋ ਹੈ॥ ੯ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਬਾਵਨ ਅਵਤਾਰ ਕਾਲਕਾ ਰਾਜਾ ਬਲ ਪ-ਤਾਲ ਮੇਂ ਪੜਾ ਹੈ। ਤਿਸਕੋ ਪਤਾਲ ਸੇ ਨਿਕਾਸ ਕਰ ਕਿਸੇਟੇ ਸ੍ਵਰਗ ਕੋ ਨਹੀਂ ਭੇਜਾਹੈ। ਅਰ ਬੜਾ ਕਰੜਾ ਸ਼ਤ੍ਰ ਸੰਸਾਰਕਾ ਜੋ ਕਾਲ ਹੈ ਤਿਸਕਾ ਭੀ ਨਾਸ਼ ਕਿਸੇਨੇ ਨਹੀਂ ਕੀਆ ਹੈ॥ ਅਰ ਚੰਦ੍ਰਮਾਂਕੇ ਮੁਖਕੀ ਕਾਲਿਪਣ ਭੀ ਕਿਸੇ ਨੇ ਨਹੀਂ ਦੂਰ ਕਰੀਹੈ॥ ਅਨੰਤ ਪਰਕਾਰ ਕੀ ਜੋ ਰੋਗ ਰੂਪੀ ਪੀੜਾਹੈ ਸੰਸਾਰ ਕੋ ਤਿਸ ਕਾ ਭੀ ਨਾਸ ਕਿਸੇ ਨਹੀਂ ਕੀਆ ਹੈ। ਅਰ ਸ਼ੇਸ਼ਨਾਗ ਕੇ ਸਿਰ ਪਰ ਸਾਰੇ ਬ੍ਰਹਮੰਡ ਕਾ ਭਾਰ ਹੈ ਏਹ ਭੀ ਕਿਸੇਨੇ ਖਿਣਮਾਤ੍ਰ ਨਹੀਂ ਆਪ ਉਠਾਣਾ ਕੀਤਾ ਜੋ ਸ਼ੇਸ਼ਕੋ ਜ਼ਰਾ ਦਮ ਆ ਜਾਵੇ। ਬਲ ਵਾਲਾ ਕਰਮ ਤੋ ਕੋਈ ਕੀਆ ਨਹੀਂ ਹੈ॥ ਕ੍ਰੋਧ ਅਰ ਹੰਕਾਰ ਤੋ ਬੜਾ ਭਾਰੀ ਹੋ ਰਹਿਆਹੈ ਜੀਵੋਂਕੋ ਬ੍ਰਿਥਾ ਹੀ ਜਾਣ ਲੀਆ ਆਪਕੋ ਪ-ਰਸ਼ ਨੇ ਹਸਤੀ ਕੀ ਨਿਆਈਂ ਹੰਕਾਰੀ। ਤਥਾ ਸ਼ੇਰ ਕੀ ਨਿਆਈਂ ਬਲ ਵਾਲਾ ਦੇਖੇ ਹੈ॥ ਜੈਸੇ ਕੋਈ ਪੁਰਸ਼ ਕਿੱ-ਕਰ ਕਾ ਬ੍ਰਿਛ ਲਗਾ ਕਰ ਕੇਲੇਕਾ ਫਲ ਖਾਇਆ ਚਾਹੇ ਤੋ ਨਹੀਂ ਖਾਏਗਾ ਕਿੱਕਰ ਸਾਰਖਾ ਫਲ ਹੀ ਪ੍ਰਾਪਤ ਹੋਵੇ-ਗਾ॥ ਤੈਸੇ ਹੀ ਜੋ ਪਰਸ਼ ਉਪਕਾਰ ਭਗਤੀ ਆਦਿ ਸਾਧਨਾ ਸੇ ਰਹਿਤ ਹੈਂ ਅਰ ਉਪਕਾਰਾਦਿ ਕਰਤਾ ਸਾਧਨਕੇ ਪਦਕੋ ਪ੍ਰਾਪਤ ਹੂਆ ਚਾਹੇ ਤੋਂ ਕੈਸੇ ਹੋਵੇਗਾ॥ ੯ ॥ ਪ੍ਰਮਾਦਕੀ ਨਿ-ਵਿਰਤੀ ਕਾ ਉਪਦੇਸ਼ ਦੇਵੇਂ ਹੈ ਦ੍ਵੈਤਕੋ ਦਿਖਾਕਰ ਅਰਥ ਦਵੈਤ ਤਿਆਗਨੇ ਯੋਗ ਹੈ॥

Sri Satguru Jagjit Singh Ji eLibrary NamdhariElibrary@gmail.com

**ਸ੍ਵੈਯਾ ॥ ਰਮਣੀਕ ਮਯੰਕ ਕੀਆਂ ਕਿਰਣਾਂ ਕਲਿ ਭੂਮਿ ਬਨਾਤ ਹਰੇ ਤ੍ਰਿਣ ਵਾਰੀ॥ ਸਤ ਸੰਗਤਿ ਸੁੰਦਰ ਚਾਰ ਸਤੋ ਸੁਖ ਮੰਜਨਿ ਬੰਧ ਤਥਾ ਮ੍ਰਿਤ ਭਾਰੀ ॥ ਰੁਠ ਸੌਂ ਉਠਕੇਲਵ ਲੋ-ਚਨ ਤੇ ਸੁਠ ਤਾਂ ਮਿਲ ਨਾਰ ਮੁਖਾਂਬੁਜਕਾਰੀ ॥ ਕਮਨੀਯ ਸਬੀ ਚਿਤ ਸ਼ਾਂਤਿ ਜਬੀ ਰਮਣੀਯ ਤਬੀ ਨ ਕਛੂ ਨਿਰਧਾਰੀ ॥ ੧੦ ॥**

ਟੀਕਾ—ਚੰਦ੍ਰਮਾਂ ਕੀਆਂ ਕ੍ਰਿਣਾਂ ਸੀਤਲ ਬੜੀਆਂ ਸੁੰਦਰ ਹੈਂ ਅਰ ਸੁੰਦਰਹੈ ਭੂਮੀ ਹਰੇ ਘਾਸ ਵਾਲੀ ਜਿਸਮੇਂ ਬਨਕਾ ਅੰਤ ਹੈ। ਬਨ ਨਾਮ ਜੰਗਲਕਾ ਹੈ ਜਿਸਮੇਂ ਬੜੇ ਬ੍ਰਿਛ ਜਾੜਾਦਿ ਹੋਵੇ ਹੈ ਅਰ ਜੋ ਭੂਮੀ· ਸਫਾ ਹੋਵੇ ਮੈਦਾਨ ਮੁਵਾਫਿਕ ਅਰ ਜਾੜਾਦਿ ਬ੍ਰਿਛ ਜਿਸਮੇਂ ਨਾ ਹੋਵੇਂ ਸੋ ਬਨਕੇ ਅੰਤਵਾਲੀ ਕ-ਹੀਏ। ਅਰ ਸੁੰਦਰ ਲਗੇ ਹੈਂ ਹਰੇ ਘਾਸ ਯੁਤ ਹੋਣੇਤੇ ਸੰਤਾਂਕੀ ਸਤ ਸੰਗਤ ਬੜੀ ਸੁੰਦਰ ਹੈ ਸੁੰਦਰਹੈ ਸਤੋਗੁਣ ਸੁਖਕੇ ਦੇਨੇ ਵਾਲਾ ਸੁੰਦਰ ਹੈ ਵੇਦ ਮਈ ਗ੍ਰੰਥਨ ਕੀ ਕਥਾ ਅੰਮ੍ਰਿਤਰੂਪੀ ਭਾਰੀ ਕਸਕੇ ਦੇਨੇਹਾਰੀ। ਘਰ ਮੇਂ ਕਿਸੇ ਪ੍ਰਕਾਰ ਕੇ ਗੋਸ਼ੇ ਸੇ ਲਵ ਮਾਤ੍ਰ ਜਲ ਜੋ ਇਸਤ੍ਰੀ ਕੇ ਨੇਤ੍ਰਾਂਸੇ ਨਿਕਸਾ ਹੈ ਪੁਨਾ ਤਿਸਕੋ ਹਾਥਕੀ ਤਲੀ ਸੇ ਪੋਲਾ ਜੈਸਾ ਪੂੰਝ ਦੀਆਹੈ ਤਿਸ ਪੂੰਜਨੇ ਸੇ ਨੇਤ੍ਰਾਂਕਾ ਸੁਰਮਾਂ ਭੀ ਤਿਸ ਜਲ ਨਾਲ ਮਿਲਕੇ ਨਿ-

Sri Satguru Jagjit Singh Ji eLibrary NamdhariElibrary@gmail.com

ਕਸ ਕਰ ਜ਼ਰਾ ਸੀ ਸ਼ਾਹੀ ਮੁਖ ਕਲਮ ਕੇ ਕਪੋਲੋਂ ਉਪਰ ਮਿਲਕਰ ਬੜੀ ਸੁੰਦਰ ਲਗੇਹੈ ॥ ਭਰਥ ਜੀ ਕਹੇ ਹੈਂ ਏਹ ਸਭ ਚੀਜਾਂ ਤਬ ਪ੍ਰਯੰਤ ਸੁੰਦ੍ਰਹੈਂ ਜਬ ਪ੍ਰਯੰਤ ਚਿਤ ਸ਼ਾਂਤਨਹੀਂ ਹੈ ॥ ਅਰ ਜਬ ਚਿਤ ਸ਼ਾਂਤਿ ਹੂਆ ਤਬੀਕੁਛ ਸੁੰਦਰ ਅਰਕ੍ਰੋਜਾ ਨਹੀਂ ਵਿਚਾਰਤਾ ਪੁਰਸ਼ ॥ ਨਕਾਰ ਵਰਨਕੋ ਤਥਾ ਜਬਤਬਕੋ ਦੇਹਲੀ ਦੀਪ ਕਰ ਦੋਨੋਂ ਤਰਫ ਵਰਤਣਾ ॥ ੧੦ ॥

**ਦੋਹਰਾ ॥ ਦੁਖਾਨੰਦ ਅਰ ਮਿਤ੍ਰ ਅਰ ਪੁਨਾ ਸਰੂਪ ਕੁਰੂਪ ॥ ਦ੍ਵੰਧ ਬਾਦ ਪਰਮਾਦ ਮੋਂ ਅਪ੍ਰਮਾਦ ਸ਼ਿਵ ਰੂਪ ॥ ੧੧ ॥**

ਟੀਕਾ—ਦੁਖ ਅਰ ਸੁਖ ਪੁਨਾ ਮਿਤ੍ਰ ਅਰ ਦੁਸ਼ਮਨ ਸੁੰਦਰ ਅਰ ਕ੍ਰੋਜਾ ਏਹ ਜਿਤਨਾ ਦ੍ਵੈਤ ਕਾ ਕਥਨ ਹੈ ਹਰਖ ਸੋਗ ਥੀਂ ਲੈਕਰ ॥ ਸੋ ਅਗਿਆਨ ਮੇਂ ਹੈ। ਜਬ ਅਗਿਆਨ ਨਾਸ਼ ਹੂਆ ਤੋ ਪੁਰਸ਼ ਆਪ ਹੀ ਸ਼ਿਵਰੂਪਹੈ ਦ੍ਵੈਤ ਕਰ ਜੀਵ ਹੋ ਰਹਿਆ ਹੈ ॥ ੧੧ ॥ ਦੀਨਤਾ ਕੀ ਨਿਵਿਰਤੀ ਕਾ ਉਪਦੇਸ਼ ਕਹੇਹੈਂ ॥

**ਸੋਰਠਾ ॥ ਨਿਜ ਕੁਖ ਪੋਖਨ ਕਾਮ ਤੁਲਕੁਲ ਦੀਨ ਕਬੀ ਨ ਹੁਇ ॥ ਜਾਰੇ ਬਨ ਵਾ ਗ੍ਰਾਮ ਮਾਨੀ ਪ੍ਰਾਨੀ ਧੰਨ ਵਹੁ ॥ ੧੨ ॥**

ਟੀਕਾ—ਆਪਣਾ ਪੇਟ ਭਰਨੇ ਵਾਸਤੇ ਸਜਾਤੀ ਪੁਰਸ਼ ਕੇ ਦੀਨ ਕਦੀ ਨਾ ਹੋਵੇ। ਬਨਮੇਂ ਬ੍ਰਿਛਾਂਕੀ ਜਾਚਨਾ ਕਰੇ ਵਾ ਹੋਰ

Sri Satguru Jagjit Singh Ji eLibrary NamdhariElibrary@gmail.com

ਕਿਸੇ ਨੱਗ੍ਰਸੇ ਮਾਂਗ ਖਾਵੇ। ਐਸਾ ਜੋ ਮਾਨੀ ਪੁਰਸ਼ਹੈ ਸੋ ਧੰਨ ਹੈ॥ ੧੨॥ ਨਨੂ ॥ ਕਿਸ ਰੀਤਸੇ ਮੰਗਨਾ ਕਰੇ॥ ਉੱਤਰ॥

**ਸ੍ਵੈਯਾ॥ ਬਨ ਗ੍ਰਾਮਨ ਮੌਢਕ ਪਾਲੀ ਕਪਾਲੀ ਸਿਤਾਂਬਰ ਸੋ ਗਹੇ ਭੀਖਸ੍ਵਤੰਤਰ॥ ਜਿਹ ਧਾਮਨ ਮੋਂ ਬਰ ਬਾਮਨ ਹੋ ਮਤ ਆਜ ਤਿਲਾਦਿ ਪ੍ਰਜਾਰ ਬਸੰਤਰ ॥ ਤਿੰਹ ਹੋਮਕੇ ਧੂੰਮ ਸੋ ਮੰਦਰ ਕੋ ਲਖ ਧੂਸਰ ਅੰਤਰ ਭਾਗ ਨਿਰੰਤਰ ॥ ਵਿਚਰੇ ਸੁ ਪ੍ਰਸਾਦਿ ਪ੍ਰਸਾਦ ਵਿਖੇ ਭੱਖਾਦਿ ਪ੍ਰਸਾਦਿ ਭਖੇ ਪਰਤੰਤਰ ॥ ੧੩ ॥**

ਟੀਕਾ—ਸਮੂਹ ਬਨੋਮੈਂ ਛਿਛਰੇ ਕੇ ਬ੍ਰਿਛ ਹੈਂ ਤਿਨਕੇ ਪੱਤੇ ਲੈਕਰ ਭਿੱਖੂ ਤਿਨਕਾ ਡੂੰਨਾ ਬਨਾਕਰ ਸੁਫੈਦ ਬਸਤ੍ਰ ਸੋਂ ਢੱਕ ਕਰ ਅਪਨੀ ਇੱਛਾ ਅਨੁਸਾਰ ਭਿੱਖਾ ਕੋ ਲੈਨਾ ਕਰੇ। ਜਿਨ ਘਰੋਂ ਮੈ ਸ੍ਰਿਸ਼ਟ ਬ੍ਰਾਹਮਨ ਹੂਤੀਆਂ ਕਰਕੇ ਮੰਤ੍ਰੋਂ ਸੰਜੁਗਤ ਜਉਂ ਤਿਲਾਦਿ ਵਸ਼ੇਸ਼ ਕਰਕੇ ਸਾੜ ਰਹੇਹੈਂ ਅਗਨੀ ਮੈਂ ਤਿਸ ਹੋਮ ਕੇ ਧੂਮ ਕਰ ਮੰਦਰਕੋ ਕਾਲਾ ਹੂਆ ਜਾਣਕਰ ਤਿਸਕੇ ਅੰਦਰਲੇ ਭਾਗ ਡੇਵਢੀਮੈ ਭਿਸ਼ੱਕ ਵਿਚਰੇ। ਘਰ ਘਰ ਮੈ ਭੱਖ ਭੋਜਨ ਲੇਹਜਾਦਿ ਪ੍ਰਸਾਦ ਕੋ ਲੈਕਰ ਖਾਣਾ ਕਰੇ॥ ਨਨੂ॥ ਭਿੱਖੂ ਕੋ ਚਾਰ ਪ੍ਰਕਾਰਕਾ ਅੰਨ ਮਨਾ ਹੈ॥ ਉੱਤਰ॥ ਸ੍ਵੈਤੰਤਰ ਕਾਮ ਨੈਹਸ਼ ਹੈ ਪ੍ਰਤੰਤਰ ਕਾ ਨਹੀਂ ॥ ਪਰਆਧੀਨ

Sri Satguru Jagjit Singh Ji eLibrary NamdhariElibrary@gmail.com

ਜੈਸੇ ਮਿਲੇ ਤੈਸੇ ਖਾਵੇ ॥ ੧੩ ॥

ਸੋਰਠਾ ॥ ਜੋ ਜਨਮਾਨੀ ਅਹਿ ਭੋਜਨ ਭਿਖਜਾ ਕੋ ਕਰੇ ॥ ਬਾਇਕ ਸਾਇਕ ਨਾਹਿ ਸਹੇ ਸਜਾਤੀ ਜਨੋਂ ਕੇ ॥ ੧੪ ॥

ਟੀਕਾ—ਜੋ ਮਾਨੀ ਪੁਰਸ਼ਹੈ ਸੋ ਭਿਖਜਾ ਕਾ ਅੰਨ ਖਾਨਾ ਕਰੇ ਸਜਾਤੀ ਪੁਰਸ਼ਾਂਕੇ ਬਚਨਾ ਰੂਪੀ ਬਾਨ ਨ ਸਹਾਰਨੇ ਕਰੇ॥ ੧੪ ॥

ਦੋਹਰਾ ॥ ਜਿਸ ਅੰਬਰ ਕੇ ਖੰਡ ਕਰ ਨਿਸ ਮੈ ਸੋਮ ਬਤੀਤ ॥ ਤਿਸੇ ਖੰਡਕਰ ਪੁਨਦਿਨੇ ਮਾਰਤੰਡ ਸੰਵੀਤ ॥ ੧੫ ॥

ਟੀਕਾ—ਅਕਾਸ਼ਕੇ ਜਿਸ ਟੁਕੜੇਮੈ ਰਾਤਕੋ ਚੰਦ੍ਰਮਾਂ ਅਸਤ ਹੋਤਾ ਹੈ॥ ਤਿਸ ਟੁਕੜੇ ਮੈ ਹੀ ਪੁਨਾ ਦਿਨਕੋ ਸੂਰਜ ਅਸਤ ਹੋਵੇਹੈ ॥ ੧੫ ॥

ਦੋਹਰਾ ॥ ਅਦਭੁਤ ਦੁਰਗਤ ਦੁਹਨ ਕੀ ਭ੍ਰ- ਮਤ ਸਰਬਦਾ ਜੋਇ ॥ ਚਤੁਰ ਹੇਤੁ ਯਾਂਮੈਕਹੇ ਲਹੈ ਚਤੁਰਨਰ ਕੋਇ ॥ ੧੬ ॥

ਟੀਕਾ—ਚੰਦ ਸੂਰਕੇ ਉਦੇ ਅਸਤਾਦਿ ਰੀਤੀ ਕੋ ਦੇਖਕਰ ਕੋਈਕ ਪੁਰਸ਼ ਇਨਕੀ ਬੜੀਖੋਟੀ ਰੀਤੀ ਕਹੇਹੈਂ।ਪ੍ਰੰਤੂ ਇਨ

Sri Satguru Jagjit Singh Ji eLibrary NamdhariElibrary@gmail.com

ਕੇ ਭ੍ਰਮਣੇ ਮੈ ਚਾਰ ਕਾਰਣ ਹੈਂ ਕੋਈ ਬੁਧੀਮਾਨ ਚਤੁਰ ਪੁਰਸ਼ ਜਾਣੇਹੈਂ ਇਨਕੋ ਦ੍ਰਿਸ਼ਟਾਂਤ ਦੇਕਰ ਆਗੇ ਦ੍ਰਾਸ਼ਟਾਂਤ ਮੈਂ ਦਸੇਹੈ ॥ ੧੬ ॥

**ਦੋਹਾ ॥ ਕੈਧੋ ਕਰਮ ਵਿਪਾਕ ਕੋ ਵਿਧ ਦਿਨ ਮਣਿ ਭੋਗੰਤ ॥ ਬਿਨ ਭੋਗੇ ਭਾਗੇ ਨਹੀਂ ਕਰਮ ਗਤੀ ਬਲਵੰਤ ॥ ੧੭ ॥**

ਟੀਕਾ—ਅਥਵਾ ਕਰਮਾਂਕੇ ਫਲਕੋ ਚੰਦ੍ਰਮਾਂ ਸੂਰਜ ਭੋਗ ਰਹੇ ਹੈਂ ਇਨਕੇ ਕਰਮ ਹੀ ਐਸੇ ਫਿਰਣੇ ਕੇ ਹੈਂ ਅਰ ਕਰਮਾਂ ਕੀ ਜੋ ਰੀਤੀਹੈ ਸੋ ਬਲਵਾਨਹੈ ਭੋਗੇ ਬਿਨਾ ਨਾਸ ਹੋਵੇ ਨਹੀਂ ਹੈ। ਭਾਵ ਯਹ ਕਰਮ ਕਾ ਫਲ ਅਵੱਸ਼ ਭੋਗਣਾ ਹੈ ਜੈਸੇ ਚੰਦ ਸੂਰਜ ਦੇਵਤਾ ਭੋਗਤੇ ਹੈਂ ਤੈਸੇ ਏਹ ਉਪਦੇਸ਼ਿਓ ॥ ਸ਼੍ਰੁਤੀ ਮੈਂ ਭੀ ਲਿਖਾ ਹੈ ॥ "ਅਵੱਸ਼ਮੇਵ ਭੋਗੱਤ ਬਜੇ ਜਿਤੰ ਕੱਰਮ ਸ਼ੁਭਾਸ਼ੁਭਾ ॥" ॥ ੧੭ ॥

**ਦੋਹਰਾ ॥ ਕੈ ਹਰਿ ਮੈ ਲਖ ਜਗਤ ਕੋ ਸੇਵ ਕਰਹ ਦੁਇ ਦੇਵ ॥ ਕਿਧੌ ਹਰੀ ਆਗਿਆ ਕਰੀ ਭਵ ਮ੍ਰਯਾਦ ਹਿਤ ਏਵ ॥ ੧੮ ॥**

ਟੀਕਾ—ਅਥਵਾ ਹਰੀ ਰੂਪ ਜਾਣਕਰ ਸੰਸਾਰ ਕੀ ਸੇਵਾ ਕਰ ਰਹੇਹੈਂ ਦੋਨੋਂ ਦੇਵਤਾ ਦਿਨ ਰਾਤ ਕੋ ਚਾਨਣਾ ਕਰਨਾ ਵਾ ਖੇਤੀਆਂ ਕੋ ਰਸ ਦੇਕੇ ਪਕਾਣਾ। ਜੈਸੇ ਚੰਦ ਸੂਰਜਾਦਿ

Sri Satguru Jagjit Singh Ji eLibrary NamdhariElibrary@gmail.com

ਦੇਵਤਾ ਜਗਤ ਕੋ ਹਰੀ ਰੂਪ ਜਾਣ ਸਰਬ ਕੀ ਸੇਵਾ ਕਰੇਂ ਹੈਂ ਤੈਸੇ ਤੁਮ ਭੀ ਸਰਬ ਕੋ ਪ੍ਰਮੇਸ਼ਰ ਜਾਨ ਭਲਾ ਕਰੋ । ਏਹ ਉਪਦੇਸ਼ਿਓ ॥ ਅਥਵਾ ਪਰਮੇਸ਼ਰ ਨੇ ਇਨਕੋ ਇਸ ਪ੍ਰ-ਕਾਰ ਕੀ ਆਗਿਆ ਕਰੀ ਹੋਈ ਹੈ ਉਦੇ ਅਸਤ ਹੋਣੇਕੀ ਸੰਸਾਰ ਕੀ ਮ੍ਰਜਾਦਾ ਵਾਸਤੇ ਸੋ ਇਨੋਂ ਨੇ ਮਾਨੀ ਹੋਈ ਹੈ ਤਾਂਤੇ ਤੁਮ ਭੀ ਪਰਮੇਸ਼ਰ ਕੀ ਆਗਿਆ ਕੋ ਮਾਨੋ ਅਪਨੀ ਹਿਕ-ਮਤ ਤਿਆਗੋ ਯੇਹ ਉਪਦੇਸ਼ਿਓ ॥ ੧੮ ॥

**ਦੋਹਰਾ ॥ ਅਥਵਾ ਸੰਤ ਜਨਾਨਕੇ ਲੱਖਣ ਕੋ ਦਰਸੰਤ । ਹੇਰ ਸ਼ੁਭਾਸ਼ੁਭ ਲੋਕ ਗਤਿ ਹ੍ਵੈ ਅਸੰਗ ਵਿਚਰੰਤ ॥ ੧੯ ॥**

ਟੀਕਾ—ਅਥਵਾ ਸੰਤਜਨਾ ਕੇ ਜੋ ਚਿਹਨ ਹੈਂ ਅਸੰਗ ਰ-ਹਿਨਾ ॥ ਤਿਨਕੋ ਦਸਤੇ ਹੈਂ । ਸ੍ਰਿਸ਼ਟ ਵਾ ਨਖਿਧ ਕਰਮੋਂ ਮੈ ਪਿਆ ਦੇਖਕਰ ਲੋਕਾਂਕੋ ਆਪ ਅਸੰਗ ਹੋਕਰ ਵਿਚਰਤੇ ਹੈਂ। ਇਸਮੇਂ ਸਰਬ ਭਲੇ ਬੁਰੇਸੇ ਅਸੰਗ ਰਹਿਨਾ ਉਪ-ਦੇਸ਼ਿਓ ਸੰਗ ਮੇਂ ਕਬੀ ਕਲੇਸ਼ ਭੀ ਹੋ ਜਾਤਾ ਹੈ ॥ ੧੯ ॥

**ਤਜਹਿ ਆਪਦਾ ਮਾਹਿਭੀ ਨਹਿੰ ਨਿਜਾਪਦਾ ਗਿਆਨ । ਸੂਚਕ ਗੁਣ ਮੁਕਤਾਨ ਕੇ ਰੰਦ੍ਰ ਭਾਨ ਗਤਿਮਾਨ ॥ ੨੦ ॥**

ਟੀਕਾ—ਆਪੇ ਆਪਨਾ ਜੋ ਦਿਨ ਰਾਤ ਚੜ੍ਹਨੇ ਕਾ ਗਜਾਨ ਹੈ

Sri Satguru Jagjit Singh Ji eLibrary NamdhariElibrary@gmail.com

ਸੋ ਗ੍ਰਹਣ ਰੂਪੀ ਆਪਦਾ ਵਿਖੇ ਭੀ ਚੰਦ ਸੂਰਜ ਨਹੀਂ ਤਜਾਗਤੇ ।ਮੁਕਤਿ ਪੁਰਸ਼ ਜੋ ਤੱਤਵੇਤਾ ਹੈਂ ਤਿਨਕੇ ਗੁਣੋਂ ਕੋ ਜਣਾਇਰਹੇ ਹੈਂ ਭਾਵ ਯੇਹ ਜਿਨ ਪੁਰਸ਼ੋਂ ਕੋ ਕੁਛ ਲੋੜ ਨਹੀਂ ਹੈ ਸੋ ਤੱਤਵੇਤਾ ਭੀ ਆਪਨੇ ਨਿੱਤ ਨੇਮ ਕੋ ਨਹੀਂ ਤਜਾਗਤੇ ਐਸੇ ਚੰਦ ਸੂਰਜ ਕੀ ਰੀਤੀ ਕੋ ਜਾਣ। ਇਸਮੇਂ ਯਹ ਉਪਦੇਸ਼ਿਓ ਜੋ ਆਪਦਾ ਮੈਂ ਭੀ ਆਪਣੇ ਨਿੱਤਨੇਮ ਕਾ ਤਜਾਗਨ ਨਹੀਂ ਕਰਨਾ। ਜੈਸੇ ਗ੍ਰਹਣ ਆਪਦਾ ਮੇਂ ਭੀ ਚੰਦਸੂਰਜ ਆਪਨੇ ਉਦੈ ਰੂਪੀ ਨਿੱਤ ਨੇਮ ਕੋ ਨਹੀਂ ਤਜਾਗਤੇ ਤੈਸੇ ਯਾ ਮੈਂ ਸ਼ੁਤੀ "ਕਰਤੱਬ ਮੇਵ ਕਰਤੱਬਜੰ ਪ੍ਰਾਣ ਰੁਕੰਚ ਗਤੋਰਪੀ ਅੱਕਰਤਬਜੰ ਨ ਕਰ-ਤੱਬਜਾ ਸਪ੍ਰਣ ਰੁਰੰਚ ਰਚੋ ਰਪੀ" ॥ ੨੦ ॥

## ਤਾਂਹਿਗਤਾਗਤ ਕੋ ਕਹਤ ਦੁਰਮਤਿ ਦੁਰਮ ਤਿਵੰੜ ॥ ਪ੍ਰਾਕ ਉਕਤ ਚਹੁਹੇਤੁ ਕੋ ਜੇ ਨ ਜਾਣਤੇ ਜੰਤ ॥ ੨੧ ॥

ਟੀਕਾ—ਤਿਨ ਸੂਰਜ ਚੰਦ ਕੇ ਉਦੇ ਅਸਤ ਕੀ ਰੀਤਿਕੋ ਖੋਟੀ ਗਤੀ ਖੋਟੀ ਬੁਧੀ ਵਾਲੇ ਪੁਰਸ਼ ਕਹੇਹੈਂ ਜੋ ਪੂਰਬ ਕਹੇਚਾਰ ਹੇਤੂ ਕੋ ਨਹੀਂ ਜਾਨਤੇ॥ ਤੈਸੇ ਹੀ ਜੋ ਮੰਦਬੁਧੀ ਪੁਰਸ਼ ਹੈਂ ਸੋ ਸ੍ਰੇਸ਼੍ਰ ਮਹਾਤਮਾਂ ਕੇ ਉਪਕਾਰਾਦਿ ਆਸੇ ਕੋ ਨਹੀਂ ਜ਼ਾਣਤੇ ਸੋ ਤਿਨਕਾ ਪਦਾਰਥ ਗ੍ਰਹਣਾਦਿ ਵਿਹਾਰ ਦੇਖ ਕੇ ਦੂਸ਼ਨ ਅਰੋਪੇ ਹੈਂ ਅਰ ਬੇਗੁਨਾਹ ਪਾਪੀ ਹੋਵੇ ਹੈਂ ਯਾ ਤੇ ਕ੍ਰਿਸੇ ਮੇਂ ਦੂਸ਼ਨ ਨਹੀਂ ਅਰੋਪਣਾ ਮਤਲਬ ਸਮਝੇ ਬਿਨਾ ਯੇਹ

Sri Satguru Jagjit Singh Ji eLibrary NamdhariElibrary@gmail.com

ਉਪਦੇਸ਼ਿਤ ॥ ੨੧ ॥ ਨਨੂ ॥ ਤ੍ਰਿਸ਼ਨਾ ਪਦਾਰਥਾਂ ਕੇ ਤਿ-ਆਗਕਰ ਨਾਸ਼ ਹੋਵੇ ਹੈ ਵਾ ਭੋਗਨੇ ਸੇ ਹੋਵੇ ਹੈ॥ ਉੱਤਰ ॥ ਵਿਵੇਕ ਬਿਨਾ ਪਦਾਰਥਾਂ ਕੇ ਤਿਆਗੇ ਤੇ ਤ੍ਰਿਸ਼ਨਾ ਨਾਸ਼ ਹੋਵੇ ਨਹੀਂ ਤਥਾ ਪਦਾਰਥਾਂ ਕੇ ਭੋਗ ਸੰਜੋਗ ਕਰ ਭੀ ਨਾਸ਼ ਹੋਵੇ ਨਹੀਂ ਅਰਥ ਏਹ ਵਿਵੇਕ ਸਹਤ ਵੈਰਾਗ ਕਰ ਤ੍ਰਿਸ਼ਨਾ ਨਾਸ਼ ਹੋਵੇ ਹੈ ॥ ਅਬ ਯਹ ਬਾਤ ਕੋ ਉਪਦੇਸ਼ੇ ਹੈਂ ਵਿਵੇਕ ਸਹਤ ਵੈਰਾਗ ਕੋ ਧਾਰੋ ॥

**ਦੋਹਾ ॥ ਹਰੇ ਤ੍ਰਿਖਾ ਵੈਰਾਗ ਤਬ ਧਰੇ ਵਿ-ਵੇਕ ਵਿਕਾਸ਼ । ਤ੍ਰੈਗ ਭੋਗ ਸੰਜੋਗ ਕਰ ਹੋਤ ਨ ਤ੍ਰਿਸ਼ਨਾ ਨਾਸ਼ ॥ ੨੨ ॥**

ਟੀਕਾ—ਪਦਾਰਥਾਂ ਕਾ ਤਿਆਗ ਰੂਪ ਜੋ ਵੈਰਾਗ ਹੈ ਏਹ ਭੀ ਤ੍ਰਿਸ਼ਨਾ ਕੋ ਤਬ ਦੂਰ ਕਰਤਾ ਹੈ ਜਬ ਵਿਵੇਕ ਕੇ ਅਵ ਕਾਸ਼ ਕੋ ਪਾਵਤਾ ਹੈ ਕਿਆ ਵਿਵੇਕ ਸਾਥ ਮਿਲਕਰ ਵੈਰਾ ਗ ਤ੍ਰਿਸ਼ਨਾ ਕੋ ਨਾਸ਼ ਕਰੇ ਹੈ ਵਿਵੇਕ ਵੈਰਾਗ ਬਿਨਾ ਬੜੇ ਸਰੇਸ਼ਟ ਭੋਗਜੋ ਹੈਂ ਸ੍ਵਰਗ ਲੋਕ ਕੇ ਤਿਨਕੇ ਸੰਜੋਗਕਰ ਭੀ ਤ੍ਰਿਸ਼ਨਾ ਨਾਸ਼ ਹੋਵੇ ਨਹੀਂ ਹੈ ॥ ੨੨ ॥

**ਪ੍ਰਤਿ ਦਿਨ ਬ੍ਰਿਧ ਤ੍ਰਿਸ਼ਨਾ ਭਵਤ ਜਿਵ ਕ੍ਰਿ ਸਾਨ ਘ੍ਰਿਤ ਸੰਗ । ਯਥਾ ਵਿਵੇਕੀ ਕੇ ਉਰੇ ਵਿਦਯਾ ਬ੍ਰਿਧ ਅਭੰਗ ॥ ੨੩ ॥**



Sri Satguru Jagjit Singh Ji eLibrary NamdhariElibrary@gmail.com

ਟੀਕਾ—ਪਦਾਰਥਾਂ ਕੇ ਭੋਗ ਸੰਜੋਗ ਕਰ ਨਿਤਜਮ ਪ੍ਰਤਿ ਤ੍ਰਿਸ਼ਨਾ ਵਧਤੀ ਹੈ ਜੈਸੇ ਅਗਨੀ ਘ੍ਰਿਤ ਪਾਨੇਕਰਵਧਤੀਹੈ॥ ਹੋਰ ਦ੍ਰਿਸ਼ਟਾਂਤ ਜੈਸੇ ਤੱਤਵੇਤਾ ਕੇ ਰਿਦੇ ਮੇਂ ਬ੍ਰਹਮ ਵਿਦਜਾ ਵਧੇ ਹੈ ਨਾਸ਼ ਰਹਿਤ ਤੈਸੇ ਭੋਗ ਸੰਜੋਗ ਪਦ ਕਾ ਅਰਥ ਏਹ ਹੈ "ਭੁੰਚਤੀਤੀਭੋਗਾ" ਜੋ ਭੋਗਨੇ ਮੇਂ ਆਵੇ ਸੋ ਭੋਗ ਅਰ ਜਿਸਕਾ ਸਬੰਧ ਹੋਵੇ ਸੋ ਸੰਜੋਗ ਜੈਸੇ ਪਦਾਰਥ ਕਾ ਸੰਜੋਗਤੋ ਹੋਵੇ ਅਰ ਪੁਰਸ਼ ਭੋਗਨੇਮੇਂ ਸਮਰਥ ਹੋਵੇ ਨਹੀਂ ਤੋ ਭੀ ਤ੍ਰਿਸ਼-ਨਾਂ ਨਾਸ਼ ਹੋਵੇ ਨਹੀਂ॥ਅਰ ਭੋਗਨੇ ਮੇਂ ਸਮਰਥ ਹੋਵੇ ਪਦਾਰ-ਥ ਕਾ ਸੰਜੋਗ ਨਹੀਂ ਹੋਵੇ ਤੌਭੀ ਤ੍ਰਿਸ਼ਨਾ ਨਾਸ਼ ਹੋਵੇ ਨਹੀਂ ॥ ਪੁਨਾ ਪੁਰਸ਼ ਭੀ ਸ਼ਮਰਥ ਹੋਵੇ ਅਰ ਪਦਾਰਥ ਕਾ ਸੰਜੋਗ ਭੀ ਹੋਵੇ ਇਸਕਾ ਨਾਮ ਭੋਗ ਸੰਜੋਗ ਹੈ ਇਸਕੇ ਹੋਏ ਤੇ ਭੀ ਵੈਰਾ-ਗ ਵਿਵੇਕ ਬਿਨਾ ਤ੍ਰਿਸ਼ਨਾ ਨਾਸ਼ ਹੋਵੇ ਨਹੀਂ ॥ ੨੩ ॥ ਯਥਾ

ਦ੍ਰਿਸ਼ਟਾਂਤ

**ਦੋਹਾ ॥ ਜਰਾ ਸਹਤ ਜੀਰਨ ਲਖੀ ਅਪਨੀ ਸਕ੍ਰ ਵਿਭੂਤ॥ ਦੁਖੀ ਭਯੋ ਮਨ ਮਾਹਿੰ ਤਬ ਤਾਂਹਿ ਬਿਨਾ ਪੁਰ ਹੂਤ॥ ੨੪ ॥**

ਟੀਕਾ—ਜਰਾ ਆਦਿ ਰਾਖਸ਼ੋਂ ਸਹਤ ਨਾਸ਼ ਹੋਤੀ ਦੇਖ੍ਕਰ ਆਪਨੀ ਸ੍ਵਰਗ ਰੂਪ ਵਿਭੂਤੀ ਕੋ ਇੰਦ੍ਰ ਅਤੀ ਕਰ ਮਨ ਮੈਂ ਦੁਖੀ ਹੋਤਾ ਭਯਾ ਤਿਸ ਵਿਭੂਤੀ ਬਿਨਾ ਇੰਦ੍ਰ ॥ ੨੪ ॥

**ਨਸ਼ਟ ਵਿਭਵ ਭਵ ਦੁਸਹ ਦੁਖ ਤਜ ਨਹਿ**

Sri Satguru Jagjit Singh Ji eLibrary NamdhariElibrary@gmail.com

ਸਕੇ ਸੁਰੇਸ਼। ਬਿਸ਼ਨੁ ਆਦਿ ਕੀ ਕ੍ਰਿਪਾ ਕੋ ਪਾਤ੍ਰ ਭਯੋ ਅਮਰੇਸ਼ ॥ ੨੫ ॥

ਟੀਕਾ—ਸੰਸਾਰ ਮੇਂ ਵਿਭੂਤੀ ਕਾ ਆਪਨੇ ਜੀਤੇ ਨਸ਼ਟ ਹੋਨਾ ਜੋ ਦੇਖਨਾ ਹੈ ਸੋ ਏਸ ਦੁਖਕਾ ਸਹਾਰਨਾ ਕਠਨ ਹੈ ਤਜ ਨ ਸਕਿਆ ਇੰਦ੍ਰ ॥ ਵਿਸ਼ਨੂ ਸ਼ਿਵਾਦਿ ਕੀ ਕ੍ਰਿਪਾ ਕਾ ਜਾਕ੍ਰ ਜਾ-ਚਕ ਹੋਤਾਭਯਾ ਇੰਦ੍ਰ॥ ਵਿਸ਼ਨੂਕੋ ਜਾਕਰ ਕਹਿਤਾਭਯਾ॥੨੫॥

ਜਰਾ ਜਾਤ ਧਾਨਾਦਿ ਕਰ ਭਵਤ ਵਿਭਵ ਮਮ ਹਾਨ। ਕਰੁਣਾਕਰ ਕਰੁਨਾ ਕਰੋ ਤਾਸ ਤ੍ਰਾਣ ਭਗਵਾਨ॥ ੨੬ ॥

ਟੀਕਾ—ਹੇ ਭਗਵਨ ਕ੍ਰਿਪਾਨਿਧਾਨ ਮੇਰੀ ਵਿਭੂਤੀ ਜਰਾ ਧਨ ਜਾਤਾਦਿ ਰਾਖਸ਼ੋਂਕਰ ਨਾਸ਼ ਹੋਤੀ ਹੈ ਹੇ ਕ੍ਰਿਪਾ ਕੀ ਖਾਣ ਕ੍ਰਿ ਪਾ ਕਰਕੇ ਤਿਸਕੀ ਰਖਿਆ ਕਰੋ ਹੇ ਭਗਵਨ ॥ ੨੬ ॥

ਦੋਃ ॥ ਤ੍ਰੰਗ ਭੋਗ ਸੰਜੋਗ ਕਰ ਨਾਸ਼ ਜੁ ਹੋਤੀ ਪਿਆਸ ॥ ਮਘਵਾ ਹੋਤੇ ਦੀਨ ਕਤ ਹਰਿ ਅਜਾਦ ਕੇ ਪਾਸ ॥ ੨੭ ॥

ਟੀਕਾ—ਦੇਖੋ ਹੇ ਭਾਈ ਜੇਕਰ ਸ੍ਰੇਸ਼ਟ ਭੋਗਾਂ ਕੀ ਪ੍ਰਾਪਤੀ ਕਰ ਵਿਵੇਕ ਵੈਰਾਗ ਬਿਨਾ ਤ੍ਰਿਸ਼ਨਾ ਨਾਸ਼ ਹੋਜਾਤੀ ਤੋ ਇੰਦ੍ਰ ਨੇ ਥੋੜੇ ਭੋਗ ਭੋਗੇ ਸੇ ਕਿਉਂ ਜਾਕੇ ਹਰੀ ਤਥਾ ਬ੍ਰਹਮ ਸ਼ਿਵ ਕੇ ਪਾਸ ਦੀਨ ਹੋਤਾ॥ ੨੭ ॥

Sri Satguru Jagjit Singh Ji eLibrary NamdhariElibrary@gmail.com

**ਬਿਬਧ ਵਿਖੈਕੋ ਭੋਗਕਰ ਨਹਿ ਬਿਬੁਧੇਸ ਅਘਾਤ । ਸ੍ਵਲਪ ਅਵਧਲਵ ਭੋਗਕਰ ਨਰ· ਨ ਸ਼ਾਂਤਿ ਕਤ ਜਾਤ ॥ ੨੯ ॥**

ਟੀਕਾ—ਦੇਖੋ ਨਾਨਾ ਪ੍ਰਕਾਰ ਕੇ ਸ੍ਵਰਗ ਕੇ ਭੋਗ ਭੋਗ ਕਰ ਇੰਦ੍ਰ ਤ੍ਰਿਪਤ ਨਾ ਹੂਆ ਅਰ ਥੋੜੀ ਜੈਸੀ ਆਯੂ ਮੈ ਲਵਮਾਤ੍ਰ ਭੋਗਾਂ ਕੋ ਭੋਗਕਰ ਪੁਰਸ਼ ਕੋ ਵੈਰਾਗ ਵਿਵੇਕ ਬਿਨਾ ਸ਼ਾਂਤਿ ਕੈਸੇ ਉਤਪਤ ਹੋਵੇ ॥ ੨੮ ॥

**ਤਾਂਤੇ ਇੱਛਾ ਨਾਸ਼ ਕੀ ਜਾਂਕੋ ਇੱਛਾ ਆਹਿ ॥ ਉਪਸਮ ਧਰੇ ਵਿਚਾਰ ਯੁਤ ਟਰੇ ਏਕ ਤੇ ਨਾਹਿ ॥ ੨੯ ॥**

ਟੀਕਾ—ਤਾਂਤੇ ਤ੍ਰਿਸ਼੍ਨਾ ਨਾਸ਼ ਕਰਨੇ ਕੀ ਜਿਸਕੋ ਇੱਛਾ ਹੈ ਸੋ ਵੈਰਾਗ ਸਹਤ ਵਿਵੇਕ ਕੋ ਧਾਰੇ ਏਕ ਸੇ ਤ੍ਰਿਸ਼ਨਾ ਦੂਰ ਨਹੀਂ ਹੋਤੀ ਨਾ ਏਕਲੇ ਵੈਰਾਗ ਕਰ ਦੂਰ ਹੋਵੇ ਹੈ ਨਾ ਏਕਲੇ ਵਿਵੇਕ ਕਰ ਨਾਸ਼ ਹੋਵੇ ਹੈ ਦੋਨੋਂ ਕਰ ਹੋਵੇ ਹੈ ਇਸ ਮੇਂ ਦ੍ਰਿਸ਼ਟਾਂਤ ਆਗੇ ਕਹੈਂਗੇ ॥ ੨੯ ॥ ਵਿਵੇਕ ਬਿਨਾ ਪੁਰਸ਼ ਕੀ ਐਸੇ ਮੰਦ ਗਤੀ ਹੋਵੇ ਹੈ ਜੈਸੇ ਦ੍ਰਿਸ਼ਟਾਂਤ ॥

**ਯਥਾ ਚੰਚਲ ਛੰਦ ॥ ਗੰਗ ਨੀਰ ਏਕਹੂ ਅੰਧੇ ਅਧੇਰਤੀ ਕਰੰਤ । ਨਾਕਤੇ ਹਰੋ ਸਿਰੇ**

Sri Satguru Jagjit Singh Ji eLibrary NamdhariElibrary@gmail.com

**ਪੁਨਾ ਗਿਰੰਦ ਪੈ ਗਿਰੰਤ ॥ ਗਿਰੰਦ ਤੇ ਧਰਾ ਪਰੇ ਧਰਾ ਤੇ ਸਿੰਧ ਮੈ ਪਰੰਤ ॥ ਸ਼ੂਨ ਜੇ ਵਿਵੇਕ ਤੇ ਅਨੇਕ ਜੂਨ ਤੇ ਧਰੰਤ ॥ ੩੦ ॥**

ਟੀਕਾ—ਜੈਸੇ ਗੰਗਾ ਜੀ ਕਾ ਜਲ ਨੀਚੇ ਤੇ ਨੀਚੇ ਕਢ ਕੇ ਆਪਨੀ ਗਤੀ ਚਲਨਾ ਕਰੇ ਹੈ ਸ੍ਵਰਗਾਂ ਥੀਂ ਸ਼ਿਵ ਕੇ ਸਿਰ ਪਰ ਪੜੇ ਹੈ ਅਰ ਸ਼ਿਵਜੀ ਕੇ ਸਿਰ ਥੀਂ ਹਿਮਾਂਚਲ ਪਰਬਤ ਪਰ ਪੜੇ ਹੈ॥ ਪਰਬਤ ਸੇ ਧਰਤੀ ਪਰ ਆਵੇ ਹੈ ਧਰਤੀ ਸੇ ਸਮੁਦ੍ਰ ਮੇਂ ਜਾ ਪਵੇ ਹੈ ਤੈਸੇ ਜੋ ਪੁਰਸ਼ ਵਿਵੇਕਸੇ ਰਹਿਤ ਹੈਂ ਸੋ ਅਨੇਕ ਸਰਪਾਦਿ ਜੂਨਾਂ ਕੋ ਪ੍ਰਾਪਤਿ ਹੋਤੇ ਹੈਂ ਤਾਂਤੇ ਸਰਬ ਨਰ ਨਾਰੀ ਕੋ ਸੰਤਾਂਨਾਲ ਮਿਲਕਰ ਵਿਚਾਰ ਧਾਰਨਾ ਚਾਹੀਏ॥ ੩੦॥ ਵੈਰਾਗ ਬਿਨਾ ਦੁਖ ਦੂਰ ਹੋਵੇ ਨਹੀਂ ਹੈ ਇਸ ਬਾਤ ਕੋ ਆਗੇ ਉਪਦੇਸ਼ੇ ਹੈਂ॥

**ਯਥਾ ਕਬਿੱਤ॥ ਜਬ ਮੁਖ ਤਿਖਾ ਕਰ ਸੁਕੇ ਤਬ ਪੀਵੈ ਨਰੁ ਮੀਠੇ ਠੰਢੇ ਹਰਕੇ ਸੁਗੰਧੀ ਵਾਰੇ ਵਾਰ ਕੋ ॥ ਖੁਧਜਾ ਕਰ ਭਯੋ ਦੀਨ ਸਾਲੀਨ ਮਹੀਨ ਖਾਤਮੇਲ ਕੋ ਵਰੀਨ ਸਾਗ ਰਾਂਗਾ ਸੋ ਅਚਾਰ ਕੋ॥ ਜਾਗੇ ਮਦੁਨਾਗੇ ਜਬ ਸਾਨਰਾਗੇ ਦੌਰ ਤਬ ਨਾਰ ਮੈ ਲਗਾਵੈ ਨਰ**

Sri Satguru Jagjit Singh Ji eLibrary NamdhariElibrary@gmail.com

ਦ੍ਰਿੜ ਕਰ ਨਾਰ ਕੋ ॥ ਬਿਆਧ ਕੇ ਪ੍ਰਹਾਰ ਪ੍ਰਤਿ ਕਰੇ ਪ੍ਰਤੀ ਕਾਰ ਪ੍ਰਤੀ ਕੈਸੇ ਦੁਖ ਭਾਗੇ· ਤਿਆਗੇ ਨ ਸੰਜਮੋਂ ਪਚਾਰ ਕੋ ॥ ੩੧ ॥

ਟੀਕਾ—ਜਿਸ ਕਾਲਮੈਂ ਪੁਰਸ਼ ਕਾ ਮੁਖ ਤ੍ਰਿਖਾ ਕਰ ਸੁਕਨੇ ਲਗੈ ਤੌ ਪੀਵਤਾ ਹੈ ਲੈ ਕਰ ਮੀਠਾ ਕੇਵੜੇ ਆਦਿ ਸੁਗੰਧੀ ਕੋ ਮਿਲਾ ਕੇ ਸੀਤਲ ਜਲ ਕੋ ॥ ਅਰ ਜਿਸ ਕਾਲ ਮੇਂ ਭੁਖ ਕਾ ਦੁਖ ਲਗਦਾ ਹੈ ਤਬ ਬਰੀਕ ਚਾਵਲ ਬਾਸਮਤੀ ਕੇ ਖੂਬ ਪ੍ਰੇਮ ਸਹਤ ਖਾਤਾਹੈ ਮਿਲਕਰਕੇ ਸਾਗ ਵੜੀਆਂਆਦਿ ਭਾਜੀ ਤਥਾ ਆਚਾਰ ਸਾਥ ਅਰ ਜਿਸ ਕਾਲ ਮੈ ਕਾਮ ਅਗਨੀ ਜਾਗਤੀ ਹੈ ਪਦਾਰਥ ਖਾਨੇ ਸੇ ਤਬ ਦੌੜ ਕਰ ਸਹਿਤ ਪ੍ਰੇਮ ਕੇ ਗਲ ਕੇ ਸਾਥ ਲਗਾਤਾ ਹੈ ਪੁਰਸ਼ ਘੁਟ ਕਰਕੇ ਇਸਤ੍ਰੀ ਕੋ ਦੁਖ ਕੀ ਨਵਿਰਤੀ ਵਾਸਤੇ ਕਰਤਾ ਹੈ ਓਥੇ ਦੀ ਉਲਟੀ ਤੌ ਦੁਖ ਜਨਮਾਦਿ ਕਿਸ ਪ੍ਰਕਾਰ ਨਾਸ਼ ਹੋਵੇ ਵੈਰਾਗ ਕੋ ਧਾਰ ਕਰ ਵਿਚਾਰ ਸਹਿਤ ਜੋ ਇੰਦ੍ਰੀਆਂ ਕਾ ਸੰਯਮ ਹੈ ਏਸ ਔਖਧ ਕੋ ਤਿਆਗ ਕੇ ਦੁਖ ਦੂਰ ਹੋਵੇ ਨਹੀਂ ਭਾਵ ਯਹ ਇੰਦ੍ਰੀਆਂ ਕੇ ਦਮਨ ਰੂਪੀ ਦਵਾਈ ਕੋ ਖਾਵਹੁ ਵਿਚਾਰ ਸਹਤ ਤੌ ਦੁਖ ਜਨਮ ਮਰਨ ਕਾ ਨਾਸ਼ ਹੋਵੇਗਾ ॥ ਯਹ ਉਪਦੇਸ਼ਿਓ ॥ ੩੧॥

ਸੋਰਠਾ ॥ ਤ੍ਰਿਸ਼ਨਾ ਬ੍ਰਿਧ ਅਭੰਗ ਬਹੁ ਭੋਗਾਂਹੁ ਕੇ ਭੋਗ ਕਰ । ਯਥਾ ਅਗਨਿ ਘ੍ਰਿਤ ਸੰਗ

Sri Satguru Jagjit Singh Ji eLibrary NamdhariElibrary@gmail.com

## ਸੰਜਮ ਜਲ ਕਰ ਸ਼ਾਂਤਿ ਬਿਬ ॥ ੩੨ ॥

ਟੀਕਾ—ਬਹੁਤੇ ਭੋਗ ਭੋਗਨੇ ਕਰ ਤ੍ਰਿਸ਼ਨਾਦਿ ਅਤ ਸੇ ਵਧਤੀ ਹੈ ਜੈਸੇ ਅਗਨੀ ਬਲਤੀ ਪਰ ਘ੍ਰਿਤ ਪਾਈਐ ਤਾਂ ਵਧਤੀ ਹੈ ਅਰ ਜਲਪਾਣੇ ਕਰ ਸੀਤ ਹੋਤੀਹੈ ਜੈਸ ਤੈਸੇ ਇੰਦ੍ਰਿਆਂ ਕੇ ਸੰਜਮ ਰੂਪੀ ਜਲ ਕਰ ਵਿਸ਼ਿਆਂ ਕੀ ਤ੍ਰਿਸ਼ਨਾ ਰੂਪੀ ਅਗਨੀ ਨਾਸ਼ ਹੋਵੇ ਹੈ॥ ਦੋਨੋਂ ਅਗਨੀਆਂ ਕਾ ਏਕ ਸੁਭਾਵ ਹੈ॥੩੨॥ ਵੇਦ ਸ਼ਾਸਤ੍ਰਾਦਿ ਪੁਰਸ਼ ਪੜ੍ਹਾ ਭੀ ਹੋਵੇ ਤਥਾ ਯਗਜਾਦਿ ਕਰਮ ਕਾ ਕਰਤਾ ਭੀ ਹੋਵੇ ਤੌ ਭੀ ਆਤਮ ਵਿਦਿਆ ਬਿਨਾ ਦੁਖਕੀ ਨਵਿਰਤੀ ਤਥਾ ਮੋਖ ਹੋਵੇ ਨਹੀਂ ਹੈ ਯਾਹ ਬਾਤ ਕੋ ਆਗੇ ਕਥਨ ਕਰੇ ਹੈਂ॥

**ਕਬਿੱਤ॥ ਚਾਰੋਂ ਬੇਦ ਤੰਤ੍ਰ ਛਠੇ ਸਿਮ੍ਰਿਤ ਸਤ ਈ ਪਠੇ ਆਗਮ ਜੋ ਦਸ ਅਠੇ ਮਹਾਂਵਿਸਤਰੇ ਹੈਂ।ਮਤੋ ਸੋ ਵਿਭ੍ਰਮ ਮਹਾਂ ਕਰਮ ਕ੍ਰਿਯਾਕਰ ਕ-ਹਾਂ ਦੇਵ ਗ੍ਰਾਮ ਕੁਟੀ ਮੋਂ ਵਿਸ਼੍ਰਾਮ ਫਲ ਕਰੇਹੈਂ। ਪ੍ਰਲੈ ਕਾਲ ਆਗਵਤ ਆਤਮ ਵਸ਼ੈਣੀ ਮਤਿ ਭਵ ਦੁਖ ਕਰੇ ਹਤ ਸੋ ਕੁਮਤਿ ਹਰੇ ਹੈਂ॥ ਸ਼ੇਖ ਕਾਮ ਸਾਰੇ ਵਣਜਾਰੇ ਬ੍ਰਿਤਿ ਯੋਂ ਨਿਹਾਰੇ ਕੇ ਦੁਕਾਨ ਕੇ ਪਰਾਨ ਕਰ ਪ੍ਰਾਣ ਧਰੇ ਹੈਂ॥੩੩**

Sri Satguru Jagjit Singh Ji eLibrary NamdhariElibrary@gmail.com

ਟੀਕਾ–ਚਾਰ ਵੇਦ ਖਟਸ਼ਾਸਤ੍ਰ ਸਤਾਈ ਸਿਮ੍ਰਤੀਆਂ ਅਰ ਅਠਾਰਹਿ ਪੁਰਾਣਾ ਕੋ ਜੋ ਪੁਰਸ਼ ਪੜ੍ਹਹਿ ਅਰ ਤਿਨਕਾ ਬੜਾ ਵਿਸਤਾਰ ਭੀ ਕਰੈ ਟੀਕਾਯੁਤ॥ ਅਰ ਅਤਸੇ ਕਰ ਮਿਮਾਂਸਾ ਆਦਿ ਮਤਾਂ ਮੇਂ ਵਾ ਬੈਰਾਗੀਆਂਦਿ ਮਤੋਂ ਮੇਂ ਭਰਮ ਕਰ ਨਿਤ ਨੈਮਿਤਾਦਿ ਕਰਮਾ ਕੋ ਭੀ ਕਰੇ ਤੌ ਏਹ ਕਰਮ ਕਿਆ ਕਰੇ ਹੈ ਦੇਵਤਿਆਂ ਕਾ ਨਗਰ ਜੋ ਸ੍ਵਰਗ ਹੈ ਤਿਸ ਮੇਂ ਏਕ ਕੁਟੀਆ ਕੋਈ ਕਾਲ ਵਸਨੇ ਵਾਸਤੇ ਮਿਲ ਜਾਏਗੀ ਤਿਸ ਮੇਂ ਰਹਿ ਕਰ ਚਾਰ ਰੋਜ਼ ਸ੍ਵਰਗ ਦੇਖੇ ਹੈਂ ਏਹ ਫਲ ਕਰੇ ਹੈ ਕਰਮ ਤਥਾ ਪੜ੍ਹਨਾ ॥ ਅਰ ਜਨਮ ਮਰਨ ਕਾ ਦੁਖ ਦੂਰ ਹੋਵੇ ਨਹੀਂ ਹੈ ਜਬ ਪਰਯੰਤ ਪ੍ਰਲੈ ਕਾਲ ਕੀ ਅਗਨੀਵਤ ਪਰਜੁਲਤ ਆਤਮ ਵਿਸ਼ੈਨੀ ਬੁਧੀ ਉਤਪਤ ਨਹੀਂ ਹੋਈ ਤਬ ਪਰਯੰਤ ਹੋਰ ਜਿਤਨੇ ਕਰਮ ਹੈਂ ਸੋ ਸਾਰੇ ਦੋਕਾਨਦਾਰ ਕੀ ਉਪਜੀਵਕਾ ਵੰਤ ਦੇਖੀ ਤੇ ਹੈਂ ਕਿਸੇ ਨੇ ਦੁਕਾਨ ਕਰ ਕੇ ਪ੍ਰਾਣਾ ਕੇ ਖਾਨੇ ਪੀਨ ਕਾ ਵਿਹੁਹਾਰ ਚਲਾ ਲਿਆ॥ ਕਿਸੇ ਨੇ ਪੁਰਾਣ ਪੜ੍ਹ ਕੇ ਪ੍ਰਾਣਾ ਕੇ ਖਾਨੇ ਪੀਨੇ ਪਹਰਨੇ ਕਾ ਵਿਵਹਾਰ ਕਰ ਲਿਆ। ਏਹ ਜੋ ਕੁਮਤਿ ਹੈ ਕਰਮਾਂ ਕੇ ਕਰਾਣੇ ਹਾਰੀ ਸ੍ਵਰਗ ਹੇਤ ਵਾ ਦੇਹ ਧਿਯਾਸ ਕੀ ਖਾਣੇ ਪੀਣੇ ਹੇਤ ਇਸਕੋ ਸੋ ਆਤਮ ਵਸ਼ੈਣੀ ਬੁਧੀ ਨਾਸ਼ ਕਰੇ ਹੈ ॥ ੩੩॥

ਦੋਹਰਾ॥ ਕਹਾਂ ਗ੍ਰੰਥ ਗਨ ਕੇ ਪਢੇ ਕਿੰ ਕ੍ਰਰ ਮੋ ਕੇ ਕੀਨ। ਚਿਦ ਜੜ ਗ੍ਰੰਥ ਪ੍ਰਭੇਦਨੀ ਧੀ

Sri Satguru Jagjit Singh Ji eLibrary NamdhariElibrary@gmail.com

ਉਰ ਜਬ ਪ੍ਰਗਟੀਨ ॥ ੩੪ ॥

ਟੀਕਾ—ਅਨੇਕ ਪ੍ਰਕਾਰਕੇ ਬਹੁਤੇ ਗ੍ਰੰਥ ਪੜ੍ਹ ਲੀਤੇ ਤੌ ਕਿਆ ਹੈ ਅਰ ਕਰਮ ਅਨੇਕ ਪ੍ਰਕਾਰ ਕੇ ਕਰੇ ਤੋ ਕਿਆ ਹੈ। ਚਿਤ ਜੜ ਗੰਠਕੇ ਨਾਸ ਕਰਨੇ ਹਾਰੀ ਆਤਮ ਵਿਸ਼ੈਨੀ ਬੁਧੀ ਜਬ ਨਹੀਂ ਪ੍ਰਗਟੀ ਰਿਦੇ ਮੈਂ ਤੌ ਸਬ ਨਿਸਫਲ ਹੈਂ॥ ਚੇਤਨ ਆਤਮਾ ਅਰ ਜੜ ਅਵਿਦਿਆ ਇਨ ਦੋਨਾਕੀ ਜੋ ਸੰਧਹੈ ਕਿਆ ਮਿਲਾਪ ਹੈ ਸੋ ਗੰਠਹੈ ਜਿਸਕਰ ਪੁਰਸ਼ ਆਪਕੋ ਜੀਵ ਮਾਨਤਾ ਤਿਸਕੇ ਖੋਲਨੇ ਕੋ ਆਤਮ ਵਸ਼ੈਣੀ ਬੁਧੀ ਚਤ੍ਰ ਹੈ। ਤਾਂਤੇ ਜੇਨ ਕੇਨ ਕਰ ਪੁਰਸ਼ ਆਤਮ ਵਿਦਿਆ ਕੋ ਉਤਪੰਨ ਕਰੇ ਯੇਹ ਉਤਪੰਨਕਰੇ ਯੇਹ ਉਪਦੇਸ਼ਿਓ॥ ੩੪ ॥ਕਿਸੇ ਏਕ ਪਦਾਰਥ ਕੋ ਭੋਗ ਕਰ ਪੁਨਾ ਪੁਰਸ਼ ਤਿਸੀ ਪਦਾਰਥ ਕੋਭੋਗੇ ਹੈ ਯਾਂਤੇ ਪੁਨਰੁਕਤਿ ਦੋਸਹੈ ਸੋ ਦਸੇ ਹੈਂ ਸ਼ਬ੍ਦਾ ॥

ਛਪੈ ਛੰਦ ॥ ਵਹੀ ਜਾਮਨੀ ਜਾਨ ਪੁਨਾ ਦਿਨ ਤਥਾ ਮਾਨਕਰ ॥ ਮੰਦ ਜੰਤ ਧਾਵੰਤ ਉਦਮ ਅ ਤਯੰਤ ਚਿੱਤ ਧਰ। ਪ੍ਰਾਰੰਭੀ ਪ੍ਰਾਰਬਧ ਕ੍ਰਿਆ ਤਹਿੰ ਤਹਿੰ ਤਿਉਂ ਰਾਤੇ। ਵਹੀ ਉਕਤੀ ਪੁਨ ਵਹੀ ਭੋਗ ਭੁਗਤੇ ਦਿਨ ਰਾਤੇ।ਇਵ ਵਿਖੈ ਰੂਪ ਯਾ ਜੱਗ ਕੇ ਬਿਆਪਾਰੋਂ ਕਰ ਸ਼੍ਰਮ ਸਹੇ। ਪਰ ਭ੍ਰਮਤ ਵਿਰਮਤ ਨ ਮੋਹੁ ਕਰ ਅਹੋ ਕਿ-

Sri Satguru Jagjit Singh Ji eLibrary NamdhariElibrary@gmail.com

ਊਂ ਨ ਲੱਜਾ ਗਹੇ ॥ ੩੫ ॥

ਟੀਕਾ—ਜੋ ਰਾਤ ਬੀਤ ਗਈ ਹੈ ਸੋਈ ਜਾਨਕਰ ਦੂਸਰੀਂ ਰਾਤਕੋ ਵਾ ਤੈਸੇ ਹੀ ਦਿਨਕੋ ਜਾਨਕਰਕੇ। ਬਹੁਤਾ ਹੀ ਉਦਮ ਚਿੱਤਮੇ ਧਾਰਕਰ ਮੰਦ ਭਾਗੀ ਜੀਵ ਦਉੜਤੇ ਹੈਂ ਦੇਸਾਂ ਤ੍ਰੋਂ ਮੈਂ ॥ ਜਿਸ ਜਿਸ ਅਸਥਾਨ ਮੇਂ ਪ੍ਰਾਰਬਧ ਕੇ ਵਸ ਕਰ ਜੈਸੀ ਜੈਸੀ ਕ੍ਰਿਆ ਕਾ ਅਰੰਭ ਕੀਆ ਹੈ ਤਿਸ ਤਿਸ ਅਸਥਾਨ ਮੇਂ ਤੈਸੇ ਤੈਸੇ ਕਰਮ ਮੈ ਤਿਸੀ ਤਿਸੀ ਪ੍ਰਕਾਰ ਮਿਲ ਰਹੇ ਹੈਂ ॥ ਓਹੀ ਕਥਨ ਹੈ ਲੈਣੇ ਦੇਣੇ ਖਾਨ ਪੀਨ ਕਾ। ਅਰ ਓਹੀ ਭੋਗ ਹੈਂ ਜਿਨਕੋ ਦਿਨ ਰਾਤਿ ਭੋਗਤੇ ਹੈਂ ਅਰ ਓਹੀ ਭੋਗਨੇ ਵਾਲੇ ਆਪੁ ਹੈਂ। ਇਸ ਪ੍ਰਕਾਰ ਸੋਈ ਭੋਗ ਅਰ ਸੋਈ ਪੁਰਸ਼ ਉਨ ਹੀ ਵਿਉਹਾਰੋਂ ਮੇਂ ਲੱਗ ਕਰ। ਏਸ ਵਿਸ਼ੈ ਰੂਪ ਜਗਤ ਕੇ ਬਿਆਪਾਰੋਂ ਕਰ ਦੁਖ਼ ਸਾਹਰ ਰਹੇ ਹੈਂ ॥ ਅਰ ਦੁਖਾਂ ਕੋ ਸਹਤੇ ਹੋਏ ਭੀ ਵਸ਼ੇਸ਼ ਕਰ ਉਨੀ ਵਿਹਾਰੋ ਮੈ ਭ੍ਰਮਨ ਕਰੇ ਹੈਂ ਮੋਹ ਕੇ ਆਧੀਨ ਹੂਏ ਹੂਏ ਪ੍ਰਤੂ ਤਿਆਗਤੇ ਨਹੀਂ ਹੈਂ। ਅਹੋ ਬੜਾ ਅਫਸੋਸ ਹੈ ਪੁਨਰੁਕਤੀ ਦੋਸ ਕੀ ਲੱਜਾ ਕੋ ਕਿਉਂ ਨਹੀਂ ਧਾਰਨ ਕਰਤੇ ॥ ਤਾਂਤੇ ਹੇ ਮਿਤ੍ਰੋ ਏਸ ਪੁਨਰੁਕਤਿ ਦੋਸ ਸੇ ਰਹਿਤ ਹੋਵਹੁ ਏਹ ਉਪਦੇਸ਼ਿਓ ॥ ਜੋ ਬਾਤ ਏਕ ਦਫੇ ਕਰਕੇ ਪੁਨਾ ਦੂਸਰੀ ਦਫੇ ਵੈਸੇ ਹੀ ਕਰਨੀ ਤਿਸ ਕਾ ਨਾਮ ਪੁਨਰੁਕਤਿ ਹੈ ਸੋ ਸਿਆਣੇ ਪੁਰਸ਼ ਨਹੀਂ ਕਰਤੇ ॥ ੩੫ ॥

ਦੋਹਾ ॥ ਅਹੋ ਸਬਦ ਪੁਨ ਰੁਕਤਿ ਤੇ ਅਤਿ

Sri Satguru Jagjit Singh Ji eLibrary NamdhariElibrary@gmail.com

**ਡਰਪਹਿ ਬੁਧਿ ਮਾਨੁ॥ ਪੁਨਾਉਕਤ ਪੁਨ ਭੁ-ਗਤ ਯਹਿ ਕਤ ਪੁਨ ਰੁਕਤ ਪ੍ਰਮਾਨ॥ ੩੯॥**

ਟੀਕਾ—ਅਹੋ ਬੜਾ ਅਸਚਰਜ ਹੈ ਬੁਧੀ ਵਾਨ ਸਿਆਣੇ ਪੁਰਸ਼ ਪੁਨਰੁਕਤ ਬਚਨ ਕਹਿਤੇ ਨਹੀਂ ਹੈਂ ਡਰਦੇਹੈਂ ਦੂਸਰੀ ਦਫੇ ਕਹਿਣ ਸੇ ਅਰ ਏਹ ਲੋਕ ਉਸੀ ਕੋ ਕਥਨ ਕਰਤੇ ਹੈਂ ਦੇਖੋ ਜੀ ਕਾਮ ਨਿਬੜਤੇ ਨਹੀਂ ਜਬ ਸੇ ਜੰਮੇ ਹੈਂ ਇਸ ਕਾਮ ਕੋ ਕਰਨੇ ਲੱਗੇ ਹੈਂ ਹੱਟੀ ਵ ਵਾਹੀ ਸੋ ਕਾਮ ਉਸੀ ਤਰੇਂ ਹੈਂ ਐਸੇ ਕਥਨ ਭੀ ਕਰਨਾ ਅਰ ਕਾਮ ਭੀ ਸੋਈ ਕਰਨਾ। ਅਰ ਭੋਗ ਭੀ ਸੋਈ ਭੋਗਣਾ। ਏਹ ਪੁਨਰੁਕਤ ਕੈਸੇ ਪ੍ਰ-ਮਾਣ ਹੈਂ ਕਿੰਤੂ ਅਪ੍ਰਮਾਣ॥ ੩੯॥

ਜੈਸੇ ਏਕ ਨਟੂਆ ਅਨੇਕ ਸਰੂਪਨ ਕੋ ਧਾਰਨ ਕਰੇ ਹੈ ਤੈਸੇ ਅਸਥੂਲ ਸਰੀਰ ਭੀ ਅਪਨੀਆਂ ਅਵਸਥਾ ਬਦਲ ਬਦਲ ਧਾਰਨ ਕਰੇ ਹੈ ਪਰੰਤੂ ਨਟੂਆ ਤੋ ਸੂਆਂਗਨ ਕੋ ਅਪਨਾ ਸ੍ਵਰੂਪ ਜਾਣੇ ਨਹੀਂ ਹੈ ਅਰ ਜੀਵ ਸਰੀਰ ਕੀ ਬਵਸਥਾ ਬਦਲੀ ਕੋ ਅਪਨਾ ਸਰੂਪ ਬਦਲਿਆ ਜਾਨੇ ਹੈ॥ ਇਸ ਬਾਤ ਕੋ ਆਗੇ ਦ੍ਰਿਸ਼ਟਾਂਤ ਦੇਕਰ ਦਸੇ ਹੈਂ॥

**ਗੀਆ ਮਾਲਤੀ ਛੰਦ॥ ਨਟੁਵਾਂਗਨਰ ਬਹੁ ਸ੍ਵਾਂਗ ਧਰ ਬਪੁ ਬਾਲ ਪਲਮਹਿੰ ਲਸਕ**

Sri Satguru Jagjit Singh Ji eLibrary NamdhariElibrary@gmail.com

**ਹੈ। ਪੁਨ ਖਿਨਬਿਖੇ ਤਨ ਤਰੁਨ ਹੁਇ ਤਰ ਨੀ ਨ ਭੋਗੇ ਰਸਕ ਹੈ। ਹਤ ਦਰਬ ਸਰਬ ਨਿਮੇਖਮਹਿੰ ਪੁਨ ਪਲਕ ਮੌਂ ਹੁਇ ਧਨ ਸਬੀ। ਦੂਰ ਬ੍ਰਿਧਤਾ ਕਰ ਅੰਗ ਖੀਨ ਵਲੀਨ ਕ ਰ ਸਬ ਛਬਦਬੀ ॥ ੩੭ ॥**

ਟੀਕਾ—ਨਟੂਏ ਕੀ ਨਿਆਈਂ ਪੁਰਸ਼ ਕਾ ਸਰੀਰ ਬਹੁਤ ਸ੍ਵਾਂਗਨ ਕੋ ਧਾਰਨ ਕਰੇ ਹੈ ਕੋਈ ਪਲ ਮਾਤ੍ਰ ਤੋ ਬਾਲਕਸਰੂਪ ਦਿਸੇ ਹੈ ਕੋ ਈ ਪਲ ਤ੍ਰ ਸਿਸਨ ਰੂਪ ਦਿਸੇ ਹੈ॥ ਪੁਨਾ ਖਿਨ ਕਾਲ ਮੇਂ ਯੁਵਾ ਅਵਸਥਾ ਕੋ ਧਾਰਨ ਕਰੇਹੈ ਅਰ ਪੁਰਸ਼ ਆਪਕੋ ਜੁਆਨ ਜਾਣਕਰ ਇਸਤ੍ਰੀਆਂ ਕੇ ਭੋਗਨ ਮੇਂ ਰਸੀਆ ਹੋ ਕਰ ਪਰਵਿਰਤੇ ਹੈ ਅਰ ਬਹੁ ਭੋਗ ਭੋਗੇ ਹੈ ਪੁਨਾ ਸਰੀਰ ਕੇ ਪ੍ਰਾਰਬਧ ਭੋਗਤੇਂ ਕਿਸੀ ਕਾਲ ਮੇਂ ਸਰਬ ਧਨ ਨਾਸ਼ ਹੋ ਜਾਵੇ ਹੈ ਅਰ ਸਰੀਰ ਕੇ ਭੋਗ ਕਰ ਪੁਨਾ ਏਕ ਖਿਨ ਕਾਲਮੇਂ ਸਰਬ ਧਨ ਨਾਸ਼ਹੋ ਜਾਵੇ ਹੈ ਅਰਪੁਰਸ਼ ਆਪਕੋ ਕੰਗਾਲ ਤਥਾ ਸ਼ਾਹੂਕਾਰ ਮਾਨੇ ਹੈ ਅਰ ਪੁਨਾ ਬ੍ਰਿਧ ਅਵਸਥਾ ਕਰ ਸਰੀਰ ਕੀ ਦੁਰਦਿਸ਼ਾ ਹੋਵੇ ਹੈ ਅੰਗ ਸਿਥਲ ਹੋ ਜਾਵੇਂ ਹੈਂ ਆਪਨ ਬਲ ਕੋ ਤਿਆਗ ਕਰ ਅਰ ਝੁਰੜੀਆਂ ਕਰ ਮੁਖਕੀ ਸ਼ੋਭਾ ਨਾਸ਼ ਹੋਵੇ ਹੈ ਤੌ ਪੁਰਸ਼ ਅਪਨਾ ਸਰੂਪ ਹੀ ਬਦਲਿਆ ਜਾਣੇ ਹੈ ॥੩੭॥

**ਪਸਚਾਤ ਗਾਤਕੇ ਪਾਤਮੈ ਉਤਪਾਤ ਬਾਤ**

Sri Satguru Jagjit Singh Ji eLibrary NamdhariElibrary@gmail.com

ਹ੍ਰਿਦੈ ਪਿਖੇ। ਯਮ ਰਾਜਧਾਨੀ ਭੂਭਯਾਨੀ ਪਤਤ
ਪ੍ਰਾਨੀ ਤਹਿ ਬਿਖੇ॥ ਪ੍ਰਾਚੀਨ ਕਰਮ ਮਲੀਨ ਕੇ
ਫਲ ਦੀਨ ਹ੍ਵੈ ਭੁਗਵੇਤ ਹੀਂ॥ ਅਸ ਨਰਕ ਕੇ
ਦੂਖ ਨਿਕਰਤੇ ਨਰ ਨਿਕਰ ਸਾਕੇ ਕਤ ਨਹੀਂ।੩੮

ਟੀਕਾ—ਬ੍ਰਿਧ ਅਵਸਥਾ ਸੇ ਪਾਛ ਸਰੀਰ ਕੇ ਨਾਸ਼ ਹੋਇਆਂ ਅਨੇਕ ਪਰਕਾਰ ਕ ਦੁਖ ਰੂਪ ਉਪਦ੍ਰੋਂ ਕੋ ਦਖੇ ਹੈਂ ॥ ਧਰਮ ਰਾਜਾ ਕੀ ਰਾਜਧਾਨੀ ਕੀ ਜੋ ਭੈ ਦੇਨੇਵਾਲੀ ਧਰਤੀ ਹੈ ਤਿਸ ਵਿਖੇ ਜਾਕਰ ਪੜਤਾ ਹੈ ਅਰ ਜੋ ਇਸ ਜਗਾਂ ਕਰਮ ਕਰ ਗਿਆ ਸੀ ਨਖਿਧ ਆਪਕੋ ਦੇਹ ਮਾਨਕੇ ਤਿਨਕੇ ਫਲਦੁਖੀ ਹੋਕਰ ਭੋਗਤਾ ਭਯਾ ਤਿਸ ਜਾਗਾਂ ਨਰਕਾਂ ਮੇਂ ॥ ਐਸਾ ਜੋ ਕਰੜਾ ਨਰਕਾਂ ਕਾ ਦੁਖ ਹੈ ਤਿਸਸੇ ਕਿਸੇ ਉਪਾਵ ਕਰ ਪੁਰਸ਼ ਨਿਕਲ ਨਹੀਂ ਸਕਤਾ ਭੋਗੇ ਬਿਨਾ॥ ੩੮॥

ਕਹੂੰ ਪੁੰਨ ਪ੍ਰਤਾਪੁ ਤੇ ਤਿਸ ਤਾਪ ਤੇ ਨਿਕਸੇ
ਜਬੀ॥ ਧਰ ਬਿਬਧ ਵੇਖ ਨ ਮੁਗਧ ਵੇਖਹਿ
ਨਿਜ ਸਰੂਪਹਿ ਹਠ ਕਬੀ॥ ਵਿਖਵਤ ਵਿਖ
ਮ ਰਸ ਵਿਖਜੌਂ ਕੇ ਜਨ ਤਿਹ ਵਿਖੇ ਮਨ ਲਾ-
ਇ ਹੈਂ॥ ਇਤ ਹੇਤ ਨਰ ਦੁਖ ਕੇ ਤਪਾਇ ਨ
ਪਾਇ ਹਰਿ ਕੇ ਧਜਾਇ ਹੈਂ॥ ੩੯॥

Sri Satguru Jagjit Singh Ji eLibrary NamdhariElibrary@gmail.com

ਟੀਕਾ—ਕਿਸੇ ਪੁੰਨ ਕੇ ਬਲਕਰ ਤਿਸ ਨਰਕ ਦੁਖ ਸੇ ਨਿ-ਕਸਤਾ ਹੈ ਜਬ ਤਬ ਫਰ ਨਾਨਾ ਪ੍ਰਕਾਰ ਕੇ ਬਾਲ ਬ੍ਰਿਧਾਦਿ ਸਰੂਪਨ ਕੋ ਧਾਰਨ ਕਰੇ ਹੈ ਸਰੀਰ ਅਰ ..ੀਵ ਅਪਨੇ ਮੈ ਮੰਨੇ ਹੈ ਤਿਨ ਸਰੀਰ ਕੇ ਸਰੂਪਨ ਕੋ ਅਰ ਸਰੀਰ ਕੇ ਬਾਲਾ-ਦਿ ਸਰੂਪੋਂ ਕੀ ਤਰਫੋਂ ਹਟਕਰ ਮੂਰਖ ਅਪਨੇ ਆਤਮ ਸਰੂਪ ਕੋ ਕਬੀ ਨਹੀਂ ਦੇਖਤਾ ॥ ਵਿਹੁ ਕੀ ਨਿਆਈਂ ਕਉੜੇ ਦੁਖਦਾਈ ਜੋ ਵਿਸ਼ਿਆਂ ਕੇ ਰਸ ਹੈਂ ਪੁਨਾ ਤਿਨ ਵਿਖੇ ਮਨਕੋ ਲਾਨਾ ਕਰੇ ਹੈ ਇਸਕਾਰਨ ਕਰਪੁਰਸ਼ ਸਦਾ ਹੀ ਨਰਕਾਦਿ ਦੁਖੋਂਕਰ ਦੁਖੀ ਰਹੇ ਹੈ ਅਰ ਪਰਮੇਸ਼੍ਵਰ ਕੇ ਚਰਨਾਕੋਨਹੀਂ ਧਿਆਵੇ ਹੈ ॥ ੩੯ ॥

**ਦੋਹ॥ ਤਜੇ ਨ ਨਟੁ ਨਟਭਾਵ ਨਿਜ ਭਜੇ ਅਨੇਕ ਸਰੂਪ ॥ ਨਟ ਤੇ ਨਰ ਸਠ ਤਜਿ ਸੁਬਪੁ ਭਜੇ ਬਿਬਧ ਨਿਜ ਰੂਪ ॥ ੪੦ ॥**

ਟੀਕਾ—ਨਟੂਆ ਅਨਕ ਪਰਕਾਰ ਕੇ ਬ੍ਰਾਹਮਣ ਚੰਡਾਲਾਦਿ ਇਸਤ੍ਰੀ ਕ ਸਰੂਪਨ ਕੋ ਧਾਰਨ ਕਰੇ ਹੈ॥ ਪਰੰਤੂ ਆਪਨੇ ਨਟ ਸਰੂਪਕੋ ਅਪਨੇ ਮਨ ਸੇ ਤਿਆਗੇ ਨਹੀਂ ਹੈ॥ ਇਸਤ੍ਰੀ ਰਾਜਾ ਚੰਡਾਲਾਦਿ ਸ੍ਵਾਗਨ ਕੋ ਧਾਰ ਕਰ ਭੀ ਆਪਕੋ ਨਟੂਆਂ ਹੀ ਜਾਨੇ ਹੈ॥ ਰਾਜਾ ਆਦਿ ਨਹੀਂ ਮਾਨੇ ਹੈ ਇਸਮੰਗਤੇਨੀਚ ਜ ਤੀ ਨਟੂਏ ਸੇ ਭੀ ਏਹ ਪੁਰਸ਼ ਮੂਰਖ ਹੈਂ ਯਦਪਿ ਬ੍ਰਹਮਣ ਖਤ੍ਰੀ ਆਦਿ ਕੇ ਸਰੀਰ ਮੇਂ ਭੀ ਹੈਂ॥ ਆਪਨੇ ਸਤਚਿੱਤਆਨੰਦ

Sri Satguru Jagjit Singh Ji eLibrary NamdhariElibrary@gmail.com

ਅਕ੍ਰੈ ਸ੍ਵਰੂਪ ਕੋ ਤਿਆਗਕਰ ਬਾਲਾਦਿ ਨਾਨਾ ਸ੍ਵਰੂਪ ਅਪਨੇ ਮਾਨੇ ਹੈ ਯਾਤੇ ਮੂਰਖ ਹੈਂ ਤਾਂਤੇ ਹੇ ਪੁਰਸ਼ ਏਸਅਪਨੀ ਮੂਰਖਤਾ ਕੋ ਤਜਾਗਕਰ ਅਪਨੇ ਵਾਸਤਵ ਸ੍ਵਰੂਪ ਕੋ ਦੇਖ ਨਵ੍ਹਏਕੀ ਨਜਾਈਂ ਇਸ ਬਾਤਕੋ ਦ੍ਰਿਸ਼ਟਾਂਤਸੇ ਉਪਦੇਸ਼ਜੋ੪੦ ॥ ਜੋ ਪੁਰਖ ਧਨ ਕੋ ਪਾਇਕਰ ਹੋਰਨ ਕਾ ਨਿਆਦਰ ਕਰੇ ਹੈਂ ਵਾ ਸ਼ਰੀਰਾਦਿ ਸੰਸਾਰ ਕੋ ਸੱਤ ਮਾਨੇ ਹੈਂ ਤਿਨਕੋ ਦੁਖ ਕੀ ਪ੍ਰਾਪਤੀ ਆਗੇ ਦਸੇ ਹੈਂ ॥ਯਥਾ॥

**ਤੋਟਕ ਛੰਦ ॥ ਬਹੁ ਤੁੰਗ ਅਗਾਰ ਕੁਮਾਰ ਮਹਾਂ ॥ ਨਵਚਾਰ ਪਤਿਬ੍ਰਤ ਨਾਰ ਤਹਾਂ ॥ ਪੁਰ ਹੂਤ ਸਮਾਨ ਵਿਭੂਤ ਘਨੀ॥ ਨ ਪ੍ਰਮਾਨ ਕਹੂੰ ਕਰ ਜਾਤ ਗਨੀ ॥ ੪੧ ॥**

ਟੀਕਾ—ਬੜੇ ਉਚੇ ਮੰਦਰ ਹੈਂ ਅਰ ਬੜੇ ਸੁੰਦਰਆਗਿਆ ਕਾਰੀ ਪੁਤ੍ਰ ਹੈਂ ਅਰ ਤਿਨਕੇ ਮੰਦਰੋਂ ਮੇਂ ਯੁਵਾ ਅਵਸਥਾ ਕੀਆਂ ਸੁੰਦਰ ਇਸਤ੍ਰੀਆਂ ਹੈਂ ਪਤਿਬ੍ਰਤਾ । ਭਾਵ ਏਹ ਇੰਦ੍ਰ ਕੇ ਸਮਾਨ ਧਨਾਦਿ ਵਿਭੂਤੀ ਹੈ ਜੋ ਕਿਸੇ ਪੁਰਸ਼ ਕਰਕੇ ਗਿਣੀ ਭੀ ਨਹੀਂ ਜਾਤੀ ॥ ੪੧ ॥

**ਜੁਮਹਾਂਜਨ ਮਾਹਿ ਮਹਾਂਜਨ ਹੈਂ॥ ਤਿਨਕੇਮਨ ਬਾਂਛਤਜੇ ਧਨ ਹੈਂ॥ ਵਰਤੇਮਮ ਅਗ੍ਰ ਸਮਗ੍ਰ ਵਹੇ॥ ਕਵ ਮੋ ਅਬ ਮੋ ਸਮ ਕੌਨ ਅਹੇ॥੪੨॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਜੋ ਸੇਠਾਂ ਵਿਚੋਂ ਭੀ ਬੜੇ ਸੇਠ ਹੈਂ ਕ੍ਰੋੜਾਂਪਤੀ ਜਿਤਨਾ ਧਨ ਮਨੋ ਇੱਛਾ ਅਨੁਸਾਰ ਤਿਨਕੇ ਪਾਸ ਹੈ ਸੋ ਸਾਰਾਧਨ ਮੇਰੀ ਆਗਿਆ ਮੇਂ ਵਰਤੇ ਹੈ ਭਾਵ ਸੋ ਸਾਰਾ ਧਨ ਮੇਰੇਪਾਸ ਹੈ ਸੰਸਾਰ ਮੇਂ ਅਬ ਮੇਰੇ ਸਾਮਾਨ ਕੌਨ ਹੈ ਐਸੇ ਆਪਕੋ ਬੜਾਜਾਨ ਹੋਰਨ ਕਾ ਨਿਆਦਰ ਕਰੇ ਹੈ ॥ ੪੨ ॥

**ਜੜ ਜੰਤੁ ਇਵੇਂ ਜੜਤਾ ਕਰਕੇ ॥ ਗਰਬੈ ਅਤਿਸੈਮਤਿਕੋ ਹਰਕੇ ॥ ਸਬ ਵਿਸੁਅਨੀਸ਼੍ਵਰ ਮਾਨ ਰਤੇ ॥ ਪਰਤੇ ਭਵ ਕ੍ਰਿਸ਼ਨ ਗ੍ਰਹੇ ਨਰੁ ਤੇ ॥ ੪੩ ॥**

ਟੀਕਾ—ਮੂਰਖ ਪੁਰਸ਼ ਇਸ ਪੂਰਬੋਕਤ ਪਰਕਾਰ ਮੂਰਖਤਾ ਕਰਕੇ ਸ੍ਰੇਸ਼ਟ ਬੁਧੀ ਕੋ ਤਿਆਗ ਕਰ ਬੜਾ ਹੰਕਾਰ ਕਰੇ ਹੈ ਸਰੀਰਾਦਿ ਧਨਕੋ ਸਤ ਮਾਨਕਰ ਅਰ ਭਰਥਜੀ ਕਹੇ ਹੈਂ ਸਰੀਰਾਦਿ ਸੰਪੂਰਨ ਸੰਸਾਰ ਕੋ ਸਤ ਜਾਨਕਰ ਜੋ ਇਸ ਮੇਂ ਪ੍ਰੀਤ ਕਰਤੇ ਹੈਂ। ਸੋ ਪੁਰਸ਼ ਜਨਮ ਮਰਨ ਨਰਕਾਦਿ ਜੇਹਲਖਾਨੇ ਮੇਂ ਪੜਤੇ ਹੈਂ ॥ ੪੩ ॥

**ਮਮਤਾ ਮਯ ਸੰਗਲ ਸੰਗ ਜਰੇ॥ ਬਹੁ ਜੂਨਿ ਧਰੇ ਸੁਖ ਸੂਨ ਚਰੇ ॥ ੪੪ ॥**

ਟੀਕਾ—ਮਮਤਾ ਰੂਪੀ ਸੰਗਲ ਕੇ ਸਾਥ ਕੜੇ ਹੋਏ ਹੈਂ ॥ ਅਰ ਸੁਖ ਥੀ ਰਹਿਤ ਜੋ ਤ੍ਰਿਗਧ ਜੂਨਾਂ ਕਿਰਲੇ ਆਦਿਕਾਂ ਕੀਆਂ

Sri Satguru Jagjit Singh Ji eLibrary NamdhariElibrary@gmail.com

ਹੈਂ ਦੁਖ ਮਈ ਸੋ ਧਾਰ ਕਰ ਵਿਚਰੇ ਹੈਂ॥ ਇਸਪ੍ਰਕਾਰ ਕਾ ਦੁ
ਸਰੀਰਾਦਿਕਾਂ ਕੋ ਸਤ ਮਾਨਕਰ ਔਰਨ ਕਾ ਅਪਮਾਨਕਰਨੇ
ਵਾਲਿਓਂ ਕੋ ਹੋਵੇ ਹੈ ਏਹ ਉਪਦੇਸ਼ਿਓ ਸਰੀਰ ਥੀਂ ਲੈਕਰ
ਸੰਪੂਰਨ ਸੰਸਾਰ ਕੋ ਜਿਨਾਂਨੇ ਨਾਸ਼ ਰੂਪ ਜਾਨ ਤਿਆਗਿਆ
ਤਿਨਕੀ ਉਸਤਤੀ ਵਿਆਜ ਤੇ ਤਿਨਕਾ ਪ੍ਰਤਾਪ ਦਸੇ
ਤਿਨਕੋ ਹੀ ਸੁਖ ਸ੍ਵਰੂਪ ਈਸ਼੍ਵਰ ਕੀ ਪ੍ਰਾਪਤੀ ਦਸੇ ਹੈਂ॥

**ਜਿਨ ਯਾ ਸਗਰੇ ਭਵ ਕੋ ਮਨ ਮੈਂ॥ ਮ**
**ਖਿਣ ਖੀਨ ਤਜਜੋ ਖਿਨ ਮੈਂ ॥ ੪੪**

ਟੀਕਾ—ਜਿਨਾਂ ਪੁਰਸ਼ਾਂ ਯਾ ਸੰਪੂਰਣ ਸੰਸਾਰ ਕੋ ਖਿਣ
ਨਾਸ਼ ਹੋਤਾ ਜਾਨਕਰ ਅਪਨੇ ਮਨੁ ਸੇ ਇਕ ਖਿਣ ਮੈਂ
ਤਿਆਗ ਕਰਦੀਆ ਹੈ॥ ੪੪॥

**ਬਸਕੇ ਬਨ ਮੈਂ ਸਤ ਚੇਤਨ ਮੈਂ॥ ਤਤ**
**ਭਏ ਜੁ ਇਸੇ ਤਨਮੈਂ ॥ ਸੁਰ ਪਿਤ੍ਰ ਸਭੀ**
**ਨ ਤਾਂਹਿੰ ਜਜੈ ॥ ਤਿਹ ਨਾਮ ਭਜੇ ਅ**
**ਓਘ ਭਜੈ॥ ੪੫॥**

ਟੀਕਾ—ਸੰਸਾਰ ਕੋ ਤਿਆਗਕਰ ਸੱਤ ਚਿੱਤ ਰੂਪੀ ਬਨਮੈਂ
ਬਸਕਰ ਸੋ ਸੱਤ ਚਿੱਤ ਸਰੂਪ ਹੀ ਹੋਗਏ ਹੈਂ ਜੋ ਇਸ ਮਨੁਖ
ਸਰੀਰ ਕਰ ਤਿਨਾਂ ਪੁਰਸ਼ਾਂ ਨੇ ਸੰਪੂਰਨ ਦੇਵਤਾਤਥਾਸੰਪੂਰਨ
ਪਿਤਰ ਭੀ ਪੂਜ ਲਏ ਹੈਂ ਭਾਵ ਏਹ ਤਿਨਕੇ ਸਿਰਪਰ ਕੋਈ


Sri Satguru Jagjit Singh Ji eLibrary NamdhariElibrary@gmail.com

ੰਡ ਰਹਿਆ ਨਹੀਂ ਹੈ ਤਿਨ ਪੁਰਸ਼ਾਂ ਕਾ ਨਾਮ ਲੈਨੇਕਰ ਤਥਾ ਦਰਸ਼ਨ ਕਰਨੇਕਰ ਸੰਪੂਰਨ ਪਾਪ ਨਾਸ਼ ਹੋਜਾਤੇ ਹੈਂ ਐਸੇ. ਤਿਨਕਾ ਪ੍ਰਤਾਪ ਹੈ ॥ ਜਿਸ ਸੱਤ ਚਿੱਤ ਆਨੰਦ ਭਾਵ ਕੋ ਪ੍ਰਾਪਤ ਹੋਨੇ ਕਰ ਪਿਤਰਾਂ ਕਾ ਉਧਾਰ ਹੋਵੇ ਹੈ ਅਰ ਸੰਪੂਰਨ ...ਾ ਭੀ ਪ੍ਰਸੰਨ ਹੋਵੇ ਹੈਂ॥ਤਿਸ ਸਤ ਚਿਤ ਭਾਵ ਕੋਪ੍ਰਾਪਤਿ ...ਹੋਇ ਪੁਰਸ਼ ਕੋ ਏਹ ਉਪਦੇਸ਼ਿਓ ॥ ੪੫ ॥

**...॥ ਦੇਤ ਡੰਡ ਬਹੁਡੰਡਧਰ ਜੇ ਗਰਬਤ ਧ...ਾਇ ॥ ਜੇ ਸੁਤਾ ਵਿਪ੍ਰੀਤ ਕੇ ਸ੍ਵੈਕੁਟੰਬ ...ਪਾਇ ॥ ੪੬ ॥**

—ਜੋ ਪੁਰਸ਼ ਧਨਾਦਿ ਗੁਣੋਂ ਕੋ ਪਾਕਰ ਅਹਿੰਕਾਰ ਕਰ ...ਕਾ ਨਿਆਦਰ ਕਰੇ ਹੈਂ ਤਿਨਾ ਪੁਰਸ਼ਾਂਕੇਤਾਂਈ ਧਰਮ ...ਾ ਬਹੁਤ ਸਜ਼ਾ ਨਰਕੋਂ ਕੀ ਦੇਵੇ ਹੈ।ਅਰਜੋ ਨਿਰਅਹੰਕਾ ...ੂਏ ਹੈਂ ਸੰਸਾਰਾਦਿ ਪਦਾਰਥਾਂ ਕੋ ਨਾਸੀ ਜਾਨ ਕਰ ਆਤ ਮ ਚਿੰਤਨ ਮੇਂ ਲਗੇ ਹੈਂ ਤਿਨਾਂ ਕੋ ਉਲਟਾ ਪੂਜਤਾ ਹੈ ਅਰ ...ਹਤ ਅਪਨੇ ਪਰਵਾਰ ਕੇ ਤਿਨਕੀ ਚਰਨੀ ਲਗਤਾਹੈ ਯਥਾ ...ਰਸਿੰਮ੍ਰਤੀ "ਨਾਨਕ ਧਰਮ ਐਸੇ ਵਚੈ ਕੀਤੋਨੁ ਭਵਨ ਪੁ-...ੀਤ" ਧਰਮਰਾਜਾ ਕਹਿਤਾ ਹੈ ਸ੍ਰੇਸ਼ਟ ਪੁਰਸ਼ੋਂ ਕੋ ਹੇ ਮਹਾਂਰਾ...ਜ ਮੇਰਾ ਘਰ ਆਪਨੇ ਪਵਿੱਤ੍ਰ ਕੀਤਾ ਹੈ ॥ ੪੬ ॥ ਸਰੀਰ ਕੀ ਅਨਿਸਥਿਰਤਾ ਪਰ ਕਮੁਤਕਨਿਯਾਯ ਦਸੇ ਹੈਂ ਯਥਾ :

**ਗੀਆ ਮਾਲਤੀ ਛੰਦ ॥ ਸ੍ਰੀ ਮਤਿ ਕਨਕ**

Sri Satguru Jagjit Singh Ji eLibrary NamdhariElibrary@gmail.com

ਗਿਰ ਦ੍ਰਿਢਜਬੈ ਸੁ ਪ੍ਰਲੈ ਅਗਨਿ ਕਰ ਗਿਰ ਪਰੇ॥ ਮਕਰਾਦਿ ਜੰਤੂ ਅਨੰਤ ਕੇ ਘਰ ਜਲਧ ਸੂਕਹਿੰ ਤਹਿੰ ਕਰੇ॥ ਜਬ ਸ਼ੇਸ਼ਨਾਗ ਸਿਰਾਨ ਕਰਕੇ ਧਰਤਿ ਅਪਿ ਧਰਤੀ ਜਰੇ॥ ਕਰੀ ਕਰਭ ਕੋ ਕਰਣਾਗ੍ਰ ਵਤ ਚਲ ਕਾਯ ਕੀ ਤਬ ਕਜਾਰਰੇ ॥ ੪੭ ॥

ਟੀਕਾ—ਸੋਭਾਇਮਾਨ ਬੜਾ ਸੁੰਦਰ ਜੋ ਸੁਮੇਰ ਪਰਬਤ ਹੈ ਅਡੋਲ ਜਿਸ ਕਾਲ ਮੇਂ ਸੋ ਭੀ ਪ੍ਰਲੈ ਅਗਨੀਕਰ ਦਗਧ ਹੋ ਗਇਆ ਹੈ॥ਅਰ ਮੱਛਾਦਿ ਅਨੇਕ ਜਲ ਜੀਵਾਂ ਕੇ ਰਹਿਨ ਕਾ ਅਸਥਾਨ ਜੋ ਸਮੁਦ੍ਰ ਹੈ ਤਿਸਕੇ ਤਾਂਈ ਭੀ ਪ੍ਰਲੈ ਅਗਨੀ ਨੇ ਸਾੜਦੀਆ॥ ਅਰ ਸ਼ੇਸ਼ਨਾਗ ਨੇ ਅਪਨਿਆਂ ਸਿਰਾਂ ਉਪਰ ਧਾਰਨ ਜੋ ਕਰੀ ਹੋਈ ਹੈ ਧਰਤੀ ਸੰਪੂਰਨ ਜਬ ਏਹ ਭੀ ਸੜ ਨਾਸ਼ ਹੋਇਗੀ ਤੋ ਹਸਤੀ ਕੇ ਬਚੇ ਕਾ ਜੋ ਸੁੰਡ ਹੈ ਤਿਸਕੇ ਆਗੇ ਕੀ ਜੋ ਪੁਰੰਬਲ ਹੈ ਸੋ ਬੜੀ ਚੰਚਲ ਹੋਤੀ ਹੈ ਇਕ ਖਿਨ ਭੀ ਸਥਿਤ ਨਹੀਂ ਰਹਿਤੀ ਤਿਸਕੀ ਨਿਆਈ ਜੋ ਚੰਚਲ ਸਰੀਰ ਹੈ ਤਿਸਕਾ ਤਬ ਕਿਆ ਕਥਨ ਕਰੀ ਹੈ ਭਾਵ ਯਹ ਅਤਿ ਨਾਸ ਵੰਤ ਪਦਾਰਥ ਹੈਂ ਸਰੀਰਾਦਿ ਇਨਕੋ ਮਤ ਸਤਿ ਮਾਨੋ ਯਹ ਉਪਦੇਸ਼ਿਓ ॥ ੪੭ ॥

ਦੋਹਰਾ॥ ਹੇ ਮਾਂਦ੍ਰੀ ਬਾਰਿਧ ਧਰਾ ਰਵਿਬਿ-

Sri Satguru Jagjit Singh Ji eLibrary NamdhariElibrary@gmail.com

ਧੁ ਬਿਧਨਾ ਤਾਹਿੰ। ਕਰੇ ਅੰਤਅੰਤਕ ਸਕਲ ਅਹੰ ਜੰਤ ਕਿਨ ਮਾਹਿੰ ॥ ੪੮ ॥

ਟੀਕਾ—ਤਿਸ ਪ੍ਰਲੈਕਾਲ ਮੇਂ ਹਿਮਾਂਚਲ ਪਰਬਤ ਅਰ ਬਦਲੋਂ ਕੀ ਜੋ ਛਿੰਨਵੇ ਕ੍ਰੋੜ ਮੇਘਮਾਲਾ ਹੈ ਤਥਾ ਧਰਤੀ ਤਥਾ ਸੂਰਜ ਤਾਰੇ ਚੰਦ ਬ੍ਰਹਮਾ ਵਿਸ਼ਨੁ ਸ਼ਿਵਾਦਿ ਦੇਵਤਾ ਸਰਬ ਕੋ ਨਾਸ਼ ਕਰੇਹੈ ਕਾਲਭਗਵਾਨ ਤੌ ਹਮ ਜੀਵ ਤੁਛ ਆਯੂ ਵਾਲੇ ਕਿੰਨ ਕੀ ਗਿਨਤੀ ਮੇਂ ਹੈਂ ਐਸੇ ਹੀ ਗੁਰੂ ਸਿਮ੍ਰਤੀ ਕਹਿਤੀ ਹੈ "ਹਮ ਆਦਮੀ ਹਾਂ ਇਕਦਮੀ ਮੁਹਲਤ ਮੁਹਤਿ ਨ ਜਾਣ" ਹਮ ਏਕ ਦਮ ਕੇ ਆਦਮੀ ਹੈਂ ਜੀਵਣੇ ਕੀ ਪਰਯਾਦ ਅਧੀਘੜੀ ਭੀ ਨਹੀਂ ਜਾਣ ਸਕਤੇ॥ ਤੁਮ ਕੈਸੇ ਬਾਰੇ ਬੰਨਤੇ ਹੋ ਹੇ ਪੁਰਸ਼ੋ ॥ ੪੮ ॥ ਆਯੂ ਕਾ ਲੇਖਾ ਦਸੇ ਹੈਂ ॥

ਕਬਿੱਤ ॥ ਸ਼ੁਭਸਤ ਸੰਵਤਨ ਰਾਨਕੀ ਪ੍ਰਮਾ-ਨ ਆਯੂ ਤਾਸ ਆਧ ਭਾਗ ਨਾਸ ਹੋਇ ਰੈਨ ਸੋਇ ਹੈਂ ॥ ਬਾਲ ਬ੍ਰਿਧ ਮਾਂਹਿ ਤਾਂਹਿ ਆਧੋ ਭਾਗ ਬਾਧੋ ਆਹਿੰ ਜਾਡਤਾ ਆਸਕ ਤਾਕੀ ਖਾਣਵੈਸੁ ਦੋਇ ਹੈਂ ॥ ਸ਼ੇਸ਼ ਕੀ ਅਵਧਿ ਜੋਊ ਆਧ ਬਿਆਧਿ ਸੰਗ ਸੋਊ ਭ੍ਰਮਨੋਂ ਵਿਦੇਸ ਹੋਊ ਸੇਵਕਾਦਿ ਖੋਇ ਹੈਂ ॥ ਜੀਵਨ ਕੀ ਆਯੂ ਮਾਂ

Sri Satguru Jagjit Singh Ji eLibrary NamdhariElibrary@gmail.com

ਹਿ ਸੁਖ ਕੋ ਤੋ ਨਾਉਂ ਨਾਂਹਿ ਤੋ ਇਕੇ ਤੁਰੰਗ ਕੇ ਸਮਾਨ ਭੰਗ ਹੋਇ ਹੈਂ ॥ ੪੯ ॥

ਟੀਕਾ—ਪੁਰਸ਼ਨ ਕੀ ਸਉ ਬਰਸ ਪ੍ਰਮਾਣ ਸਭ ਸ੍ਰਿਸ਼ਟ ਆਯੂ ਹੈ॥ ਤਿਸ ਵਿਚੋਂ ਅਧੀ ਆਰਬਲਾ ਰਾਤ੍ਰੀ ਕੇ ਸਉਣੇ ਮੇਂ ਬੀਤੀ। ਬਾਕੀ ਰਹੀ ਪਚਾਸ ਬਰਸ ਤਿਸ ਵਿਚੋਂ ਅੱਧੀ ਬਾਲਕ ਅਰ ਬ੍ਰਿਧਤਾ ਵਿੱਚ ਗਈ। ਬਾਰਾਂ ਬਰਸ ਤਕ ਬਾਲਕ ਹੋਤਾ ਹੈ ਕੁਛ ਖਾਣੇ ਪੀਣੇ ਕੀ ਸੁਤੰਤਰ ਸਮਝ ਨਹੀਂ ਹੋਤੀ ਅਰ ਮਾਤਾ ਪਿਤਾ ਕੇ ਅਧੀਨ ਹੋਤਾ ਹੈ ਇਸ ਤੇ ਹੀ ਬਾਰਾਂ ਬਰਸ ਕੀ ਆਯੂ ਤਕ ਜੋ ਮੰਦ ਕਰਮ ਬਾਲਕ ਸੇ ਹੋਵੇਂ ਤਿਸ ਕੇ ਭਾਗੀ ਬਾਲਕ ਕੇ ਮਾਤਾ ਪਿਤਾ ਕਹੇ ਹੈਂ। ਮਾਤਾ ਪਿਤਾ ਕਾ ਧਰਮ ਹੈ ਸ਼ੁਭ ਸਿੱਖਯਾ ਦੇਕਰ ਮੰਦ ਕਰਮ ਨਹੀਂ ਕਰਨੇ ਦੇਵੇਂ ਬਾਲਕ ਕੋ। ਅਰ ਬਾਰਾਂ ਬਰਸ ਬ੍ਰਿਧਤਾ ਮੈਂ ਬੀਤੇ ਛਿਆਸੀ ਬਰਸ ਕੀ ਆਯੂ ਸੇ ਪੀਛੇ ਅਸ਼ਕਤ ਹੋ ਕਰ ਕੁਛ ਕਰ ਸਕੇ ਨਹੀਂ ਹੈ ਅਰ ਪਰਾਧੀਨ ਹੋਵੇ ਹੈ ਬੁਧੀ ਭੀ ਬਾਲਕਵਤ ਹੋਵੇ ਹੈ। ਮੂਰਖਤਾ ਅਰ ਦੁਬਲਤਾ ਕੀ ਖਾਨ ਹੈ ਦੋਨੋਂ ਅਵਸਥਾ। ਬਾਕੀ ਕੀ ਜੋ ਪੱਚੀ ਬਰਸ ਉਮਰ ਹੈ ਤਿਸ ਕੇ ਸਾਥ ਤਾਪਾਦਿ ਅਨੇਕ ਰੋਗ ਭੀ ਹੈਂ ਕੁਛ ਤੋ ਰੋਗਾਂ ਮੈ ਬੀਤੀ ਕੁਛ ਪਰਦੇਸ ਭਵਨੇ ਮੈ ਨਾਸ ਹੋਈ ਕੁਛ ਬਿਗਾਨੀ ਸੇਵਾ ਯਾਚਨਾ ਮੇਂ ਬੀਤੀ॥ ਸੁਖ ਕਿਸ ਵੇਲੇ॥ ਜੀਵਾਂ ਕੀ ਆਯੂ ਮੈ ਸੁਖ ਕਾ ਨਾਮ ਮਾਤ੍ਰ ਵੀ ਨਜ਼ਰ ਨਹੀਂ ਆਵਤਾ ਵਿਚਾਰ ਸੇ। ਅਰ ਜਲ ਕੇ ਬੁਲਬੁਲੇ ਵਤ ਨਾਸ ਹੋ ਰਹੀ ਹੈ। ਏਹ ਸਉ ਬਰਸ

Sri Satguru Jagjit Singh Ji eLibrary NamdhariElibrary@gmail.com

ਕੀਉਮਰਕਾਲੇਖਾਹੈ ਇਸਥੀਂ ਕਮਤੀਕਾ ਆਪਸਮਝਲੇਵਣਾ ੪੯॥ਕਾਮੁਤਿਕਨਜਾਯਕਰਕਾਮਦੇਵਕੇਬਲਕੋਦਸੇਹੈਂ ਭਰਥ ਜੀ ਏਠੇ ਦੇਖਤੇ ਭਏ ਜੋ ਬੜਾ ਬਿਕਰਾਲ ਕੂਕਰ ਕੂਕਰੀ ਕੇ ਸੰਗ ਕੋ ਚਾਹਤਾ ਹੈ ਅਰ ਤਿਸਕੋ ਭੀ ਕਾਮ ਦੁਖ ਦੇ ਰਹਿਆ ਹੈ ॥

**ਭੁਜੰਗ ਪ੍ਰਯਾਤ ਛੰਦ ॥ ਹਹਾ ਮੀਚਕੋ ਨੀਚ ਮਾਰੇ ਅਨੰਗਾ॥ ਇਦੰ ਸ੍ਵਾਨ ਸ੍ਵਾਨੀ ਕੋ ਚਾਹੇ ਅਲਿੰਗਾ ॥ ਕ੍ਰਿਸਾ ਪਿੰਗ ਕਾਣਾ ਕਟੀ ਪੂਛ ਬੁੱਚਾ। ਸ੍ਰਵੇ ਪੂੰ ਬਰਣੀ ਤੇ ਭਿਗੀ ਸਰਬ ਤੁੱਚਾ ॥ ੫੦ ॥**

ਟੀਕਾ—ਹਾ ਬੜਾ ਅਫ਼ਸੋਸ ਹੈ ਮੂਇਹੂੰ ਕੋ ਭੀ ਨੀਚ ਕਾਮ ਦੇਵ ਦੁਖ ਦੇ ਰਹਿਆ ਹੈ॥ ਏਸ ਕੁੱਤੀ ਕਾ ਏਹ ਕੂਕਰ ਸੰਗ ਕਰਿਆ ਚਾਹਤਾ ਹੈ। ਅਰ ਆਪ ਬੜਾ ਲਿੱਸਾ ਅਰ ਲੂਲ੍ਹਾਂ ਤਥਾ ਕਾਣਾ ਹੈ ਪੂਛਲ ਕਟੀ ਹੋਈ ਬੁੱਚਾ ਹੈ। ਅਰ ਪਾਕ ਇਸ ਕੇ ਜ਼ਖ਼ਮ ਵਿੱਚੋਂ ਵਗ ਰਹੀ ਹੈ ਜਿਸ ਕਰ ਇਸ ਕੀ ਉਪਰਲੀ ਖੱਲੜੀ ਭੀ ਭਿੱਜੀ ਹੋਈ ਹੈ ॥ ੫੦ ॥

**ਕ੍ਰਿਮਾ ਸੰਖਕੇ ਸੰਗ ਜੋ ਵਣਾ ਬ੍ਰਿਤਾਂਗਾ ॥ ਕਟੇ ਕੀਟ ਔ ਮੱਖਕਾ ਪੁੰਜ ਕਾਂਗਾ ॥ ਤ੍ਰਿਖਾ ਭੁੱਖ ਸੋਂ ਬਿਆਕੁਲਾ ਜੀਰੁਣਾਂਗਾ ॥ ਗਰੇਬੀਚ ਪੇਟਾਰ ਕੋ ਪਰੇ ਘਾਂਗਾ ॥ ੫੧ ॥**

Sri Satguru Jagjit Singh Ji eLibrary NamdhariElibrary@gmail.com

ਟੀਕਾ—ਪੁਨਾ ਸੰਪੂਰਨ ਅੰਗ ਇਸਕੇ ਅਨੰਤ ਕੀੜਿਯੋਂ ਕੇ ਸੰਗ ਸੋ ਭਰ ਰਹੇ ਹੈਂ। ਕੀੜੇ ਅਰ ਮੱਖੀਆਂ ਕਊਏ ਏਹ ਸਮੂਹ ਇਸਕੋ ਕਾਟ ਰਹੇ ਹੈਂ। ਤ੍ਰਿਖਾ ਅਰ ਭੁੱਖ ਕਰ ਬਿਆ-ਕਲ ਹੈ ਅਰ ਬ੍ਰਿਧ ਹੈ॥ ਪੁਨਾ ਗਲਕੇ ਬੀਚ ਛੋਟੀ ਸੀ ਪੱਛੀ ਕੇ ਤਲੇਕਾ ਘਾਗਾ ਪਿਆ ਹੈ ਬਹੁਤ ਹੀ ਮੰਦ ਦਿਸ਼ਾ ਵਾਲਾ ਬਿਕਰਾਲ ਹੈ॥ ੫੧॥

**ਇਸੇ ਸ੍ਵਾਨ ਤੇ ਭੀ ਨਹੀਂ ਕਾਮ ਬਾਰੇ॥ ਧਨੀ ਸ੍ਵਾਨ ਕੇ ਚਿੱਤ ਮੌਂ ਕਿੰਨ ਰਾਚੇ॥ ਡਰੇ ਏਕ ਕਾ ਮਾਰਿਤੇ ਮੈਂ ਨ ਸੂਰਾ॥ ਜਟੀ ਦਾਸਕੇ ਪਾਸਤੇ ਭੀ ਪ੍ਰਦੂਰਾ॥ ੫੨॥**

ਟੀਕਾ—ਐਸੇ ਅਸਮਰਥ ਕੂਕਰ ਪਾਸੋਂ ਭੀ ਕਾਮਸੇ ਨਹੀਂ ਬਚਿਆ ਜਾਤਾ ਤੋ ਇਸਕੋ ਭੀ ਕੂਕਰੀ ਕੇ ਸੰਗਕੀ ਇੱਛਾ ਹੋ ਰਹੀ ਹੈ॥ ਤੌ ਧਨਵਾਨ ਜੋ ਪੁਰਸ਼ ਹੈਂ ਤਥਾ ਬਲ ਵਾਲੇ ਹੈਂ ਸੋ ਤਿਨਕੇ ਚਿਤਮੈਂ ਕੈਸੇ ਕਾਮ ਇੱਛਾ ਨਾ ਹੋਵੇ ਕਾਮਦੇਵ ਕਰ ਸ-ਰਬ ਸ੍ਰਿਸ਼ਟੀ ਜਿੱਤੀ ਹੋਈ ਹੈ ਪ੍ਰੰਤੂ ਏਕ ਸ਼ਿਵਾਂ ਪਾਸੋਂ ਕਾਮ ਬਲਵਾਨ ਡਰੇ ਹੈ ਤਥਾ ਤਿਨ ਸ਼ਿਵੋਂ ਕੇ ਜੋ ਸੇਵਕ ਹੈਂ ਤਿਨ ਪਾਸੋਂ ਭੀ ਡਰੇ ਹੈ ਅਰ ਦੂਰ ਰਹਿਤਾ ਹੈ॥ ਨਨੂ॥ ਕਿਸ ਹੇਤੂ ਕਰ ਹਰਿਕੇ ਦਾਸ ਦਸੇ ਭਾਗੇ ਹੈ॥ ਉੱਤਰ॥ ੫੨॥

**ਸੋਰਠਾ॥ ਸ਼ਿਵ ਭ੍ਰਿਤ ਸ਼ਿਵਮੈਂ ਹੇਰ ਮਨ ਮਥਤਾ**

Sri Satguru Jagjit Singh Ji eLibrary NamdhariElibrary@gmail.com

**ਸਨ ਮਨ ਮਥੇ ॥ ਡਰੇ ਦਹੇ ਮਤ ਫੇਰ ਨਾਮ ਅ ਨੰਗ ਅਭਾਵ ਹੁਇ ॥ ੫੩ ॥**

ਟੀਕਾ—ਸ਼ਿਵਕੇ ਦਾਸਕੋ ਸ਼ਿਵ ਰੂਪ ਦੇਖਕਰ ਕਾਮਦੇਵ ਤਿਸਕੇ ਮਨਮੇਂ ਖੋਭ ਕਰੇ ਨਹੀਂ । ਡਰਦਾ ਹੈ ਨਾ ਜਾਣੀਐ ਮਤੇ ਫੇਰ ਸ਼ਿਵਜੀ ਸਾੜ ਦੇਵਨ ਤੋ ਅਨੰਗ ਨਾਮ ਨਾਮਕਾ ਭੀ ਨਾਸ਼ ਹੋਜਾਵੇ ਏਕ ਕਾਲਮੇਂ ਸ਼ਿਵ ਸਮਾਧੀਮੇ ਥੇ ਅਰ ਤਿਨਕੋ ਜਗਾਨੇ ਵਾਸਤੇ ਹੋਰ ਕੋਈ ਦੇਵਤਾ ਸਮਰਥ ਨਾ ਹੂਆ ਤੋ ਸਰਬ ਦੇਵਤਾ ਨੇ ਕਾਮਦੇਵ ਕੋ ਕਹਿਆ ਤੋ ਕਾਮਦੇਵ ਨੇ ਸ਼ਿਵਕੇ ਸਰੀਰ ਮੈ ਆਪਨਾ ਖੋਭ ਕਰ ਤਿਨਕੋ ਜਗਾਇਆ ।ਤੋ ਸ਼ਿਵਾਂ ਨੇ ਕ੍ਰੋਧ ਕਰ ਨਾਸ ਕਰ ਦੀਆ ਪੁਨਾ ਤਿਸਕੀ ਇਸਤ੍ਰੀ ਰਤੀ ਕਾ ਵਿਰਲਾਪ ਦੇਖਕਰ ਸ਼ਿਵਜੀਕੇ ਰਿਦੇਮੈ ਦਯਾ ਆਈ। ਤੋ ਮਸਤਕ ਸੇ ਅੰਗ ਭੰਗ ਜਲ ਰੂਪ ਕਰ ਨਿਕਾਸਾ ਏਸ ਕਰ ਕਾਮ ਕਾ ਨਾਮ ਅੰਨੰਗ ਹੈ। ਭਾਵ ਏਹ ਜੋ ਪੁਰਸ਼ ਕਾਮਸੇ ਬਚਾ ਚਾਹੇ ਸੋ ਪ੍ਰਮੇਸ਼ਰ ਕੀ ਸ਼ਰਨ ਲੇਵੇ ਕਾਮਕੇ ਬਚਨੇ ਸੇ ਨਰਕਾਂ ਸੇ ਬਚੇਗਾਂ ਯੇਹ ਉਪਦੇਸ਼ਿਓ। ਯਦਪੀ ਕਾਮਦੇਵ ਬਲੀ ਹੈ ਪ੍ਰੰਤੂ ਹਰੀ ਭਗਤ ਕੇ ਨਜੀਕ ਜਾਵੇ ਨਹੀਂ ਹੈ ॥ ੫੩ ॥ ਵੈ- ਰਾਗਕੇ ਕਾਰਣ ਕੋ ਦਸੇ ਹੈਂ ॥

**ਬਿਸਾਲ ਛੰਦ ॥ ਦਰਸੈ ਜਨ ਜੋ ਨਿਜ ਮਾਨ ਮਲੀਨ। ਨਿਤ ਖੀਣ ਪਿਖੇ ਧਨ ਲਾਭ ਰ ਤੀਨ ॥ ਅਰਥੀ ਵਿਅਰਥੇ ਫਿਰ ਜਾਤ ਕ-**

www.archive.org/details/namdhari



**ਦੰਬ। ਹਤਬੰਧੁਜਨਾਪਿਖਨਸ਼ਟਕੁਟੰਬ॥੫੪॥**

ਟੀਕਾ—ਜਿਸ ਕਾਲ ਮੈ ਪੁਰਸ਼ ਆਪਨਾ ਮਾਨ ਘਟਿਆ ਦੇਖੇ ਤਥਾ ਧਨ ਕੋ ਨਾਸ ਹੋਤਾ ਦੇਖੇ ਅਰ ਪ੍ਰਾਪਤੀ ਜਰਾ ਮਾਤ੍ਰ ਭੀ ਨਹੀਂ ਹੈ ਧਨ ਕੀ ਵਾ ਰਿਜਕ ਕੀ ਤੰਗੀ ਦੇਖੇ ਜੋ ਮੰਗਤੇ ਸਮੂਹ ਖਾਲੀ ਜਾਤੇ ਹੋਵੇਂ ਦੁਆਰੇ ਸੇ, ਸਰਬੰਧੀ ਭੀ ਆਪਨੇ ਦਰਦੀ ਨਾਸ਼ ਹੋਏ ਹੈਂ ਤਥਾ ਇਸਤ੍ਰੀ ਆਦਿ ਪੁਤ੍ਰ ਭੀ ਨਹੀਂ ਹੈ ॥ ੫੪ ॥

**ਨਿਜ ਨਸ਼ਟ ਜੁਵਾ ਜੋ ਸਨੇਸਨ ਜੋਇ॥ ਇਵ ਭ੍ਰਸ਼ਟ ਸਮਾਜ ਸਭੀ ਜਬ ਹੋਇ। ਬੁਧਿਵਾਨਨ ਕੋ ਨਿਜ ਸ਼੍ਰੇਯ ਨਿਦਾਨ॥ ਯੁਕਤੀਕ ਸੁਖੇਨ ਅਯੰ ਸੁਖ ਖਾਨ ॥ ੫੫ ॥**

ਟੀਕਾ—ਆਪਨੀ ਜੁਬਾ ਅਵਸਥਾ ਭੀ ਸ਼ਨੇ ਸ਼ਨੇ ਨਾਸ ਭਈ ਦੇਖੇ ਇਸ ਪ੍ਰਕਾਰ ਕਰ ਸਭ ਸਮਿਗ੍ਰੀ ਨਸ਼੍ਰ ਭਈ ਦੇਖੇ ਜਬ ਬੁਧੀਵਾਨ ਪੁਰਸ਼ਕੋ ਤਾਂ ਆਪਨੀ ਕਲਜਾਣਕਾ ਕਾਰਨ ਹੈ। ਬਡ਼ੀ ਸੁਖੇਨ ਯੁਗਤੀਹੈ ਏਹ ਸੁਖਾਂ ਕੀ ਪ੍ਰਾਪਤੀ ਕੀ ... ਹੈ। ਭਾਵ ਯਹ ਜਿਸ ਪੁਰਸ਼ ਕੇ ਲਟਾਕੇ ਟੁਟ ਗਏ ... ਨਹੀਂ ਹੈਂ ਤਿਸ ਕੋ ਏਹ ਕਰਣਾ ਚਾਹੀਏ ॥ ...

**ਜਲ਼ ਦੇਵਨਦੀ ਕਰ ਜੋ ਸੁਚ ਅ... ਰਾਜ ਸਿਲਾ ਉਤ ਕੰਦਰ ਮਾਂ...**

Sri Satguru Jagjit Singh Ji eLibrary NamdhariElibrary@gmail.com

**ਬਨ ਕੁੰਜਨ ਮੈਂ ਬੁਧਿਵੰਤ। ਬਸ ਕੇ ਕਤਹੂੰ ਸਿਮਰੇ ਭਗਵੰਤ ॥ ੫੬ ॥**

ਟੀਕਾ—ਗੰਗਾ ਕੇ ਕਨਾਰੇ ਵਾ ਹੋਰ ਜੋ ਪਵਿੱਤ੍ਰ ਅਸਥਾਨ ਹੋਵੇ ਜਲ ਕਾ ਕਨਾਰਾ ਵਾ ਹਿਮਾਚਲ ਕੀ ਸਿਲਾ ਮੈਂ ਵਾ ਹੋਰ ਕਹੀਂ ਪਹਾੜਕੀ ਕੰਦਰਾਮੈਂ ਵਾ ਬਨ ਕੀਆਂ ਗਲੀਆਂ ਮੈਂ ਕਿਸੇ ਅਕੰਤ ਅਸਥਾਨ ਮੇਂ ਵਸਕੇ ਬੁਧੀਵਾਨ ਪੁਰਸ਼ ਭਗਵੰਤ ਕਾ ਸਿਮਰਨ ਕਰੇ ਅਰ ਜਾਣੇ ਮੇਰੇ ਪਰ ਪਰਮੇਸ਼ਰ ਕੀ ਕ੍ਰਿਪਾ ਹੈ ਜੋ ਮੇਰੇ ਬੰਧਨ ਤੁਟੇ ਹੈਂ ॥ ੫੬ ॥

**ਦੋਹਰਾ ॥ ਨਸ਼ਟ ਭਏ ਭਵ ਭੋਗ ਕੋ ਪੁਨ ਨ ਭਜੇ ਜਨ ਸਜਾਨ ॥ ਕਹੂੰ ਵਿਵਕਤ ਸਥਾਨ ਮੈ ਬੈਸਿ ਕਰੇ ਹਰਿ ਧਿਆਨ ॥ ੫੭ ॥**

ਟੀਕਾ—ਜਿਸ ਪੁਰਸ਼ ਕੇ ਸੰਸਾਰ ਕੇ ਪਦਾਰਥ ਸੰਪੂਰਨ ਧਨਾਦਿ ਨਾਸ ਹੋ ਗਏ ਹੈਂ ਫੇਰ ਤਿਨਕੀ ਇੱਛਾ ਸਿਆਣਾ [illegible]ਸ਼ ਨਹੀਂ ਕਰੇ, ਕਹੂੰ ਇਕੰਤ ਸਥਾਨ ਮੇਂ ਬੈਠ ਕਰ ਹਰੀ [illegible]ਮਰਨ ਕਰੇ, ਮਨਮੈਂ ਵਿਚਾਰੇ ਜੋ ਆਜਤਕ ਇਨ ਪਦਾ[illegible] [illegible]ਮੇਰੇ ਕੋ ਸ਼ਾਂਤੀ ਨਹੀਂ ਪ੍ਰਾਪਤਿ ਭਈ ਤੋ ਆਗੇ ਭੀ [illegible] ਅਰ ਨਹੀਂ ਆਵੇਗੀ ॥ ੫੭ ॥ ਈਸ੍ਵਰਕੇ ਉਪਾਸ਼ਕ [illegible]ਨ ॥ [illegible] ਹੇਤ ਸੋ ਦਸੀਹੈਂ ॥ [illegible]ਹੋਏ ਈਸ਼ਰ ਉਪਾਸ਼ਨਾ ਹੇਤ ਸੋ ਦਸੀਹੈਂ ॥

**[illegible]ਬਧ ਪ੍ਰਕਾਰ ਬੇਦ ਅਰਥ ਕੇ**

Sri Satguru Jagjit Singh Ji eLibrary NamdhariElibrary@gmail.com

ਸੰਵੇਦ ਵਾਰੀ ਚੇਤਨਾ ਮੌ ਚੰਚਲਾਈ ਸੋ ਨਿਕਾ ਈ ਹਤ ਹੈ। ਨਾਨਾ ਵਿਧ ਵਾਕਨ ਕੇ ਕੌਤਕ ਮੇਂ ਰਸ ਜੋਊ ਸੋ ਵਿਰਸ ਭਏ ਜਾਹਿੰ ਮਾਹਿੰ ਵਿਲਸਤ ਹੈ ॥ ਭਾਂਤਿ ਭਾਂਤਿ ਸਕਲ ਵਿਕ-ਲਪ ਪ੍ਰਸ਼ਾਂਤਿ ਜਾਮੈ ਰਜੋ ਤਮੋਤੇ ਰਹਤ ਸਤੋਕੇ ਸਹਤ ਹੈ। ਈਸ਼੍ਵਰ ਕੀ ਸੇਵ ਹਿਤ ਐਸੋ ਚਿਤ ਚਾਹੀ ਅਤੁ ਐਸੇ ਚਿਤਹੀ ਮੇਂ ਸਤ ਚਿਤ ਵਿਕਸਤ ਹੈ ॥ ੫੯ ॥

ਟੀਕਾ—ਨਾਨਾ ਪ੍ਰਕਾਰ ਕੇ ਰਹੱਸ ਸਹਤ ਜੋ ਵੇਦਕਾ ਅਰਥ ਹੈ ਤਿਸਕੇ ਜਾਨਨੇਹਾਰੀ ਜੋ ਬੁਧੀ ਕੀ ਸਫੁਰਨਤਾ ਹੈ ਸੋ ਸਫੁਰ ਨਤਾ ਸੰਪੂਰਨ ਨਾਸ ਹੋ ਗਈ ਹੈ ਭਾਵ ਯੇਹ ਬੁਧੀ ਚੰਚਲ ਭਾਵ ਸੇ ਰਹਿਤ ਸਿਥਿਤ ਚਾਹੀਏ ॥ ਅਰ ਨਾਨਾਪਕਾਰ ਕੇ ਜੋ ਖੁਸ਼ਬਾਸ਼ ਮਸਕਰੀ ਠੱਠੇ ਕੇ ਵਾਕ ਹੈਂ ਰਸਦਾਇਕ ਵਾ ਹਿਜੜੇ ਤਥਾ ਭੰਡਾ ਬਹੁਰੂਪੀਆਂ ਕੇ ਤਮਾਸ਼ਿਓਂ ਕੇ ਸੋ ਵਾਕ ਬਿਰਸ ਹੂਏ ਹੋਏ ਜਿਸ ਬੁਧੀ ਮੈਂ ਦਿਸਤੇ ਹੈਂ ਭਾਵ ਯੇਹ ਸੰਸਾਰ ਕੇ ਰਸਾਂ ਸੇ ਬਿਰਸ ਹੋਗਈ ਹੈ ਜੋ ਬੁਧੀ। ਅਰ ਜਿਸ ਬੁਧੀ ਮੈਂ ਨਾਨਾ ਪ੍ਰਕਾਰ ਕੇ ਫੁਰਨੇ ਵਿਵਹਾਰ ਕੇ ਨਾਸ ਹੋਏ ਹੈਂ ਸਮੂਹ ਅਰ ਰਜੋ ਤਮੋ ਗੁਣ ਸੇ ਬਿਨਾ ਹੈਂ ਸਤੋਗੁਣ ਕੇ ਸਹਤ ਹੈਂ। ਭਾਵ ਅਰ ਰਜੋ ਤਮੋ ਗੁਣ ਸੇ ਬਿਨਾ ਹੈਂ ਸਤੋਗੁਣ ਯੁਤ ਕਰੇ। ਏਹ ਸੰਕਲਪਾਂ ਕੋ ਰੋਕ ਕਰ ਮਨ ਕੋ ਸਤੋਗੁਣ ਯੁਤ ਕਰੇ।

Sri Satguru Jagjit Singh Ji eLibrary NamdhariElibrary@gmail.com

ਈਸ਼੍ਵਰਕੀ ਉਪਾਸ਼ਨਾ ਕੇ ਵਾਸਤੇ ਐਸਾ ਚਿਤ ਕਰਨਾ ਚਾਹੀਏ ਅਤੀ ਜਤਨ ਕਰਕੇ ॥ ਐਸੇ ਸ਼ੁਧ ਚਿਤ ਮੈਂ ਨਿਸ੍ਹੈ ਕਰ ਸਤ ਚਿਤਾਨੰਦ ਸਰੂਪ ਆਤਮਾਕਾ ਪ੍ਰਕਾਸ਼ ਹੋਤਾ ਹੈ। ਭਾਵ ਯਿਹ ਐਸੇ ਚਿਤ ਵਾਲੇ ਪੁਰਸ਼ਕੋ ਈਸ਼੍ਵਰ ਕੀ ਪ੍ਰਾਪਤੀ ਹੋਵੇ ਹੈ। ਯਹ ਕਬਿੱਤ ਕੋ ਬਿਅੰਗ ਐਸੇ ਜਨਾਏ ਹੈ ਜੋ ਈਸ਼੍ਵਰ ਕੀ ਉਪਾਸ਼ਨਾ ਕਰਨੇ ਸੇ ਬੁਧੀ ਸਿਥਿਤ ਹੋਵੇ ਹੈ ਅਰ ਖੋਟੇ ਸੰਕਲਪ ਨਾਸ਼ ਹੋਵੇਂ ਹੈਂ ਤਥਾ ਸੰਸਾਰ ਕੇ ਰਸੋਂ ਸੇ ਮਨ ਬਿਰਸ ਹੋਵੇ ਹੈ ਇਹ ਸੰਪੂਰਨ ਫਲ ਪ੍ਰਮੇਸ਼੍ਵਰ ਉਪਾਸ਼ਨਾ ਕਰ ਪ੍ਰਾਪਤ ਹੋਵੇਂ ਹੈਂ। ਔਰ ਕਿਸੀ ਕਰਮ ਕਰ ਨਹੀਂ ਹੋਵੇ ਹੈਂ ਯਾਂਤੇ ਸਰਬ ਕਰਮੋਂ ਸੇ ਉੱਤਮ ਈਸ਼੍ਵਰ ਉਪਾਸਨਾ ਕਾ ਉਪਦੇਸ਼ ਕੀਓ॥੫੮॥

ਵੈਰਾਗੀ ਪੁਰਸ਼ ਕੀ ਧਾਰਨਾ ਕੋ ਕਥਨ ਕਰਤੇ ਹੋਏ ਵੈਰਾਗ ਕਾ ਸਰੂਪ ਕਹੇ ਹੈਂ ॥

**ਕਬਿੱਤ ॥ ਹਰਿਮੈ ਸਨੇਹ ਤਰੁ ਜਨਮ ਮਰਨ ਡਰ ਉਰ ਮਾਹਿਂ ਕੀਨੋਂ ਘਰ ਬੰਧੂ ਮੈਂ ਨ ਰਾਗ ਹੈ ॥ ਮਨੋਂ ਭਵ ਜੋ ਵਿਕਾਰ ਮੰਦ ਸੰਸਕਾਰ ਡਾਰ ਸੰਗ ਦੋਖੁ ਦੂਖ ਟਾਰ ਬਸੇ ਕਾਂਤ ਬਾਗੁ ਹੈ ॥ ਯਾ ਵੈਰਾਗ ਭਏ ਕਹਾ ਹੋਰ ਤਿਆਗਯੋਗ ਰਹਾ ਹੇ ਈ ਸਬ ਚਾਹ ਜੋ ਵੈਰਾਗ ਤੇ ਵੈਰਾਗ ਹੈ ॥ ਹੇਤੁ ਪਰਮੰਰਥ ਕੋ ਉਤਮ ਵੈਰਾਗ ਐਸੋ ਭਾਗ**

Sri Satguru Jagjit Singh Ji eLibrary NamdhariElibrary@gmail.com

**ਬਡੋ ਭਾਗਕੋ ਅਭਾਗ ਤਾਂਤੇ ਭਾਗ ਹੈ॥ ੫੯॥**

ਟੀਕਾ—ਵੈਰਾਗੀ ਪੁਰਸ਼ ਕੇ ਮਨ ਕਾ ਪ੍ਰੇਮ ਅਤੀ ਕਰ ਈਸ੍ਵ-ਰ ਮੈ ਹੋਤਾ ਹੈ ਅਰ ਜਨਮ ਮਰਨ ਕਾ ਭੈ ਤਿਸਕੇ ਰਿਦੈ ਮੈਂ ਸਦਾ ਇਸਥਿਤ ਹੈ। ਅਰ ਸਨਬੰਧੀਯੋਂ ਮੇਂ ਪ੍ਰੇਮ ਕਰਤੇ ਨਹੀਂ ਹੈ। ਕਾਮਾਦਿਕਾਂ ਕੇ ਜੋ ਵਿਕਾਰ ਹੈਂ ਤਥਾ ਖੋਟੇ ਜੋ ਸੰਕਲਪ ਹੈਂ ਤਿਨ ਸਰਬ ਕੋ ਤਿਆਗਕਰ ਅਰ ਦੁਖਦਾਈ ਪੁਰਸ਼ਾਂ ਕਾ ਸੰਗ ਦੇਖ ਤਿਆਗ ਕੇ ਇਕਾਂਤ ਬਾਗਾਦਿ ਸਥਾਨੋਂ ਮੇਂ ਬਸੇ ਹੈਂ॥ ਪੁਨਾ ਸਰਬ ਲੋਕੋਂ ਕੇ ਪਦਾਰਥਾਂ ਕੀ ਇੱਛਾਕੋ ਭੀ ਤਿਆਗੇ ਹੈ ਅਰ ਵੈਰਾਗ ਕਿਆ ਤਿਆਗਕਾ ਜੋ ਅਭਿਮਾਨ ਸਾ ਤਿਸ ਸੇ ਭੀ ਵੈਰਾਗੀ ਹੈਂ ਕਿਆ ਸੋ ਭੀ ਜਿਨਕੋ ਨਹੀਂ ਹੈ। ਇਸ ਵੈਰਾਗ ਕੇ ਹੋਇਆਂ ਹੋਇਆਂ ਹੋਰ ਤਿਆਗਨੇ ਯੋਗ ਕੀ ਰਹਿਆ ਹੈ॥ ਭਰਥਰੀ ਜੀ ਕਹੇ ਹੈਂ ਐਸਾ ਉੱਤਮ ਵੈਰਾਗ ਹੀ ਕਲਜਾਨ ਕਾ ਕਾਰਣ ਹੈ। ਪਰੰਤੂ ਇਸ ਵੈਰਾਗ ਕਾਂ ਛਾਂਦਾ ਕਿਆ ਹਿੱਸਾ ਕਿਸੇ ਵਡੇ ਭਾਗਾਂ ਵਾਲੇ ਜੀਵ ਕੋ ਪ੍ਰਾਪਤਿ ਹੋਤਾ ਹੈ। ਅਭਾਗੀ ਜੋ ਜੀਵ ਹੈਂ ਸੋ ਤੌ ਵੈਰਾਗ ਕਾ ਨਾਮ ਸੁਣ ਕੇ ਹੀ ਭਾਗ ਜਾਵੇਂ ਹੈਂ। ਭਾਵ ਯੇਹ ਪ੍ਰਮੇਸ਼੍ਵਰ ਪ੍ਰੀਤੀ ਔ ਵੈਰਾਗ ਸੇ ਬਿਨਾ ਜੋ ਪੁਰਸ਼ ਹੈਂ ਸੋ ਮੰਦ ਭਾਗੀ ਹੈਂ ਯੇਹ ਉਪਦੇਸ਼ਿਓ॥ ੫੯॥ ਵੈਰਾਗਧਾਰੇ ਬਿਨਾ ਪੁਰਸ਼ ਨਿਰਭੈ ਹੋਵੇ ਨਹੀਂ ਹੈ ਇਸ ਬਾਤ ਕੋ ਉਪਦੇਸੇ ਹੈਂ॥

**ਕਬਿੱਤ॥ ਭੋਗਨ ਮੋਂ ਰੋਗ ਭਯ ਸੁਖੋਂ ਬਿਖੇ ਖਯ ਭਯ ਧਨ ਮੱਧਿ ਭਯ ਭੂਪ ਚੋਰ ਕੋ ਰਹਤ ਹੈ॥ ਦਾ**

**ਸ ਮਾਹਿੰ ਸ੍ਵਾਮਿ ਭਯਜਯ ਮਾਝਿ ਰਿਪੁ ਭਯ ਭਯ ਕੁਲ ਬੀਚ ਨੀਚ ਨਾਰੀ ਕੋ ਮਹਤੁ ਹੈ। ਮਾਨ ਮਾਹਿੰ ਹਾਨ ਭਯ ਗੁਣੀ ਮੈ ਖਲਾਨਿ ਭਯ ਕਾ-ਯਮੈ ਕ੍ਰਿਤਾਂਤ ਭਯ ਭੈ ਸਰਬ ਗਤਿ ਹੈ॥ ਨਿਰ ਭੈ ਵੈਰਾਗ ਏਕ ਧਰੋ ਨਰੋ ਸਬਿਬੇਕ ਗਾਯੋ ਮੈਂ ਅਨੇਕ ਅਬ ਥਾਕੀ ਮੋਰੀ ਮਤਿ ਹੈ॥ ੬੦ ॥**

ਟੀਕਾ—ਸ਼ਬਦ ਸਪਰਸ਼ਾਦਿ ਭੋਗਾਂ ਕੀ ਪ੍ਰਾਪਤੀ ਮੇਂ ਰੋਗਾਂ ਕਾ ਭੈ ਸਿਥਿਤ ਰਹੇ ਹੈ ਜਬ ਇਸਤ੍ਰੀ ਆਦਿ ਭੋਗ ਪ੍ਰਾਪਤ ਭੀ ਹੋਵੇਂ ਅਰ ਪੁਰਸ਼ ਰੋਗੀ ਹੋਵੇ ਤੋ ਭੋਗ ਸਕੇ ਨਹੀਂ ਅਰ ਸੁਖੋਂ ਵਿਖੇ ਨਾਸ ਕਾ ਭੈ ਹੈ ਜੋ ਸਰਵ ਭੋਗਾਂ ਕੀ ਪ੍ਰਾਪਤੀ ਕੇ ਹੂਏ ਪੁਰਸ਼ ਅਰੋਗ ਹੋਕਰ ਸੁਖ ਲੇਵੇ ਹੈ ਤੌ ਭੀ ਨਾਸ ਹੋਣੇ ਕਾ ਭੈ ਸਦਾ ਸਿਥਿਤ ਹੈਂ ਮਰਨਾ ਸਦਾ ਸਰਬ ਕੇ ਸਿਰ ਪੈ ਹੈ ਅਰ ਧਨ ਵਿਖੇ ਭੈ ਸਦਾ ਚੋਰ ਤਥਾ ਰਾਜੇ ਕਾ ਸਿਥਿਤ ਹੈ ਜੋ ਲੂਟਨਾ ਲੇਵੇ ਟਹਲੂਏ ਕੋ ਸੁਆਮੀ ਕਾ ਭੈ ਹੋਵੇ ਹੈ। ਰਣ ਕੀ ਫਤੇ ਮੈ ਸ਼ਤ੍ਰੂ ਕਾ ਭੈ ਸਿਥਿਤ ਹੈ। ਜੈਸੇ ਸ੍ਰਿਸ਼ਟ ਕੁਲ ਮੈ ਵਿਭਚਾਰ ਇਸਤ੍ਰੀ ਕੇ ਹੋਨੇ ਕਾ ਬੜਾ ਭੈ ਹੈ। ਅਰ ਮਾਨ ਵਿਖੇ ਹਾਨੀ ਕਾ ਭੈ ਹੈ ਗੁ-ਣੀ ਪੁਰਸ਼ ਕੋ ਮੂਰਖ ਪੁਰਸ਼ ਕਾ ਭੈ ਹੈ। ਮੂਰਖ ਪੁਰਸ਼ ਵਿਦਵਾਨ ਗੁਣੀ ਪੁਰਸ਼ ਕੀ ਕਦਰ ਜਾਣੇ ਨਹੀਂ ਹੈ ਨਿੰਦ ਛੋਡੇ ਹੈ॥ ਸਰੀ ਰ ਮੇਂ ਯਮ ਕਾ ਭੈ ਹੈ ਯਮ ਦੂਤ ਕਾ ਏਕ ਗ੍ਰਾਸ ਸਰੀਰ ਹੈ ਜੋ

Sri Satguru Jagjit Singh Ji eLibrary NamdhariElibrary@gmail.com

ਵਸਤੂ ਸੰਸਾਰਮੇਂ ਹੈ ਸੋ ਸਰਬਮੈ ਭੈ ਪ੍ਰਾਪਤ ਹੈ। ਏਕ ਵੈਰਾਗ
ਨਿਰ ਭੈ ਹੈ ਸੋ ਤਿਸ ਕੋ ਧਾਰਨ ਕਰੇ ਸਹਤ ਵਿਚਾਰ ਕੇ ਹੈ
ਪੁਰਸੋ ਭਰਥਰੀ ਜੀ ਕਹੇ ਹੈਂ ਮੈਨੇ ਅਨੇਕ ਵਾਕੋਂ ਕਰ ਕਥਨ
ਕੀਆ ਹੈ ਵਿਵੇਕ ਸਹਤ ਵੈਰਾਗਕੋ ਅਬ ਮੇਰੀ ਬੁਧੀ ਥਕਤ
ਹੋ ਰਹੀ ਹੈ ਕਹਿਨੇ ਸੇ, ਜਿਸ ਕੋ ਨਿਰਭੈ ਹੋਵਣ ਕੀ ਇੱਛਾ
ਹੈ ਸੋ ਵਿਵੇਕ ਸਹਤ ਵੈਰਾਗ ਕੋ ਧਾਰਨ ਕਰੇ ॥ ੬੦ ॥

**ਦੋਹਰਾ ॥ ਸ਼ੁਭ ਵੈਰਾਗ ਬਿਬੇਕ ਬਿਬ ਕਰਹਿੰ ਬੇਗ ਕਲਜਾਨ ॥ ਦ੍ਰਿਗ ਦਿਤਜ ਵਤ ਹਰਤ ਹੈ ਅੰਧਕਾਰ ਅਗਜਾਨ ॥ ੬੧ ॥**

ਟੀਕਾ- ਸ੍ਰਿਸ਼ਟ ਜੋ ਵੈਰਾਗ ਅਰ ਵਿਵੇਕ ਹੈਂ ਏਹ ਦੋਨੋਂ
ਸ਼ੀਘਰ ਕਲਿਯਾਨ ਕਰਤੇ ਹੈਂ। ਜੈਸੇ ਨੇਤ੍ਰ ਅਰ ਸੂਰਜ
ਦੋਨੋਂ ਅੰਧੇਰੇਕੋ ਦੂਰ ਕਰਤੇ ਹੈਂ ਤੈਸੇ ਵੈਰਾਗ ਵਿਵੇਕ ਦੋਨੋਂ
ਅਗਿਯਾਨ ਕਾ ਨਾਸ਼ ਕਰੇ ਹੈਂ। ਨੇਤ੍ਰਾਂਵਤ ਵੈਰਾਗ ਹੈ ਸੂਰਜ
ਰੂਪ ਵਿਵੇਕ ਹੈ ਨੇਤ੍ਰ ਹੋਵੇਂ ਸੂਰਜ ਨਹੀਂ ਹੋਵੇ ਤੌ ਭੀ ਪੁਰ
ਕੋ ਕੁਛ ਦੀਸੇ ਨਹੀਂ ਹੈ ਪ੍ਰਕਾਸ਼ ਬਿਨਾ ਐਸੇ ਵੈਰਾਗ ਹੈ
ਅਰ ਸੂਰਜ ਹੋਵੇ ਨੇਤ੍ਰ ਨਹੀਂ ਹੋਵੈਂ ਤੌ ਭੀ ਦੀਸੇ ਨਹੀਂ
ਐਸੇਂ ਵਿਵੇਕ ਹੈ ॥ ੬੧ ॥ ਹੋਰ ਦ੍ਰਿਸ਼ਟਾਂਤ ॥

**ਸੋਰਠਾ ॥ ਰਜਨੀ ਬਿਨ ਸਿਤ ਚੰਦ ਅਸਿਤ ਸਸਿਹੀਨ ਜਸੇਂ ॥ ਉਭ**

Sri Satguru Jagjit Singh Ji eLibrary NamdhariElibrary@gmail.com

**ਆਨੰਦ ਤਜੋਂ ਵੈਰਾਗ ਵਿਵੇਕ ਵਿਦ॥ ੬੨॥**

ਟੀਕਾ—ਜੈਸੇ ਰਾਤ੍ਰੀ ਬਿਨਾ ਦਿਨ ਕੋ ਚੰਦਰਮਾਂ ਚਿੱਟਾ ਜੈਸਾ ਲਗੇ ਹੈ ਫਿੱਕਾ ਫਿੱਕਾ, ਅਰ ਰਾਤ੍ਰੀ ਭੀ ਚੰਦ੍ਰਮਾਂ ਬਿਨਾ ਸੋਭਾ ਪਾਵੇ ਨਹੀਂ ਕਾਲੀ ਲਗੇਹੈ ਭੈਦਾ ਇਕ ਦੋਨੋਂ ਕੇ ਮਿਲਨੇ ਕਰ ਆਨੰਦ ਹੈ ਤੈਸੇ ਵੈਰਾਗ ਅਰ ਵਿਵੇਕ ਕੀ ਰੀਤ ਹੈ ਇਨ ਦੋਨਾਂ ਕਰ ਪੁਰਸ਼ ਸ਼ੋਭਨੀਕ ਹੋਵੇ ਹੈ ਯੇਹ ਉਪਦੇਸ਼ਿਓ॥ ੬੨

**ਦੋਹਰਾ॥ ਜਿਹ ਇਛਾ ਕੋ ਧਾਰ ਨ੍ਰਿਪ ਕਥ ਹੈ ਬਚਨ ਰਸਾਲ॥ ਕਵਿ ਉੱਤਮ ਕੋ ਦੀਜੀਐ ਸ੍ਰੀ ਗੁਰੁ ਦੀਨ ਦਿਆਲ॥ ੧ ॥**

ਟੀਕਾ--ਹੇ ਸ੍ਰੀ ਗੁਰ ਨਾਨਕ ਦੇਵ ਸਦਾ ਦੀਨੋ [illegible] ਕ੍ਰਿਪਾਲੂ ਜਿਸ ਇਛਾ ਕਰ ਰਾਜਾ ਭਰਥਰੀ ਜੀ ਨੇ ਸੁੰਦਰ ਵਚਨ [illegible]ਥੇ ਹੈਂ ਸੋ ਮੇਰੇ ਕੋ ਕ੍ਰਿਪਾ ਕਰ ਆਪ ਦੇਵਹੁ ਏਹ ਟੀਕਾ [illegible]ਰ ਉੱਤਮਸਿੰਘ ਆਪਨੇ ਗੁਰੋਂ ਆਗੇ ਬੇਨਤੀ ਕਰੇ ॥ ੧ ॥ ਇਸ ਸੇ ਆਗੇ ਸਭੀ ਕਥਨ ਭਾਸਕਾਰ ਕਾ ਹੈ॥

**[illegible]ਹਰਾ॥ ਸਤ ਸਮਸਤ ਵੈਰਾਗ ਕੋ ਕਹਯੋ [illegible]ਤ ਸਤ ਮਾਹਿੰ॥ ਸਤ ਪ੍ਰਾਪਤਿ ਹਿਤੁ [illegible] ਸਤ ਧਰੋ ਨਰੋ ਉਰ ਤਾਹਿੰ॥ ੬੩॥**

[illegible]ਥਰੀ ਜੀ ਨੇ ਵੈਰਾਗ ਸ਼ਤਕ ਮੇ ਸਉ ਸ਼ਲੋਕ ਵੈ- [illegible]ਆ ਹੈ ਸਭੋ ਬਚਨ ਹੈਂ ਅਰ ਸਤ ਸੁਰੂਪਕੀ ਪਾ

ਪਤੀ ਕੇ ਕਾਰਣ ਹੈਂ ਧਾਰਨ ਕਰੋ ਹੇ ਪੁਰਸ਼ੋ ਤਿਨ ਬਚਨੋਂ ਕੋ ਭਾਸਕਾਰ ਹਰ ਦਿਆਲ ਜੀ ਕਹੇ ਹੈਂ ॥ ੬੩ ॥

**ਸੋਰਠਾ ॥ ਬਿਨ ਸੰਗ੍ਰਹ ਸੁ ਵਿਚਾਰ ਪਸੂ ਬੱਧ ਗਜਾਨੀਦੁਖੀ । ਪੰਖੀ ਪੰਖ ਪ੍ਰਕਾਰ ਉਭੈ ਸਹਿਤ ਸੁਖ ਗਤਿ ਲਹਿਤ ॥ ੬੪ ॥**

ਟੀਕਾ–ਪਦਾਰਥ ਸੰਗ੍ਰਹ ਬਿਨਾ ਵੈਰਾਗ ਕਰ ਜੈਸੇ ਪਸ਼ੂ ਦੁਖੀ ਹੈ ॥ ਤੈਸੇ ਬੱਧ ਗਿਆਨੀ ਵਿਚਾਰ ਬਿਨਾ ਦੁਖੀ ਹੋਵੇ ਹੈ ਵੈਰਾਗ ਕੋ ਧਾਰਕਰ ਭਲੀ ਪ੍ਰਕਾਰ ਸੇ। ਜਿਸ ਮੈਂ ਵਿਚਾਰਕ ਅਭਾਵ ਹੋਵੇ ਸੋ ਬੱਧ ਗਿਆਨੀ ਕਹੀਐ ਹੈ॥ ਯਦਪੀ ਵੈਰਾਗ ਕੋ ਧਾਰਕਰ ਜੰਗਲ ਮੇਂ ਵਸੇ ਹੈ ਤਥਾ ਪੰਥ ਅਗਨੀ ਆਦਿ ਤਪੇ ਹੈ ਤਥਾਪੀ ਵਿਵੇਕ ਸੇ ਬਿਨਾ ਸੋ ਜਨਮ ਮਰਨ ਰੂਪੀ ਦੁ ਕੇ ਸਹਤ ਹੋਨੇ ਤੇ ਦੁਖੀ ਹੈ ਪੰਛੀ ਕੇ ਪੰਖਾਂ ਕੀ ਨਿਆਈਂ ਦੋ ਵਾਕੇ ਸਹਤ ਸੁਖ ਪ੍ਰਾਪਤ ਹੋਤਾ ਹੈ ਜੈਸੇ ਦੋਨਾ ਖੰਬੋਂ ਸਾਥ ਪੰਛੀ ਉਡਨੇ ਕੀ ਚਾਲਕੋ ਲੇਵੇ ਹੈ ਤੈਸੇ ਵੈਰਾਗ ਵਿਵੇਕ ਦੋ ਪੰਖੋਂ ਕਰ ਪੁਰਸ਼ ਮੋਖ ਰੂਪੀ ਚਾਲ ਕੋ ਪ੍ਰਾਪਤਿ ਹੋਵੇਹੈ॥੬੪॥

**ਦੋਹਰਾ॥ਮੁਗਧਹੁ ਕੇ ਉਰ ਉਪਲ ਮਹਿ ਭ... ਬਚਨ ਭਟ ਹੇਤੁ ॥ ਕਹੂੰ ਪੁਨ ਖਗ ਯੋ... ਬਸੇ ਲਸੇ ਸੁਖ ਦੇਤ ॥ ੬੫ ॥**

ਟੀਕਾ ॥ ਮੂਰਖੋਂ ਪੁਰਸ਼ੋਂ ਕੇ ਰਿਦੇ ਰੂਪੀ ਪੱਥਰ ...



Sri Satguru Jagjit Singh Ji eLibrary NamdhariElibrary@gmail.com

ਭੀ ਰਾਜਾ ਭਰਥਰੀ ਕੇ ਬਚਨ ਗਿਆਨ ਰੂਪੀ ਬੋਹੜ ਬ੍ਰਿਛ ਕੇ ਹੇਤੂ ਹੈਂ ॥ ਜੈਸੇ ਪੱਥਰ ਊਪਰ ਆਇਕਰ ਪੰਛੀ ਕਾ ਵਸਨਾ ਹੋਵੇ ਅਰ ਪੰਛੀ ਕੇ ਅੰਦਰ ਸੇ ਸਬੂਤ ਦਾਨਾ ਨਿਕਸ ਵਿਠ ਸਾਥ ਪੱਥਰ.ਪਰ ਪੜੇ ਤੌ ਬ੍ਰਿਛ ਪੱਥਰ ਪਰ ਭੀ ਉਤਪਤ ਹੋਵੇ ਹੈ ਤੈਸੇ ਜੀਵ ਕੇ ਕਿਸੇ ਸ੍ਰਿਸ਼ਟ ਪੁੰਨ ਰੂਪੀ ਪੰਛੀ ਕੇ ਸੰਜੋਗ ਕਰ ਰਾਜਾ ਕੇ ਬਚਨ ਪੁਰਸ਼ ਕੇ ਰਿਦੈ ਮੈਂ ਇਸਿਥਿਤ ਹੋਵੈਂ ਤੌ ਗਿਆਨ ਰੂਪੀ ਸੁਖ ਕੋ ਦੇਤੇ ਹੈਂ ॥ ੬੫ ॥

**ਫੇਸ਼ੂ ਛਾਪ ਭਾਖਾ ਯੁਕਤਿ ਬੱਜ੍ਰ ਭਰਤ ਕੇ ਬੈਨ॥**
**ਾਰ ਮਮੋਖੀ ਪਾਰਖੂ ਗਹੇ ਸਰਬਦਾ ਚੈਨ॥੬੬**

ਟੀਕਾ—ਰਾਜਾ ਭਰਥਰੀ ਕੇ ਹੀਰਾ ਰੂਪੀ ਬੱਚਨ ਲੋਹੇ ਕੀ ਮੁੰ ਾਟੀ ਰੂਪ ਭਾਸ਼ਾ ਕੇ ਸਹਤ ਹੈਂ।ਜੈਸੇ ਜਵਾਹਰੀ ਬੰਚਾ ਸਾਰ ੇ ਕੋ ਗ੍ਰਹਣ ਕਰੇ ਹੈ ਮੁੰਦਰੀ ਸੇ ਪ੍ਰਯੋਜਨ ਰਕੇ ਨਹੀਂ ਹੈ ਤਸਕੋ ਚੈਨ.ਹੋਵੇ ਹੈ ਤੈਸੇ ਮਮੋਖੀ ਪੁਰਸ਼ ਬਚਨਾਂ ਕੇ ਸਾਰ ਗ੍ਰਹਣ ਕਰਕੇ ਸਰਬਥਾ ਆਨੰਦ ਕੋ ਧਾਰਨ ਕਰੇ ਹੈ ਾ ਵਾ ਸੰਸਕ੍ਰਿਤ ਸੇ ਪ੍ਰਯੋਜਨ ਰਖੇ ਨਹੀਂ ਹੈਂ ॥ ੬੬ ॥

**ਾਟ ਵਿਸ਼੍ਨ ਸਮ ਸੰਸਕ੍ਰਿਤ ਭਾਖਾ ਹਰਿਪਾਖਾ**
**ਸ਼ਰਧਾ ਮਾਨ ਪ੍ਰਮਾਨ ਕੋ ਕਰਤ ਉਭੈ**
**ਯਾਨ ॥ ੬੭ ॥**

ੀਕਾ—ਜੈਸੇ ਪ੍ਰਤੱਖ ਵਿਸ਼ਨ ਕਾ ਸਾਖਸ਼ਾਤ ਹੋਵੈ ਤੌ ਭੀ

Sri Satguru Jagjit Singh Ji eLibrary NamdhariElibrary@gmail.com

ਨਿਸ੍ਰਧਕ ਪੁਰਸ਼ ਕੋ ਕਲਯਾਨ ਕਰਸਕੇ ਨਹੀਂ ਹੈ ਤੈਸੇ ਸੰਸ ਕ੍ਰਿਤ ਹੈ। ਅਰ ਜੈਸੇ ਸਿਲਾ ਰੂਪ ਸਾਲਗਰਾਮ ਹੈ ਪਰੰਤੂ ਸਰਧਾਵਾਨ ਪੁਰਸ਼ ਕੀ ਕਲਯਾਨ ਕਰੇ ਹੈ ਤੈਸੇ ਭਾਸ਼ਾ ਹੈ। ਸਰਧਾ ਵਾਲੇ ਪੁਰਸ਼ ਕੀ ਜੈਸੇ ਸਾਲਗਰਾਮ ਅਰ ਪ੍ਰਤੱਖ ਵਿਸ਼ਨ ਦੋਵੇਂ ਕਲਜਾਨ ਕਰ ਸਕਤੇ ਹੈਂ ਤੈਸੇ ਸਰਧਾਵਾਨਕੀ ਕਲਯਾਨ ਭਾਸ਼ਾ ਅਰ ਸੰਸਕ੍ਰਿਤ ਦੋਨੋਂ ਬਾਨੀਆਂ ਕਰੇ ਹੈਂ। ਕੇਵਲ ਸੰਸਕ੍ਰਿਤ ਕੋ ਹਛਾ ਮਾਨਨਾ ਠੀਕ ਨਹੀਂ ਹੈ ॥ ੬੭ ॥

ਵੈਰਾਗ ਬਿਨਾ ਸਰਬ ਗੁਣੋਂ ਕੋ ਮੰਦ ਦਸੇ ਹੈਂ ॥

**ਸਵੈਯਾ ॥ ਤੀਰਥਾਨ ਕੇ ਮਾਹਿੰ ਸਨਾਨ ਸਮਾਨ ਕਰੇ ਬਹੁ ਦਾਨ ਮਹਾਂਨ ਮਨੀਕੇ॥ਸ਼ਮ ਸਾਨ ਮਠਾਨਤਰੂਨ ਤਰੇ ਇਸਥਾਨ ਕਰੇ ਉਤ ਤੀਰ ਨਦੀਕੇ ॥ ਮੁਖ ਮੌਨ ਧਰੇ ਤਜ ਭੌਨ ਚਲੇ ਅਰੁ ਬੇਦੁ ਰਰੇ ਸੁਪਢਾਵਤ ਨੀਕੇ ॥ ਗੁਣਾਂ ਤਤ ਬ੍ਰਿੰਦ ਬਰਾਤਿ ਜਣਾਵਰ ਏਕੰ ਵੈਰਾ[illegible] ਬਿਨਾ ਸਬ ਫੀਕੇ ॥ ੬੮ ॥**

ਟੀਕਾ॥ ਕੁਰਖੇਤ੍ਰਾਦਿ ਤੀਰਥਾਂ ਮੇਂ ਇਸ਼ਨਾਨ ਕਰਕੇ ਆ[illegible] ਸਰੀਰ ਸਮਾਨ ਤੋਲਕਰ ਮਣੀ ਆਦਿ ਰਤਨੋਂਕੇ ਦਾਨ [illegible] ਕਰੇ। ਮਸਾਨਾਂ ਮੈ ਵਾ ਉਜੜਿਆਂ ਮਠਾਂ ਮੈਂ ਵਾ ਬ੍ਰਿਛਾਂ [illegible] [illegible] ਕਰੇ ਵਾ ਨਦੀਆਂ ਕੇ ਤਟਨਾਂ

Sri Satguru Jagjit Singh Ji eLibrary NamdhariElibrary@gmail.com

ਵੈਸੇ ਅਰ ਮੁਖ ਮੈ ਮੋਨ ਧਾਰਕਰ ਮੰਦ੍ਾਂ ਕੋ ਤਿਆਗਕਰ ਵਿ ਚਰੇ ਬਨਾਮੇਂ। ਪੁਨਾ ਚਾਰ ਵੇਦ ਪੜ੍ਹਾ ਹੋਵੇ ਅਰ ਪੜ੍ਹਾਵਤਾ ਭੀ ਹੋਵੇ ਭਲੀ ਪ੍ਰਕਾਰਕਰ॥ ਏਹ ਸਮੂਹ ਗੁਣ ਏਕ ਵੈਰਾਗ ਥੀਂ ਬਿਨਾ ਫੀਕ ਹੈਂ ਕਿਆ ਵਿਅਰਥ ਹੈਂ। ਜੈਸੇ ਜੇਵਕੇ ਲੋਕ ਏਕ ਲਾੜ੍ਹੇ ਸੇ ਬਿਨਾ ਸਬੀ ਫੀਕੇ ਹੋਤੇ ਹੈਂ ਤੈਸੇ ਭਾਵ ਯੇਹ ਸਰਬ ਗੁਣੋਂ ਕੋ ਸੋਭਾਇਮਾਨ ਏਕ ਵੈਰਾਗ ਕਰੇ ਹੈ॥ ਨਨੂ॥ ਜਬ ਮ ਸਾਨਾਦਿ ਸ਼ਥਾਨੋਂ ਮੈਂ ਵਸਨਾ ਹੂਆ ਤੌ ਵੈਰਾਗ ਨਾ ਹੂਆ॥ ਉੱਤਰ॥ ਜੋ ਦੰਭ ਕਰ ਵਾ ਮਨ ਮੈ ਕਾਮਨਾ ਧਾਰਕਰ ਕਰੈ ਸੋ ਵੈਰਾਗ ਨਹੀਂ ਹੈ। ਸਰਵ ਪ੍ਰਕਾਰ ਕੀ ਇਛਾ ਕਾ ਅਭਾਵ ਕਾ ਨਾਮ ਵੈਰਾਗ ਹੈ॥ ਇਛਾ ਕੇ ਨਾਸ਼ ਹੂਏ ਬਿਨਾ ਪਸ਼ੂਓਂ ਕੀ ਧਾਰਨਾ ਹੈ ਵੈਰਾਗ ਨਹੀਂ ਹੈ॥ ੬੮॥ ਅਬ ਵੈਰਾਗ ਕੋ ਛੰਦ ਰੂਪ ਵਰਨਨ ਕਰੇ ਹੈਂ॥

**ਸਰੂਪਪਾਲੰਕਾਰ ਕੋ॥ ਕਬਿੱਤ॥ ਦੈਵੀ ਗੁਨ ਕਵੀਗਣ ਔਖਦੀ ਸਮਾਦਿ ਪੁਸ਼ੈ ਤ੍ਰਿਸ਼ ...ਾ ਤਾਪ ਮੋਹ ਤਮ ਕਾਮ ਚੋਰਹਤ ਹੈ। ਮੁਦਤ ...ਬੇਕੀ ਕਾਮੀ ਦੁਖੀ ਮੂਢ ਬ੍ਰੇਹੀ ਬਾਮੀ ਉਦੇ- ਤ੍ਰਿਜਾਮੀ ਮੋ ਕੁਸੰਗ ਦਿਨੇ ਗਤਿ ਹੈ॥ ਸੁਕ ਸਰੋਜ ਭੋਗੀ ਮੋਖ ਸੁਧਾਕੇ ਸੰਜੋਗੀ ਸਜਾਮ ...ਰ ਭੋਗੀ ਯੋਗੀ ਮੋਂ ਬਚੇ ...**

Sri Satguru Jagjit Singh Ji eLibrary NamdhariElibrary@gmail.com

**ਮਾਨੋਂ ਨਾਹੰ ਜਿਨਮ ਨ ਬਜੋਮ ਮਾਂਹਿ ਵਿਧੁਵਤ ਵਿਕ ਨਿਰਵੇਦ ਸਤ ਹੈ॥ ੬੯ ॥**

ਟੀਕਾ—ਚੰਦ੍ਰਮਾਂ ਕੇ ਕਾਰਯੋਂ ਸਮਾਨ ਵੈਰਾਗ ਕੇ ਕਾਰਜ ਦਸੇ ਹੈਂ ਜੈਸੇ ਚੰਦਕੇ ਚੜਨੇ ਕਰਕੰਮੀਆਂ ਖਿੜੇ ਹੈਂ ਤੈਸੇ ਧੀਰਜ ਧਰਮਾਦਿ ਦੈਵੀ ਸੰਪਤਾ ਕੇ ਸਮੂਹ ਗੁਣਰੂਪ ਕੰਮੀਆਂ ਖਿੜੇ ਹੈਂ। ਅਰ ਚੰਦਕੋ ਦੇਖਕਰ ਬਨਾਸਪਤੀ ਬੂਟੀਆਂ ਵਧੇ ਹੈਂ ਤੈਸੇ ਸਮਦਮਾਦਿ ਬਨਾਸਪਤੀ ਵਧੇ ਹੈਂ। ਜੈਸੇ ਚੰਦ ਕੇ ਚੜਨੇ ਕਰ ਤ-ਪਤ ਨਾਸ ਹੋਵੇ ਹੈ ਅਰ ਅੰਧੇਰਾ ਨਹੀਂ ਰਹੇ ਹੈ ਪੁਨਾ ਚੋਰ ਭੀ ਭੈ ਧਾਰਕਰ ਬੈਠ ਜਾਵੇਂ ਹੈਂ ਤੈਸੇ ਤ੍ਰਿਸ਼ਨਾ ਰੂਪੀ ਤਪਤ ਅਰ ਮੋਹ ਰੂਪੀ ਅੰਧੇਰਾ ਅਰ ਕਾਮਨਾ ਰੂਪ ਚੋਰ ਇਨ ਸਭ ਕੋ ਨਾਸ ਕਰੇ ਹੈ। ਜੈਸੇ ਚੰਦ ਕੋ ਦੇਖ ਕਾਮੀ ਪੁਰਸ਼ ਜਿਨ ਕੇ ਪਾਸ ਇਸਤ੍ਰੀਆ ਹੈਂ ਸੋ ਸੁਖੀ ਹੋਵੇ ਹੈਂ ਅਰ ਨਾਰੀਆਂ ਕੇ ਵਿਛੋੜੇ ਵਾਲ ਦੁਖੀ ਹੋਵੇਂ ਹੈਂ ਤੈਸੇ ਬਿਬੇਕੀ ਪੁਰਸ਼ ਪ੍ਰਸੰਨ ਹੋਵੇ ਹੈਂ ਵੈਰਾਗ ਕੋ ਪ੍ਰਾਪ- ਕਰ ਅਰ ਮੂਰਖ ਪੁਰਸ਼ ਦੁਖੀ ਹੋਵੇ ਹੈਂ ਜੈਸੇ ਚੰਦ ਰਾਤ੍ਰ ਕੋ ਚ- ਦਿਨ ਕੋ ਅਸਤ ਹੋਵੇ ਹੈ ਤੈਸੇ ਸ੍ਰਿਸ਼ਟ ਬੁਧੀ ਰੂਪੀ ਰਾਤ੍ਰ ਮੇਂ ਹੈ ਅਰ ਕੁਸੰਗਤ ਰੂਪੀ ਦਿਨ ਮੇਂ ਅਸਤ ਹੋਵੇ ਹੈ ਭਾਵ ਇਹ ਬੁਧੀ ਖੋਟਿਆਂ ਪੁਰਸ਼ਾਂ ਕੋ ਵੈਰਾਗ ਪ੍ਰਾਪਤ ਹੋਵੇ ਨਹੀਂ ਹੈ। ਕਵਲ ਮੀਟੇ ਜਾਵੇ ਹੈਂ ਚੰਦ ਕੋ ਦੇਖ ... ਸੋ ਭੋਗੀ ਪੁਰਸ਼ ਵੈਰਾ- ਤਰਫੋਂ ਹਟ ਰਹੇ ਹੈਂ ਸੋ ਚੰਦ੍ਰਮਾਂ ਅੰ ਮ੍ਰਿਤਕੇ ਸੰਬੰਧ ਵਾਲਾ ... ਹੈ ਤੈਸ ... ਰਾਗਾਨਪ ਚੰਦ ਮੋ

ਅੰਮ੍ਰਿਤ ਕੇ ਸਬੰਧ ਵਾਲਾ ਹੈ ਭਾਵ ਮੋਖ ਕਰੇ ਹੈ ਜੈਸੇ ਕ੍ਰਿਸ਼ਨ ਪੱਖ ਮੇਂ ਚੰਦ ਘਟੇ ਹੈ ਅਰ ਸ਼ੁਕਲਾ ਮੇਂ ਵਧੇ ਹੈ ਤੈਸੇ ਭੋਗੀ ਪੁਰਸ਼ੋਂ ਮੇਂ ਵੈਰਾਗ ਘਟੇ ਹੈ ਅਰ ਯੋਗੀ ਮੇਂ ਵਧੇ ਹੈ। ਭਾਵ ਏਹ ਭੋਗੀ ਪੁਰਸ਼ ਕੀ ਸੰਗਤ ਕਰਨੇ ਕਰ ਵੈਰਾਗ ਮੰਦ ਹੋ ਜਾਵੇ ਹੈ। ਜੈਸੇ ਚੰਦ ਮੇਂ ਕਲਖਣ ਰੂਪ ਕਲੰਕ ਹੈ ਅਰ ਅਕਾਸ਼ ਮੇਂ ਪ੍ਰਕਾਸ਼ੇ ਹੈ ਤੈਸੇ ਵੇਦ ਕੇ ਪੂਰਬ ਭਾਗ ਕਰਮਾ ਕਾ ਨਾ ਮੰਨਨਾ ਵੈਰਾਗੀ ਮੇਂ ਦੋਖ ਹੈ ਭਾਵ ਸਰਬ ਕਰਮ ਕਾ ਤਿਆਗ ਵੈਰਾਗੀ ਕਰੇ ਹੈ। ਅਰ ਵੈਰਾਗੀ ਪੁਰਸ਼ਾਂ ਕੇ ਮਨ ਰੂਪੀ ਆਕਾਸ਼ ਮੇਂ ਚੰਦ੍ਰਮਾਂ ਕੀ ਨਿਆਈਂ ਵੈਰਾਗ ਪ੍ਰਕਾਸ਼ ਰਹਿਆ ਹੈ ਸੱਤ ਨਿਸਚੈ ਕਰਕੇ॥ ੬੯ ॥ ਨਿਮ੍ਰਤਾ ਰੂਪ ਪ੍ਰਾਰਥਨਾ ਭਾਸ਼ਕਾਰ ਕੀ ॥

**ਦੋਹਰਾ ॥ ਅੰਕ ਬਿੰਦ ਕੋ ਗੁੰਦ ਕਰ ਬੰਦ ਛੰਦ ਕੋ ਕੀਨ ॥ ਤੁਟਤ ਯੁਕਤ ਛੰਦਾਰਥ ਜਹਿੰ ਵੋ ਸੁਧਾ ਹੋ ਤੀਨ ॥ ੭੦ ॥**

ਟੀਕਾ—ਰਕਾਰ ਮਕਾਰਾਦਿ ਸਮੂਹ ਅੱਛਰੋਂ ਕੋ ਜੋੜ ਕਰ ਛੰਦਾਂ ਜੋੜਨਾ ਕੀਆ ਹੈ ਮੈਨੇ। ਇਸ ਮੇਂ ਜਿਸ ਸਥਾਨ ਮੇਂ ਯੁਕਤੀ ਤੀ ਹੋਵੇ ਵਾ ਛੰਦ ਤੁਟਤਾ ਹੋਵੇ ਵਾ ਅਰਥ ਤੁਟਤਾ ਹੋਵੇ ਵੀ ਜਨੋਂ ਤੁਮਨੇ ਇਨ ਤੀਨੋਂ ਕੋ ਸੁਧਾਰ ਲੈਣਾ। ਯੁਕਤੀ ਟਣਾ ਏਹ ਹੈ ਜੈਸੇ ਚੰਦ ਕੇ ਸਰੂਪਾਕਾਰ ਵੈਰਾਗ ਕੋ ਲਗ ਬੀਚ ਹੋਰ ਸ਼ਿੰਗਾਰ ਰਸ ਕਾ ਕਥਨ ਕਰ ਦੇਵੈਂ ਤੋ ਤੋ ਤੁਟ ਗਈ ਛੰਦ ਕਾ ਤੁਟਣਾ ...

Sri Satguru Jagjit Singh Ji eLibrary NamdhariElibrary@gmail.com

ਇਕਾ ਛੰਦਹੋਵੈ ਤਿਸਮੇਂ ਮਗਨ ਗਣ ਆ ਜਾਵੇ ਵਾ ਅੱਛਰ ਗੁਰੂ ਕੀ ਜਾਗਾ ਲਘੂ ਅਰ ਲਘੂਕੀ ਜਾਗਾ ਗੁਰੂ ਹੋ ਜਾਵੇ। ਅਰਥ ਕਾ ਤੁਟਨਾ ਏਹ ਹੈ ਜੈਸੇ ਅਰਥ ਤੇ ਪਦ ਕਾ ਹੋਵੇਪ੍ਰੰਤੂ ਛੰਦਕੇ ਪੂਰਬ ਉੱਤਰ ਪ੍ਰਕਰਣ ਸਾਥ ਨਾ ਮਿਲਤਾ ਹੋਵੇ ਇਨ ਸਭਕੋ ਹੇ ਕਵੀਜਨੋਂ ਸੁਧਾਰ ਲੇਵਣਾ ॥ ੭੦ ॥

**ਦੋਹਰਾ ॥ ਜੋਗੀ ਜਨਕੇ ਬਚਨ ਕੋ ਭੋਗੀ ਭੇਦ ਅਵਿੰਦ॥ ਈਸ਼ ਕ੍ਰਿਪਾ ਬਲ ਜਥਾ ਮਤਿ ਕ ਹਸੋ ਸਿੰਧ ਮੋਂ ਬਿੰਦ ॥ ੭੧ ॥**

ਟੀਕਾ—ਯੋਗੀ ਪੁਰਸ਼ਕੋ ਵਚਨਾਂਕਾ ਭੇਦ ਭੋਗੀ ਪੁਰਸ਼ ਜਾਣ ਸਕੇ ਨਹੀਂ ਹੈ। ਪ੍ਰੰਤੂ ਪ੍ਰਮੇਸ਼ਰ ਕੀ ਕ੍ਰਿਪਾਕਰ ਅ-ਪਨੀ ਬੁਧੀਕੇ ਬਲ ਅਨੁਸਾਰ ਸਮੁੰਦ੍ਰਸੇ ਕਿਣਕਾ ਮਾਤ੍ਰ ਕ ਹਿਆ ਹੈ ॥ ੭੧ ॥

**ਸ਼ਿਵ ਮੰਗਲ ਕਬਿੱਤ॥ ਬਸੇ ਸ਼ਿਵਾ ਬਾਮੇਂ ਅੰ-ਗ ਲਸੇ ਭੂਤ ਜੂਥ ਸੰਗ ਗ੍ਰਸੇ ਭੰਗ ਸੀਸ ਗੰਗ ਗਿਆਨ ਤੀਨ ਕਾਲਕੋ। ਧੇਨੁਬਾਲ ਬਾਹਨ ਸੁ ਲਾਲ ਬਾਲ ਭਾਲ ਧਰੇ ਗਰੇ ਬਿਆਲ ਰੁੰਡ ਮਾਲ ਤਰੇ ਸਿੰਘ ਖਾਲ ਕੋ। ਨਾਥਨ ਕੇ ਨਾਥ ਅਨਾਥਨ ਕੇ ਨਾਥ ਦੇਵ ਜਾਂਕੇ ਪਦ ਪਾਥ**

Sri Satguru Jagjit Singh Ji eLibrary NamdhariElibrary@gmail.com

**ਮਾਥ ਧਰੇ ਹਰੇ ਕਾਲਕੋ । ਦਯਾ ਸਿੰਧੁ ਅਲ-ਕਾਂਮਕਾਂਮ ਰਿਪੁ ਸੁਖਧਾਮ ਹਰਦਜਾਲ ਕੀ ਨਮਾਮਿ ਐਸੇ ਹਰਦਿਆਲ ਕੋ ॥ ੭੨ ॥**

ਟੀਕਾ—ਪਾਰਬਤੀ ਜਿਨਕੇ ਖੱਬੇ ਪਾਸੇ ਸਦਾ ਵਸ ਰਹੀ ਹੈ ਅਰ ਭੂਤਾਂਕਾ ਸਮੂਹ ਜਿਨਕੇ ਸੰਗ ਪ੍ਰਕਾਸ਼ ਰਹਿਆ ਹੈ ॥ ਅਰ ਭੈਗਕੇ ਛਕਣੇਹਾਰੇ ਹੈਂ ਜੋ ਅਰ ਸਿਰਮੈਂ ਗੰਗਾ ਹੈ ਭੂਤ ਭਵਿਖਤ ਵਰਤਮਾਨ ਤਿੰਨਾਂ ਕਾਲਾਂ ਕਾ ਗਜਾਨ ਹੈ ਜਿਨਕੋ॥ ਗਊ ਕਾ ਪੁੱਤ੍ਰ ਜਿਨਕਾ ਵਾਹਿਨ ਹੈ ਅੰਮ੍ਰਤ ਕਾ ਘਰ ਬਾਲਜਵ ਸਥਾ ਕਾ ਚੰਦ੍ਰਮਾਂ ਜਿਨਾਨੇ ਮਸਤਕ ਪਰ ਧਾਰਨ ਕਰਿਆ ਹੈ। ਅਰ ਗਲ ਮੇਂ ਸਰਪ ਤਥਾ ਮੁੰਡਨਕੀ ਮਾਲਾ ਹੈ ਅਰ ਹੇਠ ਜਿਨ ਕੇ ਸ਼ੇਰਕਾ ਮ੍ਰਿਗਾਨ ਵਿਛਾ ਹੈ । ਗੋਰਖਾਦਿ ਨਾਥੋਂਕੇ ਨਾਥ ਹੈਂ ਅਰ ਨਿਆਸਰੇ ਅਨਾਥੋਂ ਗਰੀਬੋਂਕੇ ਭੀ ਸੁਆਮੀ ਹੈਂ ਜੋ ਸ਼ਿਵ ਜਿਨਕੇ ਕਰਨੋਂਕਾ ਜਲ ਮਸਤਕ ਪਰ ਧਰਨੇ ਕਰ ਕਾਲ ਕੋ ਨਾਸ਼ ਕਰੇ ਹੈ॥ ਦਯਾ ਕੇ ਸਮੁੰਦ੍ਰ ਹੈਂ ਅਰ ਪੂਰਨ ਕਾਮ ਹੈਂ ਭਾਵ ਸਰਬ ਕਾਮਨਾ ਸੇ ਰਹਿਤ ਹੈਂ ਅਰ ਕਾਮਦੇਵ ਕੇ ਸ਼ਤ੍ਰੂ ਹੈਂ ਜੋ ਪੂਨਾ ਸੁਖਾਂਕੇ ਮੰਦ੍ਰ ਹੈਂ ਐਸੇ ਵਸ਼ੇਸ਼ਨੋਂ ਵਾਲੇ ਦਿਆਲੂ ਸ਼ਿਵ ਜੋਕੋ ਹਰਦਜਾਲ ਜੀ ਕਹੇ ਹੈਂ ਮੇਰੀ ਨਮਸਕਾਰ ਹੈ ੭੨॥

**ਸੈਯਾ ॥ ਸੁਖ ਸਾਂਤਿ ਸਰੂਪ ਵਿਸ਼ਨ ਮੰਗਲ ਸ੍ਵੈਯਾ ॥ ਸੁਖ ਸਾਂਤਿ ਸਰੂਪ ਸਵੇਂ ਅਹਿ ਊਪਰ ਬਾਰਜ ਨਾਭ ਸੁਰੇਸਕੇ**

Sri Satguru Jagjit Singh Ji eLibrary NamdhariElibrary@gmail.com

ਰਾਈ ॥ ਸਭ ਵਿਸ੍ਵ ਅਧਾਰ ਅਕਾਸ਼ ਪ੍ਰਕਾਰ ਸੁਬਾਰਿਦ ਰੰਗ ਸੁਭਾਂਗ ਸਬਾਈ। ਵਰ ਸ੍ਰੀਵਰ ਲੋਚਨ ਨੀਰ ਜਸੇ ਜਿਹ ਚੀਨਤ ਜੋਗੀ ਸਮਾ-ਧਿ ਲਗਾਈ॥ ਭਵ ਤ੍ਰਾਸਕੇ ਨਾਸਕੇ ਹੇਤ ਨਮੋ ਤਿਨ ਲੋਕ ਪਤੀ ਇਕ ਤਾਂ ਹਰ ਤਾਈ॥ ੭੩॥

ਟੀਕਾ—ਜਨਮ ਮਰਨ ਕੇ ਭੈ ਜੋ ਹੈਂ ਤਿਸਕੇ ਨਾਸ ਵਾਸਤੇ ਤ੍ਰਿਲੋਕੀ ਕੇ ਪਤੀ ਵਿਸ਼ਨ ਭਗਵਾਨ ਕੋ ਮੇਰੀ ਨਮਸਕਾਰ ਹੈ ਕੈਸੇ ਹੈਂ ਸੋ ਵਿਸ਼ਨੁਜੀ ਏਕ ਹੈਂ ਤਿਨਕੇ ਸਦਰਸ਼ ਹੋਰ ਨਹੀਂ ਹੈ ਕੋਈ॥ ਸੁਖਾਂਕੇ ਦੇਨੇਹਾਰੇ ਸ਼ਾਂਤਿ ਸਰੂਪ ਹੈਂ ਅਰ ਸ਼ੇਸ਼ਨਾਗ ਕੀ ਸੇਜਾ ਪਰ ਬਿਰਾਜਮਾਨ ਹੈਂ ਅਰ ਕਵਲ ਹੈ ਜਿਨਕੀ ਨਾਭੀ ਨਾਮ ਧੁੰਨੀ ਮੈ। ਅਰ ਇੰਦ੍ਰਕੇ ਭੀ ਸ੍ਵਾਮੀ ਹੈਂ। ਸਭ ਸੰਸਾਰਕਾ ਆਸਰਾ ਹੈਂ ਅਕਾਸ਼ ਕੀ ਨਿਆਈ ਵਿਆਪਕ ਨ੍ਰਿਲੇਪ ਹੈਂ॥ ਅਰ ਬੱਦਲ ਕੀ ਨਿਯਾਈਂ ਸ਼ਾਮਰੰਗ ਹੈਂ। ਪੁਨਾ ਸ੍ਰਿਸ਼ਟ ਸ਼ੋ-ਭਨੀਕ ਅੰਗ ਹੈਂ ਸਾਰੇ ਸਰੀਰ ਕੇ। ਲੱਛਮੀਕੇ ਪਤੀ ਸਿਸ਼ਟ ਹੈਂ ਨੇਤ੍ਰ ਜਿਨਕੇ ਕਵਲਾਂ ਸਾਰਖੇ ਜਿਸਕੇ ਤਾਈਂ ਦੇਖਤੇ ਹੈਂ ਜੋਗੀ ਜਨ ਸਮਾਧੀ ਲਗਾਕੇ॥ ਐਸੇ ਵਸ਼ੇਸ਼ਨਾ ਵਾਲੇ ਏਕਰੂਪ ਵਿਸ਼ਨਕੋ ਮੇਰੀ ਨਮਸਕਾਰ ਹੈ ॥ ੭੩ ॥

ਰੂਪੇ ॥ ਉਚਿਤ ਭਰਤ ਵੈਰਾਗ ਇਨਹਿੰ ਇੰਦ੍ਰਾ ... ਵਿਖੈ ਭੋਗ ਸੰਯੋਗ ਵਿਖੈ ਸੁਰ ... ਦੇ ਨ ਪਾਵਹੰ। ਵਿਖੈ ਭੋਗ ਸੰਯੋਗ ਵਿਖੈ ਸੁਰ

Sri Satguru Jagjit Singh Ji eLibrary NamdhariElibrary@gmail.com

ਜਨਮ ਬਿਤਾਵਹਿਂ ॥ ਪ੍ਰਗਟੈ ਜੋ ਇਕਬਾਰ ਪੁੰ
ਨ ਸਭ ਬਹੁ ਜਨਮਾਕੋ ॥ ਯਹ ਵੈਰਾਗ ਵਿਭਾ-
ਗ ਤਾਂਹਿ ਵਡ ਭਾਗ ਜਨਾਂਕੋ। ਭਵਹਰੇ ਖੇਦ
ਨਿਰ ਵੇਦ ਤਿਹਂ ਕਰੇ ਸ਼ਾਂਤਿ ਉਰ ਭ੍ਰਾਂਤਿ ਹਤ
। ਜੋ ਕਰੇ ਨਿਰਾਦਰ ਤਾਹਿਂ ਸੋ ਕਹੂੰ ਨ ਸੁਖ
ਆਦਰ ਲਹਤ ॥ ੭੪ ॥

ਟੀਕਾ—ਉਤਕ੍ਰਿਸ਼੍ਰ ਤਰ ਤੀਬਰ ਜੋ ਵੈਰਾਗ ਹੈ ਜੈਸਾ ਭਰ-
ਤ ਜੀ ਕੋ ਹੂਆ ਹੈ। ਇਸ ਕੋ ਇੰਦ੍ਰਾਦਿ ਦੇਵਤਾ ਭੀ ਪਾਇਸਕ
ਹਿ ਨਹੀ ਹੇਤੂ ਏਹ ਹੈ ਕਿ ਵਿਸ਼ਯਾਂ ਕੇ ਸਬੰਧ ਕਰ ਤਿਨ ਕੇ
ਭੋਗਣੇ ਵਿਖੇ ਦੇਵਤਾ ਆਪਨੇ ਜਨਮ ਕੋ ਬਿਤਾ ਰਹੇ ਹੈਂ॥ ਜਿਨ
ਪੁਰਸ਼ੋ ਕੇ ਸ੍ਰਿਸ਼ਟ ਪੁੰਨ ਬਹੁਤ ਜਨਮਾ ਕੇ ਕਰੇ ਹੋਏ ਸਾਰੇ ਹੀ
ਇੱਕੋ ਵਾਰ ਪ੍ਰਗਟ ਹੋਵਨ ਫਲ ਦੇਨੇ ਕੋ। ਤਿਨਾ ਵਡੇ ਭਾਗਾਂ
ਵਾਲਿਆਂ ਪੁਰਸ਼ਾਂ ਕੋ ਇਸ ਵੈਰਾਗ ਕਾ ਹਿੱਸਾ ਪ੍ਰਾਪਤਿ ਹੋ
ਤਾ ਹੈ। ਜਿਨ ਕੋ ਐਸਾ ਵੈਰਾਗ ਪ੍ਰਾਪਤਿ ਹੂਆ ਹੈ ਤਿਨ ਕੇ
ਜਨਮ ਮਰਮ ਰੂਪੀ ਦੁਖ ਵੈਰਾਗ ਨੇ ਨਾਸ ਕਰ ਦਿੱਤੇ ਹੈਂ ਅਰ
ਭ੍ਰਾਂਤੀ ਕਾ ਨਾਸ ਕਰ ਰਿਦੈ ਕੋ ਸ਼ਾਂਤ ਕੀਆ ਹੈ।ਜੋ ਇਸ ਵੈਰਾ
ਗ ਕਾ ਨਿਆਦਰ ਕਰੇ ਹੈਂ ਕਿਆ ਜੋ ਵੈਰਾਗ ਕੋ ਧਾਰਨ ਨਹੀਂ
ਕਰਤੇ ਸੋ ਪੁਰਸ ਕਿਸੇ ਅਸਥਾਨ ਮੈ ਭੀ ਸੁਖ ਤਥਾ ਸ਼ਤ
ਕਾਰ ਕੋ ਪਾਵੇਂ ਨਹੀਂ ਹੈਂ ॥ ੭੪ ॥

Sri Satguru Jagjit Singh Ji eLibrary NamdhariElibrary@gmail.com

ਦੋਹਾ ॥ ਰਵਿ ਪ੍ਰਭਾਵ ਤ੍ਰਿਓਦਸ਼ੋ ਹਰਹਿੰ ਤਿਮਰ ਉਰਭ੍ਰਾਂਤਿ । ਸਾਂਤਿ ਹੇਤ ਸੁਜਨਾਂਨ ਕੋ ਭਯੋ ਆਪੁ ਅਬਸਾਂਤਿ ॥ ੭੫ ॥

ਟੀਕਾ—ਤੇਰਵੇਂ ਧਜਾਯਕਾ ਸੂਰਯ ਵਤ ਤੇਜਹੈ । ਅਰ ਰਿਦੈ ਕੀ ਭ੍ਰਾਂਤੀ ਰੂਪ ਅੰਧਕਾਰ ਕੋ ਨਾਸ ਕਰੇ ਹੈ ॥ ਸ੍ਰਿਸ਼੍ਰ ਪੁਰਸ਼ੋਂ ਕੋ ਸ਼ਾਂਤੀ ਦੇਨੇ ਕਾ ਹੇਤੁ ਹੈ ਸੋ ਸ਼ਾਂਤੀ ਕੋ ਕਹਿਕਰਆਪ ਭੀ ਵਿਸਰਾਮ ਕਰਤਾ ਭਯਾ ॥ ੭੫ ॥

ਸੋਰਠਾ ॥ ਭਰਤ ਸ਼ਤਕ ਵੈਰਾਗ ਪ੍ਰਾਰੰਭਯੋ ਚੂਹਣੀ ਪੂਰੇ । ਸਮੰ ਪਵਿੱਤ੍ਰ ਪ੍ਰਯਾਗ ਸੁਧਾਸਰੇ ਇਤਿ ਸ੍ਰੀ ਭਯੋ ॥ ੭੬ ॥

ਟੀਕਾ—ਭਰਤ ਕੇ ਵੈਰਾਗ ਸ਼ਤਕ ਕਾ ਦਰ ਦ੍ਇਆਲ ਜੀ ਕਹੇ ਹੈਂ ਭਾਸਾ ਅਰੰਭ ਚੂਹਣੀਆਂ ਮੇਂ ਕਰਤੇ ਭਏ । ਅਰ ਪ੍ਰਾਗ ਕੀ ਨਯਾਈਂ ਪਵਿਤ੍ਰ ਜੋ ਸ੍ਰੀ ਅਮ੍ਰਿਤਸਰ ਜੀ ਹੈ ਤਿਸ ਮੇਂ ਆਇ ਕਰ ਮੋਖ ਕੋ ਪ੍ਰਾਪਤਿ ਭਯਾ ॥ ੭੬ ॥

ਦੋਹਰਾ ॥ ਸ਼ਸ਼ਿ ਵਸੁ ਵਸੁ ਰਸ ਸ਼ਸਿ ਵਤੀ ਦਰਸ਼ਾਨੂ ਕੇ ਮਾਹਿ । ਸੰਪੂਰਨ ਸ਼ੰਪੂਰਣੰ ਭਯੋ ਗ੍ਰੰਥ ਸ਼ੁਭ ਆਹਿ ॥ ੭੭ ॥

ਟੀਕਾ—ਆਠਰਹਿ ਸੈ ਛਿਆਸੀ ਮੈਅਸੂ ਕੀ ਸੋਮਵਾਰੀ ਅ

Sri Satguru Jagjit Singh Ji eLibrary NamdhariElibrary@gmail.com

ਮਾਵਸਜਾ ਕੋ ਸਾਰਾ ਗ੍ਰੰਥ ਸੰਪੂਰਨ ਭਯਾ ਗੁਰੂ ਕ੍ਰਿਪਾ ਕਰ ॥ ੭੭ ॥

ਇਤਿ ਵੈਰਾਗ ਸ਼ਤਕੇ ਤ੍ਰਯੋਦਸ਼ੋ ਧਯਾਯ ॥ ੧੩ ॥

## ਟੀਕਾਕਾਰਕੋ ਮੰਗਲ

ਦੋਹਰਾ ॥ ਗੁਰ ਨਾਨਕ ਗੋਬਿੰਦਸਿੰਘ ਬੰਦੋਂ ਪਾਦ ਸੁਚਾਰ ॥ ਸੁਖਦਾਇਕ ਮੰਗਲ ਕਰਨ ਕਵਿ ਜਨ ਕਵਤਾ ਸਾਰ॥੭੮॥ ਸੋਰਠਾ ॥ ਗੁਰਪਦ ਕੰਜ ਸੁਚਾਰ ਵਾਰ ਵਾਰ ਬੰਦਨ ਕਰੂੰ ॥ ਮਮ ਹਿਤਕੋ ਜੀ ਅਧਾਰ ਕਰਣਾ ਕਰੀ ਸੁ ਬਾਲਪਰ॥੭੯॥ ਸੋਰਠਾ ॥ ਸੀਤਾ ਪਤਿ ਰਘੁਨਾਥ ਮਮ ਅਨਾਥ ਕੇ ਨਾਥ ਪਰ॥ ਕ੍ਰਿਪਾ ਦ੍ਰਿਸ਼ਟ ਕੇ ਸਾਥ ਪਾਦ ਕੰਜ ਰਤਿ ਦੀਜੀਐ ॥ ੮੦ ॥ ਸੋਰਠਾ ॥ ਬੰਦੋਂ ਸੰਤ ਸਮਾਜ ਜਹਿ ਗੁਣ ਗਾਵਤ ਗ੍ਰੰਥ ਸਭ॥ ਭਵ ਨਿਧ ਤਰਣੁ ਜਹਾਜ ਜਾਂਕੋ ਪਾਦ ਅਲੰਬ ਬਰ ॥ ੮੧ ॥ ਕਬਿੱਤ ॥ ਸੂਰਤਾਂ ਕੇ ਸੂਰ ਸਿੰਧ ਸਿੱਧਨਕੇ ਭੂਰਭਰੇ ਨੈਨਨ ਕੀ ਕੋਰ ਓਰ ਜਾਸ ਜਗ ਝਾਰਤੇ । ਕਾਟਤੇ ਕਟਕ ਝੱਟ ਘੱਟ ਤੇ ਤੜਾਕ ਦੈਕੈ ਪਾਪਨਕੇ ਪੁੰਜ ਨਿਜ ਦਾਸਨਕੇ ਟਾਰਤੇ ॥ ਪੁੰਨਨ ਕੇ ਪੰਜ ਗੁੰਜ ਦੇਤ ਕਵਿ ਉਤਮਸਿੰਘ ਕਲੂਕਾਲ ਬੀਚ ਆਜ ਕਲਗੀਧਰ ਤਾਰਤੇ।ਹਿੰਦਨਕੀ ਬਿੰਦਕੋ ਰੱਖਯਾ ਹੈ ਗੋਬਿੰਦਸਿੰਘ ਤਾਂਕੇ ਪਾਦ ਬੰਦ ਹਮ ਕਰਤ ਹੈਂ ਪ੍ਰਕਾਰਤੇ॥ ੮੨ ॥ ਸੋਰਠਾ॥ ਭਰਤ ਬਚਨ ਅਤਿ ਗੂਢ ਭਾਸ਼ਕਾਰ ਹਰਦਿਯਾਲ ਵਰ । ਕਾਢ ਸਿਧਾਂਤ ਸੁ ਰੂਢ ਗ੍ਰੰਥਨ ਕੀਨਸੁ ਛੰਦ ਜਹਿ ॥ ੮੩ ॥

Sri Satguru Jagjit Singh Ji eLibrary NamdhariElibrary@gmail.com

ਸੋਰਠਾ ॥ ਤਿਹ ਛੰਦਨਕੇ ਜਾਲ ਵਾਰਤਕ ਕੀਨਨ ਸੂਝਕਛੂ॥ ਤੁਛ ਮਤਿ ਮਮ ਬਾਲ ਨਹਿ ਰਹੱਸ ਕਛੁ ਜਾਲ ਹੋਂ ॥ ੯੪ ॥ ॥ ਦੋਹਰਾ ॥ ਕਵਿ ਕਟਾਖ ਅਦਭੁਤ ਕਹਤ ਕਿਆ ਲਖਹਿ ਮਤਿ ਮੰਦ । ਭਾਨ ਪ੍ਰਕਾਸ਼ੈ ਕੰਜ ਜਿਉਂ ਜਾਣ ਉਲੂ ਭੇਮ ਕਰੰਦ ॥ ੯੫ ॥ ਦੋਹਰਾ ॥ ਏਕ ਨਾਥ ਲਿਖ ਬਾਨ ਧਰਵੇਦ ਸੁ ਸੰਵਤ ਵੇਤ॥ਚੌਦਸ ਕ੍ਰਿਸ਼ਨਾਪੱਖ ਕੋ ਮਾਸ ਵਿਸਾਖ ਸੁਚੇਤ ॥ ੯੬ ॥ ਦੋਹਰਾ ॥ ਰਟਤੇ ਹੀ ਰਚਨੇ ਲੱਗੇ ਰਹਿਓ ਸ਼ੇਸ਼ ਕਛੁ ਆਇ । ਲਵਪੁਰ ਮੈ ਪੂਰਨ ਭਯੋ ਸਤਗੁਰ ਸਦਾ ਸਹਾਇ ॥੯੭॥ ਸ੍ਰੀ ਅਕਾਲ ਜੀ ਸਹਾਇ । ਵਾਹਿਗੂਰੂ ਜੀ ਕੀ ਫਤੇ ਹੈ॥ਪਰੀ ਪੂਰਨ ਅਕਾਲ ਸਰੂਪ ਸ੍ਰੀ ਵਾਹਿਗੁਰੂਜੀ ਕੋ ਮੇਰੀ ਨਮਸਕਾਰ ਹੈ ॥ ਮਨ ਬਾਨੀ ਸਰੀਰ ਕਰ ॥ ਹੇ ਵਾਹਿਗੁਰੂ ਜੀ ਸੰਸਾਰ ਕੇ ਤਾਪੋਂ ਸੇ ਰੱਖਿਆ ਕਰਨੀ ॥

ਇਤੀ ਸ੍ਰੀ ਵੈਰਾਗਸ਼ਤਕ ਭਾਸ਼ਾ ਵਾਰਤਕ ਟੀਕਾ । ਕ੍ਰਿਤ ਕਵੀ ਉੱਤਮਸਿੰਘ ਗਿਆਨੀ ਵਜ਼ੀਰਾਬਾਦ ਗੁਰੂਕੋਠਾ ਸੁੰਭ

## ਦੋਹਰਾ

ਜਤੀ ਬਾਨ ਨਿਧਿ ਸਸੀ ਪੁਨ ਸੰਮਤ ਬਿਕ੍ਰਮ ਆਹਿ ॥
ਰਾਮਚੰਦ ਕੇ ਪ੍ਰੇਮ ਮਹਿ ਛਪਿਓ ਲਵਪੁਰ ਮਾਹਿ ॥
ਸੋਧਜੋ ਮੂਲਹਿ ਦੇਖਕੈ ਲਿਖਜੋ ਕਵਿ ਨੇ ਜੋਯ ॥
ਦੋਸ਼ ਅਰੋਪਜੋ ਨਾਹਿੰ ਮਮ ਜੋਧਸਿੰਘ ਕਹਿ ਸੋਇ ॥

ਸੰਮਤ ਬਿਕ੍ਰਮੀ ੧੯੫੬

Sri Satguru Jagjit Singh Ji eLibrary NamdhariElibrary@gmail.com

# ਵਿਗਯਾਪਨ

ਪ੍ਰਗਟ ਹੋ ਕਿ ਸਾਡੀ ਦੁਕਾਨ ਤੋਂ ਸਬ ਪ੍ਰਕਾਰ ਦੇ ਪੁਸਤਕ ਗੁਰਮਤ, ਵੇਦਾਂਤ, ਪੁਰਾਨ, ਧਰਮਸ਼ਾਤ੍ਰ, ਵੈਦਿਕ ਕਿੱਸੇ ਕਹਾਨੀਆਂ ਆਦਿ ਚੰਗੇ ਛਾਪੇ ਦੇ ਮਾਮੂਲੀ ਕੀਮਤ ਤੋਂ ਮਿਲ ਸਕਦੇ ਹਨ ਜਿਸ ਸੱਜਨ ਨੂੰ ਕਿਸੇ ਪੁਸਤਕ ਦੇ ਮੰਗਵਾਨ ਦੀ ਇਛਾ ਹੋਵੇ ਹੇਠਾਂ ਲਿਖੇ ਪਤੇ ਤੋਂ ਚਿਠੀ ਭੇਜ ਕੇ ਮੰਗਵਾ ਲੈਨ ॥

ਪਾਠਕਾਂ ਨੂੰ ਚਾਹੀਦਾ ਹੈ ਕਿ ਅਪਨਾ ਪਤਾ ਠੀਕ ਠੀਕ ਸਾਫ ਅਖਰਾਂ ਵਿਚ ਲਿਖਨ ਤਾਕਿ ਗਲਤੀ ਨਾ ਰਹੇ। ਗਾਮ, ਡਾਕਖਾਨਾ ਅਤੇ ਜ਼ਿਲਾ ॥

ਪੁਸਤਕ ਮਿਲਨ ਦਾ ਪਤਾ

**ਰਾਮਚੰਦ ਲੋਕਨਾਥ ਮਾਨਕਟਾਹਲੇ**

ਪੁਸਤਕੋਂ ਵਾਲੇ ਲੋਹਾਰੀ ਦਰਵਾਜ਼ਾ ਲਾਹੌਰ

Sri Satguru Jagjit Singh Ji eLibrary NamdhariElibrary@gmail.com

# ਯੋਗ ਵਸਿਸ਼੍ਟ

ਕਾ

# ਸਾਤਵਾਂ ਖਿਲ ਪ੍ਰਕਰਣ

ਯੇਹ ਪੁਸਤਕ ਵੈਦਾਂਤ ਕਾ ਅਤਿ ਉਤਮ ਹੈ, ਬੜੇ ਯਤਨ ਸੇ ਪੰਡਿਤ ਯੋਗੀ ਸ਼ਿਵਨਾਥ ਵਿਸ਼ਾਰਦ ਕੀ ਸਹਾਇਤਾ ਸੇ ਸਬ ਲੋਕੋਂ ਕੇ ਹਿਤ ਕੇ ਵਾਸਤੇ ਛਾਪਾ ਗਿਆ ਹੈ ਕੀਮਤ ਡਮਈ ਕਾਗਜ਼ ਕੀ। ≡ ) ਔਰ ਮਾਮੂਲੀ ਕਾਗਜ਼ ਕੀ। – )ਹੈ ਡਾਕ ਮਸੂਲ ਗ੍ਰਾਹਕੋਂ ਕੇ ਜ਼ਿਮੇਂ ਹੈ। ਜੋ ਸੱਜਨ ਇਸ ਪੁਸਤਕ ਕੋ ਮੰਗਵਾਨੇ ਕੀ ਇੱਛਾ ਕਰੇਂ ਨੀਚੇ ਲਿਖੇ ਪਤੇ ਸੇ ਚਿਠੀ ਲਿਖ ਕਰ ਵੀ.ਪੀ. ਦਵਾਰਾ ਮੰਗਵਾ ਸਕਤੇ ਹੈਂ ਔਰ ਭੀ ਸਭ ਭਾਂਤ ਕੇ ਪੁਸਤਕ ਸ਼ੁਧ ਅਤੇ ਚੰਗੇ ਛਾਪੇ ਦੇ ਮਿਲਦੇ ਹੈਨ ॥

ਪੁਸਤਕਾਂ ਮਿਲਨ ਦਾ ਪਤਾ.

ਰਾਮਚੰਦ ਲੋਕਨਾਥ ਮਾਨਕਟਾਹਲੇ.

ਪੁਸਤਕੋਂ ਵਾਲੇ ਲੋਹਾਰੀ ਦਰਵਾਜ਼ਾ ਲਾਹੌਰ

Sri Satguru Jagjit Singh Ji eLibrary NamdhariElibrary@gmail.com